BIG BAZAAR
Grocery, Sweets & Catering
*Fresh Vegetables Every Thursday
*Book your catering now.
Baljinder S. Ben
Ph: 317-640-2400
Like our Facebook page: BigBazaarIndianGrocery
Mela
INDIAN RESTAURANT • PUB
ਮੇਲਾ ਰੈਸਟੋਰੈਂਟ ਦਾ ਖਾਣਾ ਇਕ ਵਾਰ ਖਾਓਗੇ, ਵਾਰ ਵਾਰ ਆਓਗੇ
Baljinder S. Ben
Ph: 317-869-2400
5425 E. Thompson Rd., Indianapolis IN 46237

Regal Jewels
LEARN ABOUT GOLD & SILVER INVESTMENT
CALL: JAYESH
Store: 773-262-4377
Cell: 773-983-6877
WWW.RJBULLION.COM

Buying/Selling *in Michigan*
All types of Residential & Commercial properties. Gas Stations, Liquor Stores, Hotels, Plazas, Truck Terminals etc.
eXp REALTY
40600 Ann Arbor Rd., Suite# 150, Plymouth, MI 48170
Call: 734-751-4455
rajsshergill@yahoo.com
Raj S.Shergill
*Associate Broker*

Twenty-Third Year of Publication
ਮਿਡਵੈਸਟ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 23, Issue 29, July 16, 2022 | 20451 N. Plum Grove Rd., Palatine, IL 60074 | Ph:847-359-0746, Fax:847-705-9388

# ਦਿੱਲੀ ਦੇ ਦਖਲ ਨਾਲ ਸਿਆਸਤ ਭਖੀ

**ਚੰਡੀਗੜ੍ਹ:** ਰਾਜ ਸਭਾ ਮੈਂਬਰ ਅਤੇ ਦਿੱਲੀ ਦੇ ਸਾਬਕਾ ਵਿਧਾਇਕ ਰਾਘਵ ਚੱਢਾ ਦੀ ਪੰਜਾਬ ਸਰਕਾਰ ਨੇ ਜਨਤਕ ਮਹੱਤਵ ਦੇ ਮੁੱਦਿਆਂ ਸਬੰਧੀ ਬਣਾਈ ਸਲਾਹਕਾਰ ਕਮੇਟੀ ਦੇ ਚੇਅਰਮੈਨ ਵਜੋਂ ਨਿਯੁਕਤੀ ਪਿੱਛੋਂ ਸੂਬਾ ਸਰਕਾਰ ਵਿਚ ਦਿੱਲੀ ਦੀ ਸਿੱਧੀ ਦਖਲਅੰਦਾਜ਼ੀ ਦਾ ਮੁੱਦਾ ਇਕ ਵਾਰ ਫਿਰ ਭਖ ਗਿਆ ਹੈ।

ਇਸ ਨਿਯੁਕਤੀ ਪਿੱਛੋਂ ਦਾਅਵਾ ਕੀਤਾ ਜਾ ਰਿਹਾ ਹੈ ਕਿ ਹੁਣ ਸੂਬੇ ਦੀ ਅਸਲ ਕਮਾਨ ਦਿੱਲੀ ਵਾਲਿਆਂ (ਅਰਵਿੰਦ ਕੇਜਰੀਵਾਲ) ਹੱਥ ਆ ਗਈ ਹੈ ਤੇ ਭਗਵੰਤ ਮਾਨ ਹੁਣ ਸਿਰਫ ਨਾਮ ਦੇ ਹੀ ਮੁੱਖ ਮੰਤਰੀ ਰਹਿ ਗਏ ਹਨ। ਦਿਲਚਸਪ ਗੱਲ ਇਹ ਹੈ ਕਿ ਹਾਲ ਦੀ ਘੜੀ ਨਾ ਤਾਂ ਇਸ ਨਿਯੁਕਤੀ ਸਬੰਧੀ ਸ਼ਰਤਾਂ ਤੇ ਕਮੇਟੀ ਦੇ ਅਧਿਕਾਰ ਖੇਤਰ ਦੀ ਵਿਆਖਿਆ ਕੀਤੀ ਗਈ ਹੈ ਅਤੇ ਨਾ ਹੀ ਕਮੇਟੀ ਦੇ ਦੂਜੇ ਮੈਂਬਰਾਂ ਦੇ ਨਾਵਾਂ ਸਬੰਧੀ ਹੀ ਕੋਈ ਸਥਿਤੀ ਸਪੱਸ਼ਟ ਕੀਤੀ ਗਈ ਹੈ। ਉਧਰ, ਇਸ ਨਿਯੁਕਤੀ ਦੇ ਅਗਲੇ ਹੀ ਦਿਨ ਇਸ ਨੂੰ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਚੁਣੌਤੀ ਦੇ ਦਿੱਤੀ ਗਈ ਹੈ। ਇਸ ਵਿਚ ਤਰਕ ਦਿੱਤਾ ਗਿਆ ਹੈ ਕਿ ਨਿਯੁਕਤੀ ਗੈਰ-ਸੰਵਿਧਾਨਕ ਹੈ, ਜਦ ਰਾਘਵ ਚੱਢਾ ਪੰਜਾਬ ਵਿਧਾਨ ਸਭਾ ਦਾ ਮੈਂਬਰ ਨਹੀਂ ਹੈ ਤਾਂ ਉਸ ਦੀ ਨਿਯੁਕਤੀ ਸੰਵਿਧਾਨ ਦੀ ਉਲੰਘਣਾ ਹੈ। ਵਿਰੋਧੀ ਧਿਰਾਂ ਨੇ ਦੋਸ਼ ਲਾਇਆ ਹੈ ਕਿ ਜਿਵੇਂ 1846 ਵਿਚ ਬਰਤਾਨਵੀ ਸਾਮਰਾਜ ਨੇ ਸਿੱਖ ਰਾਜ ਨੂੰ ਬਾਹਰੋਂ ਕੰਟਰੋਲ ਕਰਨ ਵਾਸਤੇ ਬ੍ਰਿਟਿਸ਼ ਰੈਜ਼ੀਡੈਂਟ ਸਰ ਹੈਨਰੀ ਲਾਰੈਂਸ ਨੂੰ ਤਾਇਨਾਤ ਕੀਤਾ ਸੀ, ਉਸੇ ਤਰ੍ਹਾਂ ਰਾਘਵ ਚੱਢਾ ਦਿੱਲੀ ਦਰਬਾਰ ਦੀ ਪ੍ਰਤੀਨਿਧਤਾ ਕਰੇਗਾ।

ਪਤਾ ਲੱਗਾ ਹੈ ਕਿ ਪੰਜਾਬ ਸਰਕਾਰ ਵਿਚ ਦਿੱਲੀ ਦੇ ਆਗੂਆਂ ਦੀ ਵੱਧ ਰਹੀ ਦਖਲਅੰਦਾਜ਼ੀ ਤੋਂ 'ਆਪ' ਦੇ ਵਿਧਾਇਕ ਵੀ ਅੰਦਰੋਂ ਕਾਫੀ ਔਖ ਵਿਚ ਹਨ। 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਦੇ ਦਬਕੇ ਦੇ ਡਰੋਂ ਕੋਈ ਵਿਧਾਇਕ ਮੂੰਹ ਨਹੀਂ ਖੋਲ੍ਹ ਰਿਹਾ ਹੈ ਪਰ ਫੀਲਡ ਵਿਚ 'ਆਪ' ਵਿਧਾਇਕਾਂ ਨੂੰ ਲੋਕਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਤੇ ਸੋਸ਼ਲ ਮੀਡੀਆ 'ਤੇ ਵੀ ਉਨ੍ਹਾਂ ਦੀ ਘੇਰਾਬੰਦੀ ਹੋ ਰਹੀ ਹੈ।

ਪੰਜਾਬ ਵਿਚ ਬਦਲਾਅ ਦੇ ਨਾਮ ਉਤੇ ਸੱਤਾ ਵਿਚ ਆਈ ਆਮ ਆਦਮੀ ਪਾਰਟੀ ਦੀ ਸਰਕਾਰ ਉਤੇ ਪਹਿਲੇ ਦਿਨ ਤੋਂ ਦਿੱਲੀ ਅਧੀਨ ਚੱਲਣ ਦੇ ਦੋਸ਼ ਲੱਗ ਰਹੇ ਹਨ। ਸਰਕਾਰ ਬਣਦਿਆਂ ਹੀ ਰਾਜ ਸਭਾ ਵਿਚ ਭੇਜੇ ਨੁਮਾਇੰਦਿਆਂ ਦੀ ਪੰਜਾਬ ਦੇ ਬਾਹਰੋਂ ਚੋਣ ਕਰਨ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਵੱਲੋਂ ਪੰਜਾਬ ਦੀ ਅਫਸਰਸ਼ਾਹੀ ਨੂੰ ਦਿੱਲੀ ਵਿਚ ਮੀਟਿੰਗ ਲਈ ਸੱਦਣ ਪਿੱਛੋਂ ਇਹ ਮਾਮਲਾ ਹੋਰ ਭਖ ਗਿਆ ਸੀ। ਇਸ ਸਬੰਧੀ ਕੋਈ ਸਫਾਈ ਜਾਂ ਤਰਕ ਦੇਣ ਦੀ ਥਾਂ ਸੂਬੇ ਦੇ ਮੁੱਖ ਮੰਤਰੀ ਭਗਵੰਤ ਦੀ ਚੁੱਪ ਇਸ ਗੱਲ ਉਤੇ ਮੋਹਰ ਲਾਉਂਦੀ ਗਈ ਕਿ ਦਿੱਲੀ ਬੈਠੇ ਆਗੂਆਂ ਬਿਨਾਂ ਪੰਜਾਬ ਵਿਚ ਪੱਤਾ ਵੀ ਨਹੀਂ ਹਿੱਲ ਸਕਦਾ। ਇਸ ਪਿੱਛੋਂ ਦਿੱਲੀ ਤੇ ਪੰਜਾਬ ਸਰਕਾਰ ਵਿਚਾਲੇ ਗਿਆਨ ਦੇ ਵਟਾਂਦਰੇ ਲਈ ਸਮਝੌਤਾ ਇਸ *(ਬਾਕੀ ਸਫਾ 6 'ਤੇ)*

## ਵਿਰੋਧੀ ਧਿਰਾਂ ਵੱਲੋਂ ਸਰਕਾਰ ਦੀ ਘੇਰਾਬੰਦੀ

**ਚੰਡੀਗੜ੍ਹ:** ਵਿਰੋਧੀ ਧਿਰਾਂ ਨੇ ਪੰਜਾਬ ਸਰਕਾਰ ਵਿਚ ਦਿੱਲੀ ਦੇ ਦਖਲ ਦੇ ਮੁੱਦੇ ਉਤੇ ਆਪ ਸਰਕਾਰ ਨੂੰ ਘੇਰ ਲਿਆ ਹੈ। ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਟਵੀਟ ਕਰਕੇ ਕਿਹਾ ਹੈ ਕਿ ਰਾਘਵ ਚੱਢਾ ਨੂੰ ਸਲਾਹਕਾਰ ਕਮੇਟੀ ਦਾ ਚੇਅਰਮੈਨ ਨਿਯੁਕਤ ਕਰਨਾ ਪੰਜਾਬ ਦਾ ਮੁੱਖ ਮੰਤਰੀ ਬਣਾਉਣ ਬਰਾਬਰ ਹੈ। ਲੱਗਦਾ ਹੈ, ਮੁੱਖ ਮੰਤਰੀ ਨੇ ਪੰਜਾਬ ਸਰਕਾਰ ਨੂੰ ਠੇਕੇ 'ਤੇ ਦੇ ਦਿੱਤਾ ਹੈ। ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਪ੍ਰੇਮ ਸਿੰਘ ਚੰਦੂਮਾਜਰਾ ਨੇ ਕਿਹਾ ਹੈ ਕਿ ਭਗਵੰਤ ਮਾਨ ਨੇ ਪੰਜਾਬ ਸਰਕਾਰ ਆਪਣੇ ਮਾਲਕਾਂ ਅਧੀਨ ਕਰ ਦਿੱਤੀ ਹੈ।

## ਚੰਡੀਗੜ੍ਹ 'ਤੇ ਹੱਕਾਂ ਨੂੰ ਖੋਰਾ ਲਾਇਆ

**ਚੰਡੀਗੜ੍ਹ:** ਕੇਂਦਰ ਸਰਕਾਰ ਵੱਲੋਂ ਪੰਜਾਬ ਦੇ ਚੰਡੀਗੜ੍ਹ ਉਤੇ ਹੱਕ ਨੂੰ ਖੋਰਾ ਲਾਉਣ ਦੇ ਇਕ ਤੋਂ ਬਾਅਦ ਇਕ ਕੀਤੇ ਜਾ ਰਹੇ ਫੈਸਲਿਆਂ ਨੇ ਪੰਜਾਬ ਦੀ ਸਿਆਸਤ ਫਿਰ ਭਖਾ ਦਿੱਤੀ ਹੈ। ਹਰਿਆਣਾ ਨੂੰ ਚੰਡੀਗੜ੍ਹ ਵਿਚ ਵੱਖਰੀ ਵਿਧਾਨ ਸਭਾ ਬਣਾਉਣ ਲਈ ਜ਼ਮੀਨ ਦੇਣ ਦੇ ਤਾਜ਼ਾ ਫੈਸਲੇ ਪਿੱਛੋਂ ਪੰਜਾਬੀਆਂ ਵਿਚ ਕੇਂਦਰ ਸਰਕਾਰ ਪ੍ਰਤੀ ਰੋਹ ਹੈ। ਪੰਜਾਬ ਦੀਆਂ ਸਿਆਸੀ ਧਿਰਾਂ ਇਸ ਮਸਲੇ ਉਤੇ ਕੇਂਦਰ ਦਾ ਸਾਥ ਦੇਣ ਦੇ ਦੋਸ਼ ਲਾ ਕੇ ਇਕ ਦੂਜੇ ਨੂੰ ਘੇਰ ਰਹੀਆਂ ਹਨ।

ਇਸ ਰੌਲੇ ਵਿਚਾਲੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਚੰਡੀਗੜ੍ਹ ਪ੍ਰਸ਼ਾਸਨ ਵਿਚ ਸਿਵਲ ਪ੍ਰਸ਼ਾਸਨ ਦੀਆਂ ਅਸਾਮੀਆਂ ਭਰਨ ਲਈ ਪੰਜਾਬ ਤੇ ਹਰਿਆਣਾ ਦਰਮਿਆਨ 60:40 ਦਾ ਅਨੁਪਾਤ ਕਾਇਮ ਰੱਖਣ ਲਈ ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਦੇ ਦਖਲ ਦੀ ਮੰਗ ਕੀਤੀ ਹੈ। ਮੁੱਖ ਮੰਤਰੀ ਨੇ ਆਖਿਆ ਕਿ ਪੰਜਾਬ ਨੇ ਚੰਡੀਗੜ੍ਹ ਤੋਂ ਆਪਣਾ ਦਾਅਵਾ ਨਹੀਂ ਛੱਡਿਆ ਹੈ ਅਤੇ ਸ਼੍ਰੋਮਣੀ *(ਬਾਕੀ ਸਫਾ 6 'ਤੇ)*



ਇੰਡੀਅਨਐਪਲਿਸ ਵਿਚ ਹੋਏ ਕਬੱਡੀ ਮੇਲੇ 'ਚ ਹਿੱਸਾ ਲੈਣ ਵਾਲੇ ਖਿਡਾਰੀਆਂ ਦੇ ਨਾਲ ਮੇਲੇ ਦੇ ਪ੍ਰਬੰਧਕ ਤੇ ਹੋਰ ਪਤਵੰਤੇ ਸੱਜਣ। -ਮੇਲੇ ਦੀਆਂ ਹੋਰ ਤਸਵੀਰਾਂ ਅਤੇ ਵੇਰਵਾ ਅਗਲੇ ਹਫਤੇ

India Palace Restaurant
And Banquet Hall
*Restaurant-Fine Indian Cuisine*
4213 Lafayette Road, Indianapolis, IN (Ph:317-298-0773)
Banquet Hall Available Up to 550 People
Amber Indian Restaurant
*Restaurant-Fine Indian Cuisine*
12510 N. Meridian St., Carmel, IN
Ph: 317-580-0828
We do private party's & catering at your home or business.
*Call, Lakhvir S. Johal*
Ph: 317-709-7800
www.indianpalaceindy.com
www.AmberIndianRestaurantCarmel.com

Singh Auto Group
3983 ST RD 38E
Lafayette, IN 47905
Ph: 765-607-1300
www.singhautosgroup.com
Best Buy Motors
1805 Elmwood, Lafayette, IN 47904
Ph: 765-449-0490
Www.bestbuymotorsin.com
University Motors
3312 Klondike Rd, West Lafayette, IN 47906
Ph: 765-497-1100
www.universitymotors1.com
Serving Indian American community over 30 years in Midwest for their auto needs.
ਕੋਈ ਵੀ ਗੱਡੀ ਖਰੀਦਣ ਜਾਂ ਵੇਚਣ ਲਈ ਕਾਲ ਕਰੋ:
Jaspal S. Ghotra: 765-337-5151

Blue Diamond
ਬਲੂ ਡਾਇਮੰਡ ਬੈਂਕੁਇਟ ਹਾਲ ਵਿਚ ਆਪਣੀਆਂ ਖੁਸ਼ੀਆਂ ਨੂੰ ਯਾਦਗਾਰੀ ਬਣਾਓ
ONE STOP SHOP
• Brand new Hall, 600+ people gathering
• Fresh In-house catering (from Mela Indian Restaurant)
• 2-Built in Bars (Beer, Wine, Liquor)
• High Ceilings
• Big Dance Floor, Big Parking lot
• DJ with LED screens, cold sparklers, wall up lights, moving heads & dry ice fog machine
• Photo, Video, Dholi, MC
• TV screen + Projector screen
• Live Streaming, Decoration
• 360 Video Booth
• Much more stuff
5425 E Thompson Road, Indianapolis-46237
CALL to book us today : 317 604 9924

OPEN 7 DAYS A WEEK
ਤੁਹਾਡੇ ਆਪਣੇ ਲੋਗ, ਆਪਣੀ ਭਾਸ਼ਾ, ਆਪਣਾ ਸਟੋਰ
Regal Jewels
22KT GOLD
Diamonds
JEWELRY
Wedding Jewelry
Store Hours
11 am to 8 pm
Call: 773-262-4377

ਸ੍ਰੀ ਹਰਕ੍ਰਿਸ਼ਨ ਧਿਆਈਐ ਜਿਸ ਡਿਠੇ ਸਭ ਦੁਖ ਜਾਏ॥

# ਸਮੂਹ ਸੰਗਤਾਂ ਨੂੰ ਸ੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਦੇ ਪ੍ਰਕਾਸ਼ ਪੁਰਬ ਦੀ ਲੱਖ ਲੱਖ ਵਧਾਈ ਹੋਵੇ



ਸ੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਦੇ ਪ੍ਰਕਾਸ਼ ਪੁਰਬ ਸਬੰਧੀ

## ਵਿਸ਼ੇਸ਼ ਸਮਾਗਮ

ਗੁਰਦੁਆਰਾ ਦੀਵਾਨ ਐਵੇਨਿਊ, ਸ਼ਿਕਾਗੋ

*(2341 W. Devon Ave., Chicago IL 60659)*

ਵਿਖੇ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਕੀਤਾ ਜਾ ਰਿਹਾ ਹੈ। ਆਪ ਸਭ ਨੂੰ ਪ੍ਰਕਾਸ਼ ਪੁਰਬ ਸਮਾਗਮ ਵਿਚ ਪਰਿਵਾਰ ਸਮੇਤ ਪਹੁੰਚ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰਨ ਦੀ ਬੇਨਤੀ ਹੈ ਜੀ

### ਪ੍ਰੋਗਰਾਮ ਦਾ ਵੇਰਵਾ

**22 ਜੁਲਾਈ, 2022 (ਸ਼ੁਕਰਵਾਰ)**

ਅਰੰਭ ਸ੍ਰੀ ਅਖੰਡ ਪਾਠ ਸਵੇਰੇ 8:30 ਵਜੇ

**24 ਜੁਲਾਈ, 2022 (ਐਤਵਾਰ)**

ਭੋਗ ਸ੍ਰੀ ਅਖੰਡ ਪਾਠ ਸਵੇਰੇ 9 ਵਜੇ

ਕੀਰਤਨ: 9 ਤੋਂ ਦੁਪਹਿਰ 12 ਵਜੇ ਤਕ

*ਲੰਗਰ ਦੀ ਸੇਵਾ 12:30 ਵਜੇ*



*ਭਾਈ ਤੀਰਥ ਸਿੰਘ, ਭਾਈ ਤਰਲੋਕ ਸਿੰਘ ਅਤੇ ਭਾਈ ਬਚਨ ਸਿੰਘ ਦਾ ਰਾਗੀ ਜਥਾ ਗੁਰਬਾਣੀ ਕੀਰਤਨ ਨਾਲ ਸੰਗਤ ਨੂੰ ਨਿਹਾਲ ਕਰੇਗਾ*

**ਪਾਠ, ਕੀਰਤਨ ਅਤੇ ਲੰਗਰ ਦੀ ਸੇਵਾ**

ਰਵਿੰਦਰ ਕਪੂਰ, ਪਰਮਜੀਤ ਕਪੂਰ, ਗੁਰਲੀਨ ਕਪੂਰ ਅਤੇ ਅਮਨ ਕਪੂਰ ਵਲੋਂ

**ਹੋਰ ਜਾਣਕਾਰੀ ਲਈ ਸੰਪਰਕ ਕਰੋ:**

ਰਵਿੰਦਰ ਕਪੂਰ ਤੇ ਪਰਮਜੀਤ ਕਪੂਰ

ਫੋਨ: 847-387-2923

Haldiram's Hawkins SHUDH FOODS



**Prag International**

Wholesaler and Distributor Of: Haldiram, Hawkins, Prestige, Milton, Panasonic, Titu Folding Bed And Folding Mattress, Aman Kitchenware, Restaurant Equipment's , Pats And Pans For Home & Restaurants, Religious Items, Wedding Items, Blankets... And Many More...

# ਭਗਵੰਤ ਮਾਨ ਦੀ ਕੋਠੀ ਘੇਰਨ ਆਏ ਬੇਰੁਜ਼ਗਾਰ ਅਧਿਆਪਕਾਂ ਤੇ ਪੁਲਿਸ ਵਿਚਾਲੇ ਧੱਕਾ-ਮੁੱਕੀ

**ਸੰਗਰੂਰ:** ਰੈਗੂਲਰ ਭਰਤੀ ਪ੍ਰਕਿਰਿਆ ਮੁਕੰਮਲ ਕਰਨ ਦੀ ਮੰਗ ਸਬੰਧੀ ਬੇਰੁਜ਼ਗਾਰ ਪੀ.ਟੀ.ਆਈ. ਅਧਿਆਪਕ ਮੁੱਖ ਮੰਤਰੀ ਭਗਵੰਤ ਮਾਨ ਦੀ ਕੋਠੀ ਦਾ ਘਿਰਾਓ ਕਰਨ ਪੁੱਜੇ। ਜਦੋਂ ਪ੍ਰਦਰਸ਼ਨਕਾਰੀ ਬੇਰੁਜ਼ਗਾਰ ਪੀ.ਟੀ.ਆਈ. ਅਧਿਆਪਕ ਬੈਰੀਕੇਡ ਟੱਪ ਕੇ ਮੁੱਖ ਮੰਤਰੀ ਦੀ ਕੋਠੀ ਵੱਲ ਵਧਣ ਲੱਗੇ ਤਾਂ ਪੁਲਿਸ ਨੇ ਉਨ੍ਹਾਂ ਨੂੰ ਰੋਕਣ ਦਾ ਯਤਨ ਕੀਤਾ।

ਇਸ ਦੌਰਾਨ ਪੁਲਿਸ ਅਤੇ ਪ੍ਰਦਰਸ਼ਨਕਾਰੀਆਂ ਵਿਚਾਲੇ ਧੱਕਾ ਮੁੱਕੀ ਹੋਈ, ਜਿਸ ਵਿਚ ਇਕ ਮਹਿਲਾ ਸਣੇ ਤਿੰਨ ਪ੍ਰਦਰਸ਼ਨਕਾਰੀ ਬੇਹੋਸ਼ ਹੋ ਗਏ। ਇਨ੍ਹਾਂ ਪ੍ਰਦਰਸ਼ਨਕਾਰੀਆਂ ਨੂੰ ਤੁਰਤ ਸਥਾਨਕ ਸਿਵਲ ਹਸਪਤਾਲ ਲਿਜਾਇਆ ਗਿਆ। ਜਾਣਕਾਰੀ ਅਨੁਸਾਰ 646 ਬੇਰੁਜ਼ਗਾਰ ਪੀ.ਟੀ.ਆਈ. ਅਧਿਆਪਕ ਯੂਨੀਅਨ ਦੇ ਕਾਰਕੁਨ 12 ਸਾਲਾਂ ਤੋਂ ਲਟਕ ਰਹੀ ਭਰਤੀ ਮੁਕੰਮਲ ਕਰਨ ਦੀ ਮੰਗ ਲੈ ਕੇ ਇਥੇ ਮੁੱਖ ਮੰਤਰੀ ਦੀ ਕੋਠੀ ਅੱਗੇ ਇਕੱਠੇ ਹੋਏ ਸਨ, ਜਿਨ੍ਹਾਂ ਨੂੰ ਕੋਠੀ ਵੱਲ ਵਧਣ ਤੋਂ ਰੋਕਣ ਲਈ ਪਹਿਲਾਂ ਹੀ ਵੱਡੀ ਗਿਣਤੀ ਵਿਚ ਪੁਲਿਸ ਮੁਲਾਜ਼ਮ ਤਾਇਨਾਤ ਸਨ।

ਬੇਰੁਜ਼ਗਾਰ 646 ਪੀ.ਟੀ.ਆਈ. ਅਧਿਆਪਕ ਯੂਨੀਅਨ ਦੇ ਆਗੂਆਂ ਨੇ ਪੁਲਿਸ 'ਤੇ ਲਾਠੀਚਾਰਜ ਕਰਨ ਦੇ ਦੋਸ਼ ਲਾਏ ਹਨ। ਯੂਨੀਅਨ ਦੇ ਸੂਬਾ ਪ੍ਰਧਾਨ ਗੁਰਲਾਭ ਸਿੰਘ ਤੇ ਸੂਬਾ ਕਮੇਟੀ ਮੈਂਬਰ ਰਾਜਪਾਲ ਜਲਾਲਾਬਾਦ ਨੇ ਕਿਹਾ ਕਿ ਸੰਗਰੂਰ ਸੰਸਦੀ ਹਲਕੇ ਦੀ ਉਪ ਚੋਣ ਦੇ ਪ੍ਰਚਾਰ ਦੌਰਾਨ 'ਆਪ' ਦੇ ਕੌਮੀ ਕਨਵੀਨਰ ਅਰਵਿੰਦ



ਕੇਜਰੀਵਾਲ ਤੇ ਮੁੱਖ ਮੰਤਰੀ ਭਗਵੰਤ ਮਾਨ ਦੇ ਰੋਡ ਸ਼ੋਅ ਤੋਂ ਇਕ ਦਿਨ ਪਹਿਲਾਂ ਸਰਕਾਰ ਵੱਲੋਂ ਪੁੱਜੀ ਵਿਧਾਇਕਾ ਨੀਨਾ ਮਿੱਤਲ ਨੇ ਬੇਰੁਜ਼ਗਾਰ ਪੀ.ਟੀ.ਆਈ. ਅਧਿਆਪਕਾ ਸਿੱਪੀ ਸ਼ਰਮਾ ਅਤੇ ਰਵਨੀਤ ਕੌਰ ਨੂੰ ਸੰਗਰੂਰ ਸਥਿਤ ਪਾਣੀ ਵਾਲੀ ਟੈਂਕੀ ਤੋਂ ਛੇਵੇਂ ਦਿਨ ਹੇਠਾਂ ਉਤਾਰਿਆ ਸੀ ਅਤੇ ਵੀਡੀਓ ਕਾਲ ਰਾਹੀਂ ਸਿੱਖਿਆ ਮੰਤਰੀ ਮੀਤ ਹੇਅਰ ਨੇ ਵੀ ਗੱਲ ਕਰਕੇ ਦਸ ਦਿਨਾਂ ਵਿਚ ਉਨ੍ਹਾਂ ਦੀ ਮੰਗ ਪੂਰੀ ਕਰਨ ਦਾ ਵਾਅਦਾ ਕੀਤਾ ਸੀ। ਉਨ੍ਹਾਂ ਦੱਸਿਆ ਕਿ ਇਸ ਤੋਂ ਪਹਿਲਾਂ ਮੁੱਖ ਮੰਤਰੀ ਨੇ ਵੀ ਪੈਨਲ ਮੀਟਿੰਗ ਕਰਨ ਦਾ ਭਰੋਸਾ ਦਿੱਤਾ ਸੀ, ਪਰ ਹਾਲੇ ਤੱਕ ਇਹ ਵਾਅਦਾ ਵੀ ਵਫ਼ਾ ਨਹੀਂ ਹੋਇਆ। ਉਨ੍ਹਾਂ ਦੋਸ਼ ਲਾਇਆ ਕਿ ਮੁੱਖ ਮੰਤਰੀ ਦੀ ਕੋਠੀ ਅੱਗੇ ਪੁਲਿਸ ਮੁਲਾਜ਼ਮਾਂ ਨੇ ਲਾਠੀਚਾਰਜ ਕਰਦਿਆਂ ਪ੍ਰਦਰਸ਼ਨਕਾਰੀਆਂ ਦੇ ਕਥਿਤ ਲੱਤਾਂ ਵੀ ਮਾਰੀਆਂ ਹਨ। ਇਸ ਮੌਕੇ ਤਿੰਨ ਬੇਰੁਜ਼ਗਾਰ ਅਧਿਆਪਕ ਹੇਮੰਤ ਕੁਮਾਰ ਨਾਭਾ, ਪਰਸ਼ਿੰਦਰ ਕੁਮਾਰ, ਜ਼ਿਲ੍ਹਾ ਪਟਿਆਲਾ ਅਤੇ ਨੇਹਾ ਖੁੱਲਰ ਜ਼ਿਲ੍ਹਾ ਮੁਹਾਲੀ ਬੇਹੋਸ਼ ਹੋਏ ਹਨ।

# ਕਿਫਾਇਤੀ ਮੁਹਿੰਮ: ਪੰਜਾਬ ਦੇ ਵਿਧਾਇਕਾਂ ਨੂੰ ਹੋਰ ਝਟਕੇ ਦੇਣ ਦੀ ਤਿਆਰੀ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਵਿਚ ਹੁਣ 'ਇਕ ਮੀਟਿੰਗ-ਇਕ ਟੀਏ' ਫਾਰਮੂਲਾ ਲਾਗੂ ਕਰਨ ਦੀ ਤਿਆਰੀ ਖਿੱਚੀ ਜਾ ਰਹੀ ਹੈ। 'ਆਪ' ਸਰਕਾਰ ਨੇ ਪਹਿਲਾਂ ਕਿਫਾਇਤੀ ਮੁਹਿੰਮ ਤਹਿਤ ਸਾਬਕਾ ਵਿਧਾਇਕਾਂ ਨੂੰ ਇਕ ਟਰਮ ਦੀ ਪੈਨਸ਼ਨ ਦੇਣ ਦੀ ਵਿਵਸਥਾ ਕੀਤੀ ਹੈ। ਹੁਣ ਅਗਲੇ ਪੜਾਅ ਵਜੋਂ ਮੌਜੂਦਾ ਵਿਧਾਇਕਾਂ ਦੇ ਟੀਏ (ਸਫਰ ਭੱਤਾ) 'ਤੇ ਕੱਟ ਲਾਉਣ ਦੀ ਤਿਆਰੀ ਹੈ। ਪੰਜਾਬ ਵਿਧਾਨ ਸਭਾ ਦੇ ਸਪੀਕਰ ਨੇ ਇਸ ਬਾਰੇ ਵਿਚਾਰ ਵਟਾਂਦਰਾ ਸ਼ੁਰੂ ਕਰ ਦਿੱਤਾ ਹੈ ਅਤੇ ਜੇਕਰ ਗੱਲ ਸਿਰੇ ਚੜ੍ਹਦੀ ਹੈ ਤਾਂ ਸਾਲਾਨਾ ਕਰੀਬ 2.70 ਕਰੋੜ ਰੁਪਏ ਦੀ ਬੱਚਤ ਹੋਵੇਗੀ। ਵੇਰਵਿਆਂ ਅਨੁਸਾਰ ਪੰਜਾਬ ਵਿਧਾਨ ਸਭਾ ਦੀਆਂ ਕਰੀਬ 15 ਕਮੇਟੀਆਂ ਹਨ ਜਿਨ੍ਹਾਂ ਦੀਆਂ ਮੀਟਿੰਗਾਂ ਹਰ ਮੰਗਲਵਾਰ ਤੇ ਸ਼ੁੱਕਰਵਾਰ ਹੁੰਦੀਆਂ ਹਨ। ਇਕ-ਇਕ ਵਿਧਾਇਕ ਦੋ-ਦੋ ਕਮੇਟੀਆਂ ਦੇ ਮੈਂਬਰ ਹਨ। ਕਰੀਬ 100 ਵਿਧਾਇਕ ਇਸ ਵੇਲੇ ਵਿਧਾਨ ਸਭਾ ਕਮੇਟੀਆਂ ਦੇ ਚੇਅਰਮੈਨ ਤੇ ਮੈਂਬਰ ਹਨ। ਪਹਿਲਾਂ ਇਕ ਮੀਟਿੰਗ 'ਚ ਹਾਜ਼ਰ ਹੋਣ ਬਦਲੇ ਵਿਧਾਇਕ ਨੂੰ ਤਿੰਨ ਦਿਨਾਂ ਦਾ ਟੀਏ ਮਿਲਦਾ ਹੈ। ਮਤਲਬ ਕਿ ਮੀਟਿੰਗ ਲਈ ਚੰਡੀਗੜ੍ਹ ਆਉਣ, ਦੂਸਰੇ ਦਿਨ ਮੀਟਿੰਗ ਅਟੈਂਡ ਕਰਨ ਅਤੇ ਤੀਜੇ ਦਿਨ ਵਾਪਸ ਜਾਣ ਦਾ ਟੀਏ ਦਿੱਤਾ ਜਾਂਦਾ ਹੈ। ਮੌਜੂਦਾ ਸਮੇਂ ਪ੍ਰਤੀ ਦਿਨ 1500 ਰੁਪਏ ਟੀਏ ਦਿੱਤਾ ਜਾਂਦਾ ਹੈ। ਇਕ ਮੀਟਿੰਗ ਅਟੈਂਡ ਕਰਨ 'ਤੇ ਵਿਧਾਇਕ ਨੂੰ ਤਿੰਨ ਦਿਨਾਂ ਦਾ ਟੀਏ ਭਾਵ 4500 ਰੁਪਏ ਮਿਲਦੇ ਸਨ। ਹੁਣ ਨਵਾਂ ਫੈਸਲਾ ਲਿਆ ਜਾ ਰਿਹਾ ਹੈ ਕਿ ਇਕ ਵਿਧਾਇਕ ਨੂੰ ਇਕ ਮੀਟਿੰਗ



ਅਟੈਂਡ ਕਰਨ ਬਦਲੇ ਸਿਰਫ ਇਕ ਦਿਨ ਦਾ ਟੀਏ ਭਾਵ 1500 ਰੁਪਏ ਹੀ ਦਿੱਤਾ ਜਾਵੇ। ਤਿੰਨ ਦਿਨਾਂ ਦਾ ਟੀਏ ਦੇਣ ਦੀ ਵਿਵਸਥਾ ਉਨ੍ਹਾਂ ਦਿਨਾਂ ਦੀ ਹੈ ਜਦੋਂ ਵਿਧਾਇਕ ਬੱਸਾਂ 'ਤੇ ਸਫਰ ਕਰਦੇ ਸਨ। ਪਹਿਲਾਂ ਟੀਏ ਪ੍ਰਤੀ ਦਿਨ ਇਕ ਹਜ਼ਾਰ ਰੁਪਏ ਹੁੰਦਾ ਸੀ। ਗੱਠਜੋੜ ਸਰਕਾਰ ਨੇ ਵਰ੍ਹਾ 2016 ਵਿਚ ਇਹ ਟੀਏ ਵਧਾ ਕੇ ਪ੍ਰਤੀ ਮੀਟਿੰਗ 1500 ਰੁਪਏ ਕਰ ਦਿੱਤਾ ਸੀ। ਦੱਸਦੇ ਹਨ ਕਿ ਇਕ ਵਿਧਾਇਕ ਦੋ ਦੋ ਕਮੇਟੀਆਂ ਦਾ ਮੈਂਬਰ ਹੋਣ ਕਰਕੇ ਹਫਤੇ 'ਚ ਛੇ ਦਿਨ ਟੀਏ ਲੈਣ ਦਾ ਹੱਕਦਾਰ ਬਣ ਜਾਂਦਾ ਸੀ। ਪ੍ਰਤੀ ਮਹੀਨਾ 24 ਦਿਨ ਦਾ ਟੀਏ ਪ੍ਰਤੀ ਵਿਧਾਇਕ ਮਿਲ ਜਾਂਦਾ ਸੀ। ਨਵੇਂ ਫਾਰਮੂਲੇ ਤਹਿਤ ਪ੍ਰਤੀ ਵਿਧਾਇਕ ਪ੍ਰਤੀ ਮਹੀਨਾ 24 ਲੱਖ ਰੁਪਏ ਦੀ ਬੱਚਤ ਹੋਵੇਗੀ ਅਤੇ ਇਸ ਲਿਹਾਜ਼ ਨਾਲ ਕਰੀਬ 2.64 ਕਰੋੜ ਦੀ ਖ਼ਜ਼ਾਨੇ ਨੂੰ ਸਾਲਾਨਾ ਬੱਚਤ ਹੋਵੇਗੀ। ਹਰ ਵਿਧਾਇਕ ਨੂੰ ਮੀਟਿੰਗ ਅਟੈਂਡ ਕਰਨ ਬਦਲੇ 15 ਰੁਪਏ ਪ੍ਰਤੀ ਕਿਲੋਮੀਟਰ ਦੇ ਹਿਸਾਬ ਨਾਲ ਤੇਲ ਖਰਚ ਵੱਖਰਾ ਮਿਲਦਾ ਹੈ। ਪੰਜਾਬ ਸਰਕਾਰ ਦੀ ਸਮਝ ਹੈ ਕਿ ਵਿਧਾਇਕ ਮੀਟਿੰਗ ਵਾਲੇ ਦਿਨ ਹੀ ਚੰਡੀਗੜ੍ਹ ਆਉਂਦੇ ਹਨ ਅਤੇ ਉਸੇ ਦਿਨ ਵਾਪਸ ਚਲੇ ਜਾਂਦੇ ਹਨ ਪਰ ਉਹ ਟੀਏ ਤਿੰਨ ਦਿਨਾਂ ਦਾ ਕਲੇਮ ਕਰ ਲੈਂਦੇ ਹਨ। ਮੁੱਖ ਮੰਤਰੀ ਭਗਵੰਤ ਮਾਨ ਨੇ ਇਸ ਫੈਸਲੇ 'ਤੇ ਆਖਰੀ ਮੋਹਰ ਹਾਲੇ ਨਹੀਂ ਲਾਈ ਹੈ ਪਰ ਇਹ ਫੈਸਲਾ ਵਿਧਾਇਕਾਂ ਨੂੰ ਨਾਖੁਸ਼ ਕਰਨ ਵਾਲਾ ਜ਼ਰੂਰ ਹੋਵੇਗਾ। ਇਸ ਤੋਂ ਪਹਿਲਾਂ ਇਕ ਵਿਧਾਇਕ ਇਕ ਪੈਨਸ਼ਨ ਲਾਗੂ ਕਰਨ ਨਾਲ ਸਾਲਾਨਾ 19.53 ਕਰੋੜ ਦੀ ਬੱਚਤ ਹੋਣ ਦਾ ਗੱਲ ਆਖੀ ਗਈ ਹੈ। ਵਿਰੋਧੀ ਧਿਰਾਂ ਵੱਲੋਂ ਸਰਕਾਰ ਨੂੰ ਪਹਿਲਾਂ ਹੀ ਨਿਸ਼ਾਨੇ 'ਤੇ ਲਿਆ ਗਿਆ ਹੈ ਕਿ ਇਕ ਬੰਨ੍ਹੇ ਸਰਕਾਰ ਸਾਬਕਾ ਵਿਧਾਇਕਾਂ ਦੀ ਪੈਨਸ਼ਨ 'ਤੇ ਕੱਟ ਲਾ ਰਹੀ ਹੈ, ਦੂਜੇ ਪਾਸੇ ਦੂਸਰੇ ਸੂਬਿਆਂ ਵਿਚ ਇਸ਼ਤਿਹਾਰਬਾਜ਼ੀ ਕਰਕੇ ਕਰੋੜਾਂ ਰੁਪਏ ਰੋੜ੍ਹ ਰਹੀ ਹੈ।


ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899

**Gurdip Singh Sandhu**

Homeopathic Practitioner/Consultant Since 1973
DHMS-Gold Medalist, BAMS, MDEh.- India

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA

**Live on Jas TV**
Saturday 9:30AM and Sunday 4PM (Pacific Time)

7021 Village Park Way, Dublin, CA 94568



*Gurdip Singh Sandhu*

Email:
Homeomedicine@yahoo.com


# Matrimonials

## ਲੜਕੇ ਦੀ ਲੋੜ ਹੈ

Jatt Sikh Hundal family in search of a well qualified, with high education boy, settled either in Canada or USA for their daughter, 32, 5'3", Bachelor of Dental Surgery, Master of Health, Safety and Environment, Master of Public Health. Currently working as a research fellow on a global health project. Father: Rtd. from government job, Family is currently residing in Chandigarh and owns rural and urban agricultural land in Amritsar, Samrala (Ldh.) and New Chandigarh. Contact us at: GurdeepMidwestUSA@outlook.com or message at 513-212-6478, India number is 91-89686-97166. (will respond to all). 29-32

Jatt Sikh family looking for a Jatt Sikh match for their 34 years, 5' 4" daughter. Master of Business Administration, Marketing , Food media. Permanent Resident of Canada. Mother retired govt. Principal , Brother Sarpanch of village & now preparing for MLA Election, urban and rural property. Boy wanted from jatt sikh family only. Contact us at: +1 4373328422 or E-mail at: puneetasra17october@gmail.com 29-32

Looking for an educated Jatt Sikh Punjabi girl (willing to move in TX) for handsome Jatt Sikh boy 5'10" (32), US born and raised. Degree in BBA (IT), presently working, belongs to a educated family. Please contact and send bio-data at: srom2000@yahoo.com 27-30

Looking for a suitable Ramgarhia Sikh Dhiman match for our beautiful daughter (green card holder), 29 years, 5' 7", MSC - Physics (India), and licensed paraprofessional educator, residing in Chicago area. Please contact: manpreets1211@gmail.com 26-29

39 ਸਾਲਾ 5'2.5" ਅੰਮ੍ਰਿਤਧਾਰੀ ਪੋਸਟ ਗ੍ਰੈਜੂਏਟ ਅਮਰੀਕਾ ਵਿਚ ਗਰੀਨ ਕਾਰਡ ਹੋਲਡਰ ਤਲਾਕਸ਼ੁਦਾ ਲੜਕੀ ਲਈ 35 ਸਾਲ ਜਾਂ ਵੱਧ ਉਮਰ ਦੇ ਅੰਮ੍ਰਿਤਧਾਰੀ ਲੜਕੇ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਅਮਰੀਕਾ/ਕੈਨੇਡਾ ਨੂੰ ਪਹਿਲ। ਆਪਣਾ ਬਾਇਓਡਾਟਾ kaurgurvinder1965@yahoo.com 'ਤੇ ਭੇਜੋ। ਚਾਹਵਾਨ 734 968 1195 'ਤੇ ਛੇ ਵਜੇ ਤੋਂ ਸ਼ਾਮ 10 ਵਜੇ (*E.T.*) ਤੱਕ ਸੰਪਰਕ ਕਰ ਸਕਦੇ ਹਨ। 18-21

## ਲੜਕੀ ਦੀ ਲੋੜ ਹੈ

Sikh Kamboj family, looking for a suitable match for their Oct 73, 5' 8" well educated, Electronics Engineer son working as a Director in the IT field. USA Citizen based in Bay Area, CA. Divorcee (issue less). Contact us at: +1 (510) 806-7385 29-32

Looking for suitable match for 42, 6", clean shaven Jatt Sikh Neuro-surgeon boy, working in Chicago. Divorcee, one daughter custody with mother. Contact us at: 917-238-3060 23-26

Khatri Sikh family looking for USA or Canadian citizen match for their 49, 5'10" divorced son. Now in USA, having training Hotel Management and has worked for Chef in Canada for 4 years, Family owns Hotel , Banquet, Bar & Restaurant in Wisconsin. Contact us at: 5152083861 23-26

ਸੈਣੀ ਸਿੱਖ 37, 5'-8" ਗੈਸ ਸਟੇਸ਼ਨ 'ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਿਆਂ ਤੋਂ ਰਹਿਤ ਲੜਕੇ ਲਈ ਸੋਹਣੀ-ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦੀ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਚਾਹਵਾਨ ਸੰਪਰਕ ਕਰਨ: 319-670-8892 21-24

Jatt Sikh Canadian Parents Looking for a suitable match for their 45, 5'10" divorced son. For more information please contact us at po55ible@yahoo.com or 647-474-5473 20-23

Sikh Kamboj family looking for Well educated girl for their B.Com, 29, 5'10" son, well settled (2 stores), Own home in Arkansas. Mom, dad & brother live in India. Contact us at: 417-846-3741

*ਸਿੱਖ ਕੰਬੋਜ 29 ਸਾਲਾ 5'10", ਅਮਰੀਕਾ ਵਿਚ ਵਧੀਆ ਸਥਾਪਿਤ, ਆਪਣਾ ਬਿਜ਼ਨਸ ਕਰਦੇ ਬੀ. ਕਾਮ ਲੜਕੇ ਲਈ ਸੋਹਣੀ-ਸੁਨੱਖੀ, ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਲੜਕੇ ਦਾ ਪਰਿਵਾਰ ਇੰਡੀਆ ਵਿਚ ਹੈ। ਚਾਹਵਾਨ 417-846-3741 'ਤੇ ਸੰਪਰਕ ਕਰ ਸਕਦੇ ਹਨ।* apr16- may16

# ਹਰਿਆਣਾ ਨੂੰ ਵਿਧਾਨ ਸਭਾ ਲਈ ਚੰਡੀਗੜ੍ਹ 'ਚ ਥਾਂ ਦੇਣ 'ਤੇ ਸਿਆਸਤ ਭਖੀ

**ਚੰਡੀਗੜ੍ਹ:** ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਐਲਾਨ ਕੀਤਾ ਕਿ ਹਰਿਆਣਾ ਨੂੰ ਨਵੀਂ ਵਿਧਾਨ ਸਭਾ ਲਈ ਇਮਾਰਤ ਬਣਾਉਣ ਵਾਸਤੇ ਚੰਡੀਗੜ੍ਹ ਵਿਚ ਜ਼ਮੀਨ ਦਿੱਤੀ ਜਾਵੇਗੀ। ਉੱਧਰ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਵੀ ਸੂਬੇ ਲਈ ਵੱਖਰੀ ਵਿਧਾਨ ਸਭਾ ਤੇ ਵੱਖਰਾ ਹਾਈ ਕੋਰਟ ਬਣਾਉਣ ਵਾਸਤੇ ਚੰਡੀਗੜ੍ਹ ਵਿਚ ਜ਼ਮੀਨ ਦੇਣ ਦੀ ਮੰਗ ਕਰ ਦਿੱਤੀ, ਜਿਸ ਤੋਂ ਬਾਅਦ ਸੂਬੇ ਦੀ ਸਿਆਸਤ ਭਖ ਗਈ ਹੈ।

ਪੰਜਾਬ ਦੇ ਸਿਆਸੀ ਆਗੂਆਂ ਵੱਲੋਂ ਚੰਡੀਗੜ੍ਹ 'ਤੇ ਪੰਜਾਬ ਦਾ ਹੱਕ ਹੋਣ ਦਾ ਦਾਅਵਾ ਕਰਦਿਆਂ ਹਰਿਆਣਾ ਵਿਧਾਨ ਸਭਾ ਲਈ ਇਥੇ ਜ਼ਮੀਨ ਦਿੱਤੇ ਜਾਣ ਦਾ ਵਿਰੋਧ ਕੀਤਾ ਜਾ ਰਿਹਾ ਹੈ। ਪੰਜਾਬ ਦੀਆਂ ਵਿਰੋਧੀ ਧਿਰਾਂ ਨੇ ਸੂਬੇ ਦੀ ਹਾਕਮ ਧਿਰ ਆਮ ਆਦਮੀ ਪਾਰਟੀ ਅਤੇ ਭਾਜਪਾ ਦੋਹਾਂ 'ਤੇ ਪੰਜਾਬ ਦੇ ਹਿੱਤਾਂ ਨਾਲ ਖਿਲਵਾੜ ਕਰਨ ਦੇ ਦੋਸ਼ ਲਾਏ ਹਨ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਚੰਡੀਗੜ੍ਹ ਤੇ ਹੋਰ ਮਾਮਲਿਆਂ 'ਚ ਪੰਜਾਬ ਦੇ ਬਣਦੇ ਹੱਕਾਂ ਨਾਲ ਸਮਝੌਤਾ ਕਰਨ ਤੇ ਪੰਜਾਬ ਵਿਰੋਧੀ ਬਿਆਨ ਦੇਣ 'ਤੇ ਮੁੱਖ ਮੰਤਰੀ ਭਗਵੰਤ ਮਾਨ ਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਵਿਹਾਰ



ਦੀ ਨਿੰਦਾ ਕੀਤੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਤੋਂ ਇਸ ਦਾ ਬਣਦਾ ਹੱਕ ਖੋਹਣ ਲਈ ਡੂੰਘੀ ਸਾਜ਼ਿਸ਼ ਰਚੀ ਗਈ ਹੈ ਤੇ ਪੰਜਾਬ ਦੇ ਮੁੱਖ ਮੰਤਰੀ ਇਸ ਸਾਜ਼ਿਸ਼ ਦਾ ਹਿੱਸਾ ਬਣ ਗਏ ਹਨ। ਚੰਡੀਗੜ੍ਹ ਤੋਂ ਕੁਝ ਵੀ ਹਰਿਆਣਾ ਨੂੰ ਦੇਣ ਦੇ ਬਿਆਨ ਦੀ ਥਾਂ ਕੇਂਦਰ ਸਰਕਾਰ ਨੂੰ ਚੰਡੀਗੜ੍ਹ ਪੰਜਾਬ ਨੂੰ ਦੇਣ ਬਾਰੇ ਕੀਤੇ ਆਪਣੇ ਲਿਖਤੀ ਇਕਰਾਰ ਨੂੰ ਅਮਲੀ ਜਾਮਾ ਪਹਿਨਾਉਣਾ ਚਾਹੀਦਾ ਹੈ।

ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਵੱਲੋਂ ਚੰਡੀਗੜ੍ਹ ਵਿਚ ਹਰਿਆਣਾ ਵਿਧਾਨ ਸਭਾ ਦੀ ਅਲੱਗ ਇਮਾਰਤ ਦੀ ਉਸਾਰੀ ਸਬੰਧੀ ਕੇਂਦਰ ਦੇ ਫੈਸਲੇ ਦਾ ਸਖਤ ਵਿਰੋਧ ਕੀਤਾ ਹੈ। ਉਨ੍ਹਾਂ ਪੰਜਾਬ ਸਰਕਾਰ ਵੱਲੋਂ ਇਸ ਕਦਮ ਦਾ ਸਮਰਥਨ ਕਰਨ ਲਈ ਨਿੰਦਾ ਵੀ ਕੀਤੀ ਹੈ। ਵੜਿੰਗ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਚੰਡੀਗੜ੍ਹ ਵਿਚ ਹਰਿਆਣਾ ਨੂੰ ਜ਼ਮੀਨ ਦੇਣ ਦੇ ਕਦਮ ਦਾ ਵਿਰੋਧ ਕਰਨ ਦੀ ਬਜਾਏ ਇਸ ਦਾ ਸਮਰਥਨ ਕੀਤਾ ਹੈ ਅਤੇ ਪੰਜਾਬ ਲਈ ਜ਼ਮੀਨ ਦੀ ਮੰਗੀ ਹੈ, ਜਿਸ ਦੀ ਲੋੜ ਨਹੀਂ ਸੀ। ਇਹ ਚੰਡੀਗੜ੍ਹ ਤੇ ਪੰਜਾਬ ਦੇ ਇਤਿਹਾਸ ਤੇ ਕਾਨੂੰਨੀ ਹੱਕਾਂ ਬਾਰੇ ਉਨ੍ਹਾਂ ਦੀ ਅਗਿਆਨਤਾ ਨੂੰ ਦਰਸਾਉਂਦਾ ਹੈ।

ਦੱਸ ਦਈਏ ਕਿ ਹਰਿਆਣਾ ਦੀ ਵੱਖਰੀ ਵਿਧਾਨ ਸਭਾ ਲਈ ਜ਼ਮੀਨ ਦੇਣ ਦੇ ਐਲਾਨ ਤੋਂ ਬਾਅਦ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਵੀ ਕੇਂਦਰ ਤੋਂ ਹਰਿਆਣਾ ਦੀ ਤਰਜ਼ 'ਤੇ ਪੰਜਾਬ ਵਿਧਾਨ ਸਭਾ ਬਣਾਉਣ ਲਈ ਜ਼ਮੀਨ ਦੀ ਮੰਗ ਕੀਤੀ ਹੈ। ਉਨ੍ਹਾਂ ਟਵੀਟ ਕਰਦਿਆਂ ਕਿਹਾ ਕਿ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੂੰ ਵੱਖ-ਵੱਖ ਕਰਨ ਦੀ ਮੰਗ ਵੀ ਪਿਛਲੇ ਲੰਬੇ ਸਮੇਂ ਤੋਂ ਲਟਕਦੀ ਆ ਰਹੀ ਹੈ। ਇਸ ਲਈ ਕੇਂਦਰ ਸਰਕਾਰ ਪੰਜਾਬ ਨੂੰ ਵੀ ਵੱਖਰੀ ਵਿਧਾਨ ਸਭਾ ਬਣਾਉਣ ਅਤੇ ਵੱਖਰੀ ਹਾਈ ਕੋਰਟ ਬਣਾਉਣ ਲਈ ਚੰਡੀਗੜ੍ਹ ਵਿਚ ਜ਼ਮੀਨ ਮੁਹੱਈਆ ਕਰਵਾਏ।

ਪੰਜਾਬ ਪੁਨਰਗਠਨ ਐਕਟ ਤਹਿਤ 60 ਅਤੇ 40 ਦੇ ਅਨੁਪਾਤ ਨਾਲ ਚੰਡੀਗੜ੍ਹ ਦੀਆਂ ਦੋ ਇਮਾਰਤਾਂ (ਸਿਵਲ ਸਕੱਤਰੇਤ ਅਤੇ ਵਿਧਾਨ ਸਭਾ) ਦੀ ਵੰਡ ਹੋਈ ਸੀ। ਚੰਡੀਗੜ੍ਹ ਵਿਚ ਡਿਊਟੀ ਕਾਡਰ ਦੇ ਅਫਸਰਾਂ ਦੀ ਗਿਣਤੀ ਵਧਣ ਅਤੇ ਪੰਜਾਬ ਤੇ ਹਰਿਆਣਾ ਤੋਂ ਬਿਨਾਂ ਹਿਮਾਚਲ ਪ੍ਰਦੇਸ਼ ਅਤੇ ਜੰਮੂ ਕਸ਼ਮੀਰ ਦੇ ਮੁਲਾਜ਼ਮਾਂ ਦੀਆਂ ਡੈਪੂਟੇਸ਼ਨ 'ਤੇ ਹੋ ਰਹੀਆਂ ਤਾਇਨਾਤੀਆਂ ਨੇ ਵੀ ਚੰਡੀਗੜ੍ਹ 'ਤੇ ਪੰਜਾਬ ਦੇ ਅਧਿਕਾਰ ਨੂੰ ਖੋਰਾ ਲਾਇਆ ਹੈ। ਲੰਘੇ 56 ਵਰ੍ਹਿਆਂ ਦੌਰਾਨ ਪੰਜਾਬ ਤੇ ਹਰਿਆਣਾ ਦਰਮਿਆਨ ਆਪੋ ਆਪਣੇ ਹੱਕਾਂ ਤੇ ਦਾਅਵਿਆਂ ਨੂੰ ਲੈ ਕੇ ਖਿੱਚੋਤਾਣ ਚਲਦੀ ਰਹੀ ਹੈ ਪਰ ਕੇਂਦਰ ਸਰਕਾਰ ਦੋਹਾਂ ਰਾਜਾਂ ਦੇ ਮਸਲੇ 'ਤੇ ਕਦੇ ਵੀ ਇਕ ਧਿਰ ਨਾਲ ਨਹੀਂ ਖੜ੍ਹੀ ਪਰ ਹੁਣ ਇਕ ਸੂਬੇ ਵੱਲ ਝੁਕਾਅ ਨੇ ਕੇਂਦਰ ਦੀ ਕਾਰਗੁਜ਼ਾਰੀ 'ਤੇ ਸਵਾਲੀਆ ਚਿੰਨ੍ਹ ਲਾ ਦਿੱਤਾ ਹੈ। ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਦਾ ਕਹਿਣਾ ਹੈ ਕਿ ਕੇਂਦਰ ਸਰਕਾਰ ਦਾ ਇਹ ਫੈਸਲਾ ਪੰਜਾਬ ਦਾ ਚੰਡੀਗੜ੍ਹ 'ਤੇ ਹੱਕ ਖਤਮ ਕਰਨ ਵੱਲ ਕਦਮ ਹੈ।

ਕੇਂਦਰ ਸਰਕਾਰ ਨੂੰ ਦੋ ਰਾਜਾਂ ਦਰਮਿਆਨ ਚੱਲ ਰਹੇ ਵਿਵਾਦ ਨੂੰ ਹੱਲਾਸ਼ੇਰੀ ਦੇਣ ਦੀ ਥਾਂ ਝਗੜਿਆਂ ਨੂੰ ਖ਼ਤਮ ਕਰਨ ਲਈ ਯਤਨ ਕਰਨੇ ਚਾਹੀਦੇ ਹਨ। ਜੇਕਰ ਹਰਿਆਣਾ ਨੇ ਵੱਖਰੀ ਰਾਜਧਾਨੀ ਬਣਾਉਣੀ ਹੀ ਹੈ ਤਾਂ ਹਰਿਆਣਾ ਦੇ ਕਿਸੇ ਵੀ ਸ਼ਹਿਰ ਵਿੱਚ ਬਣਾਈ ਜਾ ਸਕਦੀ ਹੈ। ਕਾਂਗਰਸੀ ਆਗੂ ਸੁਖਪਾਲ ਸਿੰਘ ਖਹਿਰਾ ਨੇ ਕੇਂਦਰ ਸਰਕਾਰ ਦੇ ਫੈਸਲੇ ਨੂੰ ਪੰਜਾਬ ਵਿਰੋਧੀ ਕਰਾਰ ਦਿੱਤਾ ਹੈ। ਸਿਆਸੀ ਧਿਰਾਂ ਵੱਲੋਂ ਮੰਗ ਕੀਤੀ ਜਾ ਰਹੀ ਹੈ ਕਿ ਇਸ ਮਾਮਲੇ 'ਤੇ ਸਰਬ ਪਾਰਟੀ ਮੀਟਿੰਗ ਸੱਦੀ ਜਾਵੇ।

# ਖੱਟਰ ਨੇ ਐਸ.ਵਾਈ.ਐਲ. ਦਾ ਮੁੱਦਾ ਚੁੱਕਿਆ



**ਨਵੀਂ ਦਿੱਲੀ:** ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਪ੍ਰਧਾਨਗੀ ਹੇਠ ਹੋਈ ਉਤਰੀ ਜ਼ੋਨਲ ਕੌਂਸਲ ਦੀ ਮੀਟਿੰਗ ਵਿਚ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਐਸ.ਵਾਈ.ਐਲ. ਨਹਿਰ ਦਾ ਮੁੱਦਾ ਵੀ ਉਠਾਇਆ। ਉਨ੍ਹਾਂ ਕਿਹਾ ਕਿ ਸਤਲੁਜ-ਯਮੁਨਾ ਲਿੰਕ ਨਹਿਰ ਦਾ ਨਿਰਮਾਣ ਕਾਰਜ ਪੂਰਾ ਕਰਨਾ ਹਰਿਆਣਾ ਅਤੇ ਪੰਜਾਬ ਸੂਬਿਆਂ ਵਿਚਲਾ ਪੁਰਾਣਾ ਤੇ ਗੰਭੀਰ ਮਸਲਾ ਹੈ। ਨਹਿਰ ਨਾ ਬਣਾਏ ਜਾਣ ਕਰ ਕੇ ਰਾਵੀ, ਸਤਲੁਜ ਅਤੇ ਬਿਆਸ ਦਾ ਬਾਕੀ ਬਿਨਾ ਚੈਨਲ ਵਾਲਾ ਪਾਣੀ ਪਾਕਿਸਤਾਨ ਵਿਚ ਚਲਾ ਜਾਂਦਾ ਹੈ।

ਹਰਿਆਣਾ ਨੂੰ ਭਾਰਤ ਸਰਕਾਰ ਦੇ 24 ਮਾਰਚ, 1976 ਦੇ ਆਦੇਸ਼ ਅਨੁਸਾਰ ਰਾਵੀ, ਬਿਆਸ ਦੇ ਸਰਪਲੱਸ ਪਾਣੀ ਵਿਚ ਵੀ 3.50 ਮਿਲੀਅਨ ਏਕੜ ਫੁੱਟ ਹਿੱਸਾ ਦਿੱਤਾ ਗਿਆ ਹੈ। ਮੁੱਖ ਮੰਤਰੀ ਨੇ ਕਿਹਾ ਕਿ ਐਸ.ਵਾਈ.ਐਲ. ਦੇ ਮਸਲੇ ਨੂੰ ਹੱਲ ਕਰਨ ਲਈ ਸੁਪਰੀਮ ਕੋਰਟ ਦੇ ਆਦੇਸ਼ਾਂ 'ਤੇ 18 ਅਗਸਤ 2020 ਨੂੰ ਦੋਹਾਂ ਸੂਬਿਆਂ ਦੇ ਮੁੱਖ ਮੰਤਰੀਆਂ ਨਾਲ ਕੇਂਦਰੀ ਜਲ ਸ਼ਕਤੀ ਮੰਤਰੀ ਦੀ ਹੋਈ ਮੀਟਿੰਗ ਵਿਚ ਲਏ ਗਏ ਫੈਸਲੇ ਮੁਤਾਬਕ ਪੰਜਾਬ ਅਗਲੀ ਕਾਰਵਾਈ ਨਹੀਂ ਕਰ ਰਿਹਾ ਹੈ। ਸ੍ਰੀ ਖੱਟਰ ਨੇ ਕਿਹਾ ਕਿ ਇਸ ਮੁੱਦੇ 'ਤੇ ਚਰਚਾ ਕਰਨ ਲਈ ਉਨ੍ਹਾਂ ਵੱਲੋਂ 6 ਮਈ 2022 ਨੂੰ ਇਕ ਪੱਤਰ ਲਿਖ ਕੇ ਕੇਂਦਰੀ ਜਲ ਸ਼ਕਤੀ ਮੰਤਰੀ ਨੂੰ ਅਪੀਲ ਕੀਤੀ ਗਈ ਸੀ ਕਿ ਦੋਹਾਂ ਸੂਬਿਆਂ ਦੇ ਮੁੱਖ ਮੰਤਰੀਆਂ ਦੀ ਦੂਜੇ ਗੇੜ ਦੀ ਮੀਟਿੰਗ ਜਲਦੀ ਤੋਂ ਜਲਦੀ ਸੱਦੀ ਜਾਵੇ।

## ਗਹਿਲੋਤ ਨੇ ਬੀ.ਬੀ.ਐਮ.ਬੀ. ਵਿਚ ਪੱਕੀ ਮੈਂਬਰੀ ਮੰਗੀ

**ਜੈਪੁਰ:** ਰਾਜਸਥਾਨ ਦੇ ਮੁੱਖ ਮੰਤਰੀ ਅਸ਼ੋਕ ਗਹਿਲੋਤ ਨੇ ਇਕ ਵਾਰ ਫਿਰ ਤੋਂ ਸੂਬੇ ਦੇ ਪੂਰਬੀ ਰਾਜਸਥਾਨ ਨਹਿਰੀ ਪ੍ਰੋਜੈਕਟ (ਈ.ਆਰ.ਸੀ.ਪੀ.) ਨੂੰ ਕੌਮੀ ਪ੍ਰੋਜੈਕਟ ਦਾ ਦਰਜਾ ਦੇਣ ਦੀ ਮੰਗ ਉਠਾਈ ਹੈ। ਮੁੱਖ ਮੰਤਰੀ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਪ੍ਰਧਾਨਗੀ ਹੇਠ ਹੋਈ ਉਤਰੀ ਜ਼ੋਨਲ ਕੌਂਸਲ ਦੀ ਮੀਟਿੰਗ ਵਿਚ ਇਹ ਮੁੱਦਾ ਉਠਾਇਆ ਹੈ। ਉਨ੍ਹਾਂ ਕੇਂਦਰ ਕੋਲੋਂ ਭਾਖੜਾ ਬਿਆਸ ਪ੍ਰਬੰਧਕੀ ਬੋਰਡ (ਬੀ.ਬੀ.ਐਮ.ਬੀ.) ਵਿਚ ਰਾਜਸਥਾਨ ਨਾਲ ਸਬੰਧਤ ਇਕ ਮੈਂਬਰ ਦੀ ਆਸਾਮੀ ਪੈਦਾ ਕਰਨ ਦੀ ਮੰਗ ਵੀ ਕੀਤੀ। ਉਨ੍ਹਾਂ ਰਾਜਸਥਾਨ ਦੀਆਂ ਭੂਗੋਲਿਕ ਚੁਣੌਤੀਆਂ ਨੂੰ ਦੇਖਦੇ ਹੋਏ ਜਲ ਜੀਵਨ ਮਿਸ਼ਨ ਅਧੀਨ ਯੋਜਨਾਵਾਂ ਦੇ ਲਾਗੂ ਕਰਨ ਲਈ ਫੰਡਿੰਗ ਦਾ ਪੈਟਰਨ 90:10 (ਕੇਂਦਰ-ਸੂਬਾ ਹਿੱਸੇਦਾਰੀ) ਕਰਨ ਦੀ ਮੰਗ ਵੀ ਕੀਤੀ।

# ਸਾਬਕਾ ਸਿਹਤ ਮੰਤਰੀ ਵਿਜੈ ਸਿੰਗਲਾ ਨੂੰ ਜ਼ਮਾਨਤ ਮਿਲੀ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਭ੍ਰਿਸ਼ਟਾਚਾਰ ਦੇ ਮਾਮਲੇ ਵਿਚ ਸਾਬਕਾ ਸਿਹਤ ਮੰਤਰੀ ਵਿਜੈ ਸਿੰਗਲਾ ਨੂੰ ਜ਼ਮਾਨਤ ਦੇ ਦਿੱਤੀ ਹੈ। ਜਸਟਿਸ ਲਿਜ਼ਾ ਗਿੱਲ ਦੇ ਬੈਂਚ ਨੇ ਸਾਬਕਾ ਸਿਹਤ ਮੰਤਰੀ ਦੀ ਜ਼ਮਾਨਤ ਦੀ ਅਰਜ਼ੀ ਮਨਜ਼ੂਰ ਕਰ ਲਈ।



ਅਦਾਲਤ ਨੇ ਇਸ ਤੋਂ ਪਹਿਲਾਂ ਸੁਣਵਾਈ ਮੌਕੇ ਸੂਬੇ ਨੂੰ ਇਹ ਸਪਸ਼ਟ ਕਰਨ ਲਈ ਕਿਹਾ ਸੀ ਕਿ ਕੀ ਉਹ ਇਸ ਦਾ ਵਿਰੋਧ ਕਰਦੇ ਹਨ? ਸਾਬਕਾ ਸਿਹਤ ਮੰਤਰੀ ਵਿਜੈ ਸਿੰਗਲਾ ਨੂੰ 24 ਮਈ ਨੂੰ ਮੁਹਾਲੀ ਦੇ ਫੇਜ਼-8 ਦੇ ਥਾਣੇ ਵਿਚ ਦਰਜ ਭ੍ਰਿਸ਼ਟਾਚਾਰ ਦੇ ਕੇਸ ਵਿਚ ਗ੍ਰਿਫਤਾਰ ਕੀਤਾ ਗਿਆ ਸੀ। ਸਿੰਗਲਾ 'ਤੇ ਦੋਸ਼ ਸਨ ਕਿ ਉਨ੍ਹਾਂ ਨੇ ਵਿਭਾਗ ਦੇ ਟੈਂਡਰਾਂ ਵਿਚ ਇਕ ਫੀਸਦੀ ਕਮਿਸ਼ਨ ਦੀ ਮੰਗ ਕੀਤੀ ਸੀ। ਮੁੱਖ ਮੰਤਰੀ ਭਗਵੰਤ ਮਾਨ ਨੇ ਕੇਸ ਦਰਜ ਹੋਣ ਮਗਰੋਂ ਕੈਬਨਿਟ ਮੰਤਰੀ ਵਜੋਂ ਵਿਜੈ ਸਿੰਗਲਾ ਨੂੰ ਬਰਖਾਸਤ ਕਰ ਦਿੱਤਾ ਸੀ। ਹਾਈ ਕੋਰਟ ਵਿਚ ਪੰਜਾਬ ਸਰਕਾਰ ਵੱਲੋਂ ਐਡਵੋਕੇਟ ਜਨਰਲ ਅਨਮੋਲ ਰਤਨ ਸਿੱਧੂ ਪੇਸ਼ ਹੋਏ, ਜਿਨ੍ਹਾਂ ਨੇ ਕਿਹਾ ਕਿ ਮਾਮਲੇ ਦੀ ਜਾਂਚ ਪੂਰੀ ਹੋ ਚੁੱਕੀ ਹੈ ਅਤੇ ਜਾਂਚ ਵਿਚ ਪੂਰਾ ਸਹਿਯੋਗ ਮਿਲਿਆ ਹੈ।

ਕਾਂਗਰਸ ਦੇ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਸਾਬਕਾ ਸਿਹਤ ਮੰਤਰੀ ਡਾ. ਵਿਜੈ ਕੁਮਾਰ ਸਿੰਗਲਾ ਨੂੰ ਪੰਜਾਬ ਤੇ ਹਰਿਆਣਾ ਹਾਈ ਕੋਰਟ 'ਚੋਂ ਜ਼ਮਾਨਤ ਮਿਲਣ 'ਤੇ ਭਗਵੰਤ ਮਾਨ ਦੀ ਸਰਕਾਰ ਨੂੰ ਨਿਸ਼ਾਨੇ 'ਤੇ ਲਿਆ ਹੈ। ਉਨ੍ਹਾਂ ਇਸ 43 ਦਿਨਾਂ ਦੀ ਘਟਨਾ ਨੂੰ ਡਰਾਮਾ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਪਹਿਲਾਂ ਆਪਣੇ ਮੰਤਰੀ ਨੂੰ ਬਰਖਾਸਤ ਕੀਤਾ ਤੇ ਬਾਅਦ ਵਿਚ ਉਸ ਦੇ ਕੇਸ ਨੂੰ ਗੰਭੀਰਤਾ ਨਾਲ ਨਾ ਲੈ ਕੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਸਬੂਤ ਜਾਣ-ਬੁੱਝ ਕੇ ਪੇਸ਼ ਨਹੀਂ ਕੀਤੇ ਹਨ।

# ਮੁਹਾਲੀ ਦੇ ਸੀਨੀਅਰ ਡਿਪਟੀ ਮੇਅਰ ਤੇ ਡਿਪਟੀ ਮੇਅਰ ਕਾਂਗਰਸ 'ਚੋਂ ਕੱਢੇ

**ਮੁਹਾਲੀ:** ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਪਾਰਟੀ ਵਿਰੋਧੀ ਕਾਰਵਾਈਆਂ ਦੇ ਦੋਸ਼ ਹੇਠ ਨਗਰ ਨਿਗਮ ਮੁਹਾਲੀ ਦੇ ਸੀਨੀਅਰ ਡਿਪਟੀ ਮੇਅਰ ਅਮਰੀਕ ਸਿੰਘ ਸੋਮਲ ਅਤੇ ਡਿਪਟੀ ਮੇਅਰ ਕੁਲਜੀਤ ਸਿੰਘ ਬੇਦੀ ਨੂੰ ਛੇ ਸਾਲਾਂ ਲਈ ਪਾਰਟੀ 'ਚੋਂ ਕੱਢ ਦਿੱਤਾ ਹੈ। ਪਾਰਟੀ ਪ੍ਰਧਾਨ ਵੱਲੋਂ ਜਾਰੀ ਪੱਤਰ ਵਿਚ ਦੋਹਾਂ ਆਗੂਆਂ 'ਤੇ ਪਾਰਟੀ ਦੇ ਅਨੁਸ਼ਾਸਨ ਦੀ ਉਲੰਘਣਾ ਦਾ ਦੋਸ਼ ਲਾਇਆ ਗਿਆ ਹੈ। ਜ਼ਿਕਰਯੋਗ ਹੈ ਕਿ ਰਾਜਾ ਵੜਿੰਗ ਦੋ ਦਿਨਾਂ ਤੋਂ ਪਾਰਟੀ ਦੇ ਚੰਡੀਗੜ੍ਹ ਸਥਿਤ ਸੈਕਟਰ-15 ਵਿਚਲੇ ਦਫਤਰ ਵਿਚ ਮੁਹਾਲੀ ਦੇ ਕਾਂਗਰਸ ਪਾਰਟੀ ਦੇ ਕੌਂਸਲਰਾਂ ਨਾਲ ਮੀਟਿੰਗਾਂ ਕਰ ਰਹੇ ਸਨ। ਦੋਵੇਂ ਦਿਨ ਪਾਰਟੀ ਦੀ ਟਿਕਟ 'ਤੇ ਚੁਣੇ ਗਏ 37 ਕੌਂਸਲਰਾਂ ਵਿਚੋਂ ਸਿਰਫ ਸੱਤ-ਅੱਠ ਕੌਂਸਲਰ ਹੀ ਮੀਟਿੰਗ ਵਿਚ ਪਹੁੰਚ ਰਹੇ ਸਨ। ਰਾਜਾ ਵੜਿੰਗ ਵੱਲੋਂ ਅਜਿਹੀ ਮੀਟਿੰਗ ਸੱਦੀ ਹੋਈ ਸੀ ਪਰ ਬਹੁਤੇ ਕਾਂਗਰਸੀ ਕੌਂਸਲਰਾਂ ਨੇ ਸਾਬਕਾ ਮੰਤਰੀ ਬਲਬੀਰ ਸਿੰਘ ਸਿੱਧੂ ਦੇ ਘਰ ਮੀਟਿੰਗ ਕੀਤੀ। ਸਿੱਧੂ ਦੇ ਘਰ ਹੋਈ ਮੀਟਿੰਗ ਦੀਆਂ ਤਸਵੀਰਾਂ ਵਾਇਰਲ ਹੋਣ ਮਗਰੋਂ ਕਾਂਗਰਸ ਦੇ ਸੂਬਾ ਪ੍ਰਧਾਨ ਨੇ ਤੁਰਤ ਕਾਰਵਾਈ ਕਰਦਿਆਂ ਦੋਹਾਂ ਆਗੂਆਂ ਨੂੰ ਪਾਰਟੀ 'ਚੋਂ ਬਾਹਰ ਦਾ ਰਸਤਾ ਦਿਖਾ ਦਿੱਤਾ। ਉੱਧਰ, ਮੁਹਾਲੀ ਕਾਂਗਰਸ ਦੇ ਪ੍ਰਧਾਨ ਅਤੇ ਕੌਂਸਲਰ ਜਸਪ੍ਰੀਤ ਸਿੰਘ ਗਿੱਲ ਨੇ ਪਾਰਟੀ ਪ੍ਰਧਾਨ ਵੱਲੋਂ ਦੋਹਾਂ ਆਗੂਆਂ ਨੂੰ ਪਾਰਟੀ 'ਚੋਂ ਕੱਢੇ ਜਾਣ ਦੇ ਫੈਸਲੇ ਨੂੰ ਦਰੁਸਤ ਦੱਸਿਆ ਹੈ। ਉਨ੍ਹਾਂ ਕਿਹਾ ਕਿ ਦੋਵੇਂ ਆਗੂ ਕੌਂਸਲਰਾਂ ਨੂੰ ਕਾਂਗਰਸ ਦੀ ਮੀਟਿੰਗ ਵਿਚ ਜਾਣ ਤੋਂ ਰੋਕਦੇ ਸਨ।

# ਫੰਡਾਂ ਦੀ ਦੁਰਵਰਤੋਂ: ਪੰਚਾਇਤ ਵਿਭਾਗ ਦੇ ਤਿੰਨ ਅਧਿਕਾਰੀ ਮੁਅੱਤਲ

**ਮੁਹਾਲੀ:** ਪੰਚਾਇਤੀ ਫੰਡਾਂ ਵਿਚ ਬੇਨੇਮੀਆਂ ਦੇ ਦੋਸ਼ ਹੇਠ ਪੰਚਾਇਤ ਵਿਭਾਗ ਨੇ ਤਿੰਨ ਅਧਿਕਾਰੀ ਮੁਅੱਤਲ ਕੀਤੇ ਹਨ। ਇਹ ਹੁਕਮ ਵਿਭਾਗ ਦੀ ਵਿੱਤ ਕਮਿਸ਼ਨਰ ਸੀਮਾ ਜੈਨ ਨੇ ਦਿੱਤੇ ਹਨ, ਜਿਨ੍ਹਾਂ 'ਚ ਆਨੰਦਪੁਰ ਸਾਹਿਬ ਬਲਾਕ ਵਿਚ ਸਮੇਂ-ਸਮੇਂ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਦੀਆਂ ਸੇਵਾਵਾਂ ਨਿਭਾਉਣ ਵਾਲੇ ਬੀ.ਡੀ.ਪੀ.ਓ. ਜਤਿੰਦਰ ਸਿੰਘ ਢਿੱਲੋਂ, ਸੀਨੀਅਰ ਸਹਾਇਕ ਲੇਖਾ ਗੁਰਦੀਪ ਸਿੰਘ ਤੇ ਸੀਨੀਅਰ ਸਹਾਇਕ ਲੇਖਾ ਚੰਦ ਸਿੰਘ ਨੂੰ ਮੁਅੱਤਲ ਕਰ ਦਿੱਤਾ ਹੈ। ਜਤਿੰਦਰ ਢਿੱਲੋਂ ਇਸ ਵੇਲੇ ਭੁਨਰਹੇੜੀ ਬਲਾਕ ਦਾ ਬੀ.ਡੀ.ਪੀ.ਓ ਹੈ, ਗੁਰਦੀਪ ਸਿੰਘ ਕੋਲ ਪੱਖੋਵਾਲ ਬਲਾਕ ਦਾ ਚਾਰਜ ਹੈ ਤੇ ਚੰਦ ਸਿੰਘ ਮੁੱਖ ਦਫ਼ਤਰ ਵਿਚ ਤਾਇਨਾਤ ਹੈ। ਤਿੰਨੇ ਅਧਿਕਾਰੀਆਂ 'ਤੇ ਸ੍ਰੀ ਆਨੰਦਪੁਰ ਸਾਹਿਬ ਬਲਾਕ ਵਿਚ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਮੁੱਖ ਮੰਤਰੀ ਫੰਡ ਤੇ ਹੋਰਨਾਂ ਫੰਡਾਂ ਅਧੀਨ ਪ੍ਰਾਪਤ ਹੋਈਆਂ ਗਰਾਂਟਾਂ ਦੀ ਗਲਤ ਵਰਤੋਂ ਕਰਨ ਦਾ ਦੋਸ਼ ਹੈ। ਇਹ ਕਾਰਵਾਈ ਰੂਪਨਗਰ ਦੇ ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਫਸਰ ਅਮਰਿੰਦਰ ਸਿੰਘ ਵੱਲੋਂ ਮੁਢਲੀ ਜਾਂਚ ਮਗਰੋਂ ਭੇਜੀ ਗਈ ਰਿਪੋਰਟ ਦੇ ਆਧਾਰ 'ਤੇ ਕੀਤੀ ਗਈ ਹੈ। ਬੀ.ਡੀ.ਪੀ.ਓ. ਜਤਿੰਦਰ ਢਿੱਲੋਂ ਉਤੇ ਬੇਨੇਮੀਆਂ ਸਬੰਧੀ ਮਾਮਲਾ ਅਦਾਲਤ ਵਿਚ ਸੁਣਵਾਈ ਅਧੀਨ ਹੈ।

# ਪੰਜਾਬ ਪੁਲਿਸ ਨੇ ਸੂਬੇ ਵਿਚ ਚਲਾਈ ਤਲਾਸ਼ੀ ਮੁਹਿੰਮ

**ਚੰਡੀਗੜ੍ਹ:** ਪੰਜਾਬ ਦੇ ਡੀ.ਜੀ.ਪੀ. ਗੌਰਵ ਯਾਦਵ ਦੀ ਅਗਵਾਈ ਹੇਠ ਪੰਜਾਬ ਭਰ 'ਚ ਪੁਲਿਸ ਵੱਲੋਂ ਤਲਾਸ਼ੀ ਮੁਹਿੰਮ ਚਲਾਈ ਗਈ। ਇਹ ਮੁਹਿੰਮ ਸਵੇਰੇ 11 ਵਜੇ ਤੋਂ ਦੁਪਹਿਰ 3 ਵਜੇ ਤੱਕ ਚਲਾਈ ਗਈ ਅਤੇ ਪੰਜਾਬ ਪੁਲਿਸ ਹੈੱਡਕੁਆਰਟਰ ਦੇ ਏ.ਡੀ.ਜੀ.ਪੀ/ਆਈ.ਜੀ.ਪੀ. ਰੈਂਕ ਦੇ ਅਧਿਕਾਰੀਆਂ ਨੂੰ ਹਰੇਕ ਪੁਲਿਸ ਜ਼ਿਲ੍ਹੇ ਵਿਚ ਨਿੱਜੀ ਤੌਰ 'ਤੇ ਅਪਰੇਸ਼ਨ ਦੀ ਨਿਗਰਾਨੀ ਕਰਨ ਲਈ ਤਾਇਨਾਤ ਕੀਤਾ ਗਿਆ ਸੀ।

ਕਮਿਸ਼ਨਰ ਪੁਲਿਸ ਅਤੇ ਜ਼ਿਲ੍ਹਾ ਪੁਲਿਸ ਮੁਖੀਆਂ ਨੇ ਪੁਲਿਸ ਫੋਰਸ ਦੀ ਭਾਰੀ ਤਾਇਨਾਤੀ ਦੌਰਾਨ ਇਸ ਮੁਹਿੰਮ ਨੂੰ ਅੰਜਾਮ ਦੇਣ ਲਈ ਬਦਨਾਮ ਮੁਹੱਲਿਆਂ/ਪਿੰਡਾਂ ਦੀ ਸ਼ਨਾਖਤ ਕੀਤੀ ਜਿੱਥੇ ਨਸ਼ਿਆਂ ਦੀ ਭਰਮਾਰ ਹੈ ਜਾਂ ਕੁਝ ਖੇਤਰ ਜੋ ਅਪਰਾਧੀਆਂ ਅਤੇ ਸਮਾਜ ਵਿਰੋਧੀ ਅਨਸਰਾਂ ਲਈ ਪਨਾਹਗਾਹ/ਸੁਰੱਖਿਅਤ ਟਿਕਾਣਾ ਬਣ ਚੁੱਕੇ ਹਨ।



ਡੀ.ਜੀ.ਪੀ. ਗੌਰਵ ਯਾਦਵ, ਏ.ਡੀ.ਜੀ.ਪੀ. ਕਾਨੂੰਨ ਤੇ ਵਿਵਸਥਾ ਈਸ਼ਵਰ ਸਿੰਘ ਨੇ ਕਿਹਾ ਕਿ ਸਰਕਾਰ ਨੇ ਨਸ਼ਿਆਂ ਅਤੇ ਗੈਂਗਸਟਰਾਂ ਵਿਰੁੱਧ 'ਜ਼ੀਰੋ ਸਹਿਣਸ਼ੀਲਤਾ' ਨੀਤੀ ਅਪਣਾਈ ਹੈ ਅਤੇ ਅਜਿਹੇ ਅਪਰੇਸ਼ਨ ਉਦੋਂ ਤੱਕ ਜਾਰੀ ਰਹਿਣਗੇ ਜਦੋਂ ਤੱਕ ਪੰਜਾਬ ਵਿਚੋਂ ਨਸ਼ਿਆਂ ਅਤੇ ਗੈਂਗਸਟਰਾਂ ਦਾ ਖਾਤਮਾ ਨਹੀਂ ਹੋ ਜਾਂਦਾ।

ਇਸ ਅਪਰੇਸ਼ਨ ਨਾਲ ਇਲਾਕਾ ਨਿਵਾਸੀਆਂ ਨੂੰ ਪਰੇਸ਼ਾਨੀ ਹੋਣ ਸਬੰਧੀ ਸਵਾਲ ਦੇ ਜਵਾਬ ਵਿਚ ਉਨ੍ਹਾਂ ਕਿਹਾ ਕਿ ਇਹ ਮੁਹਿੰਮ ਨਿਵਾਸੀਆਂ ਦੀ ਸੁਰੱਖਿਆ ਲਈ ਹੀ ਚਲਾਈ ਗਈ ਹੈ ਅਤੇ ਇਸ ਅਪਰੇਸ਼ਨ ਨੂੰ ਚਲਾਉਣ ਤੋਂ ਪਹਿਲਾਂ ਰੈਜ਼ੀਡੈਂਟਸ ਵੈੱਲਫੇਅਰ ਸੁਸਾਇਟੀਆਂ ਨੂੰ ਵੀ ਭਰੋਸੇ ਵਿਚ ਲਿਆ ਗਿਆ ਸੀ। ਇਸੇ ਦੌਰਾਨ ਡੀ.ਜੀ.ਪੀ. ਗੌਰਵ ਯਾਦਵ ਤੇ ਪੁਲਿਸ ਦੇ ਉੱਚ ਅਧਿਕਾਰੀਆਂ ਵੱਲੋਂ ਖਰੜ ਦੀਆਂ ਰਿਹਾਇਸ਼ੀ ਕਲੋਨੀਆਂ ਦੀ ਜਾਂਚ ਕੀਤੀ ਗਈ। ਇਸ ਦੌਰਾਨ ਡੀ.ਜੀ.ਪੀ. ਨੇ ਖ਼ੁਦ ਸ਼ੱਕੀ ਵਿਅਕਤੀਆਂ ਤੋਂ ਪੁੱਛਗਿੱਛ ਕੀਤੀ। ਪੁਲਿਸ ਵੱਲੋਂ ਇਥੋਂ ਦੀਆਂ ਕਲੋਨੀਆਂ ਪਾਰਸ ਮਨੋਰਮਾ, ਪਾਮ ਸਿਟੀ ਅਤੇ ਮਾਡਰਨ ਸੁਸਾਇਟੀਆਂ ਵਿਚ ਤਲਾਸ਼ੀ ਮੁਹਿੰਮ ਚਲਾਈ ਗਈ ਅਤੇ ਦੋ ਦਰਜਨ ਦੇ ਕਰੀਬ ਵਿਅਕਤੀਆਂ ਨੂੰ ਸ਼ੱਕ ਦੇ ਆਧਾਰ 'ਤੇ ਪੁੱਛਗਿੱਛ ਲਈ ਹਿਰਾਸਤ ਵਿਚ ਲਿਆ ਗਿਆ।

# ਬੇਅਦਬੀ ਮਾਮਲੇ: ਅਦਾਲਤ ਵੱਲੋਂ ਤਿੰਨ ਡੇਰਾ ਪ੍ਰੇਮੀਆਂ ਨੂੰ ਕੈਦ ਤੇ ਜੁਰਮਾਨਾ



**ਮੋਗਾ:** ਜ਼ਿਲ੍ਹੇ ਦੇ ਪਿੰਡ ਮੱਲਕੇ ਵਿਚ ਗੁਟਕਾ ਸਾਹਿਬ ਦੇ ਅੰਗਾਂ ਦੀ ਬੇਅਦਬੀ ਮਾਮਲੇ ਵਿਚ ਮੋਗਾ ਅਦਾਲਤ ਨੇ ਤਿੰਨ ਡੇਰਾ ਪ੍ਰੇਮੀਆਂ ਨੂੰ ਤਿੰਨ-ਤਿੰਨ ਸਾਲ ਦੀ ਕੈਦ ਅਤੇ ਪੰਜ-ਪੰਜ ਹਜ਼ਾਰ ਰੁਪਏ ਜੁਰਮਾਨਾ ਕੀਤਾ ਹੈ। ਫੈਸਲਾ ਸੁਣਾਉਣ ਤੋਂ ਪਹਿਲਾਂ ਮੋਗਾ ਵਿਚ ਸੁਰੱਖਿਆ ਦੇ ਪੁਖਤਾ ਪ੍ਰਬੰਧ ਕੀਤੇ ਗਏ ਸਨ।

ਪਿੰਡ ਮੱਲਕੇ ਦੇ ਗੁਰਸੇਵਕ ਸਿੰਘ ਵੱਲੋਂ ਥਾਣਾ ਸਮਾਲਸਰ ਵਿਚ ਦਿੱਤੀ ਗਈ ਦਰਖਾਸਤ ਦੇ ਆਧਾਰ 'ਤੇ ਚੱਲ ਰਹੇ ਕੇਸ ਦਾ ਅਦਾਲਤ ਨੇ ਨਿਬੇੜਾ ਕਰਦਿਆਂ ਡੇਰਾ ਸਟੇਟ ਕਮੇਟੀ ਮੈਂਬਰ ਅਤੇ ਬਾਘਾਪੁਰਾਣਾ ਨਿਵਾਸੀ ਪ੍ਰਿਥੀ ਸਿੰਘ, ਮਿੱਠੂ ਸਿੰਘ ਅਤੇ ਰਮਨਦੀਪ ਸਿੰਘ ਨੂੰ ਸਜ਼ਾ ਸੁਣਾਈ ਹੈ ਜਦਕਿ ਸਤਨਾਮ ਸਿੰਘ ਅਤੇ ਦਵਿੰਦਰ ਸਿੰਘ ਨੂੰ ਬਰੀ ਕਰ ਦਿੱਤਾ ਹੈ। ਇਸੇ ਤਰ੍ਹਾਂ ਤਿੰਨ ਹੋਰ ਡੇਰਾ ਪ੍ਰੇਮੀਆਂ ਨੂੰ ਅਦਾਲਤ ਨੇ ਭਗੌੜੇ ਕਰਾਰ ਦਿੱਤਾ ਹੈ।

ਪੰਜਾਬ ਹਰਿਆਣਾ ਹਾਈ ਕੋਰਟ ਨੇ ਇਹ ਕੇਸ ਦੁਬਾਰਾ ਮੋਗਾ ਅਦਾਲਤ ਹਵਾਲੇ ਕਰ ਦਿੱਤਾ ਸੀ। ਸ਼ਿਕਾਇਤਕਰਤਾ ਗੁਰਸੇਵਕ ਸਿੰਘ ਨੇ ਅਦਾਲਤ ਦੇ ਫੈਸਲੇ ਦਾ ਸਵਾਗਤ ਕਰਦਿਆਂ ਕਿਹਾ ਕਿ ਇਸ ਵਿਚ ਦੇਰ ਜ਼ਰੂਰ ਹੋਈ ਹੈ ਪਰ ਉਨ੍ਹਾਂ ਨੂੰ ਇਨਸਾਫ ਮਿਲ ਗਿਆ ਹੈ। ਉਸ ਨੇ ਪੁਲਿਸ ਤੋਂ ਸੁਰੱਖਿਆ ਵਧਾਉਣ ਦੀ ਮੰਗ ਕਰਦਿਆਂ ਦੱਸਿਆ ਕਿ ਉਸ ਕੋਲ ਸਿਰਫ ਇਕ ਹੀ ਗੰਨਮੈਨ ਹੈ। ਗੁਰਸੇਵਕ ਸਿੰਘ ਅਤੇ ਉਸ ਦੇ ਸਾਥੀਆਂ ਨੇ ਮੰਗ ਕੀਤੀ ਹੈ ਕਿ ਸਰਕਾਰ 295ਏ ਦੇ ਨਾਲ ਧਾਰਾ 302 ਵੀ ਜੋੜੇ ਅਤੇ ਭਗੌੜੇ ਦੋਸ਼ੀਆਂ ਦਾ ਪਤਾ ਲਗਾ ਕੇ ਉਨ੍ਹਾਂ ਨੂੰ ਸਖਤ ਸਜ਼ਾ ਦਿਵਾਏ।

### ਸਾਰਿਆਂ ਨੂੰ ਇਨਸਾਫ ਮਿਲੇਗਾ: ਰਾਘਵ ਚੱਢਾ

**ਚੰਡੀਗੜ੍ਹ:** 'ਆਪ' ਨੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਪਹਿਲੇ ਮਾਮਲੇ 'ਚ ਮੋਗਾ ਅਦਾਲਤ ਵੱਲੋਂ ਤਿੰਨ ਦੋਸ਼ੀਆਂ ਨੂੰ ਸਜ਼ਾ ਸੁਣਾਉਣ ਦੇ ਫੈਸਲੇ ਦਾ ਸਵਾਗਤ ਕੀਤਾ ਹੈ। 'ਆਪ' ਦੇ ਸੀਨੀਅਰ ਆਗੂ ਤੇ ਰਾਜ ਸਭਾ ਮੈਂਬਰ ਰਾਘਵ ਚੱਢਾ ਨੇ ਕਿਹਾ ਕਿ ਮੱਲਕੇ ਬੇਅਦਬੀ ਮਾਮਲੇ ਵਿਚ ਤਿੰਨ ਵਿਅਕਤੀਆਂ ਨੂੰ ਤਿੰਨ ਸਾਲ ਦੀ ਸਜ਼ਾ ਸੁਣਾਈ ਗਈ ਹੈ। ਉਨ੍ਹਾਂ ਕਿਹਾ ਕਿ ਅਕਾਲੀ-ਕਾਂਗਰਸ ਦੀ ਦੋਸ਼ੀਆਂ ਨੂੰ ਦਿੱਤੀ ਨਾਪਾਕ ਸਰਪ੍ਰਸਤੀ ਦਾ ਅੰਤ ਹੋ ਗਿਆ ਹੈ। ਭਗਵੰਤ ਮਾਨ ਦੀ ਅਗਵਾਈ ਵਾਲੀ 'ਆਪ' ਸਰਕਾਰ 'ਚ ਹਰ ਕਿਸੇ ਨੂੰ ਇਨਸਾਫ਼ ਮਿਲੇਗਾ।

### ਪੰਜਾਬ ਸਰਕਾਰ ਦਾ ਚਿਹਰਾ ਬੇਨਕਾਬ ਹੋਇਆ: ਸਿਰਸਾ

**ਨਵੀਂ ਦਿੱਲੀ:** ਭਾਜਪਾ ਆਗੂ ਮਨਜਿੰਦਰ ਸਿੰਘ ਸਿਰਸਾ ਨੇ ਪੰਜਾਬ ਸਰਕਾਰ ਵੱਲੋਂ ਬੇਅਦਬੀ ਦੇ ਦੋਸ਼ੀਆਂ ਲਈ ਉਮਰ ਕੈਦ ਦੀ ਸਜ਼ਾ ਯਕੀਨੀ ਨਾ ਬਣਾਉਣ ਦੀ ਨਿਖੇਧੀ ਕੀਤੀ। ਉਨ੍ਹਾਂ ਕਿਹਾ ਕਿ ਹੈਰਾਨੀ ਵਾਲੀ ਗੱਲ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮਾਮਲੇ ਵਿਚ 'ਆਪ' ਆਗੂ ਨਿਗੂਣੀ ਸਜ਼ਾ ਮਿਲਣ 'ਤੇ ਆਪਣੀ ਪਿੱਠ ਥਾਪੜ ਰਹੇ ਹਨ। ਉਨ੍ਹਾਂ ਕਿਹਾ ਕਿ ਉਹ ਹੈਰਾਨ ਹਨ ਕਿ ਰਾਘਵ ਚੱਢਾ ਬੇਅਦਬੀ ਦੇ ਦੋਸ਼ੀਆਂ ਨੂੰ 3 ਸਾਲ ਦੀ ਸਜ਼ਾ ਮਿਲਣ 'ਤੇ ਆਪਣੀ ਪਿੱਠ ਥਾਪੜ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਫੈਸਲੇ ਨੇ ਪੰਜਾਬ ਸਰਕਾਰ ਦਾ ਅਸਲ ਚਿਹਰਾ ਬੇਨਕਾਬ ਕਰ ਦਿੱਤਾ ਹੈ।

# ਬੇਅਦਬੀ ਕੇਸਾਂ ਲਈ ਸੰਘਰਸ਼ ਤਿੱਖਾ ਕਰਾਂਗੇ: ਸਿਮਰਨਜੀਤ ਸਿੰਘ ਮਾਨ



### ਖਾਲਿਸਤਾਨ ਲਿਖਣਾ ਜਾਂ ਬੋਲਣਾ ਜੁਰਮ ਨਹੀਂ: ਮਾਨ

**ਸੰਗਰੂਰ:** ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਕਿਹਾ ਕਿ ਉਹ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਕਰਵਾਉਣ ਅਤੇ ਬੰਦੀ ਸਿੰਘਾਂ ਦੀ ਰਿਹਾਈ ਦੀ ਉਹ ਆਵਾਜ਼ ਬੁਲੰਦ ਕਰਨਗੇ। ਉਨ੍ਹਾਂ ਦਾਅਵਾ ਕੀਤਾ ਕਿ ਖਾਲਿਸਤਾਨ ਲਿਖਣਾ ਜਾਂ ਬੋਲਣਾ ਜੁਰਮ ਨਹੀਂ। ਉਨ੍ਹਾਂ ਮੰਗ ਕੀਤੀ ਕਿ ਸਿੱਧੂ ਮੂਸੇਵਾਲਾ, ਦੀਪ ਸਿੱਧੂ ਅਤੇ ਵਿੱਕੀ ਮਿੱਡੂਖੇੜਾ ਦੇ ਕਤਲ ਨਿਰਪੱਖ ਜਾਂਚ ਹੋਵੇ।

**ਬਠਿੰਡਾ:** ਸੰਗਰੂਰ ਜ਼ਿਮਨੀ ਚੋਣ ਵਿਚ ਜਿੱਤ ਹਾਸਲ ਕਰਨ 'ਤੇ ਲੋਕ ਸਭਾ ਮੈਂਬਰ ਤੇ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਦਾ ਬਠਿੰਡਾ ਪਹੁੰਚਣ 'ਤੇ ਪਾਰਟੀ ਵਰਕਰਾਂ ਵੱਲੋਂ ਗਰਮਜੋਸ਼ੀ ਨਾਲ ਸਵਾਗਤ ਕੀਤਾ ਗਿਆ। ਕਾਫਲੇ ਦੇ ਰੂਪ ਵਿਚ ਸ੍ਰੀ ਮਾਨ ਸਰਕਟ ਹਾਊਸ ਪੁੱਜੇ। ਉਨ੍ਹਾਂ ਮੀਡੀਆ ਦੇ ਰੂ-ਬ-ਰੂ ਹੁੰਦਿਆਂ ਜਿੱਥੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਵਿਆਹ ਦੀ ਵਧਾਈ ਦਿੱਤੀ, ਉੱਥੇ ਕੇਂਦਰ ਅਤੇ ਪੰਜਾਬ ਸਰਕਾਰ ਦੀ ਕਾਰਗੁਜ਼ਾਰੀ 'ਤੇ ਵੀ ਸਵਾਲ ਉਠਾਏ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਕਰਵਾਉਣ ਅਤੇ ਬੰਦੀ ਸਿੰਘਾਂ ਦੀ ਰਿਹਾਈ ਲਈ ਲੋਕ ਸਭਾ ਵਿਚ ਆਵਾਜ਼ ਬੁਲੰਦ ਕੀਤੀ ਜਾਵੇਗੀ।

ਉਨ੍ਹਾਂ ਮੁੱਖ ਮੰਤਰੀ ਵੱਲੋਂ ਬੇਅਦਬੀ ਘਟਨਾਵਾਂ ਦੀ ਜਨਤਕ ਕੀਤੀ ਰਿਪੋਰਟ ਨੂੰ ਮੁੱਢੋਂ ਨਕਾਰਦਿਆਂ ਦੋਸ਼ ਲਾਇਆ ਕਿ ਕਥਿਤ ਬੇਅਦਬੀ ਕਰਵਾਉਣ ਵਾਲੇ ਬਾਦਲ ਪਰਿਵਾਰ ਤੇ ਉਸ ਸਮੇਂ ਦੀ ਸਰਕਾਰ ਦੇ ਨੁਮਾਇੰਦਿਆਂ ਦਾ ਸਿੱਧਾ ਹੱਥ ਹੈ ਅਤੇ ਆਉਂਦੇ ਦਿਨਾਂ ਵਿਚ ਬੇਅਦਬੀ ਮਾਮਲਿਆਂ 'ਚ ਇਨਸਾਫ ਲਈ ਸੰਘਰਸ਼ ਹੋਰ ਤੇਜ਼ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮੱਤੇਵਾੜਾ ਜੰਗਲਾਂ ਵਿਚ ਇੰਡਸਟਰੀ ਲਾਉਣਾ ਗਲਤ ਹੈ। ਉਨ੍ਹਾਂ ਦੀਪ ਸਿੱਧੂ, ਸਿੱਧੂ ਮੂਸੇਵਾਲਾ ਅਤੇ ਵਿੱਕੀ ਮਿੱਡੂਖੇੜਾ ਦੇ ਕਤਲ ਦੀ ਜਾਂਚ ਦੀ ਵੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਵਿੱਕੀ ਮਿੱਡੂਖੇੜਾ ਸੁਖਬੀਰ ਬਾਦਲ ਦਾ ਅਤਿ ਨਜ਼ਦੀਕੀ ਰਿਹਾ ਹੈ, ਜਿਸ ਕਰਕੇ ਸਿੱਧੂ ਮੂਸੇਵਾਲਾ ਕਤਲ ਦੀ ਜਾਂਚ ਹੋਣੀ ਲਾਜ਼ਮੀ ਹੈ। ਉਨ੍ਹਾਂ ਕਿਹਾ ਕਿ ਖਾਲਿਸਤਾਨ ਲਿਖਣਾ ਜਾਂ ਖਾਲਿਸਤਾਨ ਦੀ ਗੱਲ ਕਰਨਾ ਜੁਰਮ ਨਹੀਂ ਹੈ, ਦੇਸ਼ ਦਾ ਮਾਹੌਲ ਖਰਾਬ ਕਰਨ ਲਈ ਕਿਸੇ ਨੂੰ ਭੜਕਾਉਣਾ ਗਲਤ ਹੈ, ਇਸ ਮਸਲੇ 'ਤੇ ਸੁਪਰੀਮ ਕੋਰਟ ਵੱਲੋਂ ਵੀ ਸਥਿਤੀ ਸਪੱਸ਼ਟ ਕੀਤੀ ਜਾ ਚੁੱਕੀ ਹੈ।

# ਕਾਂਗਰਸ ਤੇ 'ਆਪ' ਅਕਾਲੀ ਦਲ ਨੂੰ ਬਦਨਾਮ ਕਰ ਰਹੇ: ਧਾਮੀ



**ਸ੍ਰੀ ਆਨੰਦਪੁਰ ਸਾਹਿਬ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਸਬੰਧੀ ਕਾਂਗਰਸ ਅਤੇ ਆਮ ਆਦਮੀ ਪਾਰਟੀ ਨੇ ਸ਼੍ਰੋਮਣੀ ਅਕਾਲੀ ਦਲ ਨੂੰ ਬਦਨਾਮ ਕਰਨ ਲਈ ਸਾਰੀਆਂ ਹੱਦਾਂ ਪਾਰ ਕਰ ਦਿੱਤੀਆਂ ਸਨ, ਪਰ ਵਾਹਿਗੁਰੂ ਨੇ ਅਕਾਲੀ ਦਲ ਨੂੰ ਇਸ ਘਟਨਾਕ੍ਰਮ ਵਿਚੋਂ ਬਾਹਰ ਕੱਢਿਆ ਹੈ।

ਉਹ ਇਥੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਮੀਡੀਆ ਨਾਲ ਗੱਲਬਾਤ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਅਕਾਲੀ ਦਲ ਦੀ ਸਰਕਾਰ ਵੇਲੇ ਕਿਹਾ ਗਿਆ ਸੀ ਕਿ ਬੇਅਦਬੀਆਂ ਦੀ ਪੜਤਾਲ ਸੀ.ਬੀ.ਆਈ. ਕਰੇ ਤੇ ਕਾਂਗਰਸ ਸਰਕਾਰ ਵੇਲੇ ਉਨ੍ਹਾਂ ਆਪਣੀ ਸਿਟ ਬਣਾ ਲਈ। ਉਨ੍ਹਾਂ ਕਿਹਾ ਕਿ ਮਗਰੋਂ ਆਮ ਆਦਮੀ ਪਾਰਟੀ ਦੀ ਸਰਕਾਰ ਆਈ ਤਾਂ ਹਾਈ ਕੋਰਟ ਦੇ ਹੁਕਮਾਂ ਮੁਤਾਬਕ ਮੁੜ ਸਿਟ ਬਣਾਈ ਗਈ, ਪਰ ਇਸ ਪੜਤਾਲ ਵਿਚ ਵੀ ਅਕਾਲੀ ਦਲ ਨੂੰ ਬੇਕਸੂਰ ਦੱਸਿਆ ਗਿਆ।

ਸ੍ਰੀ ਧਾਮੀ ਨੇ ਕਿਹਾ ਕਿ ਦੋਵੇਂ ਪਾਰਟੀਆਂ ਵੱਲੋਂ ਸਿਰਫ ਬਾਦਲਾਂ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ ਗਈ ਤੇ ਬੀਤੇ ਸੱਤ ਸਾਲਾਂ ਵਿਚ ਸਾਰਾ ਜ਼ੋਰ ਸਿਰਫ ਅਕਾਲੀ ਦਲ ਨੂੰ ਭੰਡਣ ਵਿਚ ਲਗਾਇਆ ਗਿਆ ਜਦਕਿ ਸਾਰੀਆਂ ਜਾਂਚ ਕਮੇਟੀਆਂ ਵੱਲੋਂ ਅਕਾਲੀ ਦਲ ਦੀ ਲੀਡਰਸ਼ਿਪ ਨੂੰ ਬੇਕਸੂਰ ਦੱਸਿਆ ਗਿਆ ਹੈ।

# ਸ਼੍ਰੋਮਣੀ ਕਮੇਟੀ ਗੁਰਬਾਣੀ ਐਪ ਤਿਆਰ ਕਰਵਾਏਗੀ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਵੱਲੋਂ ਗੁਰਬਾਣੀ ਵਿਚ ਦਰਜ ਨਿਤਨੇਮ ਦੀਆਂ ਬਾਣੀਆਂ ਆਦਿ ਬਾਰੇ ਆਪਣਾ ਐਪ ਤਿਆਰ ਕੀਤਾ ਜਾਵੇਗਾ ਅਤੇ ਗੁਰਬਾਣੀ ਵਿਚ ਗਲਤੀਆਂ ਵਾਲੇ ਐਪ ਖਿਲਾਫ ਸਖਤ ਕਾਰਵਾਈ ਵੀ ਕੀਤੀ ਜਾਵੇਗੀ। ਇਹ ਖੁਲਾਸਾ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿਚ ਕੀਤੇ ਫੈਸਲਿਆਂ ਬਾਰੇ ਜਾਣਕਾਰੀ ਦਿੰਦਿਆਂ ਕੀਤਾ।

ਸ੍ਰੀ ਧਾਮੀ ਨੇ ਦੱਸਿਆ ਕਿ ਅਕਾਲ ਤਖਤ ਦੇ ਜਥੇਦਾਰ ਨੇ ਆਨਲਾਈਨ ਗੁਰਬਾਣੀ ਆਧਾਰਿਤ ਐਪਸ ਵਿਚ ਗੁਰਬਾਣੀ ਦੀਆਂ ਤਰੁੱਟੀਆਂ ਦਾ ਮਾਮਲਾ ਸਾਹਮਣੇ ਲਿਆਂਦਾ ਸੀ। ਉਨ੍ਹਾਂ ਇਸ ਸਬੰਧੀ ਸ਼੍ਰੋਮਣੀ ਕਮੇਟੀ ਨੂੰ ਜਾਂਚ ਦੇ ਆਦੇਸ਼ ਦਿੱਤੇ ਸਨ। ਸ਼੍ਰੋਮਣੀ ਕਮੇਟੀ ਵੱਲੋਂ ਕਾਇਮ ਸਬ-ਕਮੇਟੀ ਦੀ ਰਿਪੋਰਟ ਵਿਚ ਇਸ ਦੀ ਪੁਸ਼ਟੀ ਹੋਈ ਹੈ। ਤਰੁੱਟੀਆਂ ਵਾਲੇ ਐਪਸ ਨੂੰ ਬੰਦ ਕਰਵਾਉਣ ਲਈ ਕਾਰਵਾਈ ਕੀਤੀ ਜਾਵੇਗੀ। ਸ੍ਰੀ ਅਕਾਲ ਤਖਤ ਦੇ ਜਥੇਦਾਰ ਦੀ ਨਿਗਰਾਨੀ ਹੇਠ ਨਿਤਨੇਮ, ਸੁੰਦਰ ਗੁਟਕਾ ਸਣੇ ਹੋਰ ਪਾਵਨ ਗੁਰਬਾਣੀ ਦਾ ਮਿਲਾਣ ਕਰ ਕੇ ਸ਼੍ਰੋਮਣੀ ਕਮੇਟੀ ਵੱਲੋਂ ਖੁਦ ਐਪ ਤਿਆਰ ਕਰਵਾਇਆ ਜਾਵੇਗਾ। ਅੰਤ੍ਰਿੰਗ ਕਮੇਟੀ ਨੇ ਸਿੱਖ ਇਤਿਹਾਸ ਰਿਸਰਚ ਬੋਰਡ ਰਾਹੀਂ ਪੁਰਾਤਨ ਰਵਾਇਤ ਅਨੁਸਾਰ ਸਾਲਾਨਾ ਇਤਿਹਾਸਕ ਕਾਨਫਰੰਸ ਨੂੰ ਵੀ ਪ੍ਰਵਾਨਗੀ ਦਿੱਤੀ ਹੈ। ਆਸਟਰੇਲੀਆ ਤੋਂ ਪੁੱਜੀ ਮੰਗ ਅਨੁਸਾਰ ਗੁਰੂ ਗ੍ਰੰਥ ਸਾਹਿਬ ਦੇ 220 ਪਾਵਨ ਸਰੂਪ ਵਿਸ਼ੇਸ਼ ਪ੍ਰਬੰਧਾਂ ਹੇਠ ਵਿਦੇਸ਼ ਵਿਚ ਭੇਜੇ ਜਾਣਗੇ। ਸਢੌਰਾ (ਹਰਿਆਣਾ) 'ਚ ਪੀਰ ਬੁੱਧੂ ਸ਼ਾਹ ਦੀ ਹਵੇਲੀ ਨੂੰ ਵੀ ਸੰਭਾਲਣ ਦਾ ਫੈਸਲਾ ਕੀਤਾ ਗਿਆ ਹੈ। ਇਸੇ ਦੌਰਾਨ ਸਾਲ 2015 'ਚ ਵਾਪਰੇ ਬੇਅਦਬੀ ਮਾਮਲੇ 'ਤੇ ਜਾਂਚ ਟੀਮ ਵੱਲੋਂ ਹਾਲ ਹੀ ਵਿਚ ਪੇਸ਼ ਕੀਤੀ ਰਿਪੋਰਟ ਬਾਰੇ ਪ੍ਰਧਾਨ ਸ੍ਰੀ ਧਾਮੀ ਨੇ ਆਖਿਆ ਕਿ ਬੇਅਦਬੀ ਮਾਮਲਿਆਂ 'ਤੇ ਬੀਤੇ 'ਚ ਸਿਆਸਤ ਕਰਨ ਵਾਲੇ ਆਗੂਆਂ ਨੂੰ ਸਿੱਖ ਪੰਥ ਤੋਂ ਮੁਆਫੀ ਮੰਗਣੀ ਚਾਹੀਦੀ ਹੈ।

# ਸਿੱਖ ਕੌਮ 'ਚੋਂ ਰੂਹਾਨੀ ਤੇ ਸਿਆਸੀ ਤਾਕਤ ਮਨਫੀ ਹੋਣ ਕਾਰਨ ਸਿੱਖ ਨਿਰਾਸ਼: ਜਥੇਦਾਰ

**ਅੰਮ੍ਰਿਤਸਰ:** ਮੀਰੀ ਪੀਰੀ ਦਿਵਸ ਮੌਕੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਆਖਿਆ ਕਿ ਸਿੱਖ ਕੌਮ ਵਿਚੋਂ ਰੂਹਾਨੀ ਅਤੇ ਸਿਆਸੀ ਤਾਕਤਾਂ ਮਨਫੀ ਹੋਣ ਕਾਰਨ ਸਿੱਖ ਨਿਰਾਸ਼ਾ ਵਿਚ ਹਨ। ਸ਼੍ਰੋਮਣੀ ਕਮੇਟੀ ਵੱਲੋਂ ਮੀਰੀ ਪੀਰੀ ਦਿਵਸ ਦੇ ਸਬੰਧ ਵਿਚ ਸ੍ਰੀ ਅਕਾਲ ਤਖਤ ਵਿਖੇ ਗੁਰਮਤਿ ਸਮਾਗਮ ਕਰਵਾਇਆ ਗਿਆ।

ਇਸ ਵਿਚ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਦਰਬਾਰ ਸਾਹਿਬ ਦੇ ਗ੍ਰੰਥੀ ਗਿਆਨੀ ਰਾਜਦੀਪ ਸਿੰਘ ਸਮੇਤ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਨੇ ਸ਼ਮੂਲੀਅਤ ਕੀਤੀ। ਸਮਾਗਮ ਦੌਰਾਨ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨੇ ਕੌਮ ਨੂੰ ਮੀਰੀ ਪੀਰੀ ਦਿਵਸ ਦੀ ਵਧਾਈ ਦਿੰਦਿਆਂ ਕਿਹਾ ਕਿ ਛੇਵੇਂ ਗੁਰੂ ਵੱਲੋਂ ਸਿੱਖ ਕੌਮ ਨੂੰ ਮੀਰੀ ਪੀਰੀ ਦੇ ਸਿਧਾਂਤ ਨਾਲ ਜੋੜ ਕੇ ਜੋ ਮਾਰਗ ਦਿਖਾਇਆ ਗਿਆ, ਉਹ ਅਧਿਆਤਮ ਨਾਲ ਜੁੜਨ ਦੇ ਨਾਲ-ਨਾਲ ਮਜ਼ਲੂਮਾਂ ਦੀ ਰੱਖਿਆ ਕਰਨ ਵਾਲਾ ਹੈ ਪਰ ਇਸ ਵੇਲੇ ਕੌਮ ਨਿਰਾਸ਼ਾ ਵੱਲ ਵੱਧ ਰਹੀ ਹੈ।

ਇਸ ਵੇਲੇ ਕੌਮ ਕੋਲ ਰੂਹਾਨੀਅਤ ਤਾਕਤ ਦੀ ਵੀ ਕਮੀ ਹੈ ਅਤੇ ਆਪਸੀ ਇਤਫਾਕ ਤੇ ਏਕਤਾ ਦੀ ਕਮੀ ਕਾਰਨ ਸਿਆਸੀ ਤਾਕਤ ਵੀ ਨਹੀਂ ਹੈ। ਉਨ੍ਹਾਂ ਕਿਹਾ ਕਿ ਇਤਿਹਾਸ ਗਵਾਹ ਹੈ ਕਿ ਦੁਨੀਆਂ ਵਿਚ ਲੋਕ ਰੂਹਾਨੀ ਜਾਂ ਸਿਆਸੀ ਤਾਕਤ ਅੱਗੇ ਝੁਕਦੇ ਰਹੇ ਹਨ। ਉਨ੍ਹਾਂ ਅੱਜ ਦੀ ਇਸ ਦੁਰਦਸ਼ਾ ਲਈ ਪ੍ਰਚਾਰਕ ਭਾਈਚਾਰੇ ਨੂੰ ਜ਼ਿੰਮੇਵਾਰ ਠਹਿਰਾਇਆ ਤੇ ਦੋਸ਼ ਲਾਇਆ ਕਿ ਇਨ੍ਹਾਂ ਨੇ ਆਪਣੇ ਪ੍ਰਚਾਰ ਦੌਰਾਨ ਆਪਣੀਆਂ ਸੰਸਥਾਵਾਂ, ਇਤਿਹਾਸ ਅਤੇ ਮਰਿਆਦਾ ਨੂੰ ਭੰਡਿਆ ਹੈ।

# ਦਰਗਾਹ ਬਾਬਾ ਬੁੱਢਣ ਸ਼ਾਹ ਦੇ ਪ੍ਰਬੰਧਾਂ ਦੀ ਦੇਖ-ਰੇਖ ਕਰਨ ਦੀ ਹਦਾਇਤ

**ਸ੍ਰੀ ਕੀਰਤਪੁਰ ਸਾਹਿਬ:** ਪੰਜਾਬ ਹਰਿਆਣਾ ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ ਹਦਾਇਤ ਕੀਤੀ ਕਿ ਕੀਰਤਪੁਰ ਸਾਹਿਬ ਦੀ ਦਰਗਾਹ ਬਾਬਾ ਬੁੱਢਣ ਸ਼ਾਹ ਦੇ ਪ੍ਰਬੰਧਾਂ ਦੀ ਦੇਖ-ਰੇਖ ਕੀਤੀ ਜਾਵੇ। ਡੀ.ਸੀ. ਦੀ ਅਗਵਾਈ ਹੇਠ ਕਮੇਟੀ ਬਣਾ ਕੇ ਇਸ ਸਥਾਨ ਦੇ ਪ੍ਰਬੰਧ ਪ੍ਰਸ਼ਾਸਨ ਹਵਾਲੇ ਕਰਨ ਦੇ ਹੁਕਮ ਜਾਰੀ ਕੀਤੇ ਗਏ ਹਨ।

ਹਾਈ ਕੋਰਟ ਨੇ ਸਰਕਾਰ ਨੂੰ ਇਸ ਸਥਾਨ ਦੇ ਰੱਖ-ਰਖਾਅ ਲਈ ਮਾਤਾ ਵੈਸ਼ਨੋ ਦੇਵੀ ਮੰਦਰ ਕੱਟੜਾ ਤੇ ਦਰਗਾਹ ਖਵਾਜਾ ਸਾਹਿਬ ਅਜਮੇਰ ਦੀ ਤਰਜ਼ 'ਤੇ ਪ੍ਰਬੰਧ ਕਰਨ ਦੀ ਹਦਾਇਤ ਕੀਤੀ ਹੈ। ਇਸ ਸਥਾਨ 'ਤੇ ਚੜ੍ਹਨ ਵਾਲੇ ਚੜ੍ਹਾਵੇ ਸਬੰਧੀ ਇਕ ਪਰਿਵਾਰ ਦੀ ਆਪਸੀ ਲੜਾਈ ਚੱਲ ਰਹੀ ਸੀ। ਬਾਬਾ ਬੁੱਢਣ ਸ਼ਾਹ ਦੀ ਖਾਨਗਾਹ ਜੋ ਦਰਗਾਹ ਪੀਰ ਬਾਬਾ ਬੁੱਢਣ ਸ਼ਾਹ ਦੇ ਨਾਂ ਨਾਲ ਪ੍ਰਸਿੱਧ ਹੈ, ਉਥੇ ਰੋਜ਼ਾਨਾ ਵੱਡੀ ਗਿਣਤੀ ਵਿਚ ਸ਼ਰਧਾਲੂ ਮੱਥਾ ਟੇਕਣ ਦੇ ਲਈ ਪੁੱਜਦੇ ਹਨ। ਚੜ੍ਹਾਵੇ ਦੇ ਰੂਪ ਵਿਚ ਨਕਦੀ ਅਤੇ ਹੋਰ ਰਸਦਾਂ ਵੀ ਚੜ੍ਹਾਈਆਂ ਜਾਂਦੀਆਂ ਹਨ। ਪਟੀਸ਼ਨਰ ਅਮਰਾਨ ਖਾਨ ਵੱਲੋਂ ਚੜ੍ਹਾਵੇ ਨੂੰ ਲੈ ਕੇ ਅਦਾਲਤ ਵਿਚ ਪਾਈ ਗਈ ਪਟੀਸ਼ਨ 'ਤੇ ਜਸਟਿਸ ਫਤਹਿਦੀਪ ਸਿੰਘ ਨੇ ਆਖਿਆ ਕਿ ਇਹ ਅਸਥਾਨ ਕਿਸੇ ਵਿਅਕਤੀ ਦੀ ਨਿੱਜੀ ਸੰਪਤੀ ਨਹੀਂ ਹੈ, ਜਿਸ ਕਾਰਨ ਇਸ ਅਸਥਾਨ 'ਤੇ ਚੜ੍ਹਨ ਵਾਲੇ ਚੜ੍ਹਾਵੇ ਉਤੇ ਕਿਸੇ ਨਿੱਜੀ ਵਿਅਕਤੀ ਜਾਂ ਇਕ ਪਰਿਵਾਰ ਦਾ ਹੱਕ ਨਹੀਂ ਹੋ ਸਕਦਾ। ਮੁਦਈ ਅਮਰਾਨ ਖਾਨ ਨੇ ਅਦਾਲਤ ਵਿਚ ਆਪਣਾ ਪੱਖ ਰੱਖਦਿਆਂ ਦੱਸਿਆ ਸੀ ਕਿ ਪੀਰ ਬਾਬਾ ਬੁੱਢਣ ਸ਼ਾਹ ਦੇ ਅਸਥਾਨ ਦਾ ਪ੍ਰਬੰਧ ਉਸ ਦੇ ਸਵਰਗਵਾਸੀ ਦਾਦੇ ਤੇ ਪਿਤਾ ਵੱਲੋਂ ਕੀਤਾ ਜਾਂਦਾ ਸੀ, ਜਿਸ ਕਰ ਕੇ ਇਥੇ ਚੜ੍ਹਨ ਵਾਲੇ ਚੜ੍ਹਾਵੇ 'ਤੇ ਉਸ ਦਾ ਹੱਕ ਬਣਦਾ ਹੈ।

# ਸ਼੍ਰੋਮਣੀ ਕਮੇਟੀ ਸਾਕਾ ਪੰਜਾ ਸਾਹਿਬ ਦੇ ਸ਼ਤਾਬਦੀ ਸਮਾਗਮ ਵਫਦ ਪਾਕਿਸਤਾਨ ਭੇਜੇਗੀ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਨੇ ਪਾਕਿਸਤਾਨ ਵਿਚ ਸਾਕਾ ਪੰਜਾ ਸਾਹਿਬ ਦੀ ਸ਼ਤਾਬਦੀ ਦੇ ਸਮਾਗਮ ਮਨਾਉਣ ਸਬੰਧੀ ਪਾਕਿਸਤਾਨ ਔਕਾਫ ਬੋਰਡ ਦੇ ਚੇਅਰਮੈਨ ਅਤੇ ਪੀ.ਐਸ.ਜੀ.ਪੀ.ਸੀ. ਦੇ ਪ੍ਰਧਾਨ ਅਮੀਰ ਸਿੰਘ ਨੂੰ ਇਕ ਪੱਤਰ ਭੇਜਿਆ ਹੈ। ਇਸ ਪੱਤਰ ਵਿਚ ਲਿਖਿਆ ਗਿਆ ਹੈ ਕਿ ਸ਼੍ਰੋਮਣੀ ਕਮੇਟੀ 30 ਅਕਤੂਬਰ ਨੂੰ ਪਾਕਿਸਤਾਨ ਵਿਚ ਰਾਵਲ ਪਿੰਡੀ ਦੇ ਹਸਨ ਅਬਦਾਲ ਸਥਿਤ ਗੁਰਦੁਆਰਾ ਪੰਜਾ ਸਾਹਿਬ ਵਿਚ ਸਾਕਾ ਪੰਜਾ ਸਾਹਿਬ ਦੇ ਸ਼ਤਾਬਦੀ ਸਬੰਧੀ ਸਮਾਗਮ ਕਰਨਾ ਚਾਹੁੰਦੀ ਹੈ। ਇਸ ਸਬੰਧੀ ਸ਼੍ਰੋਮਣੀ ਕਮੇਟੀ ਦਾ 6 ਮੈਂਬਰੀ ਸਿੱਖ ਵਫਦ ਇਸੇ ਮਹੀਨੇ ਵਿਚ ਪਾਕਿਸਤਾਨ ਦਾ ਦੌਰਾ ਕਰਨਾ ਚਾਹੁੰਦਾ ਹੈ ਤਾਂ ਜੋ ਇਸ ਸ਼ਤਾਬਦੀ ਦੇ ਸਮਾਗਮਾਂ ਦੀ ਰੂਪ ਰੇਖਾ ਤਿਆਰ ਕੀਤੀ ਜਾ ਸਕੇ ਅਤੇ ਇਸ ਸਬੰਧੀ ਲੋੜੀਂਦੇ ਪ੍ਰਬੰਧ ਵੀ ਕੀਤੇ ਜਾ ਸਕਣ। ਸ਼੍ਰੋਮਣੀ ਕਮੇਟੀ ਵੱਲੋਂ ਸ਼ਤਾਬਦੀ ਸਮਾਗਮਾਂ ਵਾਸਤੇ ਪਾਕਿਸਤਾਨ ਭੇਜੇ ਜਾਣ ਵਾਲੇ 6 ਮੈਂਬਰੀ ਵਫ਼ਦ ਵਿਚ ਸਿੱਖ ਸੰਸਥਾ ਦੇ ਜਨਰਲ ਸਕੱਤਰ ਕਰਨੈਲ ਸਿੰਘ ਪੰਜੋਲੀ, ਮੈਂਬਰ ਜਰਨੈਲ ਸਿੰਘ ਡੋਗਰਾਂਵਾਲਾ, ਭਾਈ ਰਾਜਿੰਦਰ ਸਿੰਘ ਮਹਿਤਾ, ਅਜਾਇਬ ਸਿੰਘ ਅਭਿਆਸੀ, ਗੁਰਮੀਤ ਸਿੰਘ ਅਤੇ ਯਾਤਰਾ ਵਿਭਾਗ ਦੇ ਇੰਚਾਰਜ ਰਜਿੰਦਰ ਸਿੰਘ ਰੂਬੀ ਦੇ ਨਾਂ ਸ਼ਾਮਲ ਹਨ। ਜਾਣਕਾਰੀ



ਮੁਤਾਬਕ ਸ਼੍ਰੋਮਣੀ ਕਮੇਟੀ ਇਸ ਸਬੰਧੀ ਗੁਰਦੁਆਰਾ ਪੰਜਾ ਸਾਹਿਬ ਵਿਚ ਗੁਰਮਤਿ ਸਮਾਗਮ ਕਰਵਾਏਗੀ ਅਤੇ 28 ਅਕਤੂਬਰ ਨੂੰ ਅਖੰਡ ਪਾਠ ਆਰੰਭ ਕਰਨ ਅਤੇ 30 ਅਕਤੂਬਰ ਨੂੰ ਭੋਗ ਪਾਉਣ ਦੀ ਯੋਜਨਾ ਹੈ। ਇਸ ਤੋਂ ਇਲਾਵਾ ਇਕ ਸੈਮੀਨਾਰ ਵੀ ਕਰਨਾ ਚਾਹੁੰਦੀ ਹੈ।

ਸਿੱਖ ਸੰਸਥਾ ਇਹ ਸ਼ਤਾਬਦੀ ਸਮਾਗਮ ਭਾਰਤ ਵਿਚ ਵੀ ਮਨਾਏਗੀ। ਸਾਕਾ ਪੰਜਾ ਸਾਹਿਬ 30 ਅਕਤੂਬਰ 1922 ਦੀ ਸਵੇਰ ਨੂੰ ਹਸਨ ਅਬਦਾਲ ਸਟੇਸ਼ਨ 'ਤੇ ਵਾਪਰਿਆ ਸੀ, ਜਿੱਥੇ ਲਗਭਗ 200 ਸਿੱਖਾਂ ਵੱਲੋਂ ਇਕ ਰੇਲਗੱਡੀ ਨੂੰ ਰੋਕਣ ਦਾ ਯਤਨ ਕੀਤਾ ਗਿਆ ਸੀ। ਇਸ ਰੇਲ ਗੱਡੀ ਵਿਚ ਸਿੱਖ ਬੰਦੀ ਸ਼ਾਮਲ ਸਨ, ਜਿਨ੍ਹਾਂ ਨੂੰ ਅੰਗਰੇਜ਼ ਹਕੂਮਤ ਵੱਲੋਂ ਸਜ਼ਾ ਵਜੋਂ ਅਟਕ ਦੇ ਕਿਲ੍ਹੇ ਵਿਚ ਕੈਦ ਵਿਚ ਰੱਖਣ ਲਈ ਭੇਜਿਆ ਗਿਆ ਸੀ। ਗੱਡੀ ਰੋਕਣ ਵਾਲੇ ਸਿੱਖ ਇਨ੍ਹਾਂ ਬੰਦੀ ਸਿੱਖਾਂ ਨੂੰ ਲੰਗਰ ਛਕਾਉਣਾ ਚਾਹੁੰਦੇ ਸਨ। ਹਸਨ ਅਬਦਾਲ ਸਟੇਸ਼ਨ 'ਤੇ ਆਏ ਇਹ ਸਿੱਖ ਰੇਲ ਗੱਡੀ ਨੂੰ ਰੋਕਣ ਵਾਸਤੇ ਰੇਲ ਪਟੜੀਆਂ 'ਤੇ ਬੈਠ ਗਏ ਅਤੇ ਰੇਲਗੱਡੀ ਨੇ 11 ਸਿੱਖਾਂ ਨੂੰ ਕੁਚਲ ਦਿੱਤਾ ਸੀ, ਜਿਸ ਵਿਚੋਂ ਦੋ ਸਿੱਖ ਭਾਈ ਪ੍ਰਤਾਪ ਸਿੰਘ ਅਤੇ ਭਾਈ ਕਰਮ ਸਿੰਘ ਦੀ ਅਗਲੇ ਦਿਨ ਮੌਤ ਹੋ ਗਈ ਸੀ। ਦੇਸ਼ ਵੰਡ ਤੋਂ ਪਹਿਲਾਂ ਤੱਕ ਇਨ੍ਹਾਂ ਦੀ ਯਾਦ ਵਿਚ ਹਰ ਵਰ੍ਹੇ 30 ਅਕਤੂਬਰ ਤੋਂ ਇਕ ਨਵੰਬਰ ਤੱਕ ਸਮਾਗਮ ਕੀਤਾ ਜਾਂਦਾ ਰਿਹਾ ਹੈ।

**Punjab Times**
**Established in 2000**
**22nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Photographer**
Kamaljit Singh Virdi
Ph. 847-502-2703

**Our Columnists**
Gurbakhsh Singh Bhandal
Baljit Basi
Buta Singh
Tarlochan Singh Dupalpur
Major Kular
**Corrspondents**
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਸਿੱਖਿਆ ਮੰਤਰੀ ਨਾਲ ਪੰਜਾਬੀ ਯੂਨੀਵਰਸਿਟੀ ਦੇ ਮਸਲੇ ਵਿਚਾਰੇ

**ਪਟਿਆਲਾ:** ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਵਾਈਸ ਚਾਂਸਲਰ ਪ੍ਰੋ. ਅਰਵਿੰਦ ਨੇ ਪੰਜਾਬ ਦੇ ਉਚੇਰੀ ਸਿੱਖਿਆ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨਾਲ ਵਿਸ਼ੇਸ਼ ਮੁਲਾਕਾਤ ਕੀਤੀ। ਯੂਨੀਵਰਸਿਟੀ ਦੀ ਵਿੱਤੀ ਸਮੱਸਿਆ ਤੋਂ ਲੈ ਕੇ ਅਕਾਦਮਿਕ ਮਾਹੌਲ ਦੀ ਬਿਹਤਰੀ ਨਾਲ ਜੁੜੇ ਵੱਖ-ਵੱਖ ਪਹਿਲੂ ਇਸ ਮੀਟਿੰਗ ਵਿਚ ਵਿਚਾਰੇ ਗਏ। ਯੂਨੀਵਰਸਿਟੀ ਦੀ ਬਿਹਤਰੀ ਲਈ ਉਠਾਏ ਵੱਖ-ਵੱਖ ਕਦਮਾਂ ਬਾਰੇ ਵੀ ਚਰਚਾ ਹੋਈ। ਉਚੇਰੀ ਸਿੱਖਿਆ ਮੰਤਰੀ ਨੇ ਇਨ੍ਹਾਂ ਕਦਮਾਂ ਬਾਰੇ ਤਸੱਲੀ ਪ੍ਰਗਟਾਈ।



ਜ਼ਿਕਰਯੋਗ ਹੈ ਕਿ ਪੰਜਾਬ ਸਰਕਾਰ ਨੇ ਆਪਣੇ ਬਜਟ ਵਿਚ ਯੂਨੀਵਰਸਿਟੀ ਦੀ ਸਾਲਾਨਾ ਗਰਾਂਟ ਵਧਾ ਕੇ 200 ਕਰੋੜ ਰੁਪਏ ਕੀਤੇ ਜਾਣ ਤੋਂ ਇਲਾਵਾ ਯੂਨੀਵਰਸਿਟੀ ਦੇ ਸਮੁੱਚੇ ਕਰਜ਼ੇ ਦੇ ਨਿਬੇੜੇ ਲਈ ਵੱਖਰੇ ਤੌਰ 'ਤੇ ਵਿਚਾਰ ਕਰਨ ਦਾ ਐਲਾਨ ਕੀਤਾ ਸੀ। ਪ੍ਰੋ. ਅਰਵਿੰਦ ਨੇ ਇਸ ਸਬੰਧੀ ਸਰਕਾਰ ਦਾ ਵਿਸ਼ੇਸ਼ ਧੰਨਵਾਦ ਕੀਤਾ ਅਤੇ ਯੂਨੀਵਰਸਿਟੀ ਦੇ ਕਰਜ਼ੇ ਦੀ ਅਦਾਇਗੀ ਬਾਰੇ ਜਲਦੀ ਵਿਚਾਰ ਕੀਤੇ ਜਾਣ ਬਾਰੇ ਕਿਹਾ।

ਪੰਜਾਬ ਸਰਕਾਰ ਵੱਲੋਂ ਹਾਲ ਹੀ ਵਿਚ ਜਾਰੀ ਪੱਤਰ ਜਿਸ ਵਿਚ ਸਾਰੇ ਸੰਕੇਤ-ਬੋਰਡਾਂ ਉੱਪਰ ਪੰਜਾਬੀ ਭਾਸ਼ਾ ਵਿਚ ਸੂਚਨਾਵਾਂ ਲਿਖੇ ਜਾਣ ਨੂੰ ਯਕੀਨੀ ਬਣਾਏ ਜਾਣ ਬਾਰੇ ਲਿਖਿਆ ਗਿਆ ਸੀ, ਬਾਰੇ ਵੀ ਇਸ ਮੀਟਿੰਗ ਵਿਚ ਚਰਚਾ ਹੋਈ। ਇਸ ਫੈਸਲੇ ਨੂੰ ਅਮਲੀ ਰੂਪ ਦੇਣ ਲਈ ਲੋੜੀਂਦੇ ਕਦਮ ਚੁੱਕਣ ਅਤੇ ਇਸ ਦਿਸ਼ਾ ਵਿਚ ਸੰਭਾਵੀ ਸਮੱਸਿਆਵਾਂ ਤੇ ਚੁਣੌਤੀਆਂ ਬਾਰੇ ਵੀ ਗੱਲਬਾਤ ਕੀਤੀ।

ਵਾਤਾਵਰਨ ਨਾਲ ਜੁੜੇ ਮਸਲਿਆਂ ਬਾਰੇ ਪ੍ਰੋ. ਅਰਵਿੰਦ ਨੇ ਧਿਆਨ ਵਿਚ ਲਿਆਂਦਾ ਕਿ ਯੂਨੀਵਰਸਿਟੀ ਇਸ ਗੱਲ ਨੂੰ ਬਾਖੂਬੀ ਸਮਝਦੀ ਹੈ ਕਿ ਵਾਤਾਵਰਨ ਦੇ ਪ੍ਰਸੰਗ ਵਿਚ ਪੰਜਾਬ ਦਾ ਆਪਣਾ ਵਿਸ਼ੇਸ਼ ਅਤੇ ਮੌਲਿਕ ਕਿਸਮ ਦਾ ਪੌਣ ਪਾਣੀ ਹੈ ਜਿਸ ਨੂੰ ਹੁਣ ਢਾਅ ਲੱਗ ਰਹੀ ਹੈ। ਇਸੇ ਨੁਕਤੇ ਨੂੰ ਆਧਾਰ ਬਣਾ ਕੇ ਯੂਨੀਵਰਸਿਟੀ ਨੇ ਵਿਸ਼ੇਸ਼ ਪਹਿਲਕਦਮੀ ਕਰਦਿਆਂ 'ਪੰਜਾਬ ਦਾ ਵਣ-ਤ੍ਰਿਣ ਜੀਵ-ਜੰਤ ਸੰਤੁਲਨ ਮੁੜ ਬਹਾਲੀ ਕੇਂਦਰ' ਬਣਾਇਆ ਹੈ। ਖੇਡਾਂ ਦੇ ਖੇਤਰ ਬਾਰੇ ਵੀ ਵਿਚਾਰ-ਵਟਾਂਦਰਾ ਕੀਤਾ ਗਿਆ। ਸੂਬੇ ਵਿਚ ਖੇਡ ਸੱਭਿਆਚਾਰ ਨੂੰ ਪ੍ਰਫੁੱਲਿਤ ਕੀਤੇ ਜਾਣ ਬਾਰੇ ਪੰਜਾਬ ਸਰਕਾਰ ਦੇ ਉਪਰਾਲਿਆਂ ਅਤੇ ਯੂਨੀਵਰਸਿਟੀਆਂ ਵੱਲੋਂ ਇਸ ਵਿਚ ਨਿਭਾਈ ਜਾਣ ਲਈ ਭੂਮਿਕਾ ਬਾਰੇ ਵੀ ਵਿਚਾਰ-ਵਟਾਂਦਰਾ ਕੀਤਾ ਗਿਆ। ਗੱਲਬਾਤ ਦੌਰਾਨ ਗੁਰਮੀਤ ਸਿੰਘ ਮੀਤ ਹੇਅਰ ਨੇ ਪੰਜਾਬੀ ਯੂਨੀਵਰਸਿਟੀ ਦੇ ਮਸਲਿਆਂ ਵਿਚ ਹਰ ਸੰਭਵ ਇਮਦਾਦ ਦਾ ਭਰੋਸਾ ਦਿਵਾਇਆ। ਅੰਤ ਵਿਚ ਵਾਈਸ ਚਾਂਸਲਰ ਪ੍ਰੋ. ਅਰਵਿੰਦ ਨੇ ਪੰਜਾਬੀ ਯੂਨਵਿਰਸਿਟੀ ਵੱਲੋਂ ਪ੍ਰਕਾਸ਼ਿਤ ਪੁਸਤਕਾਂ ਦਾ ਸੈੱਟ ਗੁਰਮੀਤ ਸਿੰਘ ਮੀਤ ਹੇਅਰ ਨੂੰ ਭੇਟ ਕੀਤਾ।

# ਫਲੌਇਡ ਹੱਤਿਆ ਕੇਸ: ਦੋਸ਼ੀ ਪੁਲਿਸ ਅਧਿਕਾਰੀ ਨੂੰ 21 ਸਾਲ ਦੀ ਕੈਦ

**ਵਾਸ਼ਿੰਗਟਨ:** ਅਮਰੀਕਾ ਦੇ ਫੈਡਰਲ ਜੱਜ ਨੇ ਮਿਨੀਪੋਲਿਸ ਦੇ ਸਾਬਕਾ ਪੁਲਿਸ ਅਧਿਕਾਰੀ ਡੈਰੇਕ ਚੌਵਿਨ ਨੂੰ ਜੌਰਜ ਫਲੌਇਡ ਦੇ ਨਾਗਰਿਕ ਅਧਿਕਾਰਾਂ ਦੀ ਉਲੰਘਣਾ ਕਰਨ ਦੇ ਦੋਸ਼ ਹੇਠ 21 ਸਾਲ ਕੈਦ ਦੀ ਸਜ਼ਾ ਸੁਣਾਈ ਹੈ। 25 ਮਈ 2020 ਨੂੰ ਫਲੌਇਡ ਦੀ ਗ੍ਰਿਫਤਾਰੀ ਦੌਰਾਨ ਚੌਵਿਨ ਨੂੰ ਨਾਗਰਿਕ ਅਧਿਕਾਰਾਂ ਦੀ ਉਲੰਘਣਾ ਦਾ ਦੋਸ਼ੀ ਪਾਇਆ ਗਿਆ ਸੀ। ਉਸ ਦਿਨ ਚੌਵਿਨ ਨੇ 9 ਮਿੰਟ, 29 ਸਕਿੰਟਾਂ ਲਈ ਅਫਰੀਕੀ-ਅਮਰੀਕੀ ਜੌਰਜ ਫਲੌਇਡ ਵਿਅਕਤੀ ਦੀ ਗਰਦਨ ਗੋਡੇ ਨਾਲ ਨੱਪੀ ਰੱਖੀ ਸੀ। ਚੌਵਿਨ ਨੂੰ ਪਹਿਲਾਂ ਮਿਲੀ 22 ਸਾਲ 5 ਮਹੀਨੇ ਦੀ ਸਜ਼ਾ ਅਤੇ ਹੁਣ ਮਿਲੀ 21 ਸਾਲ ਦੀ ਸਜ਼ਾ ਨਾਲੋ-ਨਾਲ ਚੱਲਣਗੀਆਂ। ਉਸ ਨੂੰ ਦੂਜੇ ਤੇ ਤੀਜੇ ਦਰਜੇ ਦੇ ਕਤਲ ਲਈ ਦੋਸ਼ੀ ਠਹਿਰਾਇਆ ਗਿਆ ਹੈ। ਦੱਸਣਯੋਗ ਹੈ ਕਿ 2020 ਵਿਚ ਫਲੌਇਡ ਦੀ ਮੌਤ ਮਗਰੋਂ ਪੂਰੇ ਅਮਰੀਕਾ ਵਿਚ ਪੁਲਿਸ ਦੀ ਬੇਰਹਿਮੀ ਅਤੇ ਨਸਲਵਾਦ ਖਿਲਾਫ ਵੱਡੇ ਪੱਧਰ 'ਤੇ ਪ੍ਰਦਰਸ਼ਨ ਹੋਏ ਸਨ।

## ਸਾਬਕਾ ਵਿਧਾਇਕ ਬੈਂਸ ਵੱਲੋਂ ਆਤਮ ਸਮਰਪਣ

**ਲੁਧਿਆਣਾ:** ਜਬਰ ਜਨਾਹ ਮਾਮਲੇ 'ਚ ਭਗੌੜੇ ਸਾਬਕਾ ਵਿਧਾਇਕ ਸਿਮਰਜੀਤ ਸਿੰਘ ਬੈਂਸ ਨੇ ਆਖਰ ਤਿੰਨ ਮਹੀਨਿਆਂ ਬਾਅਦ ਆਪਣੇ ਸਾਥੀਆਂ ਸਣੇ ਲੁਧਿਆਣਾ ਦੀ ਅਦਾਲਤ 'ਚ ਆਤਮ ਸਮਰਪਣ ਕਰ ਦਿੱਤਾ। ਬੈਂਸ ਦੇ ਅਦਾਲਤ 'ਚ ਪੁੱਜ ਕੇ ਆਤਮ ਸਮਰਪਣ ਕਰਨ ਦੀ ਸੂਚਨਾ ਮਿਲਦੇ ਹੀ ਪੁਲਿਸ ਦੇ ਉੱਚ ਅਧਿਕਾਰੀ ਵੀ ਪੁੱਜ ਗਏ ਅਤੇ ਮੁਲਜ਼ਮਾਂ ਦਾ ਪੰਜ ਦਿਨਾ ਰਿਮਾਂਡ ਮੰਗਿਆ ਪਰ ਅਦਾਲਤ ਨੇ ਸਿਮਰਜੀਤ ਸਿੰਘ ਬੈਂਸ ਸਣੇ ਸਾਰੇ ਮੁਲਜ਼ਮਾਂ ਨੂੰ ਤਿੰਨ ਦਿਨਾਂ ਦੇ ਪੁਲਿਸ ਰਿਮਾਂਡ 'ਤੇ ਭੇਜ ਦਿੱਤਾ। ਲੁਧਿਆਣਾ ਦੀ ਇਕ ਔਰਤ ਨਾਲ ਜਬਰ ਜਨਾਹ ਦੇ ਮਾਮਲੇ 'ਚ ਸਿਮਰਜੀਤ ਸਿੰਘ ਬੈਂਸ, ਉਨ੍ਹਾਂ ਦੇ ਭਰਾ ਕਰਮਜੀਤ ਸਿੰਘ ਬੈਂਸ, ਪਰਮਜੀਤ ਸਿੰਘ ਪੰਮਾ ਬੈਂਸ, ਸੁਖਚੈਨ ਸਿੰਘ, ਪ੍ਰਦੀਪ ਸ਼ਰਮਾ ਗੋਗੀ, ਬਲਜਿੰਦਰ ਕੌਰ ਤੇ ਜਸਬੀਰ ਕੌਰ ਨੂੰ ਭਗੌੜਾ ਐਲਾਨਿਆ ਹੋਇਆ ਸੀ।

# ਜਾਪਾਨ ਦੇ ਸਾਬਕਾ ਪ੍ਰਧਾਨ ਮੰਤਰੀ ਦੀ ਹੱਤਿਆ

**ਨਾਰਾ:** ਜਾਪਾਨ ਦੇ ਸਾਬਕਾ ਪ੍ਰਧਾਨ ਮੰਤਰੀ ਸ਼ਿੰਜੋ ਆਬੇ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦੇਣ ਨਾਲ ਜਾਪਾਨ ਦੇ ਲੋਕ ਹਿੰਸਾ ਦੇ ਖਿਲਾਫ਼ ਆਵਾਜ਼ ਉਠਾ ਰਹੇ ਹਨ। 67 ਸਾਲਾ ਸ਼ਿੰਜੋ ਆਪਣੀ ਪਾਰਟੀ ਦੇ ਉਮੀਦਵਾਰ ਦੀ ਚੋਣ ਰੈਲੀ ਨੂੰ ਸੰਬੋਧਨ ਕਰ ਰਿਹਾ ਸੀ।

ਘਟਨਾ ਮੌਕੇ ਉਹ ਨਾਰਾ ਦੇ ਟਰੇਨ ਸਟੇਸ਼ਨ ਬਾਹਰ ਤਕਰੀਰ ਕਰ ਰਹੇ ਸਨ। ਹਮਲਾਵਰ ਨੇ ਆਬੇ ਨੂੰ ਪਿੱਛੋਂ ਗੋਲੀਆਂ ਮਾਰੀਆਂ। ਇਕ ਗੋਲੀ ਉਨ੍ਹਾਂ ਦੀ ਛਾਤੀ ਤੇ ਦੂਜੀ ਗਰਦਨ ਵਿੱਚ ਲੱਗੀ। ਉਨ੍ਹਾਂ ਨੂੰ ਗੰਭੀਰ ਹਾਲਤ ਵਿਚ ਏਅਰਲਿਫਟ ਕਰਕੇ ਹਸਪਤਾਲ ਲਿਜਾਇਆ ਗਿਆ, ਜਿਥੇ ਉਨ੍ਹਾਂ ਨੇ ਇਲਾਜ ਦੌਰਾਨ ਦਮ ਤੋੜ ਦਿੱਤਾ। ਹਤਿਆਰੇ ਨੂੰ ਗ੍ਰਿਫਤਾਰ ਕਰ ਲਿਆ ਗਿਆ ਅਤੇ ਉਸ ਦੇ ਘਰ ਤੋਂ ਕਈ ਹਥਿਆਰ ਤੇ ਵਿਸਫੋਟਕ ਸਮੱਗਰੀ ਬਰਾਮਦ ਕੀਤੀ ਹੈ।

## ਬਹਿਬਲ ਗੋਲੀ ਕਾਂਡ ਮਾਮਲੇ ਦੀ ਸੁਣਵਾਈ 20 ਅਗਸਤ ਤੱਕ ਟਲੀ

**ਫਰੀਦਕੋਟ:** ਇਥੇ ਸਪੈਸ਼ਲ ਜੱਜ ਰਾਜੀਵ ਕਾਲੜਾ ਦੀ ਅਦਾਲਤ ਵਿਚ ਬਹਿਬਲ ਗੋਲੀ ਕਾਂਡ ਦੀ ਸੁਣਵਾਈ ਹੋਈ। ਇਸ ਮੌਕੇ ਪੰਜਾਬ ਦੇ ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ ਤੋਂ ਇਲਾਵਾ ਬਾਕੀ ਸਾਰੇ ਮੁਲਜ਼ਮ ਨਿੱਜੀ ਤੌਰ 'ਤੇ ਅਦਾਲਤ ਵਿਚ ਹਾਜ਼ਰ ਸਨ। ਕੋਟਕਪੂਰਾ ਗੋਲੀ ਕਾਂਡ ਦਾ ਚਲਾਨ ਅਦਾਲਤ ਵਿਚ ਨਾ ਆਉਣ ਕਰਕੇ ਬਹਿਬਲ ਗੋਲੀ ਕਾਂਡ ਬਾਰੇ ਅਗਲੀ ਕਾਰਵਾਈ ਨਹੀਂ ਹੋ ਸਕੀ। ਅਦਾਲਤ ਨੇ ਮਾਮਲੇ ਦੀ ਅਗਲੀ ਸੁਣਵਾਈ 20 ਅਗਸਤ ਨੂੰ ਤੈਅ ਕੀਤੀ ਹੈ।

## ਮਜੀਠੀਆ ਦੀ ਨਿਆਇਕ ਹਿਰਾਸਤ ਵਧਾਈ

**ਮੁਹਾਲੀ:** ਡਰੱਗਜ਼ ਮਾਮਲੇ ਵਿਚ ਨਾਮਜ਼ਦ ਅਕਾਲੀ ਆਗੂ ਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਵਧੀਕ ਜ਼ਿਲ੍ਹਾ ਸੈਸ਼ਨ ਜੱਜ ਦੀ ਅਦਾਲਤ ਵਿਚ ਵੀਡੀਓ ਕਾਨਫਰੰਸਿੰਗ ਦੇ ਜ਼ਰੀਏ ਪੇਸ਼ ਹੋਏ। ਅਦਾਲਤ ਵੱਲੋਂ ਇਸ ਮਾਮਲੇ 'ਚ ਬਿਕਰਮ ਸਿੰਘ ਮਜੀਠੀਆ ਦੀ ਨਿਆਇਕ ਹਿਰਾਸਤ 25 ਜੁਲਾਈ ਤੱਕ ਵਧਾ ਦਿੱਤੀ ਗਈ।

# ਭਾਰਤ ਨੂੰ ਪਾਬੰਦੀਆਂ ਤੋਂ ਬਚਾਉਣ ਲਈ ਅਮਰੀਕੀ ਸਦਨ 'ਚ ਸੋਧ ਬਿੱਲ ਪੇਸ਼

**ਵਾਸ਼ਿੰਗਟਨ:** ਭਾਰਤੀ-ਅਮਰੀਕੀ ਸੰਸਦ ਮੈਂਬਰ ਰੋਅ ਖੰਨਾ ਨੇ ਅਮਰੀਕੀ ਪ੍ਰਤੀਨਿਧੀ ਸਭਾ ਵਿਚ ਕਾਨੂੰਨੀ ਸੋਧ ਬਾਰੇ ਬਿੱਲ ਪੇਸ਼ ਕਰ ਕੇ ਭਾਰਤ ਉਤੇ 'ਸੀ.ਏ.ਏ.ਟੀ.ਐਸ.ਏ' ਤਹਿਤ ਲੱਗਣ ਵਾਲੀਆਂ ਪਾਬੰਦੀਆਂ ਵਿਚ ਛੋਟ ਮੰਗੀ ਹੈ। ਇਹ ਪਾਬੰਦੀਆਂ ਭਾਰਤ ਉਤੇ ਰੂਸ ਤੋਂ ਐੱਸ-400 ਮਿਜ਼ਾਈਲ ਪ੍ਰਣਾਲੀ ਖਰੀਦਣ ਉਤੇ ਲੱਗ ਸਕਦੀਆਂ ਹਨ। ਅਮਰੀਕੀ ਪ੍ਰਸ਼ਾਸਨ ਨੇ ਇਸ ਬਾਰੇ ਅਜੇ ਕੋਈ ਫੈਸਲਾ ਨਹੀਂ ਕੀਤਾ ਹੈ।

ਦੱਸਣਯੋਗ ਹੈ ਕਿ ਸਾਲ 2017 ਵਿਚ ਬਣੇ 'ਕਾਊਂਟਰਿੰਗ ਅਮੈਰੀਕਾਜ ਐਡਵਰਸਰੀਜ ਥਰੂ ਸੈਂਕਸ਼ਨਜ ਐਕਟ' (ਸੀ.ਏ.ਏ.ਟੀ.ਐਸ.ਏ.) ਤਹਿਤ ਰੂਸ ਨਾਲ ਰੱਖਿਆ ਤੇ ਖੁਫੀਆ ਲੈਣ-ਦੇਣ ਕਰਨ ਵਾਲੇ ਕਿਸੇ ਵੀ ਦੇਸ਼ ਦੇ ਖਿਲਾਫ ਕਾਰਵਾਈ ਕਰਨ ਦੀ ਤਜਵੀਜ਼ ਹੈ। ਇਸ ਨੂੰ 2014 ਵਿਚ ਕਰੀਮੀਆ ਉਤੇ ਰੂਸ ਦੇ ਕਬਜ਼ੇ ਤੇ 2016 ਦੀਆਂ ਅਮਰੀਕੀ ਰਾਸ਼ਟਰਪਤੀ ਚੋਣਾਂ ਵਿਚ ਮਾਸਕੋ ਦੀ ਕਥਿਤ ਦਖਲਅੰਦਾਜੀ ਦੇ ਜਵਾਬ ਵਿਚ ਲਿਆਂਦਾ ਗਿਆ ਸੀ। ਅਕਤੂਬਰ 2018 ਵਿਚ ਭਾਰਤ ਨੇ ਤਤਕਾਲੀ ਟਰੰਪ ਪ੍ਰਸ਼ਾਸਨ ਦੀ ਚਿਤਾਵਨੀ ਦੇ ਬਾਵਜੂਦ ਐੱਸ-400 ਹਵਾਈ ਰੱਖਿਆ ਮਿਜ਼ਾਈਲ ਪ੍ਰਣਾਲੀ ਦੀਆਂ ਪੰਜ ਇਕਾਈਆਂ ਖਰੀਦਣ ਲਈ ਰੂਸ ਦੇ ਨਾਲ ਪੰਜ ਅਰਬ ਡਾਲਰ ਦਾ ਸਮਝੌਤਾ ਕੀਤਾ ਸੀ।

# ਚੰਡੀਗੜ੍ਹ 'ਤੇ ਹੱਕਾਂ ਨੂੰ ਖੋਰਾ ਲਾਇਆ

*(ਪਹਿਲੇ ਸਫੇ ਦੀ ਬਾਕੀ)*

ਅਕਾਲੀ ਦਲ ਤੇ ਹੋਰ ਵਿਰੋਧੀਆਂ ਵੱਲੋਂ ਇਸ ਬਾਰੇ ਗਲਤ ਬਿਆਨਬਾਜ਼ੀ ਕੀਤੀ ਜਾ ਰਹੀ ਹੈ। ਮਾਨ ਦਾ ਦੋਸ਼ ਹੈ ਕਿ ਸ਼੍ਰੋਮਣੀ ਅਕਾਲੀ ਦਲ ਲੀਡਰਸ਼ਿਪ ਵੱਲੋਂ ਕੇਂਦਰ ਨਾਲ ਮਿਲੀਭੁਗਤ ਕਰਕੇ ਚੰਡੀਗੜ੍ਹ ਤੋਂ ਪੰਜਾਬ ਦੇ ਦਾਅਵੇ ਨੂੰ ਕਮਜ਼ੋਰ ਕੀਤਾ ਗਿਆ ਹੈ ਅਤੇ ਅਕਾਲੀ ਸਰਕਾਰ ਦੇ ਵੇਲੇ ਤਾਂ ਪੰਜਾਬ ਦੇ ਸਾਰੇ ਦਫਤਰ ਮੁਹਾਲੀ ਤਬਦੀਲ ਕਰ ਦਿੱਤੇ ਗਏ ਸਨ ਅਤੇ ਨਵਾਂ ਚੰਡੀਗੜ੍ਹ ਵੀ ਸਥਾਪਤ ਕੀਤਾ ਗਿਆ ਸੀ। ਦਰਅਸਲ, ਪੰਜਾਬ ਦੇ ਹੱਕਾਂ ਦੇ ਮੁੱਦਿਆਂ ਉਤੇ ਸੂਬੇ ਦੀਆਂ ਸੱਤਾਧਾਰੀ ਧਿਰਾਂ ਹੁਣ ਤੱਕ ਚੁੱਪ ਧਾਰੀ ਬੈਠੀਆਂ ਇਕ ਦੂਜੇ ਉਤੇ ਦੋਸ਼ ਮੜ੍ਹਦੀਆਂ ਰਹੀਆਂ ਹਨ। ਕੇਂਦਰ ਸਰਕਾਰ ਇਸ ਖਿੱਚਧੂਹ ਦਾ ਲਾਹਾ ਲੈਂਦੀ ਰਹੀ ਹੈ। ਪਿਛਲੇ ਕੁਝ ਸਮੇਂ ਤੋਂ ਕੇਂਦਰ ਸਰਕਾਰ ਚੰਡੀਗੜ੍ਹ, ਭਾਖੜਾ ਬਿਆਸ ਮੈਨੇਜਮੈਂਟ ਬੋਰਡ, ਪੰਜਾਬ ਯੂਨੀਵਰਸਿਟੀ ਅਤੇ ਅਜਿਹੇ ਹੋਰ ਸੰਵੇਦਨਸ਼ੀਲ ਮਸਲਿਆਂ ਨਾਲ ਲਗਾਤਾਰ ਛੇੜ-ਛਾੜ ਕਰ ਰਹੀ ਹੈ। ਪੰਜਾਬ ਦੀਆਂ ਸਿਆਸੀ ਧਿਰਾਂ ਇਸ ਦਾ ਇਕਜੁੱਟ ਹੋ ਕੇ ਟਾਕਰਾ ਕਰਨ ਦੀ ਥਾਂ ਆਪਸ ਵਿਚ ਉਲਝੀਆਂ ਰਹੀਆਂ ਹਨ।

1970 ਵਿਚ ਇਹ ਫੈਸਲਾ ਕੀਤਾ ਗਿਆ ਸੀ ਕਿ ਚੰਡੀਗੜ੍ਹ ਦਾ ਪੂਰਾ ਇਲਾਕਾ ਪੰਜਾਬ ਨੂੰ ਦਿੱਤਾ ਜਾਵੇਗਾ ਅਤੇ ਹਰਿਆਣੇ ਨੂੰ ਨਵੀਂ ਰਾਜਧਾਨੀ ਬਣਾਉਣ ਲਈ 20 ਕਰੋੜ ਰੁਪਏ ਦਿੱਤੇ ਜਾਣਗੇ; ਇਸ ਫੈਸਲੇ ਵਿਚ ਇਹ ਵੀ ਕਿਹਾ ਗਿਆ ਸੀ ਕਿ ਹਰਿਆਣਾ ਸਰਕਾਰ ਸਿਰਫ ਪੰਜ ਸਾਲ ਲਈ ਚੰਡੀਗੜ੍ਹ ਵਿਚਲੀਆਂ ਇਮਾਰਤਾਂ ਅਤੇ ਜਾਇਦਾਦਾਂ ਦੀ ਵਰਤੋਂ ਕਰ ਸਕੇਗੀ। 1985 ਦੇ ਰਾਜੀਵ-ਲੌਂਗੋਵਾਲ ਸਮਝੌਤੇ ਵਿਚ ਵੀ ਚੰਡੀਗੜ੍ਹ ਪੰਜਾਬ ਨੂੰ ਦੇਣਾ ਮੰਨਿਆ ਗਿਆ ਸੀ।

# ਦਿੱਲੀ ਦੇ ਦਖਲ ਨਾਲ ਸਿਆਸਤ ਭਖੀ

*(ਪਹਿਲੇ ਸਫੇ ਦੀ ਬਾਕੀ)*

ਦਾਅਵੇ ਨੂੰ ਹੋਰ ਪੁਖਤਾ ਕਰ ਗਿਆ।

ਹੁਣ ਕੇਜਰੀਵਾਲ ਦੇ ਖਾਸ ਮੰਨੇ ਜਾਂਦੇ ਚੱਢਾ ਨੂੰ ਅਹਿਮ ਕਮੇਟੀ ਦੀ ਪ੍ਰਧਾਨਗੀ ਸੌਂਪਣਾ ਵੱਡੇ ਸਵਾਲ ਖੜ੍ਹੇ ਕਰਨ ਵਾਲਾ ਫੈਸਲਾ ਹੈ। ਇਸ ਨਿਯੁਕਤੀ ਤੋਂ ਬਾਅਦ 'ਆਪ' ਦਾ ਇਹ ਆਗੂ ਸਰਕਾਰ ਨੂੰ ਸਲਾਹ ਦੇਣ ਦੇ ਨਾਲ-ਨਾਲ ਅਧਿਕਾਰੀਆਂ ਨਾਲ ਮੀਟਿੰਗ ਕਰਨ ਦੇ ਵੀ ਸਮਰੱਥ ਹੋ ਜਾਵੇਗਾ। ਇਸ ਕਮੇਟੀ ਨੂੰ ਲਾਭ ਵਾਲੇ ਅਹੁਦਿਆਂ ਸਬੰਧੀ ਕਾਨੂੰਨ ਦੇ ਦਾਇਰੇ ਹੇਠੋਂ ਕੱਢਣ ਲਈ ਨੋਟੀਫਿਕੇਸ਼ਨ ਵਿਚ ਇਕ ਤੋਂ ਵੱਧ ਵਾਰੀ ਅਸਥਾਈ ਕਮੇਟੀ ਬਣਾਉਣ ਦਾ ਜ਼ਿਕਰ ਕੀਤਾ ਗਿਆ ਹੈ।

ਮੁੱਖ ਸਕੱਤਰ ਵੱਲੋਂ ਜਾਰੀ ਨੋਟੀਫਿਕੇਸ਼ਨ ਮੁਤਾਬਕ ਇਹ ਕਮੇਟੀ ਸਰਕਾਰ ਨੂੰ ਜਨਤਕ ਮਹੱਤਵ ਵਾਲੇ ਮੁੱਦਿਆਂ ਬਾਰੇ ਸਲਾਹ ਦਿੰਦੀ ਰਹੇਗੀ। ਸੂਤਰਾਂ ਦਾ ਦੱਸਣਾ ਹੈ ਕਿ ਹਾਕਮ ਪਾਰਟੀ ਦੇ ਇਸ ਚਰਚਿਤ ਆਗੂ ਨੂੰ ਅਸਿੱਧੇ ਢੰਗ ਨਾਲ ਸਰਕਾਰ ਵਿਚ ਰੁਤਬਾ ਦੇਣ ਲਈ ਹੀ ਕਮੇਟੀ ਬਣਾਈ ਹੈ। ਉਂਜ ਵੀ ਇਸ ਆਗੂ ਦੀ ਪੰਜਾਬ ਸਰਕਾਰ ਦੇ ਅਹਿਮ ਫੈਸਲਿਆਂ ਵਿਚ ਅਹਿਮ ਭੂਮਿਕਾ ਮੰਨੀ ਜਾਂਦੀ ਹੈ। ਇਕ ਸੀਨੀਅਰ ਅਧਿਕਾਰੀ ਦਾ ਕਹਿਣਾ ਹੈ ਕਿ ਕਮੇਟੀ ਦੇ ਗਠਨ ਮਗਰੋਂ ਪੰਜਾਬ ਸਰਕਾਰ ਦੇ ਕਿਸੇ ਵੀ ਅਧਿਕਾਰੀ ਨੂੰ ਕਮੇਟੀ ਦੇ ਚੇਅਰਮੈਨ ਜਾਂ ਮੈਂਬਰਾਂ ਨਾਲ ਮੀਟਿੰਗ ਕਰਨੀ ਪਵੇਗੀ। ਪ੍ਰਸ਼ਾਸਕੀ ਹਲਕਿਆਂ ਵਿਚ ਦਿੱਲੀ ਦੇ ਇਸ ਆਗੂ ਨੂੰ ਯੋਜਨਾ ਬੋਰਡ ਵਿਚ ਵੀ ਅਹਿਮ ਅਹੁਦਾ ਦਿੱਤੇ ਜਾਣ ਦੇ ਚਰਚੇ ਹਨ। ਨਿਯਮਾਂ ਮੁਤਾਬਕ ਪੰਜਾਬ ਯੋਜਨਾ ਬੋਰਡ ਦਾ ਮੁਖੀ ਮੁੱਖ ਮੰਤਰੀ ਹੁੰਦਾ ਹੈ, ਜਦੋਂਕਿ ਇਸ ਬੋਰਡ 'ਚ ਉਪ ਚੇਅਰਮੈਨ ਵਜੋਂ ਇਕ ਤੋਂ ਵੱਧ ਨਿਯੁਕਤੀਆਂ ਕੀਤੀਆਂ ਜਾ ਸਕਦੀਆਂ ਹਨ। ਉਧਰ, ਪੰਜਾਬ ਸਰਕਾਰ ਦਾ ਦਾਅਵਾ ਹੈ ਕਿ ਸਰਕਾਰ ਦੀ ਪ੍ਰਸ਼ਾਸਕੀ ਰਫਤਾਰ ਵਧਾਉਣ ਲਈ ਕਮੇਟੀ ਬਣਾਈ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ

# ਡੇਟਨ ਦੇ ਸਿੱਖ ਭਾਈਚਾਰੇ ਨੇ ਅਮਰੀਕਾ ਦੇ ਆਜ਼ਾਦੀ ਦਿਹਾੜੇ ਦੇ ਜਸ਼ਨਾਂ ਵਿਚ ਹਿੱਸਾ ਲਿਆ

## ਸਿੱਖ ਸੁਸਾਇਟੀ ਆਫ਼ ਡੇਟਨ ਨੂੰ ਮਿਲਿਆ 'ਮੋਸਟ ਪੈਟਰੀਓਟ' ਪੁਰਸਕਾਰ; ਸਿੱਖਾਂ ਦੀ ਨਿਵੇਕਲੀ ਪਛਾਣ ਖਿੱਚ ਦਾ ਕੇਂਦਰ ਰਹੀ

ਡੇਟਨ: ਅਮਰੀਕਾ ਵਿਚ ਹਰ ਸਾਲ 4 ਜੁਲਾਈ ਦਾ ਦਿਨ ਬੜੀ ਧੂਮ-ਧਾਮ ਨਾਲ ਮਨਾਇਆ ਜਾਂਦਾ ਹੈ। 1776 ਵਿਚ 4 ਜੁਲਾਈ ਨੂੰ ਅਮਰੀਕਾ ਨੇ ਬਰਤਾਨੀਆ ਤੋਂ ਆਜ਼ਾਦੀ ਪ੍ਰਾਪਤ ਕੀਤੀ ਸੀ। ਇਸ ਦਿਨ ਅਮਰੀਕਾ ਦੇ ਵੱਖ-ਵੱਖ ਸ਼ਹਿਰਾਂ ਵਿਚ ਪਰੇਡ ਕੱਢੀ ਜਾਂਦੀ ਹੈ, ਜਿਸ ਵਿਚ ਸਮਾਜ ਸੇਵੀ ਸੰਸਥਾਵਾਂ, ਵੱਖ ਵੱਖ ਵਿਭਾਗ, ਵਪਾਰਕ ਅਤੇ ਹੋਰ ਅਦਾਰਿਆਂ ਵੱਲੋਂ ਝਾਕੀਆਂ ਕੱਢੀਆਂ ਜਾਂਦੀਆਂ ਹਨ। ਵਿਦਿਅਕ ਅਦਾਰਿਆਂ ਦੇ ਬੈਂਡ ਵੀ ਵਿਦਿਅਕ ਅਦਾਰਿਆਂ ਦੇ ਬੈਂਡ ਵੀ ਪਰੇਡ ਵਿਚ ਭਾਗ ਲੈਂਦੇ ਹਨ।

ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਇਹ ਦਿਹਾੜਾ ਓਹਾਇਓ ਸੂਬੇ ਵਿਚ ਹਵਾਈ ਜਹਾਜ਼ ਦੀ ਜਨਮ ਭੂਮੀ ਵਜੋਂ ਜਾਣੇ ਜਾਂਦੇ ਪ੍ਰਸਿੱਧ ਗ੍ਰੇਟਰ ਡੇਟਨ ਦੇ ਸ਼ਹਿਰ ਬੀਵਰਕਰੀਕ ਵਿਚ ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਸਿੱਖ ਭਾਈਚਾਰੇ ਨੇ ਵੀ ਇਨ੍ਹਾਂ ਜਸ਼ਨਾਂ ਵਿਚ ਵਧ-ਚੜ੍ਹ ਕੇ ਭਾਗ ਲਿਆ ਤੇ ਸਿੱਖ ਸੁਸਾਇਟੀ ਆਫ਼ ਡੇਟਨ ਨੇ ਮੋਸਟ ਪੈਟਰੀਓਟ ਦਾ ਪੁਰਸਕਾਰ ਜਿੱਤਿਆ। ਇਹ ਪੁਰਸਕਾਰ ਬੀਵਰਕਰੀਕ ਦੀ ਮਿਉਂਸਪਲ ਗਵਰਨਮੈਂਟ ਵੱਲੋਂ ਦਿੱਤਾ ਜਾਂਦਾ ਹੈ। ਇਹ ਪੁਰਸਕਾਰ ਸ. ਅਵਤਾਰ ਸਿੰਘ ਸਪਰਿੰਗਫੀਲਡ ਨੇ ਮੇਅਰ ਬੌਬ ਸਟੋਨ ਤੇ ਵਾਇਸ ਮੇਅਰ ਜੋਨਾ ਗਰਸ਼ੀਆ ਪਾਸੋਂ ਪ੍ਰਾਪਤ ਕੀਤਾ। ਇਸ ਪਰੇਡ ਵਿਚ ਵੀ ਸਥਾਨਕ ਸਮਾਜ ਸੇਵੀ ਸੰਸਥਾਵਾਂ, ਵੱਖ ਵੱਖ ਵਿਭਾਗਾਂ, ਵਪਾਰਕ ਅਤੇ ਹੋਰ ਅਦਾਰਿਆਂ ਵੱਲੋਂ ਝਾਕੀਆਂ ਕੱਢੀਆਂ ਗਈਆਂ ਤੇ ਵਿੱਦਿਅਕ ਅਦਾਰਿਆਂ ਦੇ ਬੈਂਡਾਂ ਨੇ ਭਾਗ ਲਿਆ।

ਪਰੇਡ ਦੀ ਸ਼ੁਰੂਆਤ ਬੀਵਰਕਰੀਕ ਪੁਲੀਸ ਅਤੇ ਸਮੁੰਦਰੀ ਫ਼ੌਜ ਵੱਲੋਂ ਕੀਤੀ ਗਈ। ਅਮਰੀਕੀ ਝੰਡਿਆਂ, ਬੈਨਰਾਂ, ਪੋਸਟਰਾਂ ਨਾਲ ਸਜਾਈ ਗਈ ਸਿੱਖ ਝਾਕੀ ਦਾ ਸੜਕਾਂ ਕੰਢੇ ਪਰਿਵਾਰਾਂ ਸਮੇਤ ਬੈਠੇ ਹਜ਼ਾਰਾਂ ਦਰਸ਼ਕਾਂ ਨੇ ਭਰਵਾਂ ਸੁਆਗਤ ਕੀਤਾ। ਫਲੋਟ ਉਪਰ ਲਗਾਏ ਬੈਨਰਾਂ ਰਾਹੀਂ ਸਿੱਖਾਂ ਵਲੋਂ ਸਭ ਨੂੰ ਆਜ਼ਾਦੀ ਦਿਵਸ ਦੀ ਵਧਾਈ ਦਿੱਤੀ ਗਈ। ਹਜ਼ਾਰਾਂ ਦੀ ਗਿਣਤੀ ਵਿਚ ਲੋਕ ਹੈਪੀ ਫੋਰਥ ਜੁਲਾਈ, ਹੈਪੀ ਇੰਡੀਪੈਂਡੈਂਸ ਡੇਅ ਕਹਿ ਕੇ ਸੁਆਗਤ ਕਰ ਰਹੇ ਸਨ। ਸਿੱਖਾਂ ਦੀ ਨਿਵੇਕਲੀ ਪਛਾਣ ਵੀ ਪਰੇਡ ਵਿਚ ਵਿਸ਼ੇਸ਼ ਖਿੱਚ ਦਾ ਕੇਂਦਰ ਰਹੀ ਅਤੇ ਕਈਆਂ ਨੇ ਇਸ ਬਾਰੇ ਜਾਣਕਾਈ ਲੈਣ ਵਿਚ ਦਿਲਚਸਪੀ ਦਿਖਾਈ। ਸਿੱਖਾਂ ਬਾਰੇ ਜਾਣਕਾਰੀ ਵਧਾਉਣ ਲਈ ਲਿਟਰੇਚਰ ਵੀ ਵੰਡਿਆ ਗਿਆ। ਅਮਰੀਕਾ ਵਿਚ ਨਿਕਲਦੀਆਂ ਪਰੇਡਾਂ ਵਿਚ ਸਿੱਖ ਭਾਈਚਾਰੇ ਅਤੇ ਸੰਸਥਾਵਾਂ ਨੂੰ ਵੱਖ-ਵੱਖ ਦਿਵਸਾਂ ਨਾਲ ਸੰਬੰਧਤ ਫਲੋਟ ਤਿਆਰ ਕਰ ਕੇ ਸ਼ਮੂਲੀਅਤ ਕਰਨੀ ਚਾਹੀਦੀ ਹੈ। ਇਸ ਨਾਲ ਅਮਰੀਕੀ ਲੋਕਾਂ ਨੂੰ ਸਿੱਖਾਂ ਬਾਰੇ ਅਤੇ ਉਨ੍ਹਾਂ ਵਲੋਂ ਵੱਖ-ਵੱਖ ਖੇਤਰਾਂ ਵਿਚ ਪਾਏ ਯੋਗਦਾਨ ਬਾਰੇ ਜਾਣੂ ਕਰਾਇਆ ਜਾ ਸਕਦਾ ਹੈ। ਠੰਢੇ ਪਾਣੀ ਦੀਆਂ ਬੋਤਲਾਂ ਨਾਲ ਲੋਕਾਂ ਦੀ ਸੇਵਾ ਕੀਤੀ ਗਈ। ਸ਼ਹਿਰ ਦੇ ਪਤਵੰਤੇ ਸੱਜਣ ਸਿੱਖਾਂ ਦੀ ਸੇਵਾ ਭਾਵਨਾ ਦੇਖ ਕੇ ਬਹੁਤ ਖੁਸ਼ ਹੋਏ। ਅਮਰੀਕੀ ਝੰਡਿਆਂ ਦਾ ਇਥੇ ਬਹੁਤ ਸਤਿਕਾਰ ਕੀਤਾ ਜਾਂਦਾ ਹੈ। ਹਰ ਅਦਾਰੇ ਅੰਦਰ ਭਾਵੇਂ ਉਹ ਧਾਰਮਿਕ ਸਥਾਨ ਹੀ ਹੋਏ, ਅਮਰੀਕੀ ਝੰਡਾ ਝੂਲਦਾ ਨਜ਼ਰ ਆਵੇਗਾ। ਪਰੇਡ ਸਮੇਂ ਵੀ ਹਰ ਵਿਅਕਤੀ ਦੇ ਹੱਥ ਵਿਚ ਝੰਡਾ ਲਹਿਰਾ ਰਿਹਾ ਸੀ ਅਤੇ ਮੇਲੇ ਵਰਗਾ ਮਾਹੌਲ ਸੀ। ਇਸ ਮੌਕੇ ਏ.ਐਂਡ.ਏ. ਫੋਟੋਗ੍ਰਾਫੀ ਤੋਂ ਸੁਨੀਲ ਮੱਲੀ ਨੇ ਇਨ੍ਹਾਂ ਯਾਦਗਾਰੀ ਪਲਾਂ ਨੂੰ ਕੈਮਰਾਬੰਦ ਕਰਨ ਦੀ ਸੇਵਾ ਨਿਭਾਈ। ਸਿਨਸਿਨੈਟੀ ਤੋਂ ਵੀ ਬਹੁਤ ਦਰਸ਼ਕ ਆਏ। ਕਮਿਊਨਿਟੀ ਦੀਆਂ ਭੈਣਾਂ ਅਤੇ ਬੱਚਿਆਂ ਨੇ ਵੀ ਵਧ ਚੜ੍ਹ ਕੇ ਪਰੇਡ ਵਿਚ ਹਿੱਸਾ ਲਿਆ। ਪਰੇਡ ਵਿਚ ਲੇਡੀਜ਼ ਦਾ ਕੰਮ ਸ਼ਲਾਘਾਯੋਗ ਰਿਹਾ। ਰਾਤ ਦੇ ਖਾਣੇ ਦਾ ਪ੍ਰਬੰਧ ਮਹਾਰਾਜੇ ਦੇ ਰੈਸਟੋਰੈਂਟ ਵਿਚ ਸੀ। ਦਰਸ਼ਕਾਂ ਨੇ ਖਾਣੇ ਦਾ ਖੂਬ ਆਨੰਦ ਮਾਣਿਆ। ਹਰਸ਼ਦੀਪ ਸਿੰਘ ਅਤੇ ਹਰਰੂਪ ਸਿੰਘ ਨੇ ਸਿੱਖ ਸਾਹਿਤ ਵੰਡਣ ਅਤੇ ਸ. ਸਰਤਾਜ ਸਿੰਘ ਸਿੱਧੂ ਦੀ ਟੀਮ ਨੇ ਠੰਢੇ ਜਲ ਦੀਆਂ ਬੋਤਲਾਂ ਵੰਡਣ ਦੀ ਸੇਵਾ ਨਿਭਾਈ। **ਗੁਰੂ ਘਰ ਦੇ ਵਜ਼ੀਰ ਭਾਈ ਸਾਹਿਬ ਹੇਮ ਸਿੰਘ, ਪਵਿੱਤਰ ਸਿੰਘ ਬੋਬੀ ਸਿੱਧੂ ਆਪਣੀ ਸਪੈਸ਼ਲ ਜੀਪ ਜਿਸ ਨੇ ਇਰਾਕ ਦੀ ਜੰਗ ਵਿਚ ਭਾਗ ਲਿਆ ਸੀ, ਲੈ ਕੇ ਹਾਜ਼ਰ ਹੋਏ। ਜਗਸੀਰ ਸਿੰਘ ਦੇ ਢਾਡੀ ਜਥੇ ਨੇ ਵੀ ਹਾਜ਼ਰੀ ਲਗਵਾਈ। ਬਾਸੀ ਪਰਿਵਾਰ ਨੇ ਵੀ ਆਪਣੀਆਂ ਸੇਵਾਵਾਂ ਨਿਭਾਈਆਂ। ਪ੍ਰਿਤਪਾਲ ਸਿੰਘ ਚੱਤਰਥ ਵੀ ਪਰਿਵਾਰ ਸਮੇਤ ਪਹੁੰਚਿਆ। ਪਰਮਜੀਤ ਸਿੰਘ ਤੱਖਰ ਅਤੇ ਪਵਨ ਵੀ ਆਪਣੀ ਟੀਮ ਲੈ ਕੇ ਪਹੁੰਚੇ। ਰੰਧਾਵਾ ਪਰਿਵਾਰ ਨੇ ਵੀ ਹਾਜ਼ਰੀ ਲਗਵਾਈ। ਗਿੱਲ ਪਰਿਵਾਰ ਹਾਜ਼ਰ ਹੋਇਆ। ਅਮਰ ਇੰਡੀਆ ਅਤੇ ਜੀਤ ਇੰਡੀਆ ਵੀ ਪਰਿਵਾਰਾਂ ਸਮੇਤ ਪਹੁੰਚੇ। ਰੂਬੀ ਧਾਲੀਵਾਲ ਵੀ ਪਰਿਵਾਰ ਸਮੇਤ ਪਹੁੰਚਿਆ। ਮੁਲਤਾਨੀ ਪਰਿਵਾਰ ਤੇ ਸਿੱਧੂ ਪਰਿਵਾਰ ਨੇ ਵੀ ਹਾਜ਼ਰੀ ਲਗਵਾਈ। ਰੇਸ਼ਮ ਸਿੰਘ ਬਰਾੜ ਅਤੇ ਤਾਰੀ ਭਲਵਾਨ ਵੀ ਪਰਿਵਾਰਾਂ ਸਮੇਤ ਸ਼ਾਮਿਲ ਹੋਏ।**

*(ਤਸਵੀਰਾਂ ਅਗਲੇ ਸਫੇ 'ਤੇ)*

# ਸ਼ਿਕਾਗੋ ਕਬੱਡੀ ਕੱਪ 4 ਸਤੰਬਰ ਨੂੰ ਹੋਵੇਗਾ

**ਸ਼ਿਕਾਗੋ:** ਲੰਘੇ ਐਤਵਾਰ ਸ਼ੇਰ ਏ ਪੰਜਾਬ ਸਪੋਰਟਸ ਕਲੱਬ ਸ਼ਿਕਾਗੋ ਮਿੱਡਵੈਸਟ ਦੀ ਕਮੇਟੀ ਦੀ ਮੀਟਿੰਗ ਹੋਈ, ਜਿਸ ਵਿਚ ਕਬੱਡੀ ਦੇ ਮਿਆਰ ਨੂੰ ਉੱਚਾ ਚੁੱਕਣ, ਨਸ਼ਿਆਂ ਰਹਿਤ ਕਰਨ ਦੇ ਯਤਨ ਕੀਤੇ ਜਾਣ ਅਤੇ ਬੱਚਿਆਂ ਨੂੰ ਕਬੱਡੀ ਨਾਲ ਜੋੜਨ ਲਈ ਸਿਖਲਾਈ ਦਾ ਪ੍ਰਬੰਧ ਕਰਨ ਦਾ ਫੈਸਲਾ ਲਿਆ ਗਿਆ। ਇਸ ਟੀਚੇ ਲਈ ਸਥਾਨਕ ਅਤੇ ਅੰਤਰਰਾਸ਼ਟਰੀ ਕਬੱਡੀ ਖਿਡਾਰੀਆਂ ਦੀ ਨਿਯੁਕਤੀ ਕੀਤੀ ਗਈ। ਇਸ ਤਹਿਤ ਹੁਣ ਰਾਣਾ ਭੰਡਾਲ, ਰਾਜਾ ਤੱਲ੍ਹਣ ਤੇ ਦੀਪਾ ਬੰਦੇਸ਼ਾ ਦੀ ਦੇਖ ਰੇਖ ਹੇਠ ਹਰ ਵੀਕ ਐਂਡ 'ਤੇ ਬੱਚਿਆਂ ਨੂੰ ਸਿਖਲਾਈ ਅਤੇ ਖੁਰਾਕ ਮੁਫ਼ਤ ਦਿੱਤੀ ਜਾਵੇਗੀ।

ਇਸ ਸਾਲ ਦਾ ਕਬੱਡੀ ਕੱਪ ਲੇਬਰ ਡੇਅ ਵੀਕ ਐਂਡ 'ਤੇ 4 ਸਤੰਬਰ ਨੂੰ ਹੋਵੇਗਾ, ਜੋ ਮਹਾਨ ਕਬੱਡੀ ਖਿਡਾਰੀ ਮਰਹੂਮ ਸੰਦੀਪ ਸਿੰਘ ਨੰਗਲ ਅੰਬੀਆਂ ਨੂੰ ਸਮਰਪਿਤ ਹੋਵੇਗਾ, ਜਿਸ ਵਿਚ ਲੋਕਲ ਅਤੇ ਅੰਤਰਰਾਸ਼ਟਰੀ ਟੀਮਾਂ ਦੇ ਫਸਵੇਂ ਮੁਕਾਬਲੇ ਕਰਵਾਏ ਜਾਣਗੇ। ਬੱਚਿਆਂ, ਨੌਜਵਾਨਾਂ ਅਤੇ ਬਜ਼ੁਰਗਾਂ ਲਈ ਖੇਡ ਮੁਕਾਬਲਿਆਂ ਦਾ ਪ੍ਰਬੰਧ ਕੀਤਾ ਜਾਵੇਗਾ। ਸੱਭਿਆਚਾਰਕ ਪ੍ਰੋਗਰਾਮ ਅਤੇ ਬੱਚਿਆਂ ਦੇ ਮਨੋਰੰਜਨ ਦਾ ਇੰਤਜ਼ਾਮ ਕੀਤਾ ਜਾਵੇਗਾ। ਕਲੱਬ ਦੇ ਪ੍ਰਧਾਨ ਅੰਮ੍ਰਿਤ ਪਾਲ ਸਿੰਘ ਗਿੱਲ ਅਤੇ ਸਮੂਹ ਕਮੇਟੀ ਵਲੋਂ ਮਿੱਡਵੈਸਟ ਦੇ ਨਿਵਾਸੀਆਂ ਨੂੰ ਇਸ ਮੇਲੇ ਵਿਚ ਸਹਿਯੋਗ ਦੇਣ ਅਤੇ ਪਰਿਵਾਰਾਂ ਸਮੇਤ ਸ਼ਾਮਲ ਹੋ ਕੇ ਲੇਬਰ ਡੇਅ ਮਨਾਉਣ ਦਾ ਸੱਦਾ ਦਿੱਤਾ ਗਿਆ।

# ਰੂਪੀ ਕੌਰ ਬਣੀ 'ਮਿਸਿਜ਼ ਇਲੀਨੋਇ ਅਮਰੀਕਨ 2022'

**ਸ਼ਿਕਾਗੋ:** ਇੱਥੋਂ ਦੇ ਪੰਜਾਬੀ ਭਾਈਚਾਰੇ ਲਈ ਇਹ ਮਾਣ ਵਾਲੀ ਗੱਲ ਹੈ ਕਿ ਭਾਈਚਾਰੇ ਨਾਲ ਸਬੰਧਤ ਰੂਪੀ ਕੌਰ ਨੇ 'ਮਿਸਿਜ਼ ਇਲੀਨੋਇ ਅਮਰੀਕਨ 2022' ਦਾ ਤਾਜ ਹਾਸਲ ਕੀਤਾ ਹੈ। ਰੂਪੀ ਇਹ ਖਿਤਾਬ ਜਿੱਤਣ ਵਾਲੀ ਪਹਿਲੀ ਭਾਰਤੀ ਅਮਰੀਕੀ ਔਰਤ ਹੈ। ਉਹ ਹੁਣ ਅਗਸਤ 2022 ਵਿਚ ਲਾਸ ਵੇਗਾਸ ਵਿਚ ਮਿਸਿਜ਼ ਅਮਰੀਕਨ ਦੇ ਕੌਮੀ ਪੱਧਰ ਦੇ ਮੁਕਾਬਲੇ ਵਿਚ ਹਿੱਸਾ ਲਵੇਗੀ।




ਰੂਪੀ ਕੌਰ 2002 ਤੋਂ ਅਮਰੀਕਾ ਵਿਚ ਰਹਿ ਰਹੀ ਹੈ। ਉਹ ਪੰਜਾਬ, ਭਾਰਤ ਨਾਲ ਸੰਬੰਧ ਰੱਖਦੀ ਹੈ। ਉਹ ਦੋ ਬੱਚਿਆਂ ਦੀ ਮਾਂ ਹੈ ਅਤੇ ਸਿਕਾਗੋ ਵਿਚ ਰਹਿੰਦੀ ਹੈ। ਉਸ ਨੂੰ 500 ਮਸ਼ਹੂਰ ਕੰਪਨੀਆਂ ਵਿਚ ਕੰਮ ਕਰਨ ਦੇ ਮੌਕੇ ਮਿਲੇ ਅਤੇ ਵਰਤਮਾਨ ਸਮੇਂ ਉਹ ਕਾਰਪੋਰੇਟ ਵਿਚ ਕੰਮ ਕਰ ਰਹੀ ਹੈ। ਉਹ ਕੋਲਡਵੈਲ ਬੈਂਕਰ ਨਾਲ ਜੁੜੀ ਇਕ ਰੀਅਲ ਅਸਟੇਟ ਏਜੰਟ ਵੀ ਹੈ ਅਤੇ 2021 ਦੇ ਸ਼ੁਰੂ ਵਿਚ ਸ਼ਿਕਾਗੋ ਏਜੰਟ ਮੈਗਜ਼ੀਨ ਵਿਚ ਵੀ ਉਸ ਨੂੰ ਸਥਾਨ ਮਿਲਿਆ ਸੀ। ਉਹ ਭਾਈਚਾਰੇ ਨਾਲ ਸੰਬੰਧਤ ਬਹੁਤ ਸਾਰੀਆਂ ਸੰਸਥਾਵਾਂ ਵਿਚ ਵੀ ਕਾਰਜਸ਼ੀਲ ਹੈ। ਉਹ ਫੈਸ਼ਨ ਸ਼ੋਅਜ਼ ਅਤੇ ਬਿਊਟੀ ਪੇਜੈਂਟਸ ਵਿਚ ਹਿੱਸਾ ਲੈ ਕੇ ਖੁਸ਼ੀ ਮਹਿਸੂਸ ਕਰਦੀ ਹੈ। ਉਸਦਾ ਪਲੇਟਫਾਰਮ ਮਹਿਲਾ ਸਸ਼ਕਤੀਕਰਨ ਹੈ ਅਤੇ ਮਿਸਿਜ਼ ਇਲੀਨੋਇ ਅਮਰੀਕਨ ਦੇ ਰੂਪ ਵਿਚ ਉਹ ਆਪਣੇ ਭਾਈਚਾਰੇ, ਸੂਬੇ ਅਤੇ ਸਮੁੱਚੇ ਦੇਸ਼ ਦੀ ਪ੍ਰਤੀਨਿਧਤਾ ਕਰੇਗੀ।

ਰੂਪੀ ਕੌਰ ਦਾ ਮੰਨਣਾ ਹੈ ਕਿ ਅਮਰੀਕਾ ਵਿਚ ਰਹਿ ਕੇ ਕੁਝ ਵੀ ਸੰਭਵ ਹੈ। ਇਹ ਮੌਕਿਆਂ ਦੀ ਧਰਤੀ ਹੈ! ਇੱਥੇ ਰਹਿ ਕੇ ਆਪਣੇ ਸੁਪਨੇ ਪੂਰੇ ਕੀਤੇ ਜਾ ਸਕਦੇ ਹਨ। ਰੂਪੀ ਨੇ ਆਪਣੇ ਪਰਿਵਾਰ ਅਤੇ ਦੋਸਤਾਂ, ਸਪਾਂਸਰਾਂ ਅਤੇ ਸਮੁੱਚੇ ਭਾਈਚਾਰੇ ਦਾ ਸਮਰਥਨ ਕਰਨ ਲਈ ਧੰਨਵਾਦ ਕੀਤਾ।

ਉਸ ਨੇ ਸਾਰਿਆਂ ਨੂੰ ਆਉਣ ਵਾਲੇ ਕੌਮੀ ਮੁਕਾਬਲੇ ਲਈ ਉਸ ਨੂੰ ਵੋਟ ਦੇਣ ਦੀ ਅਪੀਲ ਕੀਤੀ। ਉਸ ਨੇ ਦੱਸਿਆ ਕਿ ਇਸ ਸਬੰਧੀ ਵੋਟਿੰਗ ਜਲਦੀ ਹੀ ਸ਼ੁਰੂ ਹੋਵੇਗੀ ਅਤੇ ਇਸ ਦਾ ਲਿੰਕ ਉਸ ਦੇ ਸੋਸ਼ਲ ਮੀਡੀਆ ਹੈਂਡਲ 'ਤੇ ਸਾਂਝਾ ਕੀਤਾ ਜਾਵੇਗਾ, ਜਿਸ 'ਤੇ ਜਾ ਕੇ ਉਸ ਲਈ ਵੋਟ ਕੀਤੀ ਜਾ ਸਕਦੀ ਹੈ।

AVEER TRAVEL SOLUTIONS LLC
ਇਮੀਗ੍ਰੇਸ਼ਨ ਨਾਲ ਸਬੰਧਤ ਹੇਠ ਲਿਖੀਆਂ ਸੇਵਾਵਾਂ ਲਈ ਸਾਡੇ ਨਾਲ ਸੰਪਰਕ ਕਰੋ:
• US Passport Services • EAD Renewal
• Indian Passport Renewal • Flight Tickets
• US Citizenship Application • Visa Services
• Green Card Renewal • Notary Services
• OCI & Renunciation • Power of Attorney
• Airport Pick-up & Drop-Off Services
Contact: Aman Kaur Ph: 847-338-2141
(Consular Expert with more than 10 years of experience)
E-mail: Aveertravel@gmail.com
ਤੁਸੀਂ ਸਾਡੇ ਨਾਲ ਪੰਜਾਬੀ, ਹਿੰਦੀ ਤੇ ਅੰਗਰੇਜ਼ੀ ਵਿਚ ਗੱਲ ਕਰ ਸਕਦੇ ਹੋ।
*For Airport Drop-Off and Pickup Indy to Chicago Please Contact AVI at: 847-226-2323*
*We provide the service all over AMERICA. Located in INDIANAPOLIS (IN)*

*To Advertise with Punjab Times Call: 847-359-0746*
ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਕਾਲ ਕਰੋ:
847-359-0746

SUPER TRAVEL
847-676-9090, 773-465-5566
E-mail: supertravel2003@live.com
Lowest Fares With Excellent Service
United Airlines
British Airways
Etihad, Air India, KLM, Lufthansa, Delta, Qatar Airlines.
For Emergency Call anytime at 847-673-3825
EARLY BIRD SALE!!!!
Domestic fares available



GoldenKey LENDING
ਗੋਲਡਨ ਕੀਅ ਲੈਂਡਿੰਗ
ਸੁਪਨਿਆਂ ਦਾ ਘਰ ਲੈਣ 'ਚ ਤੁਹਾਡੀ ਮਦਦ ਕਰਦਾ ਹੈ। ਸਸਤੇ *HOUSE LOAN* ਲੈਣ 'ਚ ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ।
HOME LOANS MADE SIMPLE
The feeling of attachment, togetherness
We understand what a home means
Manny Singh Nagra
Principal Broker
Star Alliance Brokerage, INC
Contact Us at
317-620-4100
317-750-1900
REAL ESTATE | RESIDENTIAL & COMMERCIAL
325 S. College Avenue, Indianapolis, Indiana 46202
NMLS 147421
www.goldenkeylending.com



# ਡੇਟਨ ਵਿਚ 4 ਜੁਲਾਈ ਨੂੰ 'ਅਮਰੀਕਾ ਡੇਅ' ਮੌਕੇ ਕੱਢੀ ਗਈ ਪਰੇਡ ਦੀਆਂ ਯਾਦਗਾਰੀ ਤਸਵੀਰਾਂ























# ਪਰੇਡ ਦੀ ਕਹਾਣੀ, ਤਸਵੀਰਾਂ ਦੀ ਜ਼ੁਬਾਨੀ























# ਆਜ਼ਾਦੀ ਦਿਹਾੜਾ: ਬਰੁੱਕਫੀਲਡ ਦੀ ਪਰੇਡ ਵਿਚ ਸਿੱਖ ਭਾਈਚਾਰੇ ਵਲੋਂ ਸ਼ਮੂਲੀਅਤ

**ਬਰੁੱਕਫੀਲਡ:** ਅਮਰੀਕਾ ਦੇ ਆਜ਼ਾਦੀ ਦਿਹਾੜੇ ਮੌਕੇ 4 ਜੁਲਾਈ ਨੂੰ ਬਰੁੱਕਫੀਲਡ ਵਿਚ ਹੋਈ ਪਰੇਡ ਵਿਚ ਸਿੱਖ ਭਾਈਚਾਰਾ ਦੇ ਲੋਕ ਗੁਰਦੁਆਰਾ ਬਰੁੱਕਫੀਲਡ ਦੀ ਅਗਵਾਈ ਹੇਠ ਸ਼ਾਮਲ ਹੋਏ।

ਪਰੇਡ ਦੇ ਪ੍ਰਬੰਧਕ ਅਤੇ ਗੁਰਦੁਆਰਾ ਬਰੁਕਫੀਲਡ ਦੇ ਪ੍ਰਧਾਨ ਡਾ. ਗੁਰਚਰਨ ਸਿੰਘ ਗਰੇਵਾਲ ਨੇ ਕਿਹਾ ਕਿ ਇਹ ਸਿੱਖ ਭਾਈਚਾਰੇ ਲਈ ਅਮਰੀਕੀ ਲੋਕਾਂ ਨੂੰ ਸਿੱਖਾਂ ਬਾਰੇ ਅਤੇ ਉਨ੍ਹਾਂ ਵਲੋਂ ਅਮਰੀਕਾ ਵਿਚ ਪਾਏ ਯੋਗਦਾਨ ਬਾਰੇ ਦੱਸਣ ਦਾ ਬਹੁਤ ਹੀ ਚੰਗਾ ਮੌਕਾ ਸੀ। ਉਨ੍ਹਾਂ ਦੱਸਿਆ ਕਿ ਪਰੇਡ ਵਿਚ ਹਜ਼ਾਰਾਂ ਅਮਰੀਕੀ ਲੋਕ ਸ਼ਾਮਲ ਹੋਏ, ਜੋ ਸਿੱਖਾਂ ਨੂੰ ਦੇਖ ਕੇ ਖੁਸ਼ ਹੋ ਰਹੇ ਸਨ ਤੇ ਉਨ੍ਹਾਂ ਨੇ ਸਿੱਖੀ ਤੇ ਸਿੱਖਾਂ ਬਾਰੇ ਜਾਨਣ ਵਿਚ ਖਾਸ ਦਿਲਚਸਪੀ ਵੀ ਦਿਖਾਈ।

ਇਸ ਮੌਕੇ ਸਿੱਖਾਂ ਨੇ ਅਮਰੀਕਾ ਦੇ ਝੰਡੇ ਫੜ ਕੇ ਪਰੇਡ ਵਿਚ ਮਾਰਚ ਕੀਤਾ। ਭਾਈਚਾਰੇ ਦੇ ਲੋਕਾਂ ਵਲੋਂ ਫੜੇ ਗਏ ਬੈਨਰਜ਼ 'ਤੇ ਲਿਖਿਆ ਗਿਆ ਸੀ, Proud Sikh Americans. Unite we stand. Sikh American community Gurdawara Brookfield WI. ਸਿੱਖ ਭਾਚੀਚਾਰੇ ਦੇ ਬਹੁਤ ਸਾਰੇ ਬੱਚੇ ਤੇ ਔਰਤਾਂ ਵੀ ਇਸ ਪਰੇਡ ਵਿਚ ਸ਼ਾਮਲ ਹੋਈਆਂ, ਜਿਨ੍ਹਾਂ ਨੇ ਅਮਰੀਕਨ ਝੰਡੇ ਫੜੇ ਹੋਏ ਸਨ। ਇਸ ਮੌਕੇ ਬੱਚਿਆਂ ਨੂੰ ਟੌਫੀਆਂ ਵੀ ਵੰਡੀਆਂ ਗਈਆਂ।











## ਸਾਕਾ ਪੰਜਾ ਸਾਹਿਬ ਬਾਰੇ ਸ਼੍ਰੋਮਣੀ ਕਮੇਟੀ ਸਿੱਕਾ ਤੇ ਡਾਕ ਟਿਕਟ ਜਾਰੀ ਕਰੇਗੀ

**ਅੰਮ੍ਰਿਤਸਰ:** ਸਾਕਾ ਪੰਜਾ ਸਾਹਿਬ ਦੀ ਸ਼ਤਾਬਦੀ ਮੌਕੇ ਸ਼੍ਰੋਮਣੀ ਕਮੇਟੀ ਵੱਲੋਂ ਯਾਦਗਾਰੀ ਸਿੱਕਾ, ਡਾਕ ਟਿਕਟ, ਲਿਫਾਫਾ ਅਤੇ ਇਕ ਲੋਗੋ ਜਾਰੀ ਕਰਨ ਦੀ ਯੋਜਨਾ ਬਣਾਈ ਗਈ ਹੈ। ਕਮੇਟੀ ਵੱਲੋਂ ਪਾਕਿਸਤਾਨ ਸਥਿਤ ਗੁਰਦੁਆਰਾ ਪੰਜਾ ਸਾਹਿਬ ਵਿਖੇ ਇਹ ਚੀਜ਼ਾਂ ਜਾਰੀ ਕੀਤੀਆਂ ਜਾਣਗੀਆਂ। ਪਹਿਲਾਂ ਮਨਾਈਆਂ ਸ਼ਤਾਬਦੀਆਂ ਵਾਂਗ ਇਸ ਸ਼ਤਾਬਦੀ ਮੌਕੇ ਵੀ ਸ਼੍ਰੋਮਣੀ ਕਮੇਟੀ ਵੱਡੇ ਪੱਧਰ 'ਤੇ ਸਮਾਗਮ ਕਰਨਾ ਚਾਹੁੰਦੀ ਹੈ। ਇਸ ਤੋਂ ਪਹਿਲਾਂ 2019 ਵਿਚ ਗੁਰੂ ਨਾਨਕ ਦੇਵ ਦੇ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਕੀਤੇ ਸ਼ਤਾਬਦੀ ਸਮਾਗਮ ਦੌਰਾਨ ਵੀ ਯਾਦਗਾਰੀ ਸਿੱਕੇ ਜਾਰੀ ਕੀਤੇ ਗਏ ਸਨ। ਇਸ ਵਾਰ ਇਹ ਯਾਦਗਾਰੀ ਸਿੱਕੇ ਸੋਨੇ ਤੇ ਚਾਂਦੀ ਦੀ ਥਾਂ ਤਾਂਬੇ ਦੇ ਤਿਆਰ ਕੀਤੇ ਜਾਣਗੇ ਤਾਂ ਜੋ ਹਰੇਕ ਵਿਅਕਤੀ ਆਸਾਨੀ ਨਾਲ ਇਨ੍ਹਾਂ ਨੂੰ ਖਰੀਦ ਸਕੇ।

## ਯੂ-ਟਿਊਬ ਵੱਲੋਂ ਭਾਰਤ 'ਚ ਕੰਵਰ ਗਰੇਵਾਲ ਦੇ ਗੀਤ 'ਰਿਹਾਈ' ਉਤੇ ਪਾਬੰਦੀ

**ਚੰਡੀਗੜ੍ਹ:** ਪੰਜਾਬੀ ਗਾਇਕ ਕੰਵਰ ਗਰੇਵਾਲ ਦੇ ਗੀਤ 'ਰਿਹਾਈ' ਨੂੰ ਯੂ-ਟਿਊਬ ਨੇ ਭਾਰਤ ਵਿਚ ਸਰੋਤਿਆਂ ਦੀ ਪਹੁੰਚ ਤੋਂ ਦੂਰ ਕਰ ਦਿੱਤਾ ਹੈ। ਸੂਤਰਾਂ ਦਾ ਦੱਸਣਾ ਹੈ ਕਿ ਯੂ-ਟਿਊਬ ਵੱਲੋਂ ਇਹ ਕਦਮ ਭਾਰਤ ਸਰਕਾਰ ਦੇ ਇਤਰਾਜ਼ ਤੋਂ ਬਾਅਦ ਉਠਾਇਆ ਗਿਆ ਹੈ। ਸੂਫੀ ਗਾਇਕ ਵਜੋਂ ਮਸ਼ਹੂਰ ਕੰਵਰ ਗਰੇਵਾਲ ਨੇ ਆਪਣੇ ਨਵੇਂ ਰਿਲੀਜ਼ ਹੋਏ ਗੀਤ 'ਰਿਹਾਈ' ਰਾਹੀਂ ਦੇਸ਼ ਦੀਆਂ ਵੱਖ-ਵੱਖ ਜੇਲ੍ਹਾਂ ਵਿਚ ਬੰਦ ਸਿੱਖ ਕੈਦੀਆਂ ਦੀ ਰਿਹਾਈ ਦੀ ਆਵਾਜ਼ ਬੁਲੰਦ ਕੀਤੀ ਸੀ।

ਇਸ ਗੀਤ ਰਾਹੀਂ ਗਾਇਕ ਨੇ ਕੇਂਦਰ ਸਰਕਾਰ ਵੱਲ ਇਸ਼ਾਰਾ ਕਰਦਿਆਂ ਤਿੱਖੀਆਂ ਟਿੱਪਣੀਆਂ ਵੀ ਕੀਤੀਆਂ ਸਨ। ਯੂ-ਟਿਊਬ ਵੱਲੋਂ ਪੰਜਾਬੀ ਗਾਇਕਾਂ ਦੇ ਗੀਤਾਂ ਨੂੰ ਭਾਰਤ ਵਿਚ ਲੋਕਾਂ ਦੀ ਪਹੁੰਚ ਤੋਂ ਦੂਰ ਕੀਤੇ ਜਾਣ ਜਾਂ ਭਾਰਤ ਵਿਚ ਪਾਬੰਦੀ ਲਗਾਏ ਜਾਣ ਦਾ ਇਹ ਦੂਜਾ ਮਾਮਲਾ ਹੈ। ਕੰਵਰ ਗਰੇਵਾਲ ਦਾ ਇਹ ਗੀਤ ਕੁਝ ਦਿਨ ਪਹਿਲਾਂ ਹੀ ਰਿਲੀਜ਼ ਹੋਇਆ ਸੀ ਅਤੇ ਰਿਲੀਜ਼ ਹੁੰਦਿਆਂ ਹੀ ਭਾਰਤ ਸਰਕਾਰ ਦੀਆਂ ਏਜੰਸੀਆਂ ਦੀ ਨਿਗਰਾਨੀ ਹੇਠ ਆ ਗਿਆ। ਭਾਰਤ ਸਰਕਾਰ ਵਿਚਲੇ ਸੂਤਰਾਂ ਦਾ ਕਹਿਣਾ ਹੈ ਕਿ ਇਸ ਤਰ੍ਹਾਂ ਦੇ ਗੀਤਾਂ ਨਾਲ ਸਮਾਜ 'ਚ ਤਣਾਅ ਪੈਦਾ ਹੋ ਸਕਦਾ ਹੈ।






# ਮੂਸੇਵਾਲਾ ਕਤਲ: ਸੁਰੱਖਿਆ ਕਟੌਤੀ ਨੇ ਸ਼ੂਟਰਾਂ ਦੇ ਹੌਸਲੇ ਵਧਾਏ

**ਮਾਨਸਾ:** ਨੌਜਵਾਨ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਮਾਮਲੇ ਵਿਚ ਮਾਨਸਾ ਪੁਲਿਸ ਵੱਲੋਂ ਦਿੱਲੀ ਤੋਂ ਪ੍ਰੋਡਕਸ਼ਨ ਵਾਰੰਟ 'ਤੇ ਲਿਆਂਦੇ ਪ੍ਰਿਆਵਰਤ ਫੌਜੀ ਤੋਂ ਕੀਤੀ ਪੁੱਛ-ਪੜਤਾਲ ਦੌਰਾਨ ਅਹਿਮ ਖੁਲਾਸਾ ਹੋਇਆ ਹੈ। ਪੰਜਾਬ ਸਰਕਾਰ ਵੱਲੋਂ ਗਾਇਕ ਦੀ ਸੁਰੱਖਿਆ ਵਿਚ ਕੀਤੀ ਗਈ ਕਟੌਤੀ ਦਾ ਫੈਸਲਾ ਹੀ ਕਤਲ ਦਾ ਮੁੱਖ ਕਾਰਨ ਬਣਿਆ ਹੈ।

ਸ਼ੂਟਰ ਪ੍ਰਿਆਵਰਤ ਫੌਜੀ ਦੇ ਮੋਬਾਈਲ ਫੋਨ ਦੀ ਕੀਤੀ ਗਈ ਘੋਖ ਪੜਤਾਲ ਤੋਂ ਬਾਅਦ ਪੁਲਿਸ ਨੂੰ ਪਤਾ ਲੱਗਿਆ ਹੈ ਕਿ ਜਦੋਂ 28 ਮਈ ਨੂੰ ਸਿੱਧੂ ਮੂਸੇਵਾਲਾ ਦੀ ਸੁਰੱਖਿਆ ਘਟਾਈ ਗਈ ਤਾਂ ਕੈਨੇਡਾ ਵਿਚ ਬੈਠੇ ਗੈਂਗਸਟਰ ਗੋਲਡੀ ਬਰਾੜ ਨੇ ਪ੍ਰਿਆਵਰਤ ਫੌਜੀ ਨੂੰ ਫੋਨ ਕਰ ਕੇ 29 ਮਈ ਨੂੰ ਹੀ ਮੂਸੇਵਾਲਾ ਦੇ ਕਤਲ ਦੀ ਵਾਰਦਾਤ ਨੂੰ ਅੰਜਾਮ ਦੇਣ ਲਈ ਕਿਹਾ ਗਿਆ ਸੀ।

ਜਾਣਕਾਰੀ ਮੁਤਾਬਕ ਜਿਉਂ ਹੀ 29 ਮਈ ਨੂੰ ਸਿੱਧੂ ਮੂਸੇਵਾਲਾ ਸ਼ਾਮ ਨੂੰ ਆਪਣੇ ਘਰੋਂ ਨਿਕਲਿਆ ਤਾਂ ਇਸ ਦੀ ਜਾਣਕਾਰੀ ਸੰਦੀਪ ਉਰਫ ਕੇਕੜਾ ਨੇ ਫੋਨ ਕਰ ਕੇ ਗੋਲਡੀ ਬਰਾੜ ਨੂੰ ਦੇ ਦਿੱਤੀ ਸੀ। ਗੋਲਡੀ ਬਰਾੜ ਨੇ ਤੁਰਤ ਇਹ ਸੂਚਨਾ



ਪ੍ਰਿਆਵਰਤ ਫੌਜੀ ਨੂੰ ਦਿੱਤੀ ਤੇ 'ਕੰਮ ਕਰਨ ਲਈ' ਨਿਰਦੇਸ਼ ਦਿੱਤਾ। ਥੋੜ੍ਹੀ ਦੇਰ ਬਾਅਦ ਹੀ ਘਰ ਤੋਂ ਥੋੜ੍ਹੀ ਦੂਰੀ 'ਤੇ ਪਿੰਡ ਜਵਾਹਰਕੇ ਵਿਚ ਸਿੱਧੂ ਤੇ ਉਸ ਦੇ ਦੋ ਸਾਥੀਆਂ 'ਤੇ ਹਮਲਾ ਕੀਤਾ ਗਿਆ ਅਤੇ ਗੋਲੀਆਂ ਲੱਗਣ ਕਾਰਨ ਸ਼ੁਭਦੀਪ ਸਿੰਘ ਸਿੱਧੂ ਦੀ ਮੌਕੇ 'ਤੇ ਹੀ ਮੌਤ ਹੋ ਗਈ।

ਇਹ ਵੀ ਜਾਣਕਾਰੀ ਮਿਲੀ ਹੈ ਗਾਇਕ ਸਿੱਧੂ ਮੂਸੇਵਾਲਾ ਦੀ ਮੌਤ ਦੀ ਖਬਰ ਤੁਰਤ ਪ੍ਰਿਆਵਰਤ ਫੌਜੀ ਨੇ ਹੀ ਗੋਲਡੀ ਬਰਾੜ ਨੂੰ ਦਿੱਤੀ ਸੀ। ਸਿੱਧੂ ਦੇ ਕਤਲ ਤੋਂ ਦੋ ਘੰਟਿਆਂ ਬਾਅਦ ਇਸ ਘਟਨਾ ਦੀ ਜ਼ਿੰਮੇਵਾਰੀ ਗੋਲਡੀ ਬਰਾੜ ਨੇ ਲਈ ਸੀ। ਪੁਲਿਸ ਨੂੰ ਇਹ ਜਾਣਕਾਰੀ ਵੀ ਮਿਲੀ ਹੈ ਕਿ ਸੁਰੱਖਿਆ ਘਟਾਉਣ ਸਬੰਧੀ ਜਾਣਕਾਰੀ ਮਿਲਣ ਤੋਂ ਬਾਅਦ ਪ੍ਰਿਆਵਰਤ ਫੌਜੀ ਤੇ ਉਸ ਦੇ ਸਾਥੀਆਂ ਦੀਆਂ ਗਤੀਵਿਧੀਆਂ ਵਿਚ ਤੇਜ਼ੀ ਆਈ ਸੀ ਤੇ ਉਨ੍ਹਾਂ ਦਾ ਹੌਸਲਾ ਵਧਿਆ ਸੀ। ਸੁਰੱਖਿਆ ਦੀ ਕਟੌਤੀ ਮਗਰੋਂ ਗੋਲਡੀ ਨੇ ਸਾਰੇ ਸਹਾਇਕਾਂ ਅਤੇ ਸ਼ਾਰਪ ਸ਼ੂਟਰਾਂ ਨੂੰ ਚੌਕਸ ਕਰ ਦਿੱਤਾ ਸੀ ਤੇ ਮੂਸੇਵਾਲਾ ਦੇ ਘਰ 'ਤੇ ਪਲ-ਪਲ ਨਜ਼ਰ ਰੱਖੀ ਜਾਣ ਲੱਗੀ ਸੀ, ਜੋ ਉਸ ਦੇ ਹਮਲੇ ਤੱਕ ਬਕਾਇਦਾ ਜਾਰੀ ਸੀ।

ਪੁਲਿਸ ਜਾਂਚ ਵਿਚ ਸਾਹਮਣੇ ਆਇਆ ਹੈ ਕਿ ਮੂਸੇਵਾਲਾ 29 ਮਈ ਨੂੰ ਘਰੋਂ ਬਾਹਰ ਨਹੀਂ ਆਇਆ ਸੀ। ਹਾਲਾਂ ਕਿ, ਜਦੋਂ ਵੀ ਕੋਈ ਪ੍ਰਸ਼ੰਸਕ ਫੋਟੋਆਂ ਲਈ ਉਨ੍ਹਾਂ ਦੇ ਘਰ ਜਾਂਦਾ ਸੀ ਤਾਂ ਮੂਸੇਵਾਲਾ ਉਨ੍ਹਾਂ ਨੂੰ ਜ਼ਰੂਰ ਮਿਲਦਾ ਸੀ। ਇਸ ਕਾਰਨ ਸੰਦੀਪ ਕੇਕੜਾ ਸਾਥੀ ਬਲਦੇਵ ਨਿੱਕੂ ਨਾਲ ਫੈਨ ਬਣ ਕੇ ਸਿੱਧੂ ਮੂਸੇਵਾਲਾ ਦੇ ਘਰ ਪੁੱਜਿਆ ਸੀ। ਉਸ ਸਮੇਂ ਤੱਕ ਮੂਸੇਵਾਲਾ ਨੂੰ ਘਰ ਅੰਦਰ ਦਾਖਲ ਹੋ ਕੇ ਮਾਰਨ ਦੀ ਵੀ ਯੋਜਨਾ ਸੀ।

### ਸੀ.ਬੀ.ਆਈ. ਤੋਂ ਜਾਂਚ ਕਰਾਉਣ ਬਾਰੇ ਪਟੀਸ਼ਨ ਖਾਰਜ

**ਮਾਨਸਾ:** ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਕਤਲ ਕਾਂਡ ਬਾਰੇ ਸੁਪਰੀਮ ਕੋਰਟ ਪਾਈ ਪਟੀਸ਼ਨ ਸਿਖਰਲੀ ਅਦਾਲਤ ਨੇ ਖਾਰਜ ਕਰ ਦਿੱਤੀ। ਇਸ ਪਟੀਸ਼ਨ ਵਿਚ ਮੂਸੇਵਾਲਾ ਦੇ ਕਤਲ ਕੇਸ ਦੀ ਜਾਂਚ ਕੇਂਦਰੀ ਏਜੰਸੀ ਸੀ.ਬੀ.ਆਈ. ਨੂੰ ਸੌਂਪਣ ਦੀ ਮੰਗ ਕੀਤੀ ਗਈ ਸੀ। ਇਹ ਪਟੀਸ਼ਨ ਮਾਨਸਾ ਜ਼ਿਲ੍ਹੇ ਤੋਂ ਭਾਜਪਾ ਦੇ ਆਗੂ ਜਗਜੀਤ ਸਿੰਘ ਮਿਲਖਾ ਵੱਲੋਂ ਪਾਈ ਗਈ ਸੀ। ਭਾਜਪਾ ਨੇਤਾ ਦਾ ਕਹਿਣਾ ਸੀ ਕਿ ਇਸ ਕਤਲ ਕਾਂਡ ਦੀਆਂ ਕੜੀਆਂ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਉਤੇ ਜੁੜੀਆਂ ਹੋਈਆਂ ਹਨ, ਜਿਸ ਕਰਕੇ ਪੰਜਾਬ ਪੁਲਿਸ ਤੋਂ ਇਸ ਕੇਸ ਦੀ ਜਾਂਚ ਸਹੀ ਰੂਪ ਵਿਚ ਹੋ ਨਹੀਂ ਸਕਦੀ। ਇਸ ਤੋਂ ਪਹਿਲਾਂ ਵੀ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਸਿੱਧੂ ਅਤੇ ਮਾਤਾ ਚਰਨ ਕੌਰ ਨੇ ਚੰਡੀਗੜ੍ਹ ਵਿਚ ਗ੍ਰਹਿ ਮੰਤਰੀ ਅਮਿਤ ਸ਼ਾਹ ਕੋਲ ਪੇਸ਼ ਹੋ ਕੇ ਕਤਲ ਕਾਂਡ ਦੀ ਜਾਂਚ ਕਿਸੇ ਕੇਂਦਰੀ ਏਜੰਸੀ ਤੋਂ ਕਰਾਉਣ ਦੀ ਮੰਗ ਕੀਤੀ ਗਈ ਸੀ।

# ਮੂਸੇਵਾਲਾ ਕਤਲ: ਪੁਲਿਸ ਦੇ ਹੱਥ ਅਜੇ ਵੀ ਖਾਲੀ



**ਮਾਨਸਾ:** ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਤੋਂ ਤਕਰੀਬਨ ਪੌਣੇ ਦੋ ਮਹੀਨੇ ਬਾਅਦ ਵੀ ਪੰਜਾਬ ਪੁਲਿਸ ਦੀ ਵਿਸ਼ੇਸ਼ ਜਾਂਚ ਟੀਮ ਦੇ ਹੱਥ ਹਾਲੇ ਵੀ ਪੰਜਾਬ ਦੇ ਸ਼ੂਟਰ ਜਗਰੂਪ ਸਿੰਘ ਰੂਪਾ ਤੇ ਮਨਪ੍ਰੀਤ ਸਿੰਘ ਮੰਨੂ ਨਹੀਂ ਲੱਗੇ ਹਨ। ਉਨ੍ਹਾਂ ਨੂੰ ਲੱਭਣ ਲਈ ਸਿਟ ਛਾਪੇ ਮਾਰ ਰਹੀ ਹੈ।

ਕਤਲ ਦੇ ਮਾਸਟਰਮਾਈਂਡ ਗੈਂਗਸਟਰ ਲਾਰੈਂਸ ਬਿਸ਼ਨੋਈ ਤੇ ਜਗਦੀਪ ਸਿੰਘ ਉਰਫ ਜੱਗੂ ਭਗਵਾਨਪੁਰੀਆ ਕੋਲੋਂ ਪੁੱਛਗਿਛ ਕਰਨ ਮਗਰੋਂ ਪੰਜਾਬ ਪੁਲਿਸ ਮੰਨੂ ਅਤੇ ਰੂਪਾ ਦਾ ਸੁਰਾਗ ਲੱਭਣ ਲਈ ਜੱਦੋਜਹਿਦ ਕਰ ਰਹੀ ਹੈ। ਪੰਜਾਬ ਤੇ ਦਿੱਲੀ ਪੁਲਿਸ ਵੀ ਹੁਣ ਤੱਕ ਅਪਰਾਧ ਵਿਚ ਵਰਤੇ ਗਏ ਹਥਿਆਰ ਬਰਾਮਦ ਕਰਨ ਵਿਚ ਨਾਕਾਮ ਰਹੀ ਹੈ। ਪੁਲਿਸ ਵੱਲੋਂ ਮੁਲਜ਼ਮਾਂ ਦੇ ਹਰ ਸੰਭਵ ਟਿਕਾਣੇ 'ਤੇ ਛਾਪੇ ਜਾਰੀ ਹਨ। ਪੁਲਿਸ ਨੇ ਛੇ ਸ਼ੂਟਰਾਂ ਦੀ ਸ਼ਨਾਖ਼ਤ ਕੀਤੀ ਹੈ ਅਤੇ ਦਾਅਵਾ ਕੀਤਾ ਹੈ ਕਿ ਦੋ ਸੂਬਿਆਂ ਦੇ ਸ਼ੂਟਰ ਇਸ ਕਤਲ ਵਿਚ ਸ਼ਾਮਲ ਸਨ, ਜੋ ਕੈਨੇਡਾ ਬੈਠੇ ਗੋਲਡੀ ਬਰਾੜ ਦੇ ਸਿੱਧੇ ਸੰਪਰਕ ਵਿਚ ਸਨ। ਦਿੱਲੀ ਪੁਲਿਸ ਨੇ ਹਰਿਆਣਾ ਦੇ ਤਿੰਨ ਨਿਸ਼ਾਨੇਬਾਜ਼ਾਂ ਪ੍ਰਿਆਵਰਤ ਫੌਜੀ, ਕਸ਼ਿਸ਼ ਉਰਫ਼ ਕੁਲਦੀਪ ਅਤੇ ਅੰਕਿਤ ਸਿਰਸਾ ਨੂੰ ਗ੍ਰਿਫ਼ਤਾਰ ਕੀਤਾ ਹੈ। ਹਰਿਆਣਾ ਦਾ ਦੀਪਕ ਮੁੰਡੀ, ਪੰਜਾਬ ਦਾ ਮੰਨੂ ਅਤੇ ਰੂਪਾ ਹਾਲੇ ਤੱਕ ਫਰਾਰ ਹਨ।

ਇਸ ਘਟਨਾਕ੍ਰਮ ਬਾਰੇ ਜਾਣਕਾਰੀ ਰੱਖਣ ਵਾਲੇ ਇਕ ਅਧਿਕਾਰੀ ਨੇ ਦੱਸਿਆ ਕਿ ਸਿਟ ਨੂੰ ਮੰਨੂ ਅਤੇ ਰੂਪਾ ਬਾਰੇ ਬਹੁਤ ਹੀ ਸੀਮਿਤ ਜਾਣਕਾਰੀ ਪ੍ਰਾਪਤ ਹੋਈ ਹੈ। ਇਸ ਦੌਰਾਨ ਦਿੱਲੀ ਪੁਲਿਸ ਨੇ ਵੀ ਮੰਨੂ ਅਤੇ ਰੂਪਾ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ ਹੈ, ਜਦਕਿ ਉਹ ਗੁਜਰਾਤ ਵਿਚ ਪ੍ਰਿਆਵਰਤ ਫੌਜੀ ਅਤੇ ਕਸ਼ਿਸ਼ ਉਰਫ ਕੁਲਦੀਪ ਨੂੰ ਲੱਭਣ ਵਿਚ ਸਫਲ ਰਹੇ ਸਨ। ਦਿੱਲੀ ਪੁਲਿਸ ਨੇ ਹਰਿਆਣਾ ਦੇ ਸ਼ੂਟਰਾਂ ਵੱਲੋਂ ਛੁਪਣਗਾਹ ਵਜੋਂ ਵਰਤੇ ਜਾਣ ਵਾਲੇ ਸਾਰੇ ਸੰਭਵ ਟਿਕਾਣਿਆਂ ਦਾ ਖੁਲਾਸਾ ਕੀਤਾ ਹੈ ਜਿਨ੍ਹਾਂ ਦੀ ਜਾਂਚ ਕੀਤੀ ਗਈ ਹੈ।

### ਪੁਲਿਸ ਲਈ ਸਿਰਦਰਦੀ ਬਣੀ ਹਥਿਆਰਾਂ ਦੀ ਬਰਾਮਦਗੀ

**ਮਾਨਸਾ:** ਮਾਨਸਾ ਪੁਲਿਸ ਲਈ ਸਿੱਧੂ ਮੂਸੇਵਾਲਾ ਦੇ ਕਤਲ ਵਿਚ ਵਰਤੇ ਗਏ ਹਥਿਆਰ ਬਰਾਮਦ ਕਰਵਾਉਣਾ ਹੁਣ ਸਭ ਤੋਂ ਵੱਡੀ ਸਿਰਦਰਦੀ ਬਣ ਗਿਆ ਹੈ। ਹੁਣ ਤੱਕ ਛੇ ਵਿਚੋਂ ਤਿੰਨ ਸ਼ੂਟਰ ਫੜੇ ਗਏ ਹਨ, ਪਰ ਉਨ੍ਹਾਂ ਕੋਲੋਂ ਵਾਰਦਾਤ ਸਮੇਂ ਵਰਤੇ ਗਏ ਹਥਿਆਰ ਬਰਾਮਦ ਨਹੀਂ ਕਰਵਾਏ ਜਾ ਸਕੇ। ਮਾਨਸਾ ਪੁਲਿਸ ਨੇ ਤਿੰਨ ਮੁੱਖ ਸ਼ੂਟਰਾਂ ਪ੍ਰਿਆਵਰਤ ਫੌਜੀ, ਕਸ਼ਿਸ਼ ਉਰਫ਼ ਕੁਲਦੀਪ ਅਤੇ ਕੇਸ਼ਵ ਨੂੰ ਦਿੱਲੀ ਤੋਂ ਲਿਆ ਕੇ ਇਥੋਂ ਦੀ ਅਦਾਲਤ ਪਾਸੋਂ ਰਿਮਾਂਡ ਲਿਆ ਹੋਇਆ ਹੈ। ਇਨ੍ਹਾਂ ਤਿੰਨਾਂ ਤੋਂ ਜ਼ਿਆਦਾਤਰ ਸਵਾਲ ਹਥਿਆਰਾਂ ਦੀ ਬਰਾਮਦਗੀ ਸਬੰਧੀ ਪੁੱਛੇ ਜਾ ਰਹੇ ਹਨ। ਪ੍ਰਿਆਵਰਤ ਫੌਜੀ ਅਤੇ ਕਸ਼ਿਸ਼ ਨੇ ਸਿੱਧੂ ਮੂਸੇਵਾਲਾ ਨੂੰ ਕਤਲ ਕਰਨ ਦੀ ਗੱਲ ਕਬੂਲ ਸੀ, ਪਰ ਪੁਲਿਸ ਉਨ੍ਹਾਂ ਕੋਲੋਂ ਕਤਲ ਸਮੇਂ ਵਰਤੇ ਗਏ ਹਥਿਆਰ ਬਰਾਮਦ ਨਹੀਂ ਕਰਵਾ ਸਕੀ।

# ਸਾਬਕਾ ਸਪੀਕਰ ਕਾਹਲੋਂ ਦਾ ਭਤੀਜਾ ਗ੍ਰਿਫਤਾਰ

**ਲੁਧਿਆਣਾ:** ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਕਤਲ ਕਾਂਡ ਦੇ ਤਾਰ ਹੁਣ ਅਕਾਲੀ ਆਗੂ ਤੇ ਸਾਬਕਾ ਵਿਧਾਨ ਸਭਾ ਸਪੀਕਰ ਨਿਰਮਲ ਸਿੰਘ ਕਾਹਲੋਂ ਦੇ ਭਤੀਜੇ ਸੰਦੀਪ ਸਿੰਘ ਕਾਹਲੋਂ ਦੇ ਨਾਲ ਜੁੜਦੇ ਨਜ਼ਰ ਆ ਰਹੇ ਹਨ। ਕਮਿਸ਼ਨਰੇਟ ਪੁਲਿਸ ਦੇ ਸੀ.ਆਈ.ਏ-1 ਦੀ ਟੀਮ ਨੇ ਨਿਰਮਲ ਸਿੰਘ ਕਾਹਲੋਂ ਦੇ ਭਤੀਜੇ ਸੰਦੀਪ ਸਿੰਘ ਕਾਹਲੋਂ ਨੂੰ ਗ੍ਰਿਫਤਾਰ ਕਰ ਲਿਆ ਹੈ।

ਜਾਣਕਾਰੀ ਮੁਤਾਬਕ ਸਿੱਧੂ ਮੂਸੇਵਾਲਾ ਕਤਲ ਕਾਂਡ ਤੋਂ 10 ਦਿਨ ਪਹਿਲਾਂ ਸੰਦੀਪ ਕਾਹਲੋਂ ਦਾ ਸਾਥੀ ਸਤਬੀਰ ਸਿੰਘ ਹੀ ਫਾਰਚੂਨਰ ਕਾਰ 'ਚ ਤਿੰਨ ਗੈਂਗਸਟਰਾਂ ਨੂੰ ਬਠਿੰਡਾ ਛੱਡ ਕੇ ਆਇਆ ਸੀ। ਉਥੇ ਬਲਦੇਵ ਚੌਧਰੀ ਨੇ ਗੈਂਗਸਟਰ ਗੋਲਡੀ ਬਰਾੜ ਦੇ ਹੁਕਮ 'ਤੇ ਉਨ੍ਹਾਂ ਨੂੰ ਹਥਿਆਰ ਮੁਹੱਈਆ ਕਰਵਾਏ ਸਨ। ਜਦੋਂ ਸੰਦੀਪ ਕਾਹਲੋਂ ਦਾ ਨਾਂ ਸਾਹਮਣੇ ਆਇਆ ਤਾਂ ਉਹ ਅੰਡਰ ਗਰਾਊਂਡ ਹੋ ਗਿਆ, ਬਾਅਦ 'ਚ ਕਮਿਸ਼ਨਰੇਟ ਪੁਲਿਸ ਦੀ ਸੀ.ਆਈ.ਏ. ਟੀਮ ਨੇ ਉਸ ਨੂੰ ਕਾਬੂ ਕਰ ਲਿਆ ਹੈ।

ਸੀ.ਆਈ.ਏ-1 ਇੰਚਾਰਜ ਇੰਸਪੈਕਟਰ ਬੇਅੰਤ ਜੁਨੇਜਾ ਨੇ ਦੱਸਿਆ ਕਿ ਸਤਬੀਰ ਤੋਂ ਕੀਤੀ ਪੁੱਛਗਿਛ 'ਚ ਪਤਾ ਲੱਗਿਆ ਹੈ ਕਿ ਸਿੱਧੂ ਮੂਸੇਵਾਲਾ ਦੇ ਕਤਲ ਤੋਂ ਦਸ ਦਿਨ ਪਹਿਲਾਂ ਸੰਦੀਪ ਸਿੰਘ ਕਾਹਲੋਂ ਨੇ ਹੀ ਮਨੀ ਰਈਆ, ਮਨਦੀਪ ਤੂਫ਼ਾਨ ਤੇ ਇਕ ਅਣਪਛਾਤੇ ਗੈਂਗਸਟਰ ਨੂੰ ਛੱਡਣ ਲਈ ਸਤਬੀਰ ਨੂੰ ਅੰਮ੍ਰਿਤਸਰ ਤੋਂ ਬਠਿੰਡਾ ਭੇਜਿਆ ਸੀ। ਪੁੱਛਗਿੱਛ ਵਿਚ ਇਹ ਗੱਲ ਵੀ ਸਾਹਮਣੇ



ਆਈ ਹੈ ਕਿ ਸਿੱਧੂ ਮੂਸੇਵਾਲਾ ਕਤਲ ਕਾਂਡ ਤੋਂ ਬਾਅਦ ਸੰਦੀਪ ਕਾਹਲੋਂ ਨੇ ਸਤਬੀਰ ਨੂੰ ਫੋਨ ਕਰ ਕੇ ਕਿਹਾ ਸੀ ਕਿ ਉਨ੍ਹਾਂ ਦੇ ਲੋਕਾਂ ਨੇ ਹੀ ਸਿੱਧੂ ਦਾ ਕਤਲ ਕੀਤਾ ਹੈ ਤੇ ਉਹ ਥੋੜ੍ਹਾ ਚੌਕਸ ਰਹੇ। ਇਹ ਵੀ ਗੱਲ ਹੋਈ ਸੀ ਕਿ ਉਹ ਉਨ੍ਹਾਂ ਦੇ ਜਾਅਲੀ ਪਾਸਪੋਰਟ ਦਾ ਪ੍ਰਬੰਧ ਕਰਨ ਦੀ ਕੋਸ਼ਿਸ਼ 'ਚ ਹੈ ਤਾਂ ਕਿ ਉਨ੍ਹਾਂ ਨੂੰ ਵਿਦੇਸ਼ ਭੇਜਿਆ ਜਾ ਸਕੇ। ਇੰਸਪੈਕਟਰ ਬੇਅੰਤ ਜੁਨੇਜਾ ਨੇ ਦੱਸਿਆ ਕਿ ਸੰਦੀਪ ਸਿੰਘ ਕਾਹਲੋਂ ਤੇ ਜੱਗੂ ਭਗਵਾਨਪੁਰੀਆ ਦੇ ਕਾਫ਼ੀ ਪੁਰਾਣੇ ਸਬੰਧ ਹਨ। ਗੈਂਗਸਟਰ ਮਨੀ ਰਈਆ ਤੇ ਸੰਦੀਪ ਤੂਫ਼ਾਨ ਦੋਵੇਂ ਜੱਗੂ ਦੇ ਪੁਰਾਣੇ ਸਾਥੀ ਹਨ। ਜੱਗੂ ਦੇ ਹੁਕਮ ਤੋਂ ਬਾਅਦ ਹੀ ਸੰਦੀਪ ਕਾਹਲੋਂ ਦੇ ਦਿਸ਼ਾ ਨਿਰਦੇਸ਼ਾਂ 'ਤੇ ਸਤਬੀਰ ਤਿੰਨਾਂ ਨੂੰ ਫਾਰਚੂਨਰ ਕਾਰ 'ਚ 19 ਮਈ ਨੂੰ ਬਠਿੰਡਾ ਛੱਡ ਕੇ ਆਇਆ ਸੀ।

# ਪੰਜਾਬ ਪੁਲਿਸ ਲਈ ਸਿਰਦਰਦੀ ਬਣੇ ਮੱਧ ਪ੍ਰਦੇਸ਼ ਤੇ ਯੂ.ਪੀ. ਦੇ ਹਥਿਆਰ

**ਚੰਡੀਗੜ੍ਹ:** ਪੰਜਾਬ ਵਿਚ ਸਰਗਰਮ ਗੈਂਗਸਟਰ ਜਿਥੇ ਸੂਬਾ ਪੁਲਿਸ ਲਈ ਚੁਣੌਤੀ ਬਣੇ ਹੋਏ ਹਨ, ਉਥੇ ਉਨ੍ਹਾਂ ਕੋਲ ਪੁੱਜ ਰਹੇ ਆਧੁਨਿਕ ਹਥਿਆਰ ਵੀ ਪੁਲਿਸ ਫੋਰਸ ਲਈ ਸਿਰਦਰਦੀ ਬਣ ਗਏ ਹਨ। ਪੰਜਾਬ ਸਰਕਾਰ ਨੂੰ ਇੰਟੈਲੀਜੈਂਸ ਤੋਂ ਮਿਲੀ ਜਾਣਕਾਰੀ ਦੇ ਆਧਾਰ ਉਤੇ ਸਾਹਮਣੇ ਆਇਆ ਹੈ ਕਿ ਸੂਬੇ ਵਿਚ ਸਰਗਰਮ ਗੈਂਗਸਟਰ ਪਾਕਿਸਤਾਨ ਦੀ ਸਰਹੱਦ ਪਾਰੋਂ ਆਉਣ ਵਾਲੇ ਅਤਿ ਆਧੁਨਿਕ ਹਥਿਆਰਾਂ ਦੀ ਖੇਪ ਪੰਜਾਬ ਵਿਚ ਪ੍ਰਾਪਤ ਵੀ ਕਰ ਰਹੇ ਹਨ ਅਤੇ ਉਨ੍ਹਾਂ ਦਾ ਇਸਤੇਮਾਲ ਹੋ ਰਿਹਾ ਹੈ। ਇਹ ਖੁਲਾਸਾ ਵੀ ਹੋਇਆ ਹੈ ਕਿ ਇਨ੍ਹਾਂ ਹਥਿਆਰਾਂ ਨੂੰ ਹੋਰ ਰਾਜਾਂ ਦੇ ਅਪਰਾਧੀਆਂ ਨੂੰ ਸਪਲਾਈ ਵੀ ਕੀਤਾ ਜਾ ਰਿਹਾ ਹੈ। ਇੰਨਾ ਹੀ ਨਹੀਂ, ਇਥੇ ਸਰਗਰਮ ਗੈਂਗਸਟਰਾਂ ਨੇ ਯੂ.ਪੀ., ਮੱਧ ਪ੍ਰਦੇਸ, ਹਰਿਆਣਾ, ਰਾਜਸਥਾਨ, ਦਿੱਲੀ, ਬਿਹਾਰ, ਹਿਮਾਚਲ ਪ੍ਰਦੇਸ਼ ਅਤੇ ਉਤਰਾਖੰਡ ਵਿਚ ਵੀ ਹਥਿਆਰਾਂ ਦੇ ਸਪਲਾਇਰਾਂ ਨਾਲ ਤਾਲ ਮੇਲ ਬਣਾ ਰੱਖਿਆ ਹੈ, ਜਿਥੋਂ ਉਨ੍ਹਾਂ ਨੂੰ ਵਰਤਣ ਲਈ ਦੇਸੀ ਕੱਟੇ ਪਿਸਤੌਲਾਂ, ਰਿਵਾਲਵਰਾਂ ਅਤੇ ਇਸ ਦੇ ਨਾਲ



ਹੈਂਡ ਗ੍ਰਨੇਡ ਵਰਗੇ ਖਤਰਨਾਕ ਹਥਿਆਰ ਉਪਲਬਧ ਕਰਵਾਏ ਜਾ ਰਹੇ ਹਨ।

ਇਸ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਦੇਸ ਦੇ ਅੰਦਰੂਨੀ ਇਲਾਕਿਆਂ ਵਿਚ ਅਪਰਾਧੀ ਅਤੇ ਗੈਂਗਸਟਰ ਯੂ.ਪੀ ਬਿਹਾਰ ਅਤੇ ਮੱਧ ਪ੍ਰਦੇਸ ਤੋਂ ਛੋਟੇ ਹਥਿਆਰ ਜ਼ਿਆਦਾ ਮੰਗਵਾਉਣ ਲੱਗੇ ਹਨ। ਦੱਸਿਆ ਜਾ ਰਿਹਾ ਹੈ ਕਿ ਇਨ੍ਹਾਂ ਇਲਾਕਿਆਂ ਤੋਂ ਲਿਆਂਦੇ ਹਥਿਆਰ ਗੈਂਗਸਟਰ ਅਤੇ ਹੋਰ ਅਪਰਾਧੀ ਪੰਜਾਬ ਸਮੇਤ ਹੋਰਨਾਂ ਸੂਬਿਆਂ ਵਿਚ ਖੁੱਲ੍ਹ ਕੇ ਇਸਤੇਮਾਲ ਕਰ ਰਹੇ ਹਨ, ਜੋ ਪੰਜਾਬ ਸਮੇਤ ਹੋਰਨਾਂ ਰਾਜਾਂ ਦੀ ਪੁਲਿਸ ਲਈ ਵੱਡੀ ਸਿਰਦਰਦੀ ਬਣੇ ਹੋਏ ਹਨ।

# ਪੰਜਾਬੀ ਯੂਨੀਵਰਸਿਟੀ ਨੇ ਬਲੱਡ ਪ੍ਰੈਸ਼ਰ ਕੰਟਰੋਲ ਕਰਨ ਦੀ ਵਿਧੀ ਲੱਭੀ

**ਪਟਿਆਲਾ:** ਪੰਜਾਬੀ ਯੂਨੀਵਰਸਿਟੀ ਦੀ ਤਾਜ਼ਾ ਖੋਜ ਰਾਹੀਂ ਬਲੱਡ ਪ੍ਰੈਸ਼ਰ ਕਾਬੂ ਰੱਖਣ ਲਈ ਲੋੜੀਂਦੇ ਪ੍ਰੋਟੀਨਾਂ ਵਿਚਲੇ ਵਿਸ਼ੇਸ਼ ਕਣਾਂ 'ਪੈਪਟਾਈਡਜ਼' ਨੂੰ ਪੈਦਾ ਕਰਨ ਦੀ ਵਿਧੀ ਲੱਭੀ ਗਈ ਹੈ। ਇਸ ਖੋਜ ਅਨੁਸਾਰ ਦਹੀਂ ਵਿਚਲੇ ਬੈਕਟੀਰੀਆ ਦੀ ਮਦਦ ਨਾਲ ਇਹ 'ਪੈਪਟਾਈਡਜ਼' ਪੈਦਾ ਕੀਤੇ ਜਾ ਸਕਦੇ ਹਨ। ਇਹ ਬੈਕਟੀਰੀਆ ਖਾਣ ਪੱਖੋਂ ਸੁਰੱਖਿਅਤ ਹਨ। ਇਨ੍ਹਾਂ ਨੂੰ ਸਿੱਧਿਆਂ ਵੀ ਖਾਧਾ ਜਾ ਸਕਦਾ ਹੈ ਜਾਂ ਫਿਰ ਇਸ ਵਿਧੀ ਰਾਹੀਂ ਪੈਦਾ ਕੀਤੇ ਇਨ੍ਹਾਂ ਵਿਸ਼ੇਸ਼ 'ਪੈਪਟਾਈਡਜ਼' ਨੂੰ ਸੋਧ ਕੇ ਦਵਾਈ ਵਾਂਗ ਵੀ ਲਿਆ ਜਾ ਸਕਦਾ ਹੈ। ਬਲੱਡ ਪ੍ਰੈਸ਼ਰ ਕਾਬੂ ਰੱਖਣ ਦਾ ਇਹ ਕੁਦਰਤੀ ਢੰਗ ਹੈ ਜੋ ਦਵਾਈਆਂ ਦਾ ਬਦਲ ਬਣ ਸਕਦਾ ਹੈ।





ਯੂਨੀਵਰਸਿਟੀ ਦੇ ਬਾਇਓਟੈਕਨੌਲਜੀ ਵਿਭਾਗ ਤੋਂ ਡਾ. ਪਰਵੀਨ ਪੀ. ਬਲਗੀਰ ਦੀ ਨਿਗਰਾਨੀ ਵਿਚ ਖੋਜਾਰਥੀ ਮਲਿਕਾ ਸ਼ਰਮਾ ਦੇ ਇਸ ਖੋਜ ਕਾਰਜ ਰਾਹੀਂ ਖਾਧ ਪਦਾਰਥਾਂ ਵਿਚਲੇ ਪ੍ਰੋਟੀਨਾਂ ਨੂੰ ਆਧਾਰ ਬਣਾ ਕੇ ਉਨ੍ਹਾਂ ਵਿਚਲੇ ਅਜਿਹੇ ਪੈਪਟਾਈਡਜ਼ ਦੀ ਨਿਸ਼ਾਨਦੇਹੀ ਹੀ ਨਹੀਂ ਕੀਤੀ ਗਈ ਸਗੋਂ ਇਨ੍ਹਾਂ ਨੂੰ ਪੈਦਾ ਕਰਨ ਦੀ ਵਿਧੀ ਵੀ ਲੱਭ ਲਈ ਹੈ। ਡਾ. ਬਲਗੀਰ ਮੁਤਾਬਿਕ, ਹੁਣ ਤਕ ਦੀ ਖੋਜ ਵਿਚ ਇਹ ਸਿੱਧ ਹੋ ਚੁੱਕਿਆ ਹੈ ਕਿ ਸਾਡੇ ਭੋਜਨ ਵਿਚ ਵੱਖ-ਵੱਖ ਪ੍ਰੋਟੀਨਾਂ ਵਿਚ ਕੁਝ ਅਜਿਹੇ ਕਣ ਹੁੰਦੇ ਹਨ ਜੋ ਬਲੱਡ ਪ੍ਰੈਸ਼ਰ ਕਾਬੂ ਰੱਖ ਸਕਦੇ ਹਨ। ਜੇਕਰ ਸਬੰਧਿਤ ਪਦਾਰਥਾਂ ਅਤੇ ਉਨ੍ਹਾਂ ਵਿਚ ਮੌਜੂਦ ਅਜਿਹੇ ਕਣਾਂ ਬਾਰੇ ਸਪਸ਼ਟ ਹੋ ਜਾਵੇ ਤਾਂ ਇਹ ਇਨ੍ਹਾਂ ਦੀ ਵਰਤੋਂ ਨਾਲ ਦਵਾਈਆਂ ਤੋਂ ਬਚਿਆ ਜਾ ਸਕਦਾ ਹੈ।

ਖੋਜਾਰਥੀ ਮਲਿਕਾ ਸ਼ਰਮਾ ਅਨੁਸਾਰ ਅਜਿਹੀਆਂ ਖੋਜਾਂ ਲਈ ਪਹਿਲਾਂ ਜਾਨਵਰਾਂ ਉੱਤੇ ਤਜਰਬੇ ਕੀਤੇ ਜਾਂਦੇ ਹਨ। ਇਸ ਖੋਜ ਵਿਚ ਚੂਹਿਆਂ ਦੇ ਸਰੀਰ ਉਪਰ ਹੁੰਦੇ ਅਸਰ ਦੇ ਅੰਕੜੇ ਜੁਟਾਉਣ ਲਈ ਤਜਰਬੇ ਕੀਤੇ ਜਾਂਦੇ ਰਹੇ ਹਨ। ਡਾ. ਬਲਗੀਰ ਨੇ ਦੱਸਿਆ ਕਿ ਇਸ ਖੋਜ ਦੇ ਨਤੀਜੇ ਅਜੇ ਜਾਨਵਰਾਂ 'ਤੇ ਹੁੰਦੇ ਅਸਰ 'ਤੇ ਹੀ ਆਧਾਰਿਤ ਹਨ। ਮਨੁੱਖਾਂ ਉੱਤੇ ਹੋਣ ਵਾਲੇ ਅਸਰ ਬਾਰੇ ਅਜੇ ਅਗਲੇਰੇ ਪੜਾਅ 'ਤੇ ਤਜਰਬੇ ਕਰਨ ਦੀ ਲੋੜ ਬਾਕੀ ਹੈ।

ਇਸ ਮੌਕੇ ਵਾਈਸ ਚਾਂਸਲਰ ਪ੍ਰੋ. ਅਰਵਿੰਦ ਨੇ ਡਾ. ਪਰਵੀਨ ਅਤੇ ਖੋਜਾਰਥੀ ਮਲਿਕਾ ਸ਼ਰਮਾ ਨੂੰ ਇਸ ਖੋਜ ਲਈ ਵਧਾਈ ਦਿੱਤੀ ਅਤੇ ਕਿਹਾ ਕਿ ਸਾਨੂੰ ਅਜਿਹੀਆਂ ਖੋਜਾਂ ਦੀ ਹੀ ਵਧੇਰੇ ਲੋੜ ਹੈ ਜੋ ਮਨੁੱਖਤਾ ਦੀ ਭਲਾਈ ਲਈ ਕੰਮ ਆ ਸਕਣ।

ਪੰਜਾਬ ਟਾਈਮਜ਼

*ਸਨਿਚਰਵਾਰ, 16 ਜੁਲਾਈ 2022*

## ਪੰਜਾਬ ਦਾ ਸਿਆਸੀ ਮਾਹੌਲ

ਪੰਜਾਬ ਅੰਦਰ ਸਿਆਸੀ ਸਰਗਰਮੀ ਵਧਣ ਨਾਲ ਮਾਹੌਲ ਵਾਹਵਾ ਭਖ ਗਿਆ ਹੈ। ਮੱਤੇਵਾੜਾ ਜੰਗਲ ਦੇ ਮਾਮਲੇ ਵਿਚ ਮੁੱਖ ਮੰਤਰੀ ਭਗਵੰਤ ਮਾਨ ਨੂੰ ਟੈਕਸਟਾਈਲ ਪਾਰਕ ਬਣਾਉਣ ਦਾ ਫੈਸਲਾ ਵਾਪਸ ਲੈਣਾ ਪਿਆ ਹੈ। ਆਪਣੇ ਪਲੇਠੇ ਬਜਟ ਸੈਸ਼ਨ ਵਿਚ ਸਰਕਾਰ ਨੇ ਇਸ ਪ੍ਰੋਜੈਕਟ ਬਾਰੇ ਬੜਾ ਫੁੱਬ ਕੇ ਦੱਸਿਆ ਸੀ ਅਤੇ ਆਪਣੇ ਬਜਟ ਭਾਸ਼ਣ ਵਿਚ ਵਿੱਤ ਮੰਤਰੀ ਹਰਪਾਲ ਚੀਮਾ ਨੇ ਇਸ ਟੈਕਸਟਾਈਲ ਪਾਰਕ ਬਾਰੇ ਉਚੇਚਾ ਜ਼ਿਕਰ ਕੀਤਾ ਸੀ ਪਰ ਹੌਲੀ-ਹੌਲੀ ਇਹ ਮੁੱਦਾ ਵਾਤਾਵਰਨ ਦੇ ਨਾਲ-ਨਾਲ ਵਿਰਾਸਤ ਦਾ ਮੁੱਦਾ ਬਣ ਕੇ ਉਭਰ ਆਇਆ। ਮੱਤੇਵਾੜਾ ਜੰਗਲ ਬਚਾਉਣ ਲਈ ਬਣਾਈ ਪਬਲਿਕ ਐਕਸ਼ਨ ਕਮੇਟੀ ਦੀ ਅਗਵਾਈ ਹੇਠ ਲੋਕਾਂ ਦੀ ਲਾਮਬੰਦੀ ਨੂੰ ਦੇਖਦਿਆਂ 'ਆਪ' ਸਰਕਾਰ ਨੇ ਇਹ ਪ੍ਰੋਜੈਕਟ ਰੱਦ ਕਰਨ ਵਿਚ ਹੀ ਬਿਹਤਰੀ ਸਮਝੀ। ਉਂਝ, ਜਦੋਂ ਅਮਰਿੰਦਰ ਸਰਕਾਰ ਨੇ ਇਹ ਪ੍ਰੋਜੈਕਟ ਲਿਆਂਦਾ ਸੀ ਤਾਂ ਆਮ ਆਦਮੀ ਪਾਰਟੀ (ਆਪ) ਨੇ ਇਸ ਦਾ ਵਿਰੋਧ ਕੀਤਾ ਪਰ ਫਿਰ ਖੁਦ ਇਹ ਪ੍ਰੋਜੈਕਟ ਲੈ ਆਂਦਾ ਅਤੇ ਹੁਣ ਲੋਕਾਂ ਦੇ ਰੋਹ ਅੱਗੇ ਝੁਕਦਿਆਂ ਆਪਣਾ ਕੀਤਾ ਫੈਸਲਾ ਵਾਪਸ ਵੀ ਲੈ ਲਿਆ।

ਇਸ ਦੇ ਨਾਲ ਹੀ ਪੰਜਾਬ ਅੰਦਰ ਕੀਤੀ ਦੋ ਨਿਯੁਕਤੀਆਂ ਤੋਂ ਬਾਅਦ ਵਿਰੋਧੀ ਧਿਰ ਨੇ ਸਰਗਰਮੀ ਵਧਾ ਦਿੱਤੀ ਹੈ। ਪਹਿਲੀ ਨਿਯੁਕਤੀ ਪੰਜਾਬ ਦੇ ਕੋਟੇ ਵਿਚੋਂ ਰਾਜ ਸਭਾ ਮੈਂਬਰ ਬਣਾਏ ਦਿੱਲੀ ਦੇ 'ਆਪ' ਆਗੂ ਰਾਘਵ ਚੱਢਾ ਦੀ ਹੈ। ਉਸ ਨੂੰ ਪੰਜਾਬ ਸਰਕਾਰ ਲਈ ਸਲਾਹਕਾਰ ਕਮੇਟੀ ਦਾ ਚੇਅਰਮੈਨ ਥਾਪਿਆ ਗਿਆ ਹੈ। ਇਸ ਨਿਯੁਕਤੀ ਨਾਲ ਉਸ ਨੂੰ ਕੈਬਿਨਿਟ ਰੈਂਕ ਮਿਲ ਗਿਆ ਹੈ ਅਤੇ ਉਹ ਇਸ ਕਮੇਟੀ ਦੇ ਮੁਖੀ ਦੀ ਹੈਸੀਅਤ ਵਿਚ ਉਚ ਅਫਸਰਾਂ ਦੀਆਂ ਮੀਟਿੰਗਾਂ ਵਿਚ ਵੀ ਭਾਗ ਲੈ ਸਕੇਗਾ। ਇਸ ਨਿਯੁਕਤੀ ਨੂੰ ਪੰਜਾਬ ਸਰਕਾਰ ਅੰਦਰ ਦਿੱਲੀ ਦਾ ਸਿੱਧਾ ਦਖਲ ਆਖਿਆ ਗਿਆ ਹੈ। ਰਾਘਵ ਚੱਢਾ ਦੀ ਇਸ ਨਿਯੁਕਤੀ ਨੂੰ ਹਾਈ ਕੋਰਟ ਵਿਚ ਚੁਣੌਤੀ ਵੀ ਦੇ ਦਿੱਤੀ ਗਈ ਹੈ। ਪਟੀਸ਼ਨਰ ਨੇ ਦਲੀਲ ਦਿੱਤੀ ਹੈ ਕਿ ਇਸ ਨਿਯੁਕਤੀ ਲਈ ਸੰਵਿਧਾਨ ਦੀ ਉਲੰਘਣਾ ਕੀਤੀ ਗਈ ਹੈ, ਮੁੱਖ ਮੰਤਰੀ ਅਜਿਹੀ ਕੋਈ ਨਿਯੁਕਤੀ ਕਰ ਨਹੀਂ ਸਕਦਾ, ਇਹ ਅਧਿਕਾਰ ਸਿਰਫ ਰਾਜਪਾਲ ਦਾ ਹੈ। ਦੂਜੀ ਨਿਯੁਕਤੀ ਪੰਜਾਬ ਦੇ ਕਹਿੰਦੇ-ਕਹਾਉਂਦੇ ਕਾਰੋਬਾਰੀ, ਟ੍ਰਾਈਡੈਂਟ ਦੇ ਮੁਖੀ ਰਾਜਿੰਦਰ ਗੁਪਤਾ ਦੀ ਹੈ ਜਿਸ ਨੂੰ ਪੰਜਾਬ ਆਰਥਿਕ ਨੀਤੀ ਅਤੇ ਯੋਜਨਾ ਬੋਰਡ ਦਾ ਵਾਈਸ ਚੇਅਰਮੈਨ ਬਣਾਇਆ ਹੈ। ਇਸ ਤੋਂ ਪਹਿਲੀਆਂ ਅਕਾਲੀ ਦਲ ਅਤੇ ਕਾਂਗਰਸ ਸਰਕਾਰਾਂ ਵੇਲੇ ਵੀ ਉਹ ਇਸ ਅਹੁਦੇ 'ਤੇ ਬਿਰਾਜਮਾਨ ਰਿਹਾ ਹੈ। ਹੁਣ ਸਵਾਲ ਪੈਦਾ ਹੋ ਗਿਆ ਹੈ ਕਿ ਸਰਕਾਰ ਬਦਲਣ ਨਾਲ ਫਿਰ ਬਦਲਿਆ ਕੀ ਹੈ? ਸਭ ਕੁਝ ਤਾਂ ਪਹਿਲੀਆਂ ਸਰਕਾਰਾਂ ਵਾਂਗ ਹੋ ਰਿਹਾ ਹੈ!

ਤੀਜਾ ਵੱਡਾ ਮਸਲਾ ਚੰਡੀਗੜ੍ਹ ਉਤੇ ਪੰਜਾਬ ਦੀ ਦਾਅਵੇਦਾਰੀ ਨਾਲ ਸਬੰਧਿਤ ਹੈ। ਪਿਛਲੇ ਕੁਝ ਸਮੇਂ ਤੋਂ ਮੋਦੀ ਸਰਕਾਰ ਗਿਣ-ਮਿਥ ਕੇ ਚੰਡੀਗੜ੍ਹ ਤੋਂ ਪੰਜਾਬ ਦੀ ਦਾਅਵੇਦਾਰੀ ਖਤਮ ਕਰਨ ਦੇ ਰਾਹ ਪਈ ਹੋਈ ਹੈ। ਇਸ ਤੋਂ ਪਹਿਲਾਂ ਚੰਡੀਗੜ੍ਹ ਵਿਚ ਕੇਂਦਰੀ ਸੇਵਾ ਨੇਮ ਲਾਗੂ ਕਰਨੇ, ਪੰਜਾਬ ਯੂਨੀਵਰਸਿਟੀ ਨੂੰ ਕੇਂਦਰੀ ਯੂਨੀਵਰਸਿਟੀ ਬਣਾਉਣ ਲਈ ਕਹਿਣਾ ਅਤੇ ਹੁਣ ਹਰਿਆਣਾ ਨੂੰ ਵੱਖਰੀ ਵਿਧਾਨ ਸਭਾ ਬਣਾਉਣ ਲਈ ਚੰਡੀਗੜ੍ਹ ਵਿਚ ਹੀ ਜ਼ਮੀਨ ਦੇਣ ਬਾਰੇ ਕੇਂਦਰੀ ਗ੍ਰਹਿ ਮੰਤਰੀ ਦਾ ਬਿਆਨ ਹੈ। ਅਮਿਤ ਸ਼ਾਹ ਦੇ ਐਲਾਨ ਤੋਂ ਬਾਅਦ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਟਵੀਟ ਨਾਲ ਮਸਲਾ ਹੋਰ ਵੀ ਭਖ ਗਿਆ ਹੈ। ਭਗਵੰਤ ਮਾਨ ਵੱਲੋਂ ਵੀ ਪੰਜਾਬ ਲਈ ਵੱਖਰੀ ਵਿਧਾਨ ਸਭਾ ਮੰਗਣ ਤੋਂ ਬਾਅਦ ਉਸ ਦੀ ਸਿਆਸੀ ਸੂਝਬੂਝ ਉਤੇ ਵੀ ਸਵਾਲੀਆ ਨਿਸ਼ਾਨ ਲਾਏ ਜਾ ਰਹੇ ਹਨ। ਆਪਣੀ ਗੁਆਚੀ ਜ਼ਮੀਨ ਲਈ ਹੱਥ-ਪੈਰ ਮਾਰ ਰਹੇ ਸ਼੍ਰੋਮਣੀ ਅਕਾਲੀ ਦਲ ਨੇ ਤਾਂ ਮੁੱਖ ਮੰਤਰੀ ਦੇ ਇਸ ਟਵੀਟ ਨੂੰ ਆਧਾਰ ਬਣਾ ਕੇ ਸਿਆਸੀ ਪੱਤਾ ਖੇਡਣ ਦਾ ਯਤਨ ਵੀ ਕੀਤਾ ਹੈ।

ਉਂਝ, ਇਹ ਗੱਲ ਸਪਸ਼ਟ ਹੋ ਗਈ ਹੈ ਕਿ ਪਿਛਲੇ ਚਾਰ ਮਹੀਨਿਆਂ ਦੌਰਾਨ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਜਿੰਨੇ ਵੀ ਅਹਿਮ ਫੈਸਲੇ ਕੀਤੇ ਹਨ, ਸਭ ਵਿਵਾਦਾਂ ਵਿਚ ਘਿਰੇ ਰਹੇ ਹਨ। ਪੰਜਾਬ ਦੇ ਲੋਕਾਂ ਨੇ ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ ਵਰਗੀਆਂ ਰਵਾਇਤੀ ਪਾਰਟੀਆਂ ਤੋਂ ਔਖੇ ਹੋ ਕੇ ਬਦਲਵੀਂ ਸਰਕਾਰ ਲਈ ਆਮ ਆਦਮੀ ਪਾਰਟੀ ਨੂੰ ਮਿਸਾਲੀ ਜਿੱਤ ਦਿਵਾਈ ਸੀ ਪਰ ਇਹ ਸਰਕਾਰ ਲੋਕਾਂ ਦੀਆਂ ਉਮੀਦਾਂ 'ਤੇ ਪੂਰੀ ਨਹੀਂ ਉਤਰ ਰਹੀ। ਕੁਝ ਸਿਆਸੀ ਵਿਸ਼ਲੇਸ਼ਕ ਇਹ ਵੀ ਕਹਿ ਰਹੇ ਹਨ ਕਿ ਲੋਕ ਵੀ ਬਹੁਤ ਜਲਦਬਾਜ਼ੀ ਕਰ ਰਹੇ ਹਨ, ਸਰਕਾਰ ਨੂੰ ਆਪਣੀ ਕਾਰਗੁਜ਼ਾਰੀ ਦਿਖਾਉਣ ਲਈ ਕੁਝ ਸਮਾਂ ਤਾਂ ਦੇਣਾ ਚਾਹੀਦਾ ਹੈ ਪਰ ਜਿਸ ਤਰ੍ਹਾਂ ਸਰਕਾਰ ਚਲਾਈ ਜਾ ਰਹੀ ਹੈ ਅਤੇ ਜਿਸ ਤਰ੍ਹਾਂ ਆਮ ਆਦਮੀ ਪਾਰਟੀ ਦੇ ਦਿੱਲੀ ਵਾਲੇ ਆਗੂਆਂ ਦਾ ਪੰਜਾਬ ਸਰਕਾਰ ਉਤੇ ਅਸਰ ਦਿਖਾਈ ਦੇ ਰਿਹਾ ਹੈ, ਉਸ ਨਾਲ ਪੰਜਾਬ ਦੇ ਪਾਰਟੀ ਆਗੂਆਂ ਨੂੰ ਜਵਾਬ ਦੇਣਾ ਔਖਾ ਹੋਇਆ ਪਿਆ ਹੈ। ਕੁਝ ਲੋਕ ਤਾਂ ਆਮ ਆਦਮੀ ਪਾਰਟੀ ਦੇ ਮੁਖੀ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਭਾਰਤੀ ਜਨਤਾ ਪਾਰਟੀ ਦੇ ਤਾਨਾਸ਼ਾਹ ਆਗੂ ਅਤੇ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੇਲ ਰਹੇ ਹਨ। ਕੁਝ ਵੀ ਹੋਵੇ, ਇਸ ਵਕਤ ਪੰਜਾਬ ਡਾਢੇ ਸੰਕਟ ਵਿਚ ਘਿਰਿਆ ਹੋਇਆ ਹੈ ਪਰ ਸਰਕਾਰ ਨੇ ਪੰਜਾਬ ਨੂੰ ਸੰਕਟ ਵਿਚੋਂ ਕੱਢਣ ਲਈ ਅਜੇ ਤੱਕ ਇਕ ਵੀ ਕਦਮ ਨਹੀਂ ਉਠਾਇਆ ਹੈ। ਪੰਜਾਬ ਸਿਰ ਚੜ੍ਹੇ ਕਰਜ਼ੇ ਕਾਰਨ ਸੂਬੇ ਦਾ ਅਰਥਚਾਰਾ ਡਾਵਾਂਡੋਲ ਹੈ, ਸਿਹਤ ਅਤੇ ਸਿੱਖਿਆ ਦੇ ਖੇਤਰਾਂ ਦਾ ਬੁਰਾ ਹਾਲ ਹੈ। ਲੋਕਾਂ ਨੂੰ ਆਸ ਸੀ ਕਿ ਨਵੀਂ ਸਰਕਾਰ ਘੱਟੋ-ਘੱਟ ਪ੍ਰਸ਼ਾਸਕੀ ਸੁਧਾਰ ਤਾਂ ਕਰ ਹੀ ਦੇਵੇਗੀ ਪਰ ਇਸ ਮਾਮਲੇ ਵਿਚ ਵੀ ਸਰਕਾਰ ਬੁਰੀ ਤਰ੍ਹਾਂ ਨਾਕਾਮ ਸਾਬਤ ਹੋਈ ਹੈ। ਹੋਰ ਤਾਂ ਮੁੱਖ ਮੰਤਰੀ ਭਗਵੰਤ ਮਾਨ ਦੀ ਪ੍ਰਸ਼ਾਸਨ ਉਤੇ ਪਕੜ ਆਏ ਦਿਨ ਢਿੱਲੀ ਪੈ ਰਹੀ ਹੈ। ਜ਼ਾਹਿਰ ਹੈ ਕਿ ਲੋਕਾਂ ਨੇ ਜਿਸ ਉਮੀਦ ਨਾਲ ਆਮ ਆਦਮੀ ਪਾਰਟੀ ਨੂੰ ਸੱਤਾ ਸੌਂਪੀ ਸੀ, ਉਸ ਮੁਤਾਬਿਕ ਸਰਕਾਰ ਦੀ ਕਾਰਗੁਜ਼ਾਰੀ ਬਹੁਤ ਪਛੜ ਰਹੀ ਹੈ। ਆਮ ਆਦਮੀ ਪਾਰਟੀ ਦੀ ਲੀਡਰਸ਼ਿਪ, ਖਾਸਕਰ ਪੰਜਾਬ ਦੀ ਲੀਡਰਸ਼ਿਪ ਨੂੰ ਇਸ ਬਾਰੇ ਸੰਜੀਦਗੀ ਨਾਲ ਵਿਚਾਰ-ਵਟਾਂਦਰਾ ਕਰਨਾ ਚਾਹੀਦਾ ਹੈ ਤਾਂ ਕਿ ਸੰਕਟ ਨਾਲ ਜੂਝ ਰਹੇ ਸੂਬੇ ਅਤੇ ਲੋਕਾਂ ਨੂੰ ਰਾਹਤ ਮਿਲ ਸਕੇ।

### ਠਾਹ-ਸੋਟਾ

-ਚਾਚਾ ਬੇਲਿਹਾਜ਼

### *ਵਿਆਹ 'ਚ ਬੀ ਦਾ ਲੇਖਾ?*

ਪੈਂਦੀ ਹੋਵੇ 'ਗਤਗੱਜ' ਮਨਮਰਜ਼ੀਆਂ ਦੀ, ਉਦੋਂ ਵਿਰਸੇ ਦਾ 'ਡੌਰੂ' ਖੜਕਾਈ ਦਾ ਨਹੀਂ।
'ਧਨੀਂ ਅਕਲ' ਦਾ ਸਾਰਾ ਜਹਾਨ ਹੋਇਆ, ਮੱਤਾਂ ਦੇਣ ਲਈ ਸਿਰ ਖਪਾਈ ਦਾ ਨਹੀਂ।
ਢਕੀ ਰਿੱਝਦੀ ਕਿਸੇ ਨੇ ਰਿੰਨ੍ਹ ਲਈ ਜੇ, 'ਤੁੜਕਾ' ਹੋਰ ਫਿਰ ਓਸਨੂੰ ਲਾਈਦਾ ਨਹੀਂ।
ਖਾਉ 'ਅੰਗ' ਜੋ ਉਹੀ ਅੰਗਿਆਰ ਹੁੰਗੂ, ਐਵੇਂ ਆਪਣਾ ਆਪ ਸੜਾਈਦਾ ਨਹੀਂ।
ਵੇਲੋਂ ਸਿਰ 'ਨਮਾਜ਼' ਹੀ ਪੜ੍ਹੀ ਸੋਂਹਦੀ, ਮਗਰੋਂ ਰਾਗ 'ਕੁਵੇਲੇ ਦਾ' ਗਾਈਦਾ ਨਹੀਂ।
ਹੁੰਦੇ ਵਿਆਹ 'ਬੀ-ਲੇਖੇ' ਦੇ ਦੇਖ ਲਈਏ, 'ਬੀ ਦਾ ਲੇਖਾ' ਵਿਆਹਾਂ ਵਿਚ ਪਾਈਦਾ ਨਹੀਂ!

# ਮੱਤੇਵਾੜਾ ਜੰਗਲ ਵਾਲੀ ਜਿੱਤ ਦੇ ਅਰਥ

**ਮੱਤੇਵਾੜਾ ਪ੍ਰੋਜੈਕਟ ਦੇ ਮਾਮਲੇ ਵਿਚ 'ਆਪ' ਦੀ ਡਾਵਾਂਡੋਲ ਹਾਲਤ ਇਸ ਹੱਦ ਤੱਕ ਗਈ ਕਿ ਇਨ੍ਹਾਂ ਨੇ ਤਿੰਨ ਸਟੈਂਡ ਬਦਲੇ ਹਨ। ਅਮਰਿੰਦਰ ਸਰਕਾਰ ਸਮੇਂ ਮੱਤੇਵਾੜਾ ਪ੍ਰੋਜੈਕਟ ਦਾ ਵਿਰੋਧ ਕੀਤਾ, ਸੱਤਾ ਵਿਚ ਆਉਣ ਸਮੇਂ ਵਿਧਾਨ ਸਭਾ ਸੈਸ਼ਨ ਦੌਰਾਨ ਪ੍ਰੋਜੈਕਟ ਦੇ ਪੱਖ ਵਿਚ ਭੂਮਿਕਾ ਅਦਾ ਕੀਤੀ ਅਤੇ ਲੋਕਾਂ ਦੇ ਵਿਰੋਧ ਤੋਂ ਬਾਅਦ ਪ੍ਰੋਜੈਕਟ ਰੱਦ ਕਰਨ ਦਾ ਐਲਾਨ ਕਰਨਾ ਪਿਆ। ਥੋੜ੍ਹੇ-ਬਹੁਤੇ ਫਰਕ ਨਾਲ ਖੇਤੀ ਕਾਨੂੰਨਾਂ ਦੇ ਮਾਮਲੇ 'ਤੇ ਬਾਦਲ ਪਰਿਵਾਰ ਅਤੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੀ ਭੂਮਿਕਾ ਵੀ ਇਸੇ ਤਰ੍ਹਾਂ ਦੀ ਸੀ। ਨਵਕਿਰਨ ਸਿੰਘ ਪੱਤੀ ਨੇ ਸਮੁੱਚੇ ਹਾਲਾਤ ਬਾਰੇ ਚਰਚਾ ਆਪਣੇ ਇਸ ਲੇਖ ਵਿਚ ਕੀਤੀ ਹੈ।**

ਜਲ, ਜੰਗਲ ਤੇ ਜ਼ਮੀਨ ਸਾਡੀ ਜ਼ਿੰਦਗੀ ਦਾ ਪਹੀਆ ਘੁੰਮਦਾ ਰੱਖਣ ਦੀ ਬੁਨਿਆਦ ਹਨ, ਇਸ ਲਈ ਸਾਨੂੰ ਇਸ ਮਸਲੇ 'ਤੇ ਡਟਣ ਦੀ ਲੋੜ ਹੈ। ਇਤਿਹਾਸਕ ਤੌਰ 'ਤੇ ਪੂਰੀ ਦੁਨੀਆ ਵਿਚੋਂ ਪਾਣੀਆਂ ਨਾਲ ਸਾਡੇ ਪਿਆਰ ਤੇ ਨਿਰਭਰਤਾ ਦੀ ਖ਼ੂਬਸੂਰਤੀ ਇਹ ਹੈ ਕਿ ਸਾਡੇ ਸੂਬੇ/ਖੇਤਰ ਦਾ ਨਾਮ ਹੀ ਪਾਣੀਆਂ ਨਾਲ ਜੋੜ ਕੇ ਰੱਖਿਆ ਗਿਆ। ਪਹਿਲਾਂ ਸਪਤ-ਸਿੰਧੂ ਤੇ ਹੁਣ ਪੰਜਾਬ। ਪਿਛਲੇ ਕੁਝ ਦਹਾਕਿਆਂ ਦੌਰਾਨ ਕਾਰਪੋਰੇਟ ਘਰਾਣਿਆਂ ਨੂੰ ਫਾਇਦਾ ਪਹੁੰਚਾਉਣ ਦੀ ਮਨਸ਼ਾ ਤਹਿਤ ਇੱਥੋਂ ਦੀਆਂ



ਸਰਕਾਰਾਂ ਨੇ ਅਖੌਤੀ ਵਿਕਾਸ ਦੇ ਨਾਮ ਹੇਠ ਜਲ, ਜੰਗਲ ਤੇ ਜ਼ਮੀਨ ਨੂੰ ਤਬਾਹੀ ਦੇ ਕੰਢੇ ਧੱਕ ਦਿੱਤਾ ਹੈ। ਸਭ ਤੋਂ ਵੱਧ ਉਪਜਾਊ ਜ਼ਮੀਨ ਵਾਲੇ ਪੰਜਾਬ ਵਿਚ ਨਾ-ਮਾਤਰ

**ਨਵਕਿਰਨ ਸਿੰਘ ਪੱਤੀ**
**ਈਮੇਲ:** n4navkiran@gmail. com

ਖੇਤਰ ਜੰਗਲ ਅਧੀਨ ਹੈ ਤੇ ਸਭ ਤੋਂ ਜ਼ਿਆਦਾ ਸਨਅਤਾਂ ਵਾਲੇ ਜ਼ਿਲ੍ਹੇ ਲੁਧਿਆਣਾ ਵਿਚ ਮੱਤੇਵਾੜਾ ਦਾ ਜੰਗਲ ਪੰਜਾਬ ਦੇ ਮਾਲਵਾ ਖੇਤਰ ਦਾ ਇਕਲੌਤਾ ਵਿਸ਼ਾਲ ਜੰਗਲ ਹੈ ਜਿਸ ਨੂੰ ਲੁਧਿਆਣਾ ਦੇ ਫੇਫੜੇ ਵੀ ਕਿਹਾ ਜਾਂਦਾ ਹੈ। ਕੇਂਦਰ ਸਰਕਾਰ ਦੇ ਇਸ਼ਾਰੇ ਤਹਿਤ ਸਾਡੀ ਸੂਬਾ ਸਰਕਾਰ ਇਸ ਜੰਗਲ ਨਾਲ ਲੱਗਦੇ ਪਿੰਡਾਂ ਗੜ੍ਹੀ ਫਜ਼ਲ, ਹੈਦਰ ਨਗਰ, ਗਰਚਾ, ਸੇਖੋਵਾਲ, ਸੈਲਕਿਆਨਾ ਅਤੇ ਸਲੇਮਪੁਰ ਦੀ ਜ਼ਮੀਨ ਐਕੁਆਇਰ ਕਰਕੇ ਇੰਡਸਟ੍ਰੀਅਲ ਪਾਰਕ ਬਣਾਉਣ ਦੀ ਪ੍ਰਕਿਰਿਆ ਲੱਗਭੱਗ ਨੇਪਰੇ ਚਾੜ੍ਹਨ ਹੀ ਵਾਲੀ ਸੀ ਕਿ ਸੰਘਰਸ਼ਸ਼ੀਲ ਲੋਕਾਂ ਦੇ ਵਿਰੋਧ ਕਾਰਨ ਸੋਮਵਾਰ ਨੂੰ ਮੁੱਖ ਮੰਤਰੀ ਭਗਵੰਤ ਮਾਨ ਨੂੰ ਪਬਲਿਕ ਐਕਸ਼ਨ ਕਮੇਟੀ ਨਾਲ ਮੀਟਿੰਗ ਉਪਰੰਤ ਮੱਤੇਵਾੜਾ ਦਾ ਇਹ ਪ੍ਰਸਤਾਵਿਤ ਪ੍ਰੋਜੈਕਟ ਰੱਦ ਕਰਨ ਦਾ ਐਲਾਨ ਕਰਨਾ ਪਿਆ।

ਦਰਅਸਲ ਕੇਂਦਰ ਸਰਕਾਰ ਵੱਲੋਂ ਪੂਰੇ ਭਾਰਤ ਵਿਚ ਜਿਹੜੇ ਸੱਤ ਇੰਡਸਟਰੀਅਲ ਪਾਰਕ ਸਥਾਪਤ ਕਰਨ ਦੀ ਯੋਜਨਾ ਹੈ, ਉਹਨਾਂ ਵਿਚੋਂ ਹੀ ਇੱਕ ਟੈਕਸਟਾਈਲ ਪਾਰਕ ਮੱਤੇਵਾੜਾ ਦੇ ਜੰਗਲ ਨਾਲ ਲੁਧਿਆਣਾ ਜ਼ਿਲ੍ਹੇ ਵਿਚ ਲਾਉਣ ਦੀ ਪ੍ਰਕਿਰਿਆ ਚੱਲ ਰਹੀ ਸੀ। ਕੇਂਦਰ ਤੇ ਸੂਬਾ ਸਰਕਾਰ ਵੱਲੋਂ ਇਸ ਪ੍ਰੋਜੈਕਟ ਲਈ ਸਾਂਝੇ ਤੌਰ 'ਤੇ ਜ਼ਮੀਨ ਐਕੁਆਇਰ ਕਰਨ ਦੀ ਯੋਜਨਾ ਤਹਿਤ ਪਹਿਲਾਂ ਪਿਛਲੀ ਕੈਪਟਨ ਸਰਕਾਰ ਨੇ ਵਿਰੋਧ ਦੇ ਬਾਵਜੂਦ ਜ਼ਮੀਨ ਦੀ ਨਿਸ਼ਾਨਦੇਹੀ ਕਰਕੇ ਐਕੁਆਇਰ ਕਰਨ ਦੀ ਪ੍ਰਕਿਰਿਆ ਸ਼ੁਰੂ ਕੀਤੀ ਤੇ ਫਿਰ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਜ਼ਮੀਨ ਗ੍ਰਹਿਣ ਕਰਨ ਵਿਚ ਮੋਹਰੀ ਭੂਮਿਕਾ ਅਦਾ ਕਰਦਿਆਂ ਪੰਜਾਬ ਵਿਧਾਨ ਸਭਾ ਦੇ ਪਹਿਲੇ ਬਜਟ ਸੈਸ਼ਨ ਦੌਰਾਨ ਹੀ ਮੁੱਖ ਮੰਤਰੀ ਭਗਵੰਤ ਮਾਨ ਨੇ ਬੜੇ 'ਮਾਨ' ਨਾਲ ਕਿਹਾ ਕਿ 'ਇਸ ਪ੍ਰੋਜੈਕਟ ਲਈ 957.39 ਏਕੜ ਜ਼ਮੀਨ ਪੰਜਾਬ ਅਰਬਨ ਡਿਵੈਲਪਮੈਂਟ ਅਥਾਰਟੀ ਨੇ ਐਕੁਆਇਰ ਕਰ ਲਈ ਹੈ, ਬਾਕੀ ਰਹਿੰਦੀ ਜ਼ਮੀਨ ਵੀ ਜਲਦ ਹੀ ਲੈ ਲਈ ਜਾਵੇਗੀ'; ਮਤਲਬ, ਵਿਰੋਧ ਨਾ ਹੁੰਦਾ ਤਾਂ ਭਗਵੰਤ ਮਾਨ ਨੇ ਸਨਅਤ ਲੁਆਉਣ ਦੀ ਤਿਆਰੀ ਖਿੱਚ ਲਈ ਸੀ।

ਮੱਤੇਵਾੜਾ ਪ੍ਰੋਜੈਕਟ ਦੇ ਮਾਮਲੇ ਵਿਚ 'ਆਪ' ਦੀ ਡਾਵਾਂਡੋਲ ਹਾਲਤ ਇਸ ਹੱਦ ਤੱਕ ਗਈ ਕਿ ਇਹਨਾਂ ਨੇ ਬਹੁਤ ਥੋੜ੍ਹੇ ਸਮੇਂ ਵਿਚ ਤਿੰਨ ਸਟੈਂਡ ਬਦਲੇ ਹਨ। ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਸਮੇਂ ਮੱਤੇਵਾੜਾ ਪ੍ਰੋਜੈਕਟ ਦਾ ਵਿਰੋਧ ਕੀਤਾ, ਸੱਤਾ ਵਿਚ ਆਉਣ ਸਮੇਂ ਪੰਜਾਬ ਵਿਧਾਨ ਸਭਾ ਸੈਸ਼ਨ ਦੌਰਾਨ ਪ੍ਰੋਜੈਕਟ ਦੇ ਪੱਖ ਵਿਚ ਭੂਮਿਕਾ ਅਦਾ ਕੀਤੀ ਤੇ ਲੋਕਾਂ ਦੇ ਜ਼ਬਰਦਸਤ ਵਿਰੋਧ ਤੋਂ ਬਾਅਦ ਪ੍ਰੋਜੈਕਟ ਰੱਦ ਕਰਨ ਦਾ ਐਲਾਨ ਕਰਨਾ ਪਿਆ। ਥੋੜ੍ਹੇ-ਬਹੁਤੇ ਫਰਕ ਨਾਲ ਖੇਤੀ ਕਾਨੂੰਨਾਂ ਦੇ ਮਾਮਲੇ 'ਤੇ ਬਾਦਲ ਪਰਿਵਾਰ ਅਤੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੀ ਭੂਮਿਕਾ ਵੀ ਇਸੇ ਤਰ੍ਹਾਂ ਦੀ ਸੀ ਕਿ ਪਹਿਲਾਂ ਖੇਤੀ ਕਾਨੂੰਨਾਂ ਦਾ ਪੱਖ ਪੂਰਿਆ ਤੇ ਲੋਕਾਂ ਦੇ ਭਾਰੀ ਵਿਰੋਧ ਨੂੰ ਦੇਖਦਿਆਂ ਮਜਬੂਰੀ ਵਿਚ ਮੰਤਰੀ ਪਦ ਤੋਂ ਅਸਤੀਫਾ ਦਿੱਤਾ ਪਰ ਲੋਕਾਂ ਦੇ ਮਨਾਂ ਨੇ ਇਸ ਨੂੰ ਸਵੀਕਾਰ ਨਹੀਂ ਕੀਤਾ। ਬਨਦਾ ਤਾਂ ਇਹ ਸੀ ਕਿ ਪੰਜਾਬ ਵਿਧਾਨ ਸਭਾ ਦੇ ਸੈਸ਼ਨ ਦੌਰਾਨ ਜ਼ਮੀਨ ਗ੍ਰਹਿਣ ਕਰਨ ਦੀ ਅਪਡੇਟ ਦੇਣ ਦੀ ਬਜਾਇ ਇਸ ਪ੍ਰੋਜੈਕਟ ਨੂੰ ਰੱਦ ਕਰਨ ਦਾ ਮਤਾ ਪਾਸ ਕੀਤਾ ਜਾਂਦਾ।



ਪੰਜਾਬ ਖੇਤੀ ਆਧਾਰਿਤ ਸੂਬਾ ਹੈ ਜਿੱਥੋਂ ਦੀ ਜ਼ਮੀਨ ਦੀ ਉਪਜਾਊ ਸ਼ਕਤੀ ਬਹੁਤ ਜ਼ਿਆਦਾ ਹੈ; ਇਸ ਲਈ ਇੱਥੇ ਚੁਣਵੇਂ ਸਥਾਨਾਂ, ਭਾਵ ਘੱਟ ਉਪਜਾਊ ਜਾਂ ਸੇਮ ਮਾਰੀ ਜ਼ਮੀਨ 'ਤੇ ਸਿਰਫ ਖੇਤੀ ਆਧਾਰਿਤ ਇੰਡਸਟਰੀ ਲਾਉਣੀ ਚਾਹੀਦੀ ਹੈ ਪਰ ਕਹਾਣੀ ਇਸ ਦੇ ਉਲਟ ਹੈ ਕਿ ਸਰਕਾਰਾਂ ਨੇ ਸੂਬੇ 'ਚ ਖੇਤੀ ਆਧਾਰਿਤ ਸਨਅਤਾਂ ਦਾ ਯੋਜਨਾਬੱਧ ਢੰਗ ਨਾਲ ਭੱਠਾ ਬਿਠਾਇਆ ਹੈ, ਉਦਾਹਾਰਨ ਵਜੋਂ ਖੰਡ ਮਿੱਲਾਂ ਦਾ ਜੋ ਹਸ਼ਰ ਹੋਇਆ ਹੈ, ਉਹ ਸਭ ਦੇ ਸਾਹਮਣੇ ਹੈ। ਪੰਜਾਬ ਵਿਚ ਨਵੀਆਂ ਸਨਅਤਾਂ ਲਾਉਣ ਤੋਂ ਪਹਿਲਾਂ ਸਰਕਾਰ ਦੀ ਜ਼ਿੰਮੇਵਾਰੀ ਹੈ ਕਿ ਬੰਦ ਪਈਆਂ ਖੰਡ ਮਿੱਲਾਂ ਸਮੇਤ ਪੁਰਾਣੀਆਂ ਸਨਅਤਾਂ ਨੂੰ ਨਵੀਂ ਤਕਨੀਕ ਨਾਲ ਲੈਸ ਕਰਕੇ ਚਲਾਇਆ ਜਾਵੇ। ਜਿਨ੍ਹਾਂ ਟਰਾਈਡੈਂਟ ਵਰਗੀਆਂ ਕੰਪਨੀਆਂ ਨੇ ਖੰਡ ਮਿੱਲਾਂ/ਸਨਅਤਾਂ ਲਾਉਣ ਲਈ ਕਿਸਾਨਾਂ ਤੋਂ ਜ਼ਮੀਨਾਂ ਹਥਿਆ ਕੇ ਸਨਅਤਾਂ ਨਹੀਂ ਲਗਾਈਆਂ, ਉਹਨਾਂ ਤੋਂ ਜਾਂ ਤਾਂ ਫੌਰੀ ਸਨਅਤਾਂ ਲਗਵਾਈਆ ਜਾਣ ਜਾਂ ਫਿਰ ਕਿਸਾਨਾਂ ਨੂੰ ਜ਼ਮੀਨਾਂ ਮੋੜਨੀਆਂ ਚਾਹੀਦੀਆਂ ਹਨ।

ਟੈਕਸਟਾਈਲ ਪਾਰਕ ਲਈ 1000 ਏਕੜ ਦੇ ਕਰੀਬ ਜਿਸ ਜ਼ਮੀਨ ਦੀ ਨਿਸ਼ਾਨਦੇਹੀ ਕੀਤੀ ਗਈ, ਉਹ ਮੱਤੇਵਾੜਾ ਜੰਗਲ ਅਤੇ ਸਤਲੁਜ ਦਰਿਆ ਦੇ ਬਿਲਕੁੱਲ ਨੇੜੇ ਹੈ। ਇਸ ਨਾਲ ਪੰਜਾਬੀਆਂ ਨੂੰ ਜਿੱਥੇ ਤਕਰੀਬਨ 2300 ਏਕੜ ਵਿਚ ਫੈਲੇ ਮੱਤੇਵਾੜਾ ਜੰਗਲ ਦੀ ਤਬਾਹੀ ਹੋਣ ਦਾ ਖਦਸ਼ਾ ਖੜ੍ਹਾ ਹੋਇਆ, ਉੱਥੇ ਇਸ ਜੰਗਲ ਵਿਚਲੇ ਪਸ਼ੂ, ਪੰਛੀਆਂ, ਜੀਵਾਂ ਦੀਆਂ ਅਨੇਕਾਂ ਪ੍ਰਜਾਤੀਆਂ ਦੇ ਖਾਤਮੇ ਦਾ ਵੀ ਖਦਸ਼ਾ ਪ੍ਰਗਟ ਕੀਤਾ ਗਿਆ।

ਕਾਨੂੰਨ ਅਨੁਸਾਰ ਜੇ ਕਿਸੇ ਨੇ ਅੱਧਾ ਏਕੜ ਜ਼ਮੀਨ ਵਿਚ ਛੋਟਾ-ਮੋਟਾ ਪੋਲਟਰੀ ਫਾਰਮ ਲਾਉਣ ਲਈ ਪ੍ਰਦੂਸ਼ਣ ਕੰਟਰੋਲ ਵਿਭਾਗ ਤੋਂ ਮਨਜ਼ੂਰੀ ਲੈਣੀ ਹੋਵੇ ਤਾਂ ਵਿਭਾਗ ਇਹ ਯਕੀਨੀ ਬਣਾਉਂਦਾ ਹੈ ਕਿ ਉਸ ਪੋਲਟਰੀ ਫਾਰਮ ਦੇ ਨੇੜੇ-ਤੇੜੇ ਦੀ ਨਹਿਰੀ ਪਾਣੀ ਦਾ ਕੋਈ ਰਜਵਾਹਾ/ਖਾਲ ਤਾਂ ਨਹੀਂ ਜਾਂਦਾ ਹੈ ਕਿਉਂਕਿ ਇਹ ਪਾਣੀ ਦੀ ਸ਼ੁੱਧਤਾ ਲਈ ਬਹੁਤ ਜ਼ਰੂਰੀ ਹੈ; ਦੂਜੇ ਪਾਸੇ 1000 ਏਕੜ ਦੇ ਕਰੀਬ ਜ਼ਮੀਨ ਵਿਚ ਵੱਡੀ ਟੈਕਸਟਾਈਲ ਇੰਡਸਟਰੀ ਲਾਈ ਜਾ ਰਹੀ ਸੀ ਜਿਸ ਦੇ ਨੇੜਿਓਂ ਸਤਲੁਜ ਲੰਘਦਾ ਹੈ; ਤਾਂ ਕੀ ਸਰਕਾਰ ਇਸ ਗੱਲ ਦੀ ਜਾਂਚ ਕਰਵਾਏਗੀ ਕਿ ਕੈਮੀਕਲ ਦੀ ਸੰਭਾਵੀ ਨਿਕਾਸੀ ਵਾਲੇ ਇਸ ਪ੍ਰੋਜੈਕਟ ਨੂੰ ਮਨਜ਼ੂਰੀ ਕਿਵੇਂ ਮਿਲੀ ਸੀ?

ਲੁਧਿਆਣੇ ਦੀਆਂ ਸਨਅਤਾਂ ਦਾ ਨਿਕਾਸੀ, ਰਸਾਇਣੀ ਪਾਣੀ ਸਤਲੁਜ ਵਿਚ ਪੈਣ ਕਾਰਨ ਦਰਿਆ ਦਾ ਪਾਣੀ ਖਰਾਬ ਹੋ ਰਿਹਾ ਹੈ। ਲੁਧਿਆਣਾ ਦੀਆਂ ਸਨਅਤਾਂ ਦਾ ਕੁਝ ਹਿੱਸਾ ਗੰਦਾ ਪਾਣੀ ਡਰੇਨਾਂ ਰਾਹੀਂ ਖੇਤਾਂ ਵਿਚ ਵਰਤਿਆ ਜਾ ਰਿਹਾ ਹੈ। ਇੱਕ ਰਿਪੋਰਟ ਅਨੁਸਾਰ, ਹਰੀਕੇ ਹੈੱਡਵਰਕਸ ਤੋਂ ਨਿਕਲਦੀਆਂ ਨਹਿਰਾਂ ਦੇ ਪਾਣੀ ਵਿਚ ਬੇਹੱਦ ਜ਼ਹਿਰੀਲੇ ਤੱਤ ਹਨ। ਪੰਜਾਬ ਦੀਆਂ ਨਹਿਰਾਂ/ਸੂਇਆਂ ਦਾ ਪਾਣੀ ਐਨਾ ਪਲੀਤ ਹੋ ਗਿਆ ਹੈ ਕਿ ਡਾਕਟਰਾਂ ਨੇ ਲੋਕਾਂ ਨੂੰ ਨਹਿਰਾਂ ਦਾ ਪਾਣੀ ਨਾ ਪੀਣ ਦੀ ਸਲਾਹ ਦਿੱਤੀ ਹੈ। ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਅਤੇ ਰਾਜਸਥਾਨ ਸਰਕਾਰ ਵੱਲੋਂ ਨਹਿਰੀ ਪਾਣੀ ਦੇ ਨਮੂਨੇ ਲੈ ਕੇ ਜੋ ਪਰਖ ਕਰਾਈ ਗਈ ਹੈ, ਉਸ ਮੁਤਾਬਕ ਨਹਿਰਾਂ ਦਾ ਪਾਣੀ ਬਹੁਤ ਜ਼ਿਆਦਾ ਦੂਸ਼ਿਤ ਹੈ। ਰਾਜਸਥਾਨ ਤੇ ਪੰਜਾਬ ਦੇ ਕੁਝ ਇਲਾਕਿਆਂ ਵਿਚ ਦੂਸ਼ਿਤ ਨਹਿਰੀ ਪਾਣੀ ਪੀਣ ਕਾਰਨ ਅਪਾਹਿਜ ਬੱਚੇ ਪੈਦਾ ਹੋ ਰਹੇ ਹਨ ਤੇ ਲੋਕ ਕਾਲੇ ਪੀਲੀਏ, ਕੈਂਸਰ ਵਰਗੀਆਂ ਨਾਮੁਰਾਦ ਬਿਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ।

ਪਹਿਲਾਂ ਕੈਪਟਨ ਅਮਰਿੰਦਰ ਸਿੰਘ/ਕਾਂਗਰਸ, ਬਾਅਦ ਵਿਚ ਭਗਵੰਤ ਮਾਨ/'ਆਪ' ਨੇ ਬਿਰਤਾਂਤ ਸਿਰਜਿਆ ਕਿ ਇਸ ਸਨਅਤ ਲੱਗਣ ਨਾਲ ਮੱਤੇਵਾੜਾ ਦੇ ਜੰਗਲ ਦਾ ਇੱਕ ਵੀ ਰੁੱਖ ਨਹੀਂ ਪੁੱਟਿਆ ਜਾਵੇਗਾ। ਇਹ ਉਸ ਤਰ੍ਹਾਂ ਦੀ ਦਲੀਲ ਹੈ ਕਿ ਸਕੂਲ ਵਿਚ ਚੱਲ ਰਹੇ ਪੇਪਰ ਦੌਰਾਨ ਸਕੂਲ ਦੀ ਕੰਧ ਨਾਲ ਸਟੇਜ ਲਗਾ ਕੇ ਉੱਚੀ ਆਵਾਜ਼ ਵਿਚ ਡੀ.ਜੇ. ਚਲਾ ਕੇ ਕੋਈ ਕਹੇ ਕਿ ਨੱਚਣ ਵਾਲਾ ਇੱਕ ਵੀ ਵਿਅਕਤੀ ਸਕੂਲ ਵਿਚ ਦਾਖਲ ਨਹੀਂ ਹੋਵੇਗਾ। ਬਗੈਰ ਸਿਰ ਪੈਰ ਤੋਂ ਦਿੱਤੀ ਜਾ ਰਹੀ ਇਸ ਦਲੀਲ ਵਿਚ ਰੱਤਾ ਵੀ ਦਮ ਨਹੀਂ ਹੈ ਕਿਉਂਕਿ ਮਸਲਾ 'ਸਹੇ ਦਾ ਨਹੀਂ ਮਸਲਾ ਪਹੇ ਦਾ ਹੈ'।

ਇਸ ਟੈਕਸਟਾਈਲ ਪਾਰਕ ਕਾਰਨ ਮੱਤੇਵਾੜਾ ਜੰਗਲ ਨੇੜਲੇ ਜਿਨ੍ਹਾਂ ਪਿੰਡਾਂ ਦੇ ਕਿਸਾਨਾਂ ਨੂੰ ਉਜਾੜਿਆ ਜਾ ਰਿਹਾ ਸੀ, ਉਹਨਾਂ ਵਿਚੋਂ ਕੁਝ ਤਾਂ 1947 ਵਿਚ ਪਹਿਲਾਂ ਹੀ ਉਜਾੜੇ ਦਾ ਸੇਕ ਝੱਲ ਚੁੱਕੇ ਹਨ। ਇਸ ਪ੍ਰੋਜੈਕਟ ਨੂੰ ਰੱਦ ਕਰਨ ਸਮੇਂ ਮੁੱਖ ਮੰਤਰੀ ਨੇ ਸਤਲੁਜ ਦੇ ਪਾਣੀ ਤੇ ਮੱਤੇਵਾੜਾ ਜੰਗਲ ਦਾ ਜ਼ਿਕਰ ਤਾਂ ਕੀਤਾ ਪਰ ਸੇਖੋਵਾਲ ਪਿੰਡ ਦੇ ਦਲਿਤ ਭਾਈਚਾਰੇ ਦਾ ਜ਼ਿਕਰ ਨਹੀਂ ਕੀਤਾ ਜਦਕਿ ਇਹ ਪ੍ਰੋਜੈਕਟ ਰੱਦ ਕਰਨ ਦੀ ਸਤਲੁਜ ਤੇ ਜੰਗਲ ਦੇ ਨਾਲ-ਨਾਲ ਤੀਜੀ ਵੱਡੀ ਦਲੀਲ ਸੇਖੋਵਾਲ ਪਿੰਡ ਬਨਦਾ ਹੈ ਜਿਸ ਦੀ ਲੱਗਭੱਗ ਸਾਰੀ ਆਬਾਦੀ ਦਲਿਤ ਭਾਈਚਾਰੇ ਨਾਲ ਸਬੰਧ ਰੱਖਦੀ ਹੈ ਤੇ ਪਿੰਡ ਕੋਲ ਪੰਚਾਇਤੀ ਜ਼ਮੀਨ ਤੋਂ ਇਲਾਵਾ ਹੋਰ ਕੋਈ ਜ਼ਮੀਨ ਨਹੀਂ ਹੈ। ਪਿੰਡ ਦੇ ਦਲਿਤ ਭਾਈਚਾਰੇ ਨਾਲ ਸਬੰਧਿਤ ਲੋਕ ਜਿਸ ਜ਼ਮੀਨ ਰਾਹੀਂ ਜ਼ਿੰਦਗੀ ਬਸਰ ਕਰ ਰਹੇ ਸਨ, ਉਹਨਾਂ ਨੂੰ ਉਸੇ ਜ਼ਮੀਨ ਤੋਂ ਵਾਂਝਾ ਕਰਨ ਦੀ ਨੀਤੀ ਘੜੀ ਗਈ। ਸੇਖੋਵਾਲ ਪਿੰਡ ਦੇ ਲੋਕਾਂ ਦੇ ਸਵਾਲ ਦਾ ਕਿਸੇ ਸਰਕਾਰ ਨੇ ਉੱਤਰ ਨਹੀਂ ਦਿੱਤਾ ਕਿ ਉਹ ਆਪਣੇ ਪਸ਼ੂਆਂ ਲਈ ਹਰਾ ਚਾਰਾ ਕਿੱਥੇ ਬੀਜਣ, ਖਾਣ ਜੋਗੇ ਦਾਣੇ ਕਿੱਥੇ ਉਗਾਉਣ, ਖੇਤੀ ਕਿੱਥੇ ਕਰਨ। ਹੁਣ ਜਦ ਇਸ ਸਨਅਤੀ ਪ੍ਰੋਜੈਕਟ ਨੂੰ ਰੱਦ ਕਰਨ ਦਾ ਐਲਾਨ ਕਰ ਹੀ ਦਿੱਤਾ ਗਿਆ ਹੈ ਤਾਂ ਲੱਗਦੇ ਹੱਥ ਸੇਖੋਵਾਲ ਪਿੰਡ ਦੇ ਦਲਿਤਾਂ ਨੂੰ ਜ਼ਮੀਨ ਦਾ ਮਾਲਕੀ ਹੱਕ ਦੇਣ ਦਾ ਐਲਾਨ ਵੀ ਕਰ ਦੇਣਾ ਚਾਹੀਦਾ ਹੈ।

ਮੱਤੇਵਾੜਾ ਦੇ ਜੰਗਲਾਂ ਵਿਚ ਆਧੁਨਿਕ ਕਿਸਮ ਦਾ ਆਲੂ ਦਾ ਬੀਜ ਤਿਆਰ ਕਰਨ ਦਾ ਫਾਰਮ, ਬਰੀਡਿੰਗ ਫਾਰਮ, ਡੇਅਰੀ ਫਾਰਮ ਆਦਿ ਬਣੇ ਹੋਏ ਹਨ। ਹੁਣ ਚਾਹੀਦਾ ਹੈ ਕਿ ਹੋਰ ਵੱਧ ਤਕਨੀਕ ਨਾਲ ਇਹਨਾਂ ਨੂੰ ਵਿਕਸਤ ਕਰਦਿਆਂ ਦਰਖਤਾਂ, ਫਸਲਾਂ, ਜਾਨਵਰਾਂ, ਪੰਛੀਆਂ ਨਾਲ ਜੁੜੇ ਅਜਿਹੇ ਹੋਰ ਖੋਜ ਕੇਂਦਰ ਇਸ ਜੰਗਲ ਦੇ ਆਸ ਪਾਸ ਬਣਾਉਣੇ ਚਾਹੀਦੇ ਹਨ। ਇਸ ਸੰਘਰਸ਼ ਦੀ ਜਿੱਤ ਤੋਂ ਬਾਅਦ ਪੰਜਾਬ ਪ੍ਰਸਤ ਧਿਰਾਂ ਨੂੰ ਪੰਜਾਬ ਦੇ ਪਾਣੀ, ਜੰਗਲ ਤੇ ਜ਼ਮੀਨ ਬਚਾਉਣ ਲਈ ਹੋਰ ਵੀ ਤਨਦੇਹੀ ਨਾਲ ਸੰਘਰਸ਼ ਕਰਨਾ ਚਾਹੀਦਾ ਹੈ।

# ਮੋਦੀ ਦਾ ਮਿਸ਼ਨ 2025 ਅਤੇ ਰਾਜ ਘਰਾਣੇ

***ਫਰਾਜ਼ ਅਹਿਮਦ ਤਜਰਬੇਕਾਰ ਪੱਤਰਕਾਰ ਹੈ ਜੋ ਚਾਰ ਦਹਾਕਿਆਂ ਤੋਂ ਸਥਾਨਕ ਅਤੇ ਕੌਮੀ ਮੁੱਦਿਆਂ, ਅਪਰਾਧ ਅਤੇ ਸਿਆਸਤ ਬਾਰੇ ਲਿਖ ਰਿਹਾ ਹੈ। ਉਹ 'ਅਸੈਸੀਨੇਸ਼ਨ ਆਫ ਰਾਜੀਵ ਗਾਂਧੀ' ਨਾਂ ਦੀ ਕਿਤਾਬ ਦਾ ਲੇਖਕ ਹੈ। ਉਨ੍ਹਾਂ ਦਾ ਇਹ ਲੇਖ ਆਰ.ਐੱਸ.ਐੱਸ.-ਭਾਜਪਾ ਦੇ ਮਿਸ਼ਨ ਨੂੰ ਸਮਝਣ ਲਈ ਮਹੱਤਵਪੂਰਨ ਹੈ ਜਿਸ ਦਾ ਪੰਜਾਬੀ ਰੂਪ ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਕੀਤਾ ਹੈ।***

ਭਾਰਤੀ ਜਨਤਾ ਪਾਰਟੀ ਭਾਰਤ ਦੇ ਸਾਰੇ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ (28 ਰਾਜ ਤੇ ਅੱਠ ਕੇਂਦਰ ਸ਼ਾਸਤ ਪ੍ਰਦੇਸ਼) ਦੇ ਸਮੁੱਚੇ ਵਿਸ਼ਾਲ ਖੇਤਰ ਵਿਚ ਭਾਜਪਾ/ਸੰਘ ਦੀ ਸੱਤਾ ਯਕੀਨੀ ਬਣਾਉਣ ਲਈ ਮਈ 2014 ਤੋਂ ਮੁਲਕ ਦੇ ਪ੍ਰਧਾਨ ਮੰਤਰੀ ਵਜੋਂ ਨਰਿੰਦਰ ਮੋਦੀ ਦੀ ਅਗਵਾਈ ਵਿਚ 'ਮਿਸ਼ਨ 2025' ਵਿਚ ਜੁਟੀ ਹੋਈ ਹੈ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਅਗਲੇ 30-40 ਸਾਲਾਂ ਤੱਕ ਭਾਜਪਾ ਦੇ ਪ੍ਰਭਾਵ ਤੋਂ ਬਾਹਰ ਰਹਿ ਰਹੇ ਬਾਕੀ ਰਾਜਾਂ ਦੇ ਪੂਰੇ ਖੇਤਰ ਉਪਰ ਕਬਜ਼ਾ ਕਰਨ ਅਤੇ ਪੂਰੇ ਭਾਰਤ ਦੇ ਪੱਛਮ ਤੋਂ ਪੂਰਬ ਅਤੇ ਉਤਰ ਤੋਂ ਦੱਖਣ ਤੱਕ ਭਾਜਪਾ ਦੇ ਰਾਜ ਨੂੰ ਯਕੀਨੀ ਬਣਾਉਣ ਦੇ ਇਰਾਦੇ ਦਾ ਐਲਾਨ ਕੀਤਾ ਹੈ। ਭਾਜਪਾ ਨੇ ਮਹਾਰਾਸ਼ਟਰ ਵਿਚ ਊਧਵ ਠਾਕਰੇ ਦੀ ਤਿੰਨ ਪਾਰਟੀਆਂ ਦੀ ਮਹਾ ਵਿਕਾਸ ਅਗਾੜੀ (ਐਮ.ਵੀ.ਏ.) ਗੱਠਜੋੜ ਸਰਕਾਰ ਨੂੰ ਊਧਵ ਠਾਕਰੇ ਦੀ ਸ਼ਿਵ ਸੈਨਾ ਦੇ 55 ਵਿੱਚੋਂ 40 ਵਿਧਾਇਕਾਂ ਨੂੰ ਐਨਫੋਰਸਮੈਂਟ ਡਾਇਰੈਕਟੋਰੇਟ ਦੇ ਛਾਪਿਆਂ ਅਤੇ ਜੇਲ੍ਹ ਦੀਆਂ ਧਮਕੀਆਂ ਨਾਲ ਡਰਾ ਕੇ ਸੱਤਾ ਤੋਂ ਬਾਹਰ ਕਰ ਦਿੱਤਾ ਹੈ। ਅਜਿਹਾ ਕਰਕੇ ਇਸ ਨੇ ਟ੍ਰੇਲਰ ਦਿਖਾਇਆ ਹੈ ਕਿ ਇਹ

**ਫਰਾਜ਼ ਅਹਿਮਦ**
**ਅਨੁਵਾਦ: ਬੂਟਾ ਸਿੰਘ ਮਹਿਮੂਦਪੁਰ**

ਐਮ.ਵੀ.ਏ. ਦੇ ਉਨ੍ਹਾਂ ਮੰਤਰੀਆਂ ਨਾਲ ਕਿਵੇਂ ਨਜਿੱਠਦੀ ਹੈ ਜੋ ਭਾਜਪਾ ਨੂੰ ਟੱਕਰ ਦੇਣ ਦੀ ਹਿੰਮਤ ਕਰਦੇ ਹਨ। ਸਾਬਕਾ ਰਾਜ ਗ੍ਰਹਿ ਮੰਤਰੀ ਅਨਿਲ ਦੇਸ਼ਮੁਖ ਅਤੇ ਨਵਾਬ ਮਲਿਕ ਈ.ਡੀ. ਦੁਆਰਾ ਪਾਏ ਝੂਠੇ ਕੇਸਾਂ 'ਚ ਜੇਲ੍ਹ ਵਿਚ ਬੰਦ ਹਨ। ਹੁਣ ਸਿਰਫ 10 ਰਾਜ ਅਤੇ ਕੇਂਦਰ ਸ਼ਾਸਤ ਪ੍ਰਦੇਸ਼ ਬਚੇ ਹਨ ਜਿੱਥੇ ਭਾਜਪਾ ਦਾ ਰਾਜ ਨਹੀਂ ਹੈ। 27 ਸਤੰਬਰ, 2025 ਨੂੰ ਆਰ.ਐੱਸ.ਐੱਸ. ਵੱਲੋਂ ਆਪਣਾ 100 ਸਾਲਾ ਮਨਾਇਆ ਜਾਵੇਗਾ। ਮਿਸ਼ਨ 2025 ਸਾਰੇ ਹੀ ਰਾਜਾਂ ਅਤੇ ਅੱਠ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿਚ ਇਕ ਪਾਰਟੀ ਦਾ ਰਾਜ ਹਾਸਲ ਕਰਨ ਦਾ ਮਿਸ਼ਨ ਹੈ। ਫਿਰ ਮੋਦੀ-ਅਮਿਤ ਸ਼ਾਹ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਦਾ ਨਾਮ ਸੰਘ ਦੇ ਇਤਿਹਾਸ 'ਚ ਸੁਨਹਿਰੀ ਅੱਖਰਾਂ 'ਚ ਲਿਖਿਆ ਜਾਵੇਗਾ ਜਿਸ ਨੂੰ ਪਾਟ ਚੁੱਕੇ ਪਰਦੇ ਪਿੱਛਿਓਂ ਆਰ.ਐੱਸ.ਐੱਸ. ਦਾ ਮੁਖੀ ਮੋਹਨ ਭਾਗਵਤ ਚਲਾ ਰਿਹਾ ਹੈ।

ਖੱਬੇ ਪੱਖੀਆਂ ਨੂੰ ਛੱਡ ਕੇ ਬਹੁਤੇ ਸਿਆਸੀ ਵਿਸ਼ਲੇਸ਼ਕਾਂ ਅਤੇ ਉਦਾਰਵਾਦੀਆਂ ਨੇ 2014 ਵਿਚ 16ਵੀਂ ਲੋਕ ਸਭਾ ਵਿਚ ਭਾਜਪਾ ਨੂੰ ਸਪਸ਼ਟ ਬਹੁਮਤ ਦਿਵਾਉਣ ਦੀ ਮੋਦੀ ਦੀ ਪ੍ਰਾਪਤੀ ਦਾ ਬਹੁਤ ਉਤਸ਼ਾਹ ਨਾਲ ਸਵਾਗਤ ਕੀਤਾ ਸੀ। ਉਨ੍ਹਾਂ ਦਾ ਕਹਿਣਾ ਸੀ ਕਿ ਇਸ ਨਾਲ ਗੱਠਜੋੜ ਯੁਗ ਦੇ 'ਸਰਾਪ' ਦਾ ਭੋਗ ਪੈ ਗਿਆ ਹੈ ਜਿੱਥੇ ਕੋਈ ਵੀ ਪਾਰਟੀ ਛੋਟੀਆਂ ਪਾਰਟੀਆਂ ਦੀ ਚੁਣੌਤੀ ਦਾ ਸਾਹਮਣਾ ਕਰਦਿਆਂ ਆਪਣਾ ਸਿੱਕਾ ਨਹੀਂ ਚਲਾ ਸਕਦੀ ਸੀ। ਉਨ੍ਹਾਂ ਦੀ ਧਾਰਨਾ ਅਨਸਾਰ ਇਹ ਸਥਿਰ ਸਰਕਾਰ ਲਈ ਅਤੇ ਮੁਲਕ ਦੀ ਤਰੱਕੀ ਤੇ ਖੁਸ਼ਹਾਲੀ ਲਈ ਰੁਕਾਵਟ ਬਣ ਗਿਆ ਸੀ। ਉਨ੍ਹਾਂ ਨੇ ਹਿੰਦੂਤਵ ਬ੍ਰਿਗੇਡ ਦੀ ਇਕ ਰੰਗੀ ਜਾਬਰ, ਅਸਹਿਣਸ਼ੀਲ ਬਹੁਗਿਣਤੀਵਾਦੀ ਹਕੂਮਤ ਦੀਆਂ ਸੰਭਾਵਨਾਵਾਂ ਵੱਲ ਤਵੱਜੋ ਨਹੀਂ ਦਿੱਤੀ ਜੋ ਮਾਧਵ ਸਦਾਸ਼ਿਵ ਗੋਲਵਲਕਰ ਅਤੇ ਵਿਨਾਇਕ ਦਾਮੋਦਰ ਸਾਵਰਕਰ ਦੇ ਸੁਪਨਿਆਂ ਦਾ ਭਾਰਤ ਬਣਾਉਣ ਦੇ ਆਪਣੇ ਇਰਾਦੇ ਸ਼ਰੇਆਮ ਪ੍ਰਗਟਾ ਰਹੀ ਹੈ ਅਤੇ ਜਿਸ ਨੂੰ ਆਪਣੇ ਫਿਰਕੂ ਏਜੰਡੇ ਉਪਰ ਮਾਣ ਹੈ। ਜਿੱਥੇ ਘੱਟ ਗਿਣਤੀਆਂ ਨੂੰ ਕੋਈ ਅਧਿਕਾਰ, ਇੱਥੋਂ ਤੱਕ ਨਾਗਰਿਕਾਂ ਵਾਲੇ ਅਧਿਕਾਰ ਵੀ ਨਹੀਂ ਹੋਣਗੇ ਅਤੇ ਉਹ ਸਿਰਫ ਹਿੰਦੂਤਵ ਦਾ ਗੁਣਗਾਣ ਕਰਕੇ ਹਿੰਦੂਆਂ ਮਰਜ਼ੀ ਅਨੁਸਾਰ ਹੀ ਜ਼ਿੰਦਾ ਰਹਿ ਸਕਣਗੇ। ਜਾਪਦਾ ਹੈ ਕਿ ਇਸ ਦ੍ਰਿਸ਼ਟੀ ਦੀ ਸੰਭਾਵਨਾ ਹੁਣ ਬਹੁਤੀ ਦੂਰ ਦੀ ਗੱਲ ਨਹੀਂ ਹੈ। ਕੋਈ ਅਜਿਹਾ ਸਿਆਸੀ ਆਗੂ ਨਜ਼ਰ ਨਹੀਂ ਆ ਰਿਹਾ ਜੋ ਇਸ ਨੂੰ ਰੋਕ ਸਕੇ, ਨਿਸ਼ਚਿਤ ਤੌਰ 'ਤੇ ਅਜੋਕੇ ਸਿਆਸੀ ਆਗੂਆਂ ਵਿੱਚੋਂ ਤਾਂ ਐਸਾ ਕੋਈ ਵੀ ਨਹੀਂ ਹੈ।

ਮਹਾਰਾਸ਼ਟਰ ਉਪਰ ਕਾਬਜ ਹੋਣ ਤੋਂ ਬਾਅਦ ਅਗਲੀ ਵਾਰੀ ਝਾਰਖੰਡ ਦੀ ਜਾਪਦੀ ਹੈ। ਝਾਰਖੰਡ ਵਿਚ ਮੁੜ ਭਾਜਪਾ ਵਿਰੋਧੀ ਗੱਠਜੋੜ ਦੀ ਸਰਕਾਰ ਹੈ ਜਿਸ ਦੀ ਅਗਵਾਈ ਝਾਰਖੰਡ ਮੁਕਤੀ ਮੋਰਚਾ (ਜੇ.ਐਮ.ਐਮ.) ਦੇ ਮਸ਼ਹੂਰ ਆਗੂ ਸ਼ਿਬੂ ਸੋਰੇਨ ਦੇ ਫਰਜ਼ੰਦ ਹੇਮੰਤ ਸੋਰੇਨ ਦੇ ਹੱਥ ਹੈ। ਇਸ ਗੱਠਜੋੜ ਸਰਕਾਰ ਵਿਚ ਕਾਂਗਰਸ ਅਤੇ ਲਾਲੂ ਪ੍ਰਸਾਦ ਦਾ ਰਾਸ਼ਟਰੀ ਜਨਤਾ ਦਲ (ਆਰ.ਜੇ.ਡੀ.) ਦੋਵੇਂ ਭਾਈਵਾਲ ਹਨ। ਭਾਜਪਾ ਨੇ ਪਹਿਲਾਂ ਹੀ ਝਾਰਖੰਡ ਦੇ ਮੁੱਖ ਮੰਤਰੀ ਹੇਮੰਤ ਸੋਰੇਨ ਵਿਰੁੱਧ ਨਿਸ਼ਾਨਾ ਸਾਧ ਲਿਆ ਹੈ, ਉਸ ਨੂੰ ਦੁਬਾਰਾ ਕੇਸਾਂ ਵਿਚ ਫਸਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਕ ਵਾਰ ਹੇਮੰਤ ਸੋਰੇਨ ਨੂੰ ਗ੍ਰਿਫਤਾਰ ਕਰ ਲਿਆ ਜਾਂ ਅਸਤੀਫਾ ਦੇਣ ਲਈ ਮਜਬੂਰ ਕਰ ਦਿੱਤਾ ਜਾਂਦਾ ਹੈ ਤਾਂ ਝਾਰਖੰਡ ਵਿਚ ਵੀ ਮਹਾਰਾਸ਼ਟਰ ਨੂੰ ਦੁਹਰਾਉਣਾ ਮੁਸ਼ਕਿਲ ਨਹੀਂ ਹੋਵੇਗਾ।



ਇਸ ਸਾਲ ਦੇ ਅੰਤ ਤੱਕ ਭਾਜਪਾ ਸ਼ਾਸਤ ਦੋ ਰਾਜਾਂ ਗੁਜਰਾਤ ਅਤੇ ਹਿਮਾਚਲ ਪ੍ਰਦੇਸ਼ ਵਿਚ ਚੋਣਾਂ ਹੋਣ ਵਾਲੀਆਂ ਹਨ। ਹਾਲਾਂਕਿ ਇਹ ਮੰਨਣਾ ਮੂਰਖਤਾ ਵਾਲਾ ਸੁਪਨਾ ਹੋਵੇਗਾ ਕਿ ਗੁਜਰਾਤ ਵਿਚ ਭਾਜਪਾ ਨੂੰ ਕੋਈ ਖਤਰਾ ਹੋ ਸਕਦਾ ਹੈ; ਜਿੱਥੋਂ ਤੱਕ ਹਿਮਾਚਲ ਦੀ ਗੱਲ ਹੈ, ਉਥੇ ਭਾਜਪਾ ਦੀ ਹਾਲਤ ਕਮਜ਼ੋਰ ਹੈ। ਅਤੀਤ ਵਿਚ ਉਥੇ ਸਿਰਫ ਦੋ ਪਾਰਟੀਆਂ ਕਾਂਗਰਸ ਅਤੇ ਭਾਜਪਾ ਹੀ ਬਦਲ-ਬਦਲ ਕੇ ਰਾਜ ਕਰਦੀਆਂ ਸਨ ਪਰ ਹੁਣ ਉਥੇ ਅਰਵਿੰਦ ਕੇਜਰੀਵਾਲ ਦੀ ਆਮ ਆਦਮੀ ਪਾਰਟੀ ਵੀ ਪ੍ਰਵੇਸ਼ ਕਰ ਚੁੱਕੀ ਹੈ ਜੋ ਕਾਂਗਰਸ ਪਾਰਟੀ ਲਈ ਕਬਾਬ 'ਚ ਹੱਡੀ ਸਾਬਤ ਹੋ ਰਹੀ ਹੈ। ਇਹ ਗੱਲ ਨਹੀਂ ਹੈ ਕਿ ਕਾਂਗਰਸ ਹਿਮਾਚਲ ਵਿਚ ਆਪਣੀ ਹਾਰ ਯਕੀਨੀ ਬਣਾਉਣ ਲਈ ਕੁਝ ਨਹੀਂ ਕਰ ਰਹੀ, ਪੰਜਾਬ 'ਚ ਇਸ ਨੇ ਆਪਣੇ ਹੱਥੀਂ ਆਪਣੇ ਪੈਰਾਂ 'ਤੇ ਆਪ ਕੁਹਾੜਾ ਮਾਰਿਆ ਅਤੇ ਉਹੀ ਰਣਨੀਤੀ ਇਸ ਨੇ ਹਰਿਆਣਾ ਦੀਆਂ ਰਾਜ ਸਭਾ ਚੋਣਾਂ 'ਚ ਅਪਣਾਈ। ਪੰਜਾਬ ਵਿਚ ਰਵਾਇਤੀ ਤੌਰ 'ਤੇ ਕਾਂਗਰਸ ਦਾ ਵੋਟ ਬੈਂਕ ਅਨੁਸੂਚਿਤ ਜਾਤੀਆਂ ਅਤੇ ਹੋਰ ਗੈਰ-ਜੱਟ ਸਿੱਖਾਂ ਦੇ ਨਾਲ ਹਿੰਦੂ ਆਬਾਦੀ ਸੀ ਪਰ ਕਾਂਗਰਸ ਨੇ ਇਕ-ਇਕ ਕਰਕੇ ਹਰ ਹਿੰਦੂ ਆਗੂ ਨੂੰ ਭਜਾ ਦਿੱਤਾ। ਪੰਜਾਬ ਦੇ ਹੱਥੋਂ ਨਿੱਕਲਣ ਤੋਂ ਬਾਅਦ ਵੀ ਸੁਨੀਲ ਜਾਖੜ ਤੋਂ ਸ਼ੁਰੂ ਕਰਕੇ ਅਸ਼ਵਨੀ ਕੁਮਾਰ ਤੋਂ ਹੁੰਦੇ ਹੋਏ ਹੁਣ ਮਨੀਸ਼ ਤਿਵਾੜੀ ਤੱਕ ਨੂੰ ਇਹ ਸਪਸ਼ਟ ਸੰਦੇਸ਼ ਦੇ ਦਿੱਤਾ ਗਿਆ ਹੈ ਕਿ ਉਨ੍ਹਾਂ ਦੀ ਹੁਣ ਇਸ ਪਾਰਟੀ ਨੂੰ ਲੋੜ ਨਹੀਂ।

ਹਰਿਆਣਾ ਵਿਚ ਜਾਟ ਵੋਟ ਰਵਾਇਤੀ ਤੌਰ 'ਤੇ ਦੇਵੀ ਲਾਲ ਪਰਿਵਾਰ, ਭਾਵ ਓਮ ਪ੍ਰਕਾਸ਼ ਚੌਟਾਲਾ, ਫਿਰ ਉਸ ਦੇ ਪੁੱਤਰ ਅਤੇ ਹੁਣ ਉਸ ਦੇ ਪੋਤੇ ਦੀ ਝੋਲੀ ਪੈਂਦੀ ਰਹੀ ਹੈ। ਇਸ ਦੇ ਪ੍ਰਤੀਕਰਮ ਵਜੋਂ ਗੈਰ-ਜਾਟ ਖਾਸ ਕਰਕੇ ਉਥੇ ਜਾ ਕੇ ਵਸਣ ਵਾਲੇ ਪੰਜਾਬੀ ਹਿੰਦੂਆਂ ਦੇ ਨਾਲ-ਨਾਲ ਅਨੁਸੂਚਿਤ ਜਾਤੀਆਂ ਸਮੇਤ ਹੋਰ ਸ਼ਹਿਰੀ ਅਤੇ ਪੇਂਡੂ ਲੋਕ ਭਜਨ ਲਾਲ ਬਿਸ਼ਨੋਈ ਵੱਲ ਖਿੱਚੇ ਗਏ ਜਿਨ੍ਹਾਂ ਦੀ ਗਿਣਤੀ ਵਾਹਵਾ ਸੀ। ਜਦੋਂ ਕਾਂਗਰਸ ਨੇ ਜਾਟ ਭੁਪਿੰਦਰ ਸਿੰਘ ਹੁੱਡਾ ਨੂੰ ਅੱਗੇ ਲਿਆਂਦਾ ਤਾਂ ਇਸ ਨੇ ਵਪਾਰੀਆਂ ਦੀ ਪਾਰਟੀ ਭਾਜਪਾ ਲਈ ਇਸ ਗੈਰ-ਜਾਟ ਵੋਟ ਸਮੂਹ ਉਪਰ ਕਬਜਾ ਕਰਨ ਲਈ ਸਿਆਸੀ ਜਗ੍ਹਾ ਬਣਾ ਦਿੱਤੀ। ਇਕ ਵਾਰ ਭਜਨ ਲਾਲ ਦੇ ਫਰਜ਼ੰਦ ਕੁਲਦੀਪ ਬਿਸ਼ਨੋਈ ਦੇ ਮੁੜ ਕਾਂਗਰਸ ਵਿਚ ਸ਼ਾਮਿਲ ਹੋਣ ਤੋਂ ਬਾਅਦ ਭਜਨ ਲਾਲ ਦੀ ਵਿਰਾਸਤ ਨੂੰ ਸੰਭਾਲਣ ਅਤੇ ਭਾਜਪਾ ਦੀਆਂ ਵੋਟਾਂ ਨੂੰ ਖੋਰਾ ਲਾਉਣ ਦਾ ਚੰਗਾ ਮੌਕਾ ਸੀ ਪਰ ਕਾਂਗਰਸ ਦੀ ਲੀਡਰਸ਼ਿਪ ਹੁੱਡਾ ਉਪਰ ਇੰਨੀ ਲੱਟੂ ਹੋਈ ਪਈ ਹੈ ਕਿ ਇਸ ਨੇ ਹੁੱਡਾ ਡੰਮੀ ਨੂੰ ਪ੍ਰਦੇਸ਼ ਕਾਂਗਰਸ ਕਮੇਟੀ (ਪੀ.ਸੀ.ਸੀ.) ਦਾ ਪ੍ਰਧਾਨ ਥਾਪ ਦਿੱਤਾ। ਸਿੱਟੇ ਵਜੋਂ ਬਿਸ਼ਨੋਈ ਕਾਂਗਰਸ ਛੱਡ ਗਏ ਅਤੇ ਸੈਲਜਾ ਵਰਗੀ ਮਹੱਤਵਪੂਰਨ ਆਗੂ ਨਾਰਾਜ਼ ਹੈ, ਤੇ ਇਕ ਹੋਰ ਔਰਤ ਜਾਟ ਆਗੂ ਕਿਰਨ ਚੌਧਰੀ ਹੋਰ ਬਦਲਾਂ ਉਪਰ ਵਿਚਾਰ ਕਰ ਰਹੀ ਹੈ। ਇਹ ਹਰਿਆਣਾ ਥਾਲੀ 'ਚ ਪਰੋਸ ਕੇ ਦਿੱਲੀ ਦੇ ਕੱਪੜਾ ਵਪਾਰੀ ਮਨੋਹਰ ਲਾਲ ਖੱਟਰ ਦੇ ਹਵਾਲੇ ਕਰਨ ਵਾਂਗ ਹੈ ਜਿਸ ਨੂੰ ਇੱਕੋ-ਇਕ ਲਾਹਾ ਇਹ ਹੈ ਕਿ ਉਹ ਪੰਜਾਬੀ ਖੱਤਰੀ ਹੈ।

ਹੁਣ ਉਤਰ ਪ੍ਰਦੇਸ਼ 'ਤੇ ਨਜ਼ਰ ਮਾਰ ਲਓ। ਬਹੁਜਨ ਸਮਾਜ ਪਾਰਟੀ (ਬਸਪਾ) ਦੀ ਸੁਪਰੀਮੋ ਮਾਇਆਵਤੀ ਐਨਫੋਰਸਮੈਂਟ ਡਾਇਰੈਕਟੋਰੇਟ ਅਤੇ ਸੀ.ਬੀ.ਆਈ. ਦੇ ਡਰੋਂ ਆਪਣੇ ਆਰਾਮਦਾਇਕ ਮਹਿਲਾਂ 'ਚੋਂ ਨਿਕਲਣ ਲਈ ਤਿਆਰ ਨਹੀਂ ਹੈ। ਕੁਦਰਤੀ ਤੌਰ 'ਤੇ ਉਦੋਂ ਵੱਡੇ ਲੋਕ ਆਧਾਰ ਵਾਲੀ ਵੱਡੀ ਪਾਰਟੀ ਬਸਪਾ ਦਾ ਪੂਰੀ ਤਰ੍ਹਾਂ ਸਫਾਇਆ ਹੋ ਗਿਆ ਕਿਉਂਕਿ ਉਸ ਦੇ ਆਪਣੇ ਲੋਕਾਂ ਦਾ ਉਸ ਤੋਂ ਵਿਸ਼ਵਾਸ ਉਠ ਗਿਆ ਸੀ। ਉਨ੍ਹਾਂ ਸਾਰਿਆਂ, ਖਾਸ ਕਰਕੇ ਮੁਸਲਮਾਨਾਂ ਅਤੇ ਕੁਝ ਹੱਦ ਤੱਕ ਸਭ ਤੋਂ ਪਿਛੜੇ ਵਰਗਾਂ ਅਤੇ ਗੈਰ-ਜਾਟਵ ਦਲਿਤ ਵਰਗ ਨੇ, ਜੋ ਰਾਜਪੂਤ ਮੁੱਖ ਮੰਤਰੀ ਅਜੈ ਬਿਸ਼ਟ ਯਾਨੀ ਯੋਗੀ ਆਦਿਤਿਆਨਾਥ ਦੀ ਹਕੂਮਤ ਹੇਠ ਰਾਜਪੂਤਾਂ ਵੱਲੋਂ ਅਪਮਾਨਿਤ ਕੀਤੇ ਜਾਣ ਤੋਂ ਦੁਖੀ ਸਨ, ਸਮਾਜਵਾਦੀ ਪਾਰਟੀ ਦੀ ਹਮਾਇਤ ਕੀਤੀ। ਇਸ ਤੱਥ ਦੇ ਬਾਵਜੂਦ ਕਿ ਯੂ.ਪੀ. ਵਿਧਾਨ ਸਭਾ ਚੋਣਾਂ ਦਾ ਐਲਾਨ ਹੋਣ 'ਤੇ ਹੀ ਇਸ ਪਾਰਟੀ ਦੇ ਮੁਖੀ ਅਖਿਲੇਸ਼ ਯਾਦਵ ਆਪਣੇ ਘੁਰਨੇ 'ਚੋਂ ਬਾਹਰ ਨਿਕਲੇ, ਉਸ ਦੀ ਸਿਆਸੀ ਸੂਝ ਨੇ ਰੰਗ ਦਿਖਾਇਆ ਜਦੋਂ ਉਸ ਨੇ ਸਹੀ ਗੱਠਜੋੜ ਕਰ ਲਏ ਜਿਨ੍ਹਾਂ ਦਾ ਉਸ ਨੂੰ ਅਤੇ ਉਸ ਦੀ ਪਾਰਟੀ ਨੂੰ ਬਹੁਤ ਫਾਇਦਾ ਹੋਇਆ। ਜੇ ਉਹ ਫਿਰ ਵੀ ਸੱਤਾ 'ਚ ਆਉਣ 'ਚ ਅਸਫਲ ਰਿਹਾ ਤਾਂ ਇਹ ਮੁੱਖ ਤੌਰ 'ਤੇ ਉਸ ਦੀ ਆਲਸ ਅਤੇ ਤਿਆਰੀ ਦੀ ਘਾਟ ਕਾਰਨ ਸੀ। ਜੇ ਉਹ ਇਹ ਸਮਝ ਲੈਂਦਾ ਕਿ ਉਸ ਦੀ ਟੱਕਰ ਕਿਸ ਨਾਲ ਹੈ ਤਾਂ ਉਸ ਨੇ ਵੋਟਰ ਸੂਚੀਆਂ ਬਣਨ ਸਮੇਂ ਹੀ ਆਪਣੇ ਕਾਡਰਾਂ ਨੂੰ ਲਾਮਬੰਦ ਕਰ ਲੈਣਾ ਸੀ। ਫਿਰ ਇਹ ਯਕੀਨੀ ਬਣ ਜਾਣਾ ਸੀ ਕਿ ਭਾਜਪਾ ਹਕੂਮਤ ਦਾ ਪ੍ਰਸ਼ਾਸਨ ਵੋਟਰ ਸੂਚੀਆਂ ਵਿਚੋਂ ਵੱਡੀ ਗਿਣਤੀ 'ਚੋਂ ਮੁਸਲਮਾਨਾਂ ਦੇ ਨਾਮ ਨਾ ਕੱਟ ਸਕੇ। ਉਨ੍ਹਾਂ ਨੇ ਸਪੱਸ਼ਟ ਤੌਰ 'ਤੇ ਭਾਜਪਾ ਵਿਰੁੱਧ ਵੋਟ ਪਾਉਣੀ ਸੀ ਜਿਸ ਦੀ ਯੋਗੀ ਸਰਕਾਰ ਆਪਣੀ ਪੰਜ ਸਾਲ ਹਕੂਮਤ ਦੌਰਾਨ ਮੁਸਲਮਾਨਾਂ ਅਤੇ ਉਨ੍ਹਾਂ ਦੇ ਕਿੱਤਿਆਂ ਨੂੰ ਨਿਸ਼ਾਨਾ ਬਣਾਉਂਦੀ ਰਹੀ ਸੀ। ਇਹ ਵੋਟਾਂ ਦੀ ਗਿਣਤੀ ਤੋਂ ਪਹਿਲੇ ਪੜਾਅ 'ਤੇ ਸਮਾਜਵਾਦੀ ਪਾਰਟੀ ਦੀ ਕਮਜ਼ੋਰੀ ਵੀ ਸੀ ਜਿਸ ਦੇ ਨਤੀਜੇ ਵਜੋਂ ਹੁਕਮਰਾਨ ਧਿਰ ਸਟਰਾਂਗ ਰੂਮਾਂ ਉਪਰ ਕਬਜ਼ਾ ਕਰਕੇ ਉਥੇ ਮਸ਼ੀਨਾਂ ਨੂੰ ਹਾਈਜੈਕ ਕਰਕੇ ਉਨ੍ਹਾਂ ਦੀ ਥਾਂ ਬਾਹਰੋਂ ਧਾਂਦਲੀਆਂ ਵਾਲੀਆਂ ਮਸ਼ੀਨਾਂ ਰੱਖਣ 'ਚ ਕਾਮਯਾਬ ਹੋ ਗਈ ਪਰ ਅਖਿਲੇਸ਼ ਆਪਣੇ ਕਾਡਰਾਂ ਨੂੰ ਲਾਮਬੰਦ ਕਰਨ ਵਿਚ ਨਾਕਾਮ ਰਿਹਾ ਅਤੇ ਯੋਗੀ ਵੱਲੋਂ ਚੋਣ ਫਤਵੇ ਨੂੰ ਅਗਵਾ ਕਰਨ ਦਾ ਰੋਣਾ ਰੋਣ 'ਚ ਰੁੱਝਿਆ ਰਿਹਾ।

ਉਸ ਨੇ ਮੁਸਲਿਮ ਵੋਟ ਨੂੰ ਵੀ ਯਕੀਨੀ ਮੰਨ ਲਿਆ ਅਤੇ ਯੋਗੀ ਹਕੂਮਤ ਵੱਲੋਂ ਝੂਠੇ ਕੇਸ ਪਾ ਕੇ ਦੋ ਸਾਲਾਂ ਤੋਂ ਵੱਧ ਸਮੇਂ ਤੋਂ ਜੇਲ੍ਹ ਵਿਚ ਬੰਦ ਆਪਣੀ ਪਾਰਟੀ ਦੇ ਸਭ ਤੋਂ ਵੱਡੇ ਮੁਸਲਿਮ ਆਗੂ ਮੁਹੰਮਦ ਆਜ਼ਮ ਖਾਨ ਦੀ ਦੁਰਦਸ਼ਾ ਵੱਲ ਵੀ ਧਿਆਨ ਨਹੀਂ ਦਿੱਤਾ। ਅਖਿਲੇਸ਼ ਯੋਗੀ ਵੱਲੋਂ ਮੁਸਲਮਾਨਾਂ ਨੂੰ ਖੁਸ਼ ਕਰਨ ਦਾ ਠੱਪਾ ਲਗਾਏ ਜਾਣ ਤੋਂ ਏਨਾ ਡਰਿਆ ਹੋਇਆ ਸੀ ਕਿ ਉਸ ਨੇ ਆਜ਼ਮ ਖਾਨ ਨੂੰ ਨਿਸ਼ਾਨਾ ਬਣਾਏ ਜਾਣ ਵਿਰੁੱਧ ਕਦੇ ਇਕ ਸ਼ਬਦ ਵੀ ਨਹੀਂ ਬੋਲਿਆ। ਉਸ ਨੇ ਯੋਗੀ ਦੇ ਸਤਾਏ ਡਾਕਟਰ ਕਫੀਲ ਖਾਨ ਦੀ ਵਿਧਾਨ ਪ੍ਰੀਸ਼ਦ ਲਈ ਨਾਮਜ਼ਦਗੀ ਦਾ ਐਲਾਨ ਜ਼ਰੂਰ ਕੀਤਾ ਪਰ ਉਸ ਦੀ ਜਿੱਤ ਯਕੀਨੀਂ ਬਣਾਉਣ ਲਈ ਕੁਝ ਨਹੀਂ ਕੀਤਾ। ਇਸ ਕਾਰਨ ਵਿਚਾਰਾ ਡਾਕਟਰ ਖਾਨ ਭਾਜਪਾ ਦੇ ਉਮੀਦਵਾਰ ਵਿਰੁੱਧ ਜਿੱਤਣ ਵਿਚ ਬੁਰੀ ਤਰ੍ਹਾਂ ਅਸਫਲ ਰਿਹਾ। ਅਖਿਲੇਸ਼ ਉਦੋਂ ਵੀ ਹਰਕਤ 'ਚ ਨਹੀਂ ਆਇਆ ਜਦੋਂ ਯੋਗੀ ਨੇ ਨਿਰਦੋਸ਼ ਮੁਸਲਮਾਨਾਂ ਨੂੰ ਗ੍ਰਿਫਤਾਰ ਕਰਨ ਅਤੇ ਦਹਾਕਿਆਂ ਦੀ ਮਿਹਨਤ ਦੀ ਕਮਾਈ ਨਾਲ ਬਣਾਏ ਗਏ ਉਨ੍ਹਾਂ ਦੇ ਘਰਾਂ ਨੂੰ ਗੈਰ-ਕਾਨੂੰਨੀ ਤੌਰ 'ਤੇ ਢਾਹੁਣ ਦੀ ਦਹਿਸ਼ਤੀ ਰਣਨੀਤੀ ਮੁੜ ਅਮਲ 'ਚ ਲਿਆਂਦੀ।

ਹੈਦਰਾਬਾਦ ਵਿਚ ਜਿਸ ਨੂੰ ਮੋਦੀ ਭਾਗਿਆਨਗਰ ਕਹਿਣਾ ਪਸੰਦ ਕਰੇਗਾ, ਭਾਜਪਾ ਦੀ ਹਾਲ ਹੀ ਵਿਚ ਹੋਈ ਕੌਮੀ ਕਾਰਜਕਾਰਨੀ ਦੀ ਇਕੱਤਰਤਾ ਵਿਚ ਮੋਦੀ ਨੇ ਭਗਤਾਂ, ਯਾਨੀ ਪੂਰੇ ਮੁਲਕ 'ਚ ਸ਼ਰੇਆਮ ਬੇਖੌਫ ਦਨਦਨਾ ਰਹੇ ਹਿੰਦੂਤਵੀ ਲਸ਼ਕਰਾਂ ਨੂੰ ਖੁਸ਼ ਕਰਨ ਲਈ ਰਾਜ ਘਰਾਣੇ ਦਾ ਨਵਾਂ ਮੰਤਰ ਦਿੱਤਾ। ਉਸ ਨੇ ਲੋਕਾਂ ਨੂੰ ਮੁਲਕ ਨੂੰ ਵੰਸ਼ਵਾਦ ਦੀ ਸਿਆਸਤ ਤੋਂ ਮੁਕਤ ਕਰਨ ਦਾ ਸੱਦਾ ਦਿੱਤਾ। ਜੋ ਤਰੱਕੀ ਕਰ ਰਹੇ ਸ਼ਹਿਰੀ ਮੱਧ ਵਰਗ ਦੇ ਕੁਝ ਹਿੱਸਿਆਂ ਨੂੰ ਦੇ ਮਨਾਂ ਨੂੰ ਬਹੁਤ ਟੁੰਬਦਾ ਹੈ ਜੋ ਇੰਦਰਾ ਗਾਂਧੀ, ਰਾਜੀਵ ਗਾਂਧੀ, ਸੋਨੀਆ ਗਾਂਧੀ ਅਤੇ ਹੁਣ ਰਾਹੁਲ ਗਾਂਧੀ ਨੂੰ ਉਨ੍ਹਾਂ ਦੀ ਵੰਸ਼ਵਾਦੀ ਹੱਕਦਾਰੀ ਕਰਕੇ ਨਫਰਤ ਕਰਦੇ ਹਨ। ਇਹ ਵੱਖਰੀ ਗੱਲ ਹੈ ਕਿ ਮੋਦੀ ਨੇ ਗਵਾਲੀਅਰ ਦੇ ਮਹਾਰਾਜਾ ਜੋਤਿਰਦਿੱਤਿਆ ਸਿੰਧੀਆ ਨੂੰ ਬਾਹਾਂ ਅੱਡ ਕੇ ਗਲੇ ਲਗਾਇਆ ਅਤੇ ਉਸੇ ਰਾਜ ਘਰਾਣੇ ਦੇ ਅੱਧੀ ਦਰਜਨ ਵਿਅਕਤੀ ਉਸ ਦੀ ਪਾਰਟੀ 'ਚ ਹਨ-ਜੋਤਿਰਦਿੱਤਿਆ, ਉਸ ਦੀ ਮਾਸੀ ਰਾਜਸਥਾਨ ਦੀ ਸਾਬਕਾ ਮੁੱਖ ਮੰਤਰੀ ਵਸੁੰਧਰਾ ਰਾਜੇ ਜੋ ਅਗਲੇ ਸਾਲ ਰਾਜਸਥਾਨ 'ਚ ਭਾਜਪਾ ਦੇ ਮੁੜ ਜਿੱਤਣ ਦੀ ਸੂਰਤ 'ਚ ਸੰਭਾਵੀ ਮੁੱਖ ਮੰਤਰੀ ਹੈ; ਵਸੁੰਧਰਾ ਦੀ ਭੈਣ ਯਸ਼ੋਧਰਾ ਰਾਜੇ ਸਿੰਧੀਆ ਜਿਸ ਨੇ ਇੰਨੇ ਸਾਲਾਂ ਵਿਚ ਸੰਸਦ ਅਤੇ ਫਿਰ ਐਮ.ਪੀ. ਵਿਧਾਨ ਸਭਾ ਮੈਂਬਰ ਵਜੋਂ ਮੰਤਰੀ ਦੇ ਅਹੁਦੇ ਦੀ ਹੱਕਦਾਰ ਹੋਣ ਦੀ ਭੋਰਾ ਵੀ ਯੋਗਤਾ ਨਹੀਂ ਦਿਖਾਈ ਹੈ ਜਿਸ ਦਾ ਉਹ ਆਪਣੇ ਗ੍ਰਹਿ ਰਾਜ ਮੱਧ ਪ੍ਰਦੇਸ਼ ਵਿਚ ਆਨੰਦ ਲੈ ਰਹੀ ਹੈ; ਰਾਜਸਥਾਨ ਦੇ ਝਾਲਾਵਾੜ ਤੋਂ ਸੰਸਦ ਮੈਂਬਰ ਵਸੁੰਧਰਾ ਦਾ ਪੁੱਤਰ ਦੁਸ਼ਿਅੰਤ ਸਿੰਘ ਵੀ ਕਿਸੇ ਨੂੰ ਭੁੱਲਿਆ ਨਹੀਂ ਜਿਸ ਕੋਲ ਉਸ ਉਚ ਅਹੁਦੇ ਦਾ ਹੱਕਦਾਰ ਹੋਣ ਲਈ ਕੋਈ ਸਿਹਰਾ ਲੈਣ ਵਾਲੀ ਪ੍ਰਾਪਤੀ ਨਹੀਂ ਹੈ। ਦਰਅਸਲ, ਭਾਜਪਾ ਵਸੁੰਧਰਾ ਅਤੇ ਗਵਾਲੀਅਰ ਤੋਂ ਯਸ਼ੋਧਰਾ ਰਾਜੇ ਦੀ ਮਾਂ ਮਹਾਰਾਣੀ ਵਿਜੇ ਰਾਜੇ ਸਿੰਧੀਆ ਦਾ ਕਰਜ਼ ਚੁਕਾ ਰਹੀ ਹੈ ਜੋ ਭਾਜਪਾ ਦੇ ਪਹਿਲੇ ਰੂਪ ਜਨਸੰਘ ਦੇ ਸੰਸਥਾਪਕਾਂ ਅਤੇ ਫੰਡ ਦਾਤਿਆਂ 'ਚੋਂ ਇਕ ਸੀ। ਇਸੇ ਤਰ੍ਹਾਂ ਪ੍ਰਧਾਨ ਮੰਤਰੀ ਦਾ ਚਹੇਤਾ, ਕੱਪੜਾ, ਵਣਜ ਅਤੇ ਉਦਯੋਗ ਅਤੇ ਖਪਤਕਾਰ ਮਾਮਲੇ, ਤੇ ਖੁਰਾਕ ਅਤੇ ਜਨਤਕ ਵੰਡ ਮੰਤਰੀ ਪਿਯੂਸ਼ ਗੋਇਲ ਹੈ। ਮੋਦੀ ਨੇ ਵਾਜਪਾਈ ਸਰਕਾਰ 'ਚ ਸਾਬਕਾ ਜਹਾਜ਼ਰਾਨੀ ਮੰਤਰੀ ਰਹੇ ਵੇਦ ਪ੍ਰਕਾਸ਼ ਗੋਇਲ ਦੇ ਫਰਜ਼ੰਦ ਨੂੰ ਪਾਰਟੀ ਦਾ ਖਜ਼ਾਨਚੀ ਵੀ ਬਣਾਇਆ ਹੋਇਆ ਹੈ। ਇਸੇ ਤਰ੍ਹਾਂ ਉਸ ਦਾ ਚਾਰਟਰਡ ਅਕਾਊਂਟੈਂਟ ਫਰਜ਼ੰਦ ਹੈ ਜੋ ਭਾਜਪਾ ਨੇ ਮੁੰਬਈ ਤੋਂ ਸਿੱਧਾ ਰਾਜ ਸਭਾ ਮੈਂਬਰ ਬਣਾਇਆ ਅਤੇ 15ਵੀਂ ਲੋਕ ਸਭਾ ਵਿਚ ਅਰੁਣ ਜੇਤਲੀ ਗਰੁੱਪ 'ਚ ਸ਼ਾਮਿਲ ਕੀਤਾ ਅਤੇ ਕਰਨਾਟਕ ਦਾ ਮੌਜੂਦਾ ਮੁੱਖ ਮੰਤਰੀ ਬਸਵਾਰਾਜ ਬੋਮਈ ਕੌਣ ਹੈ? ਜਨਤਾ ਦਲ ਦੇ ਸਾਬਕਾ ਪ੍ਰਧਾਨ ਅਤੇ ਪਹਿਲੀ ਯੂ.ਪੀ.ਏ. ਸਰਕਾਰ ਵਿਚ ਸਾਬਕਾ ਮਨੁੱਖੀ ਵਸੀਲੇ ਮੰਤਰੀ ਐੱਸ.ਆਰ. ਬੋਮਈ ਦਾ ਫਰਜ਼ੰਦ।

ਅਨੁਰਾਗ ਠਾਕੁਰ ਹਿਮਾਚਲ ਪ੍ਰਦੇਸ਼ ਦੇ ਸਾਬਕਾ ਪ੍ਰਧਾਨ ਪ੍ਰੇਮ ਕੁਮਾਰ ਧੂਮਲ ਦਾ ਫਰਜ਼ੰਦ ਹੈ ਜੋ ਪਹਿਲਾਂ ਆਪਣੇ ਵੰਸ਼ ਕਾਰਨ ਅਤੇ ਬਾਅਦ ਵਿਚ ਕਾਂਗਰਸ ਨੂੰ ਗਾਲਾਂ ਕੱਢ ਕੇ ਭਾਜਪਾ ਵਿਚ ਉਭਰਿਆ। ਸੰਜੇ ਗਾਂਧੀ ਦੇ ਪੁੱਤਰ ਵਰੁਣ ਅਤੇ ਉਸ ਦੀ ਵਿਧਵਾ ਮੇਨਕਾ ਗਾਂਧੀ ਵੀ ਹਨ ਜਿਨ੍ਹਾਂ ਉਪਰ ਇਸ ਸਮੇਂ ਭਾਜਪਾ ਦੀ ਨਜ਼ਰੇ-ਇਨਾਇਤ ਨਹੀਂ ਹੈ। ਭਾਜਪਾ ਅਤੇ ਸਭ ਤੋਂ ਵੱਧ ਮੋਦੀ ਐਮਰਜੈਂਸੀ ਦਾ ਵਿਰੋਧ ਕਰਨ ਲਈ ਦੁਹੱਥੜਾਂ ਮਾਰਦੇ ਨਹੀਂ ਥੱਕਦੇ ਪਰ ਕੀ ਕਦੇ ਕਿਸੇ ਨੇ ਉਨ੍ਹਾਂ ਦੇ ਮੂੰਹੋਂ ਐਮਰਜੈਂਸੀ ਦੇ ਮੁੱਖ ਖਲਨਾਇਕ ਸੰਜੇ ਗਾਂਧੀ ਦੀ ਆਲੋਚਨਾ ਦਾ ਇਕ ਵੀ ਸ਼ਬਦ ਸੁਣਿਆ ਹੈ? ਨਹੀਂ। ਦਰਅਸਲ 2004 ਦੀਆਂ ਚੋਣਾਂ ਤੋਂ ਪਹਿਲਾਂ, ਤਤਕਾਲੀ ਭਾਜਪਾ ਮੁਖੀ ਐੱਲ.ਕੇ. ਅਡਵਾਨੀ ਨੇ 25 ਸਾਲ ਦੇ ਵਰੁਣ ਨੂੰ ਸਿਰਫ ਉਸ ਦੇ ਰਾਜ ਘਰਾਣੇ ਦੇ ਕਾਰਨ ਭਾਜਪਾ ਵਿਚ ਸ਼ਾਮਿਲ ਹੋਣ ਲਈ ਨੇੜੇ ਲਾਇਆ ਸੀ ਅਤੇ ਬਹੁਮਤ ਹਾਸਲ ਕਰਨ 'ਤੇ ਉਸ ਨੂੰ ਯੂ.ਪੀ. ਦਾ ਮੁੱਖ ਮੰਤਰੀ ਬਣਾਉਣ ਦਾ ਵਾਅਦਾ ਵੀ ਕੀਤਾ ਸੀ। ਦਰਅਸਲ ਇਹ ਐਸੇ ਲੋਕਾਂ ਦੀ ਪਾਰਟੀ ਹੈ ਜੋ ਦੋਸ਼ ਇਹ ਦੂਜਿਆਂ ਉਪਰ ਲਾਉਂਦੇ ਹਨ।

ਪਰ ਇਹ ਹੋਰ ਗੱਲ ਹੈ। ਵੰਸ਼ ਪਰੰਪਰਾ ਨੂੰ ਨਿਸ਼ਾਨਾ ਬਣਾਉਣ ਲਈ ਇਸ ਰਣਨੀਤੀ ਦੀ ਯੋਜਨਾਬੰਦੀ ਉਦੋਂ ਕੀਤੀ ਗਈ ਸੀ ਜਦੋਂ ਊਧਵ ਠਾਕਰੇ ਨੂੰ ਸੱਤਾ ਤੋਂ ਲਾਹੁਣ ਦਾ ਅਪ੍ਰੇਸ਼ਨ ਚੱਲ ਰਿਹਾ ਸੀ ਅਤੇ ਭਾਜਪਾ ਨੇ ਬਹੁਗਿਣਤੀ ਸ਼ਿਵ ਸੈਨਾ ਵਿਧਾਇਕਾਂ ਨੂੰ ਈ.ਡੀ. ਨਾਲ ਡਰਾ ਕੇ ਉਧਾਲ ਕੇ ਲੈ ਜਾਣ ਦਾ ਪ੍ਰੋਜੈਕਟ ਵਿੱਢਿਆ ਸੀ। ਉਨ੍ਹਾਂ 'ਚੋਂ ਇਕ ਏਕਨਾਥ ਸ਼ਿੰਦੇ ਆਟੋਰਿਕਸ਼ਾ ਚਾਲਕ ਤੋਂ ਅਮੀਰ ਮੰਤਰੀ ਬਣਿਆ ਜਿਸ ਕੋਲ ਹੁਣ ਆਪਣੇ ਜ਼ੱਦੀ ਪਿੰਡ ਵਿਚ ਆਪਣੇ ਹੈਲੀਕਾਪਟਰ ਉਤਾਰਨ ਲਈ ਦੋ ਹੈਲੀਪੈਡ ਹਨ। ਇਸੇ ਤਰ੍ਹਾਂ ਸੜਕਾਂ 'ਤੇ ਫਲ ਵੇਚਣ ਵਾਲੇ ਜੋ ਊਧਵ ਦੀ ਟੀਮ ਦੇ ਸਾਥੀ ਸਨ।

ਪਰ ਸ਼ਿਵ ਸੈਨਿਕ ਮੁੱਖ ਤੌਰ 'ਤੇ ਠਾਕਰੇ ਪਰਿਵਾਰ ਦੇ ਵਫਾਦਾਰ ਹਨ ਅਤੇ ਇਸੇ ਲਈ ਰਾਜ ਘਰਾਣੇ ਨੂੰ ਭੰਡਣਾ ਜ਼ਰੂਰੀ ਹੋ ਗਿਆ। ਕੀ ਮੋਦੀ ਦੇ ਦਿਮਾਗ ਵਿਚ ਦੂਰਗਾਮੀ ਰਣਨੀਤੀ ਸੀ? ਪਰ ਜਦੋਂ ਭਾਜਪਾ ਦੇ ਇਕ ਪਾਰਟੀ ਰਾਜ ਦੇ ਉਭਰਨ ਦਾ ਵਿਰੋਧ ਕਰਨ ਵਾਲੇ ਜ਼ਿਆਦਾਤਰ ਸਿਆਸੀ ਆਗੂਆਂ ਨੇ ਦੂਜੀ ਪੀੜ੍ਹੀ ਵਾਲੇ ਹੁਕਮਰਾਨ ਜਾਂ ਸੰਭਾਵੀ ਹੁਕਮਰਾਨ ਬਣਨਾ ਹੈ ਜਿਨ੍ਹਾਂ ਨੂੰ ਸਿਆਸਤ ਦੀ ਵਿਰਾਸਤ ਆਪਣੇ ਉਘੇ ਬਾਪੂਆਂ ਜਾਂ ਦਾਦਾ/ਦਾਦੀ ਤੋਂ ਮਿਲੀ ਹੈ ਤਾਂ ਗੱਲ ਸਾਫ ਸਮਝ ਆ ਜਾਂਦੀ ਹੈ।

ਇਸ ਲਈ ਚਾਹੇ ਰਾਹੁਲ ਅਤੇ ਪ੍ਰਿਅੰਕਾ ਗਾਂਧੀ ਹੈ ਜਾਂ ਯੂ.ਪੀ. ਵਿਚ ਅਖਿਲੇਸ਼ ਯਾਦਵ ਜਾਂ ਬਿਹਾਰ ਵਿਚ ਤੇਜਸਵੀ ਯਾਦਵ ਜਾਂ ਉੜੀਸਾ ਵਿਚ ਨਵੀਨ ਪਟਨਾਇਕ ਜੋ ਮੋਦੀ ਦਾ ਵਿਰੋਧ ਬਿਲਕੁਲ ਨਹੀਂ ਕਰ ਰਿਹਾ ਪਰ ਪਿਛਲੇ ਕਰੀਬ ਦਹਾਕੇ ਤੋਂ ਉੜੀਸਾ ਵਿਚ ਭਾਜਪਾ ਦੇ ਪੈਰ ਨਹੀਂ ਲੱਗਣ ਦੇ ਰਿਹਾ; ਜਾਂ ਤਾਮਿਲਨਾਡੂ ਦਾ ਕੱਟੜ ਦ੍ਰਾਵਿੜੀ ਐੱਮ ਕੇ ਸਟਾਲਿਨ ਜਾਂ ਆਂਧਰਾ ਪ੍ਰਦੇਸ਼ ਵਿਚ ਜਗਨ ਮੋਹਨ ਰੈੱਡੀ, ਜਾਂ ਪੱਛਮੀ ਯੂ.ਪੀ. ਦਾ ਨਵਾਂ ਉਭਰਦਾ ਸਿਤਾਰਾ ਜੈਅੰਤ ਚੌਧਰੀ ਜੋ ਅਜੀਤ ਸਿੰਘ ਦਾ ਪੁੱਤਰ ਅਤੇ ਚੌਧਰੀ ਚਰਨ ਸਿੰਘ ਦਾ ਪੋਤਰਾ ਹੈ- ਇਹ ਸਭ ਆਪਣੀ ਵਿਰਾਸਤ ਰਾਹੀਂ ਰਾਜਨੀਤੀ ਵਿਚ ਆਏ ਹਨ। ਉਹ ਭਾਵੇਂ ਊਧਵ ਹੈ ਜਾਂ ਅਖਿਲੇਸ਼ ਜਾਂ ਤੇਜਸਵੀ, ਦੂਜੀ, ਤੀਜੀ ਪੀੜ੍ਹੀ ਦੇ ਜਿਨ੍ਹਾਂ ਆਗੂਆਂ ਨੂੰ ਮੋਦੀ ਨਿਸ਼ਾਨਾ ਬਣਾ ਰਿਹਾ ਹੈ, ਉਨ੍ਹਾਂ ਦੀ ਭਾਜਪਾ ਅਤੇ ਮੋਦੀ ਵਿਰੁੱਧ ਜਨ ਅੰਦੋਲਨ ਦੀ ਅਗਵਾਈ ਕਰਨ ਅਤੇ ਲੋਕਾਂ ਦੇ ਦੁੱਖਾਂ-ਦਰਦਾਂ ਨੂੰ ਸਪਸ਼ਟਤਾ ਨਾਲ ਉਠਾਉਣ ਦੀ ਝਿਜਕ ਦਾ ਫਾਇਦਾ ਉਠਾਉਣ ਵਿਚ ਭਾਜਪਾ ਦੇ ਸਫਲ ਹੋਣ ਦੀ ਬਹੁਤ ਸੰਭਾਵਨਾ ਹੈ। ਇਸ ਨਿਯਮ ਦੇ ਅਪਵਾਦ ਵੀ ਹਨ। ਇਸ ਦੀ ਇਕ ਮਿਸਾਲ ਜੈਯੰਤ ਚੌਧਰੀ ਹੈ ਜੋ ਸਾਲ ਭਰ ਚੱਲੇ ਲੰਮੇ ਕਿਸਾਨ ਸੰਘਰਸ਼ ਦੌਰਾਨ ਉਨ੍ਹਾਂ ਨਾਲ ਲਗਾਤਾਰ ਜੁੜਿਆ ਰਿਹਾ, ਤੇ ਦੂਜਾ ਸਟਾਲਿਨ ਹੈ ਜਿਸ ਨੂੰ ਸਿਆਸਤ ਆਪਣੇ ਬਾਪ ਐੱਮ. ਕਰੁਣਾਨਿਧੀ ਤੋਂ ਵਿਰਸੇ 'ਚ ਮਿਲੀ ਪਰ ਉਹ ਆਪਣੇ ਕ੍ਰਿਸ਼ਮਈ ਬਾਪ ਦੀ ਯੋਗ ਅਗਵਾਈ 'ਚ ਹੇਠਲੇ ਪੱਧਰ ਤੋਂ ਕੰਮ ਕਰਦਿਆਂ ਉਭਰਿਆ ਹੈ। ਮੋਦੀ ਦਾ ਰਾਜ ਘਰਾਣਿਆਂ ਤੋਂ ਮੁਕਤ ਹੋਣ ਦਾ ਨਵਾਂ ਨਾਅਰਾ ਕੰਮ ਕਰ ਸਕਦਾ ਹੈ ਅਤੇ ਜਦੋਂ ਆਰ.ਐੱਸ.ਐੱਸ. ਦੇ ਸੌ ਸਾਲ ਪੂਰੇ ਹੋ ਰਹੇ ਹਨ ਤਾਂ ਸੰਘ ਪਰਿਵਾਰ ਦੇ ਨਵੇਂ ਰਾਜ ਘਰਾਣੇ ਦੇ ਉਭਰਨ ਵੱਲ ਵਧ ਸਕਦਾ ਹੈ।

# ਭਗਤ ਸਧਨਾ ਜੀ

ਭਗਤ ਸਧਨਾ ਜੀ ਦਾ ਸ਼ੁਮਾਰ ਉਨ੍ਹਾਂ ਭਗਤਾਂ ਵਿਚ ਹੈ ਜਿਨ੍ਹਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਆਮ ਵਿਚਾਰ ਪ੍ਰਚੱਲਤ ਹੈ ਕਿ ਭਗਤ ਸਧਨਾ ਜੀ ਆਪਣੀ ਰੋਜ਼ੀ-ਰੋਟੀ ਕਸਾਈ ਦੇ ਕਿੱਤੇ ਵਿਚੋਂ ਕਮਾਉਂਦੇ ਸੀ ਪ੍ਰੰਤੂ ਉਹ ਅਧਿਆਤਮਕ ਬੁਲੰਦੀਆਂ ਦੇ ਮਾਲਕ ਸਨ। ਜੇ ਇਸ ਤੱਥ ਨੂੰ ਸਵੀਕਾਰ ਕਰ ਲਿਆ ਜਾਵੇ ਤਾਂ ਇਸ ਤੋਂ ਇਹ ਪਤਾ ਲਗਦਾ ਹੈ ਕਿ ਕੋਈ ਵੀ ਕਿੱਤਾ ਆਪਣੇ ਆਪ ਵਿਚ ਨੀਵਾਂ ਨਹੀਂ ਹੁੰਦਾ ਅਤੇ ਨਾ ਹੀ ਉਸ ਨੂੰ ਕਰਨ ਵਾਲੇ ਦਾ ਸਮਾਜਿਕ ਦਰਜਾ ਕਿੱਤੇ ਤੋਂ ਆਂਕਣਾ ਚਾਹੀਦਾ ਹੈ। ਈਮਾਨਦਾਰੀ ਨਾਲ ਕੀਤੀ ਹੋਈ ਦਸਾਂ ਨਹੁੰਆਂ ਦੀ ਕੋਈ ਵੀ ਕਿਰਤ-ਕਮਾਈ ਨੀਵੀਂ ਨਹੀਂ ਹੁੰਦੀ। ਉਨ੍ਹਾਂ ਦੀ ਈਮਾਨਦਾਰੀ, ਰੱਬੀ ਭਰੋਸਾ ਅਧਿਆਤਮਕਤਾ ਦੀਆਂ ਸਿਖਰਾਂ ਨੂੰ ਛੂੰਹਦਾ ਸੀ। 'ਸਿੱਖ ਇਨਸਾਈਕਲੋਪੀਡੀਆ' ਅਨੁਸਾਰ ਉਨ੍ਹਾਂ ਦੇ ਜਨਮ ਬਾਰੇ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਇਹ



ਡਾ. ਗੁਰਨਾਮ ਕੌਰ, ਕੈਨੇਡਾ

ਸਿੰਧ ਪ੍ਰਾਂਤ ਦੇ ਸਿਹਵਾਂ ਪਿੰਡ ਵਿਚ ਹੋਇਆ। ਕਿਹਾ ਜਾਂਦਾ ਹੈ ਕਿ ਉਨ੍ਹਾਂ ਦਾ ਅੰਤਮ ਸੰਸਕਾਰ ਪੰਜਾਬ ਵਿਚ ਸਰਹੰਦ ਵਿਖੇ ਕੀਤਾ ਗਿਆ ਜਿੱਥੇ ਉਨ੍ਹਾਂ ਦੀ ਯਾਦ ਵਿਚ ਬਣੀ ਹੋਈ ਸਮਾਧੀ ਅੱਜ ਵੀ ਮੌਜੂਦ ਹੈ। ਇਸ ਸੋਮੇ ਅਨੁਸਾਰ ਹੀ ਭਗਤ ਸਧਨਾ ਜੀ ਨੂੰ ਭਗਤ ਨਾਮਦੇਵ ਜੀ ਦਾ ਸਮਕਾਲੀ ਮੰਨਿਆ ਗਿਆ ਹੈ, ਜਿਨ੍ਹਾਂ ਦੀ ਬਾਣੀ ਵੀ ਸ੍ਰੀ ਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਹੈ। ਭਗਤ ਸਧਨਾ ਜੀ ਮਾਸ ਵੇਚ ਕੇ ਗੁਜ਼ਾਰਾ ਕਰਦੇ ਸਨ ਪ੍ਰੰਤੂ ਇਹ ਦਾਅਵੇ ਨਾਲ ਕਿਹਾ ਜਾਂਦਾ ਹੈ ਕਿ ਉਨ੍ਹਾਂ ਨੇ ਆਪ ਕਦੇ ਵੀ ਜਾਨਵਰਾਂ ਨੂੰ ਨਹੀਂ ਸੀ ਮਾਰਿਆ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗੁ ਬਿਲਾਵਲੁ ਵਿਚ ਉਨ੍ਹਾਂ ਦਾ ਇੱਕੋ ਇੱਕ ਸ਼ਬਦ ਪੰਨਾ 858 'ਤੇ ਦਰਜ ਹੈ ਜੋ ਉਨ੍ਹਾਂ ਦੇ ਭਰੋਸੇ ਵੱਲ ਇਸ਼ਾਰਾ ਕਰਦਾ ਹੈ ਕਿ ਨਾਮ ਸਿਮਰਨ ਅਤੇ ਪਰਮਾਤਮ-ਭਗਤੀ ਰਾਹੀਂ ਮਨੁੱਖ ਦੇ ਕੀਤੇ ਮਾੜੇ ਕਰਮ ਧੋਤੇ ਜਾ ਸਕਦੇ ਹਨ:

ਨ੍ਰਿਪ ਕੰਨਿਆ ਕੇ ਕਾਰਨੈ ਇਕੁ ਭਇਆ ਭੇਖਧਾਰੀ ॥

ਕਾਮਾਰਥੀ ਸੁਆਰਥੀ ਵਾ ਕੀ ਪੈਜ ਸਵਾਰੀ ॥੧॥

ਤਵ ਗੁਨ ਕਹਾ ਜਗਤ ਗੁਰਾ ਜਉ ਕਰਮੁ ਨ ਨਾਸੈ ॥

ਸਿੰਘ ਸਰਨ ਕਤ ਜਾਈਐ ਜਉ ਜੰਬੁਕੁ ਗ੍ਰਾਸੈ ॥੧॥ ਰਹਾਉ ॥

ਏਕ ਬੂੰਦ ਜਲ ਕਾਰਨੇ ਚਾਤ੍ਰਿਕੁ ਦੁਖੁ ਪਾਵੈ ॥

ਪ੍ਰਾਨ ਗਏ ਸਾਗਰੁ ਮਿਲੈ ਫੁਨਿ ਕਾਮਿ ਨ ਆਵੈ ॥੨॥

ਪ੍ਰਾਨ ਜੁ ਥਾਕੇ ਥਿਰੁ ਨਹੀ ਕੈਸੇ ਬਿਰਮਾਵਉ ॥

ਬੂਡਿ ਮੂਏ ਨਉਕਾ ਮਿਲੈ ਕਹੁ ਕਾਹਿ ਚਢਾਵਉ ॥੩॥

ਮੈ ਨਾਹੀ ਕਛੁ ਹਉ ਨਹੀ ਕਿਛੁ ਆਹਿ ਨ ਮੋਰਾ ॥

ਅਉਸਰ ਲਜਾ ਰਾਖਿ ਲੇਹੁ ਸਧਨਾ ਜਨੁ ਤੋਰਾ ॥੪॥੧॥

ਅਸੀਂ ਜਾਣਦੇ ਹਾਂ ਕਿ ਪੌਰਾਣਿਕ ਕਥਾਵਾਂ ਆਦਿ ਦੇ ਹਵਾਲਿਆਂ ਨਾਲ ਬਾਣੀ ਵਿਚ ਵੀ ਕਈ ਥਾਵਾਂ 'ਤੇ ਭਗਤੀ ਦਾ ਉਦੇਸ਼ ਅਤੇ ਪਰਮਾਤਮਾ ਦੀ ਆਪਣੇ ਭਗਤਾਂ ਉੱਤੇ ਮਿਹਰ ਦਾ ਜ਼ਿਕਰ ਕੀਤਾ ਮਿਲਦਾ ਹੈ। ਇਥੇ ਵੀ ਭਗਤ ਸਧਨਾ ਜੀ ਇਸੇ ਕਿਸਮ ਦੇ ਹਵਾਲੇ ਨਾਲ ਆਪਣੇ ਭਗਤਾਂ ਉੱਤੇ ਪਰਮਾਤਮਾ ਦੀ ਮਿਹਰ ਵੱਲ ਸੰਕੇਤ ਕਰਦੇ ਹਨ। ਭਗਤ ਸਧਨਾ ਜੀ ਪਰਮਾਤਮਾ ਅੱਗੇ ਅਰਦਾਸ ਕਰਦੇ ਹਨ ਕਿ ਪ੍ਰਭੂ ਜੀ ਤੂੰ ਉਸ ਕਾਮ-ਵਾਸ਼ਨਾ ਵਿਚ ਲਪਟ ਅਤੇ ਖ਼ੁਦਗਰਜ਼ ਆਦਮੀ ਦੀ ਵੀ ਲਾਜ ਰੱਖੀ ਸੀ ਅਰਥਾਤ ਤੂੰ ਉਸ ਨੂੰ ਕਾਮ-ਵਾਸ਼ਨਾ ਦੇ ਵਿਕਾਰ ਵਿਚ ਡਿੱਗਣ ਤੋਂ ਬਚਾਇਆ ਸੀ ਜਿਸ ਨੇ ਇਕ ਰਾਜੇ ਦੀ ਲੜਕੀ ਦੀ ਖਾਤਰ ਧਰਮ ਦਾ ਭੇਖ ਧਾਰਿਆ ਸੀ। ਭਗਤ ਜੀ ਪਰਮਾਤਮਾ ਨੂੰ ਸਾਰੇ ਜਗਤ ਦਾ ਗੁਰੂ ਮੰਨਦੇ ਹੋਏ ਅਰਦਾਸ ਕਰਦੇ ਹਨ ਕਿ ਹੇ ਜਗਤ ਗੁਰੂ! ਜੇ ਮੇਰੇ ਕੀਤੇ ਹੋਏ ਪਿਛਲੇ ਕਰਮਾਂ ਦਾ ਫਲ ਨਾਸ ਨਾ ਹੋਇਆ ਤਾਂ ਫਿਰ ਤੇਰੀ ਸ਼ਰਨ ਵਿਚ ਆਉਣ ਦਾ ਕੀ ਗੁਣ ਹੋਵੇਗਾ? ਇੱਥੇ ਕਹਿਣ ਤੋਂ ਭਾਵ ਹੈ ਕਿ ਪਰਮਾਤਮਾ ਦੀ ਸ਼ਰਨ ਵਿਚ ਆਇਆਂ, ਉਸ ਦਾ ਓਟ-ਆਸਰਾ ਤੱਕਿਆਂ ਮਨੁੱਖ ਦੇ ਬੁਰੇ ਕਰਮ ਕੱਟੇ ਜਾਂਦੇ ਹਨ; ਜੇ ਇਸ ਤਰ੍ਹਾਂ ਨਾ ਹੁੰਦਾ ਹੋਵੇ ਤਾਂ ਮਨੁੱਖ ਪਰਮਾਤਮਾ ਦੀ ਸ਼ਰਨ ਵਿਚ ਕਿਉਂ ਆਵੇਗਾ? ਭਗਤ ਜੀ ਅੱਗੇ ਸ਼ੇਰ ਦੀ ਸ਼ਰਨ ਦਾ ਹਵਾਲਾ ਦਿੰਦੇ ਹਨ ਕਿ ਕੋਈ ਜੀਵ ਸ਼ੇਰ ਦੀ ਸ਼ਰਨ ਕਿਉਂ ਆਵੇਗਾ ਜੇ ਸ਼ੇਰ ਦੀ ਸ਼ਰਨ ਆਇਆਂ ਵੀ ਉਸ ਨੂੰ ਗਿੱਦੜ ਨੇ ਖਾ ਹੀ ਲੈਣਾ ਹੈ (ਸ਼ੇਰ ਨੂੰ ਸਭ ਤੋਂ ਤਾਕਤਵਰ ਜਾਨਵਰ ਅਤੇ ਜੰਗਲ ਦਾ ਰਾਜਾ ਮੰਨਿਆ ਜਾਂਦਾ ਹੈ ਜਿਸ ਤੋਂ ਸਾਰੇ ਜਾਨਵਰ ਡਰਦੇ ਹਨ ਅਤੇ ਗਿੱਦੜ ਨੂੰ ਸਭ ਤੋਂ ਕਮਜ਼ੋਰ ਅਤੇ ਡਰਾਕਲ ਮੰਨਿਆ ਜਾਂਦਾ ਹੈ ਜੋ ਖਤਰਾ ਦੇਖਦਿਆਂ ਜਾਨ ਬਚਾਉਣ ਲਈ ਭੱਜ ਨਿਕਲਦਾ ਹੈ)। ਭਗਤ ਜੀ ਅੱਗੇ ਹੋਰ ਤਰਕ ਰੱਖਦੇ ਹਨ ਕਿ ਪਪੀਹਾ ਜਲ ਦੀ ਇੱਕ ਸਵਾਂਤੀ ਬੂੰਦ ਦੀ ਖਾਤਰ ਕਿੰਨਾ ਦੁੱਖ ਜਰਦਾ ਹੈ (ਕਿਹਾ ਜਾਂਦਾ ਹੈ ਕਿ ਪਪੀਹੇ ਦੀ ਪਿਆਸ ਬਾਰਸ਼ ਦੀ ਬੂੰਦ ਉਸ ਦੇ ਅੰਦਰ ਜਾਣ ਨਾਲ ਹੀ ਮਿਟਦੀ ਹੈ ਅਤੇ ਉਹ ਇੱਕ ਬੂੰਦ ਦੀ ਖਾਤਰ ਪੀਹੂ ਪੀਹੂ ਕਰਦਾ ਅਸਮਾਨ ਵਿਚ ਬੱਦਲਾਂ ਅੱਗੇ ਉਡਦਾ ਤੜਪਦਾ ਰਹਿੰਦਾ ਹੈ ਤਾਂ ਕਿ ਬੱਦਲਾਂ ਵਿਚੋਂ ਕੋਈ ਇੱਕ ਬੂੰਦ ਡਿਗੇ ਅਤੇ ਉਸ ਦੀ ਪਿਆਸ ਬੁੱਝ ਜਾਵੇ) ਪਰ ਜੇ ਇਸ ਤਰ੍ਹਾਂ ਤੜਪਦਿਆਂ ਹੀ ਉਡੀਕ ਵਿਚ ਉਸ ਦੀ ਜਾਨ ਚਲੀ ਜਾਵੇ ਫਿਰ ਉਸ ਨੂੰ ਭਾਵੇਂ ਪਾਣੀ ਦਾ ਸਮੁੰਦਰ ਵੀ ਮਿਲ ਜਾਵੇ, ਉਸ ਦੇ ਕਿਸੇ ਕੰਮ ਨਹੀਂ ਆ ਸਕਦਾ। ਇਸੇ ਤਰ੍ਹਾਂ ਪਰਮਾਤਮਾ ਅੱਗੇ ਗੁਜ਼ਾਰਿਸ਼ ਕਰਦੇ ਹਨ ਕਿ ਹੇ ਵਾਹਿਗੁਰੂ! ਜੇ ਤੇਰੇ ਨਾਮ-ਰੂਪੀ ਅੰਮ੍ਰਿਤ-ਜਲ ਖੁਣੋਂ ਮੇਰਾ ਜੀਵਨ ਵਿਕਾਰਾਂ ਵਿਚ ਹੀ ਖਤਮ ਹੋ ਗਿਆ ਤਾਂ ਫਿਰ ਤੇਰੀ ਮਿਹਰ ਦਾ ਸਮੁੰਦਰ ਮੇਰਾ ਕੀ ਸਵਾਰੇਗਾ? ਭਗਤ ਜੀ ਬੇਨਤੀ ਗੁਜ਼ਾਰਦੇ ਹਨ ਕਿ ਵਾਹਿਗੁਰੂ ਜੀ! ਤੇਰੀ ਮਿਹਰ ਦੀ ਉਡੀਕ ਕਰਦਿਆਂ ਮੇਰੀ ਜਿੰਦੜੀ ਥੱਕ ਗਈ ਹੈ ਅਤੇ ਵਿਕਾਰਾਂ ਵਿਚ ਡੋਲ ਰਹੀ ਹੈ, ਸਥਿਰ ਨਹੀਂ ਹੈ, ਇਸ ਨੂੰ ਮੈਂ ਵਿਕਾਰਾਂ ਵੱਲ ਜਾਣ ਤੋਂ ਕਿਵੇਂ ਰੋਕਾਂ? ਅੱਗੇ ਉਦਾਹਰਣ ਦਿੰਦੇ ਹਨ ਕਿ ਜੇ ਕੋਈ ਡੁੱਬ ਕੇ ਹੀ ਮਰ ਗਿਆ ਹੋਵੇ ਅਤੇ ਪਿੱਛੋਂ ਪਾਰ ਜਾਣ ਲਈ ਬੇੜੀ ਮਿਲੇ ਉਹ ਉਸਦਾ ਕੀ ਕਰੇਗਾ ਅਰਥਾਤ ਜੇ ਤੇਰੀ ਮਿਹਰ ਦੀ ਉਡੀਕ ਵਿਚ ਮੈਂ ਵਿਕਾਰਾਂ ਦੇ ਸਮੁੰਦਰ ਵਿਚ ਡੁੱਬ ਗਿਆ ਅਤੇ ਪਿੱਛੋਂ ਤੇਰੀ ਬੇੜੀ ਮਿਲ ਵੀ ਗਈ ਫਿਰ ਮੈਂ ਉਸ ਦਾ ਕੀ ਕਰਾਂਗਾ? ਉਸ ਵਿਚ ਕਿਸ ਨੂੰ ਬਿਠਾਵਾਂਗਾ? ਅਖੀਰ ਵਿਚ ਭਗਤ ਜੀ ਜੋਦੜੀ ਕਰਦੇ ਹਨ ਕਿ ਮੈਂ ਆਪਣੇ ਆਪ ਵਿਚ ਕੁੱਝ ਵੀ ਨਹੀਂ ਹਾਂ, ਮੇਰੀ ਕੋਈ ਪਾਇਆ ਨਹੀਂ, ਨਾ ਹੀ ਮੇਰਾ ਕੋਈ ਹੋਰ ਆਸਰਾ ਹੈ। ਇਹ ਮਨੁੱਖ ਦਾ ਜਨਮ ਜੋ ਮੈਨੂੰ ਮਿਲਿਆ ਹੈ ਇਹ ਇੱਕ ਅਵਸਰ ਪ੍ਰਾਪਤ ਹੋਇਆ ਤੇਰੀ ਮਿਹਰ ਪ੍ਰਾਪਤ ਕਰਨ ਦਾ, ਇਸ ਲਈ ਮੇਰੀ ਲਾਜ ਰੱਖ (ਕਿਉਂਕਿ ਸਭ ਜੂਨੀਆਂ ਵਿਚ ਇੱਕ ਮਨੁੱਖ ਦਾ ਜਨਮ ਹੀ ਐਸਾ ਅਵਸਰ ਹੈ ਜਿਸ ਵਿਚ ਰੱਬੀ ਭਗਤੀ ਕਰ ਕੇ ਉਸ ਦਾ ਅਨੁਭਵ ਕੀਤਾ ਜਾ ਸਕਦਾ ਹੈ ਅਤੇ ਸੱਚੇ, ਸਹੀ ਮਾਰਗ 'ਤੇ ਚੱਲਦਿਆਂ ਉਸ ਦੀ ਮਿਹਰ ਪ੍ਰਾਪਤ ਕੀਤੀ ਜਾ ਸਕਦੀ ਹੈ)। ਮੈਂ ਸਧਨਾ ਤੇਰਾ ਦਾਸ ਹਾਂ, ਤੇਰਾ ਹੀ ਓਟ-ਆਸਰਾ ਤੱਕਦਾ ਹਾਂ, ਮੇਰੇ 'ਤੇ ਮਿਹਰ ਕਰ ਅਤੇ ਮੇਰੀ ਲਾਜ ਰੱਖ।

ਇਸ ਸ਼ਬਦ ਤੋਂ ਸਪੱਸ਼ਟ ਹੁੰਦਾ ਹੈ ਕਿ ਭਗਤ ਸਧਨਾ ਜੀ ਪਰਮਾਤਮਾ ਅੱਗੇ ਅਰਦਾਸ ਕਰਦੇ ਹਨ ਕਿ ਉਹ ਆਪਣੀ ਮਿਹਰ ਕਰ ਕੇ ਭਗਤ ਜੀ ਨੂੰ ਪਰਮਾਤਮਾ ਦੀ ਭਗਤੀ ਵੱਲ ਲਾਈ ਰੱਖਣ ਅਤੇ ਉਨ੍ਹਾਂ ਦੀ ਜ਼ਿੰਦਗੀ ਨੂੰ ਵਿਕਾਰਾਂ ਵਿਚ ਫਸਣ ਤੋਂ ਬਚਾਈ ਰੱਖਣ। ਮੱਧ ਕਾਲ ਦੀ ਭਗਤੀ ਲਹਿਰ ਨਾਲ ਜੁੜੇ ਭਗਤਾਂ ਦੀ ਜ਼ਿੰਦਗੀ ਬਾਰੇ ਆਮ ਤੌਰ 'ਤੇ ਵਿਸਥਾਰ ਵਿਚ ਜਾਣਕਾਰੀ ਪ੍ਰਾਪਤ ਨਾ ਹੋਣ ਕਰਕੇ ਬਹੁਤੀ ਵਾਰ ਉਨ੍ਹਾਂ ਦੇ ਜੀਵਨ ਬਾਰੇ ਵੱਖ ਵੱਖ ਕਿਆਸ-ਅਰਾਈਆਂ ਜਾਂ ਕਥਾ-ਕਹਾਣੀਆਂ ਜੁੜੀਆ ਮਿਲਦੀਆਂ ਹਨ। ਕੁੱਝ ਇਸੇ ਤਰ੍ਹਾਂ ਦੇ ਅੰਦਾਜ਼ੇ ਭਗਤ ਸਧਨਾ ਜੀ ਬਾਰੇ ਵੀ ਲਾਏ ਮਿਲਦੇ ਹਨ, ਜਿਨ੍ਹਾਂ ਦਾ ਜ਼ਿਕਰ ਇੱਥੇ ਕਰਨਾ ਕੁਥਾਂਹ ਨਹੀਂ ਹੋਵੇਗਾ। ਜਾਪਦਾ ਇਉਂ ਵੀ ਹੈ ਕਿ ਭਗਤੀ ਲਹਿਰ ਦਾ ਉੱਠਣਾ ਇੱਕ ਤਰ੍ਹਾਂ ਨਾਲ ਸਥਾਪਤੀ, ਧਾਰਮਿਕ ਗਿਰਾਵਟ ਅਤੇ ਕਰਮ-ਕਾਂਡਾਂ ਦੇ ਖਿਲਾਫ਼ ਜੱਦੋ-ਜਹਿਦ ਸੀ ਜਿਸ ਕਰਕੇ ਸਥਾਪਤੀ ਵੱਲੋਂ ਉਨ੍ਹਾਂ ਖਿਲਾਫ਼ ਕਈ ਕਿਸਮ ਦੀਆਂ ਕਹਾਣੀਆਂ ਘੜ ਲਈਆਂ ਗਈਆਂ ਹੋਣ। ਵਰਣ-ਆਸ਼ਰਮ ਧਰਮ ਦੇ ਧੁਰੇ ਦੁਆਲੇ ਉਸਰੇ ਵੱਡੀਆਂ-ਪਾਊ ਸਮਾਜਿਕਤਾ ਅਤੇ ਕਰਮ-ਕਾਂਡ ਵਿਚ ਉਲਝਾ ਕੇ ਆਮ ਲੋਕਾਈ ਦਾ ਸ਼ੋਸ਼ਣ ਕਰ ਰਹੀ ਉੱਚੇ ਦਰਜੇ 'ਤੇ ਬੈਠੀ ਸਮਾਜਿਕ ਅਤੇ ਪੁਜਾਰੀ ਜਮਾਤ ਨੂੰ ਭਗਤ ਅਤੇ ਉਨ੍ਹਾਂ ਦੀ ਸਥਾਪਤੀ ਵਿਰੋਧੀ ਸੁਰ ਦਾ ਪਸੰਦ ਆਉਣਾ ਕਤਈ ਸੰਭਵ ਨਹੀਂ ਸੀ ਹੋ ਸਕਦਾ।

ਸ੍ਰੀ ਗੁਰੂ ਗ੍ਰੰਥ ਸਾਹਿਬ, ਸ਼ਬਦਾਰਥ ਪੋਥੀ ਤੀਜੀ ਵਿਚ ਭਗਤ ਜੀ ਦੇ ਸ਼ਬਦ ਦੇ ਸੰਦਰਭ ਵਿਚ ਪ੍ਰਚੱਲਤ ਧਾਰਨਾ ਨਾਲ ਮਿਲਦਾ-ਜੁਲਦਾ ਵਿਚਾਰ ਲਿਖਿਆ ਮਿਲਦਾ ਹੈ ਕਿ "ਇਹ ਭਗਤ ਸਿੰਧ ਦੇ ਪਿੰਡ ਸਿਹਵਾਂ ਵਿਚ ਪੈਦਾ ਹੋਇਆ, ਭਗਤ ਨਾਮ ਦੇਵ ਦਾ ਸਮਕਾਲੀ ਸੀ। ਕੰਮ ਕਸਾਈ ਦਾ ਕਰਦਾ ਸੀ। ਜਦ ਭਗਤ ਜੀ ਨੂੰ ਇਕ ਰਾਜੇ ਨੇ ਦੁੱਖ ਤੇ ਤਸੀਹੇ ਦੇਣ ਲਈ ਤਿਆਰੀ ਕੀਤੀ, ਤਾਂ ਇਨ੍ਹਾਂ ਨੇ ਇਸ ਪ੍ਰਕਾਰ ਸ਼ਬਦ ਵਿਚ ਪ੍ਰਾਰਥਨਾ ਕੀਤੀ ਹੈ।" ਸ਼ਬਦਾਰਥ ਵਿਚ "ਭਗਤ ਮਾਲ" ਅਤੇ ਸਿਵਨਾਥ ਕ੍ਰਿਤ 'ਪੰਚ ਤੰਤ੍ਰ' ਦੇ 'ਤੰਤ੍ਰ 1' ਦੇ ਹਵਾਲੇ ਨਾਲ ਭਗਤ ਜੀ ਦੇ ਸ਼ਬਦ ਦੀ ਪਹਿਲੀ ਪੰਕਤੀ "ਨ੍ਰਿਪ ਕੰਨਿਆ ਕੇ ਕਾਰਨੈ ਇਕੁ ਭਇਆ ਭੇਖਧਾਰੀ" ਦੀ ਵਿਆਖਿਆ ਦੇ ਸਬੰਧ ਵਿਚ ਅੱਗੇ ਲਿਖਿਆ ਹੈ ਕਿ "ਇਕ ਰਾਜੇ ਦੀ ਲੜਕੀ ਨੇ ਪ੍ਰਣ ਕੀਤਾ ਸੀ ਕਿ ਵਿਸ਼ਨੂੰ ਜੀ ਨਾਲ ਵਿਆਹ ਕਰਾਂਗੀ। ਉਸ ਦੇ ਇੱਕ ਤਰਖਾਣ ਆਸ਼ਕ ਨੇ ਵਿਸ਼ਨੂੰ ਦਾ ਰੂਪ ਧਾਰ ਕੇ ਠੱਗੀ ਨਾਲ ਕੰਨਿਆ ਨੂੰ ਵਿਆਹਿਆ। ਸਮੇਂ ਨਾਲ ਉਸ ਦੇਸ਼ ਦੇ ਰਾਜੇ 'ਤੇ ਕਿਸੇ ਹੋਰ ਨੇ ਹਮਲਾ ਕੀਤਾ। ਰਾਜੇ ਨੇ ਆਪਣੇ ਜਵਾਈ ਨੂੰ ਮੱਦਦ ਲਈ ਕਿਹਾ ਕਿ ਮੈਨੂੰ ਤੁਹਾਡੇ ਪ੍ਰਤਾਪ ਨਾਲ ਫ਼ਤਹਿ ਹੋਵੇ। ਭੇਖੀ ਜਵਾਈ ਆਪਣੇ-ਆਪ ਨੂੰ ਸ਼ਕਤੀ-ਹੀਣ ਜਾਣ ਕੇ ਅਰਦਾਸਾਂ ਕਰਦਾ ਹੈ, ਉਸ ਦੀਆਂ ਅਰਦਾਸਾਂ ਕਬੂਲ ਹੋਈਆਂ ਤੇ ਰਾਜੇ ਨੂੰ ਫ਼ਤਹਿ ਹੋਈ।"

ਪ੍ਰੋਫੈਸਰ ਸਾਹਿਬ ਸਿੰਘ ਦਾ ਮੰਨਣਾ ਹੈ ਕਿ "ਸ਼ਬਦ ਦਾ ਭਾਵ ਬੜਾ ਸਾਫ਼ ਸਿੱਧਾ ਹੈ ਕਿ ਭਗਤ ਸਧਨਾ ਜੀ ਪਰਮਾਤਮਾ ਅੱਗੇ ਅਰਦਾਸ ਕਰ ਕੇ ਆਖਦੇ ਹਨ ਹੇ ਪ੍ਰਭੂ! ਸੰਸਾਰ-ਸਮੁੰਦਰ ਵਿਚ ਵਿਕਾਰਾਂ ਦੀਆਂ ਅਨੇਕਾਂ ਲਹਿਰਾਂ ਉੱਠ ਰਹੀਆ ਹਨ; ਮੈਂ ਆਪਣੀ ਹਿੰਮਤ ਨਾਲ ਇਨ੍ਹਾਂ ਵਿਚ ਆਪਣੀ ਕਮਜ਼ੋਰ ਜਿੰਦ ਦੀ ਨਿੱਕੀ ਜਿਹੀ ਬੇੜੀ ਨੂੰ ਡੁੱਬਣ ਤੋਂ ਬਚਾ ਨਹੀਂ ਸਕਦਾ। ਮਨੁੱਖਾ ਜੀਵਨ ਦਾ ਸਮਾਂ ਮੁੱਕਦਾ ਜਾ ਰਿਹਾ ਹੈ, ਤੇ ਵਿਕਾਰ ਮੁੜ ਮੁੜ ਹੱਲੇ ਕਰ ਰਹੇ ਹਨ, ਛੇਤੀ ਬਹੁੜ, ਮੈਨੂੰ ਇਨ੍ਹਾਂ ਦੇ ਹੱਲਿਆਂ ਤੋਂ ਬਚਾ ਲੈ।" ਇੱਥੇ ਇਹ ਜ਼ਿਕਰ ਕਰਨਾ ਵੀ ਵਾਜਬ ਹੈ ਕਿ ਪਰਮਾਤਮ-ਭਗਤੀ ਤਨੋ-ਮਨੋ ਪੂਰਨ ਸਮਰਪਣ ਰਾਹੀਂ ਉਸ ਅਕਾਲ ਪੁਰਖ ਦੀ ਮਿਹਰ ਪ੍ਰਾਪਤ ਕਰਨ ਦੇ ਸਿਧਾਂਤ ਨਾਲ ਜੁੜੀ ਹੋਈ ਹੈ ਜਿਸ ਨੂੰ ਪ੍ਰੇਮਾ-ਭਗਤੀ ਜਾਂ ਨਾਮ-ਭਗਤੀ ਵੀ ਕਿਹਾ ਜਾਂਦਾ ਹੈ। ਪਰਮਾਤਮਾ ਦੀ ਭਗਤੀ ਅਤੇ ਉਸ ਨਾਲ ਜੁੜੀ ਮਿਹਰ ਕਿਸੇ ਕਰਮ-ਕਾਂਡ ਜਾਂ ਪੂਜਾ ਦੀ ਮੁਥਾਜ ਨਹੀਂ ਹੈ। ਇਸ ਦਾ ਸਬੰਧ ਮਨੁੱਖ ਦੇ ਸਦ-ਗੁਣਾਂ ਦਾ ਧਾਰਨੀ ਹੋਣ ਅਤੇ ਸੱਚੇ-ਸੁੱਚੇ ਮਾਰਗ 'ਤੇ ਚੱਲਣ ਨਾਲ ਹੈ।

ਪ੍ਰੋਫੈਸਰ ਸਾਹਿਬ ਸਿੰਘ ਅੱਗੇ ਪੰਡਤ ਤਾਰਾ ਸਿੰਘ ਨਰੋਤਮ ਦੀ ਲਿਖਤ ਦਾ ਹਵਾਲਾ ਦਿੰਦੇ ਹਨ ਕਿ ਪੰਡਤ ਤਾਰਾ ਸਿੰਘ ਜੀ ਅਨੁਸਾਰ, "ਸਧਨਾ ਕਸਾਈ ਅਪਨੀ ਕੁਲ ਕਾ ਕਾਰ ਤਿਆਗ ਕਾਹੂੰ ਹਿੰਦੂ ਸਾਧੂ ਸੇ ਪਰਮੇਸ਼ਰ ਭਗਤੀ ਕਾ ਉਪਦੇਸ ਲੇ ਕਰ ਪਰਮ ਪ੍ਰੇਮ ਸੇ ਭਗਤੀ ਕਰਨੇ ਲਾਗਾ। ਮੁਸਲਮਾਨ ਉਸ ਕੋ ਕਾਫ਼ਰ ਕਹਨੇ ਲਗੇ। ਕਾਜੀ ਲੋਗੋਂ ਨੇ ਉਸ ਸਮੇਂ ਕੇ ਰਾਜਾ ਕੋ ਕਹਾ ਇਸ ਕੋ ਬੁਰਜ ਮੇਂ ਚਿਣਨਾ ਚਾਹੀਏ। ਨਹੀ ਤੋ ਯਹ ਕਾਫ਼ਰ ਔਰ ਮੁਸਲਮਾਨੋਂ ਕੋ ਹਿੰਦੂ ਮਤ ਕੀ ਰੀਤ ਸਿਖਾਇ ਕਰ ਕਾਫ਼ਰ ਕਰੇਗਾ। ਪਾਤਿਸ਼ਾਹ ਨੇ ਕਾਜੀਓਂ ਕੇ ਕਹਨੇ ਸੇ ਬੁਰਜ ਮੇਂ ਚਿਨਣੇ ਕਾ ਹੁਕਮ ਦੀਆ। ਰਾਜ ਚਿਨਣੇ ਲਗੇ। ਤਿਸ ਸਮੇਂ ਸਧਨੇ ਭਗਤ ਨੇ ਯਹ ਬਚਨ ਕਹਿਆ।"



ਇਸ ਤੋਂ ਅੱਗੇ ਪ੍ਰੋਫੈਸਰ ਸਾਹਿਬ ਸਿੰਘ ਨੇ ਅੱਜ-ਕੱਲ੍ਹ ਦੇ ਟੀਕਾਕਾਰਾਂ ਵੱਲੋਂ ਭਗਤ ਸਧਨਾ ਜੀ ਬਾਰੇ ਕੀਤੀਆਂ ਟਿੱਪਣੀਆਂ ਦਾ ਵੀ ਹਵਾਲਾ ਦਿੱਤਾ ਹੈ "ਕਾਜੀਆਂ ਦੀ ਸ਼ਰਾਰਤ ਕਰ ਕੇ ਪਾਤਿਸਾਹ ਨੇ ਸਧਨੇ ਜੀ ਨੂੰ ਬੁਰਜ ਵਿਚ ਚਿਣਨਾ ਸ਼ੁਰੂ ਕੀਤਾ ਤਾਂ ਭਗਤ ਜੀ ਵਾਹਿਗੁਰੂ ਅੱਗੇ ਬੇਨਤੀ ਕਰਦੇ ਹਨ।" ਪ੍ਰੋਫੈਸਰ ਸਾਹਿਬ ਸਿੰਘ ਨੇ ਉਪਰ ਦਿੱਤੀ ਸ਼ਬਦਾਰਥ ਦੀ ਵਾਰਤਾ ਵਰਗੀ ਟਿੱਪਣੀ ਦਾ ਵੀ ਹਵਾਲਾ ਦਿੱਤਾ ਹੈ ਅਤੇ ਨਾਲ ਹੀ ਭਗਤ-ਬਾਣੀ ਦੇ ਵਿਰੋਧੀਆਂ, ਜੋ ਇਸ ਸ਼ਬਦ ਨੂੰ ਗੁਰਮਤਿ ਦੇ ਉਲਟ ਸਮਝਦੇ ਹਨ, ਦਾ ਵਿਚਾਰ ਦਿੱਤਾ ਹੈ ਕਿ ਉਹ ਭਗਤ ਜੀ ਬਾਰੇ ਲਿਖਦੇ ਹਨ, "ਭਗਤ ਸਧਨਾ ਜੀ ਮੁਸਲਮਾਨ ਕਸਾਈਆਂ ਵਿਚੋਂ ਸੀ। ਆਪ ਹੈਦਰਾਬਾਦ ਸਿੰਧ ਦੇ ਪਾਸ ਸੇਹਵਾਲ ਨਗਰ ਦੇ ਰਹਿਣ ਵਾਲੇ ਸਨ। ਕਈ ਆਪ ਜੀ ਨੂੰ ਹਿੰਦੂ ਭੀ ਮੰਨਦੇ ਹਨ। ਦੱਸਿਆ ਹੈ ਕਿ ਭਗਤ ਜੀ ਸਾਲਗਰਾਮ ਦੇ ਪੁਜਾਰੀ ਸਨ, ਜੋ ਉਲਟੀ ਬਾਤ ਹੈ ਕਿ ਹਿੰਦੂ ਹੁੰਦਾ ਹੋਇਆ ਸਾਲਗਰਾਮ ਨਾਲ ਮਾਸ ਤੋਲ ਕੇ ਨਹੀਂ ਵੇਚ ਸਕਦਾ ਸੀ। ਐਸੀਆਂ ਕਥਾਵਾਂ ਤੋਂ ਤਾਂ ਇਹੀ ਸਿੱਧ ਹੁੰਦਾ ਹੈ ਕਿ ਆਪ ਮੁਸਲਮਾਨ ਹੀ ਸਨ ਕਿਉਂਕਿ ਮਾਸ ਵੇਚਣ ਵਾਲੇ ਕਸਾਈ ਹਿੰਦੂ ਨਹੀਂ ਸਨ (ਅੱਜ ਕੱਲ੍ਹ ਭੀ ਹਿੰਦੂ ਲੋਕ ਮਾਸ ਘੱਟ ਹੀ ਵੇਚਦੇ ਹਨ)। ਜੇ ਮੁਸਲਮਾਨ ਸਨ ਤਾਂ ਸਾਲਗਰਾਮ ਦੀ ਪੂਜਾ ਕਿਉਂ ਕਰਦੇ? ਦੂਜੇ ਪਾਸੇ, ਆਪ ਜੀ ਦੀ ਰਚਨਾ ਆਪ ਨੂੰ ਹਿੰਦੂ ਵੈਸ਼ਨਵ ਸਾਬਤ ਕਰਦੀ ਹੈ।"

"ਸਧਨਾ ਜੀ ਦੀ ਰਚਨਾ ਸਾਫ਼ ਦੱਸ ਰਹੀ ਹੈ ਕਿ ਭਗਤ ਜੀ ਨੇ ਕਿਸੇ ਬਿਪਤਾ ਸਮੇਂ ਛੁਟਕਾਰਾ ਪਾਉਣ ਹਿਤ ਸ੍ਰੀ ਵਿਸ਼ਨੂੰ ਜੀ ਦੀ ਅਰਾਧਨਾ ਕੀਤੀ ਹੈ। ਕਈਆਂ ਦਾ ਖ਼ਿਆਲ ਹੈ ਕਿ ਇਹ ਸ਼ਬਦ ਆਪ ਜੀ ਨੇ ਉਸ ਭੈ ਤੋਂ ਬਚਣ ਵੇਲੇ ਡਰਦੇ ਹੋਇਆਂ ਨੇ ਰਚਿਆ ਸੀ ਜਦੋਂ ਰਾਜੇ ਵਲੋਂ ਜ਼ਿੰਦਾ ਕੰਧ ਵਿਚ ਚਿਨਾਉਣ ਦਾ ਹੁਕਮ ਸੀ।

"ਭਾਵੇਂ ਸ਼ਬਦ-ਰਚਨਾ ਦਾ ਕਾਰਨ ਕੁਝ ਹੋਵੇ ਪਰ ਆਰਾਧਨਾ ਵਿਸ਼ਨੂੰ ਜੀ ਦੀ ਹੈ, ਜੋ ਗੁਰਮਤਿ ਦੇ ਆਸ਼ੇ ਤੋਂ ਹਜ਼ਾਰਾਂ ਕੋਹ ਦੂਰ ਹੈ।"

"ਸੋ ਇਹ ਸ਼ਬਦ ਗੁਰਮਤਿ ਦੇ ਆਸ਼ੇ ਤੋਂ ਬਹੁਤ ਦੂਰ ਹੈ। ਅਸਲੋਂ ਜਾਨ-ਬਖ਼ਸ਼ੀ ਲਈ ਤਰਲੇ ਹਨ।"

ਪ੍ਰੋਫੈਸਰ ਸਾਹਿਬ ਸਿੰਘ ਸਭ ਤੋਂ ਪਹਿਲਾਂ ਪੰਡਤ ਤਾਰਾ ਸਿੰਘ ਨਰੋਤਮ ਦੀ ਭਗਤ ਸਧਨਾ ਜੀ 'ਤੇ ਕੀਤੀ ਟਿੱਪਣੀ 'ਤੇ ਪ੍ਰਸ਼ਨ ਉਠਾਉਂਦੇ ਹਨ ਕਿ "ਇਥੇ ਵੱਡੀ ਹੈਰਾਨੀ ਵਾਲੀ ਗੱਲ ਇਹ ਹੈ ਕਿ ਮੁਸਲਮਾਨ ਘਰਾਂ ਵਿਚ ਜੰਮੇ-ਪਲੇ ਸਧਨੇ ਨੇ ਹਿੰਦੂ ਬਣਦਿਆਂ ਸਾਰ ਹੀ ਆਪਣੀ ਮੁਸਲਮਾਨੀ ਬੋਲੀ ਕਿਵੇਂ ਭੁਲਾ ਦਿੱਤੀ, ਤੇ, ਅਚਨਚੇਤ ਸੰਸਕ੍ਰਿਤ ਦੇ ਵਿਦਵਾਨ ਕਿਵੇਂ ਬਣ ਗਏ। ਫ਼ਰੀਦ ਜੀ ਦੇ ਸਲੋਕ ਪੜ੍ਹ ਕੇ ਵੇਖੋ, ਠੇਠ ਪੰਜਾਬੀ ਵਿਚ ਹਨ; ਪਰ ਫਿਰ ਭੀ ਇਸਲਾਮੀ ਸੱਭਿਅਤਾ ਵਾਲੇ ਲਫ਼ਜ਼ ਥਾਂ ਥਾਂ ਵਰਤੇ ਮਿਲਦੇ ਹਨ। ਸਧਨੇ ਜੀ ਦਾ ਸ਼ਬਦ ਪੜ੍ਹ ਕੇ ਵੇਖੋ, ਕਿਤੇ ਇੱਕ ਲਫ਼ਜ਼ ਭੀ ਉਰਦੂ ਫ਼ਾਰਸੀ ਦਾ ਨਹੀਂ ਹੈ, ਸਿੰਧੀ ਬੋਲੀ ਦੇ ਭੀ ਨਹੀਂ ਹਨ, ਸਾਰੇ ਦੇ ਸਾਰੇ ਸੰਸਕ੍ਰਿਤ ਤੇ ਹਿੰਦੀ ਦੇ ਹਨ। ਇਹ ਗੱਲ ਕੁਦਰਤਿ ਦੇ ਨਿਯਮ ਦੇ ਬਿਲਕੁਲ ਉਲਟ ਹੈ ਕਿ ਦਿਨਾਂ ਵਿਚ ਹੀ ਮੁਸਲਮਾਨ ਸਧਨਾ ਹਿੰਦੂ ਭਗਤ ਬਣ ਕੇ ਆਪਣੀ ਬੋਲੀ ਭੀ ਭੁਲਾ ਦੇਂਦਾ ਤੇ ਨਵੀਂ ਸਿੱਖ ਲੈਂਦਾ। ਨਾਲੇ, ਮੁਸਲਮਾਨੀ ਬੋਲੀ ਟਿਕੀ ਰਹਿਣ ਨਾਲ ਸਧਨੇ ਜੀ ਦੀ ਭਗਤੀ ਵਿਚ ਕਿਵੇਂ ਕੋਈ ਫ਼ਰਕ ਪੈ ਜਾਣਾ ਸੀ? ਸੋ, ਸਧਨਾ ਜੀ ਹਿੰਦੂ-ਘਰ ਦੇ ਜੰਮੇ-ਪਲੇ ਸਨ।


ਤੇ, ਸਾਲਗਰਾਮ ਨਾਲ ਮਾਸ ਤੋਲਣ ਦੀਆਂ ਕਹਾਣੀਆਂ ਜੋੜਨ ਵਾਲਿਆਂ ਤੋਂ ਵਾਰੇ ਵਾਰੇ ਜਾਈਏ, ਸ਼ਬਦ ਵਿਚ ਤਾਂ ਕਿਤੇ ਐਸਾ ਜ਼ਿਕਰ ਨਹੀਂ ਹੈ। ਇਹ ਹੋ ਸਕਦਾ ਹੈ ਕਿ ਸਧਨਾ ਜੀ ਪਹਿਲਾਂ ਬੁੱਤ-ਪੂਜ ਹੋਣ, ਫਿਰ ਉਨ੍ਹਾਂ ਬੁੱਤ-ਪੂਜਾ ਛੱਡ ਦਿੱਤੀ ਹੋਵੇ। ਇਸ ਵਿਚ ਕੋਈ ਭੈੜ ਨਹੀਂ। ਗੁਰੂ ਨਾਨਕ ਸਾਹਿਬ ਨੇ ਦੇਵੀ-ਪੂਜ ਤੇ ਮੜ੍ਹੀ-ਪੂਜ ਆਦਿਕਾਂ ਨੂੰ ਹੀ ਜੀਵਨ ਦਾ ਸਹੀ ਰਾਹ ਦੱਸ ਕੇ ਰੱਬ ਦਾ ਉਪਾਸ਼ਕ ਬਣਾਇਆ ਸੀ, ਉਨ੍ਹਾਂ ਦੀ ਸੰਤਾਨ ਸਿੱਖ ਕੌਮ ਨੂੰ ਅੱਜ ਕੋਈ ਮੂਰਤੀ-ਪੂਜ ਨਹੀਂ ਆਖ ਸਕਦਾ।

ਸਧਨਾ ਜੀ ਦੇ ਸ਼ਬਦ ਵਿਚ ਕੋਈ ਭੀ ਐਸਾ ਇਸ਼ਾਰਾ ਨਹੀਂ ਹੈ ਜਿੱਥੋਂ ਇਹ ਸਾਬਤ ਹੋ ਸਕੇ ਕਿ ਭਗਤ ਜੀ ਨੇ ਕਿਸੇ ਬੁਰਜ ਵਿਚ ਚਿਣੇ ਜਾਣ ਤੋਂ ਡਰਦਿਆਂ ਜਾਨ-ਬਖ਼ਸ਼ੀ ਲਈ ਤਰਲੇ ਲਏ ਹੋਣ। ਇਹ ਮਿਹਰਬਾਨੀ ਕਹਾਣੀ-ਘਾੜਿਆਂ ਦੀ ਹੈ।" ਪ੍ਰੋਫੈਸਰ ਸਾਹਿਬ ਸਿੰਘ ਨੇ ਇੱਥੇ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਬਾਰੇ ਸਿੱਖ ਵਿਦਵਾਨ ਗਿਆਨੀ ਗਿਆਨ ਸਿੰਘ ਵੱਲੋਂ ਲਿਖਤ 'ਤਵਾਰੀਖ ਗੁਰੂ ਖਾਲਸਾ' ਵਿਚ ਇਸੇ ਕਿਸਮ ਦੀ ਮਨਘੜਤ ਕਹਾਣੀ ਦੀ ਉਦਾਹਰਣ ਦਿੱਤੀ ਹੈ।

ਜੇ ਅਸੀਂ ਗਹੁ ਨਾਲ ਦੇਖੀਏ ਤਾਂ 'ਸੂਰਜ ਪ੍ਰਕਾਸ਼' ਵਰਗੇ ਸਿੱਖ ਇਤਿਹਾਸ ਦੇ ਗੌਣ ਸਰੋਤਾਂ ਵਿਚੋਂ ਵੀ ਅਜਿਹਾ ਬਹੁਤ ਕੁੱਝ ਮਿਲ ਜਾਂਦਾ ਹੈ ਜੋ ਸਿੱਖ ਇਤਿਹਾਸ ਅਤੇ ਸਿੱਖ ਸਿਧਾਂਤਾਂ ਦੀ ਬਹੁਤ ਥਾਵਾਂ 'ਤੇ ਸਹੀ ਤਰਜਮਾਨੀ ਨਹੀਂ ਕਰਦਾ ਬਲਕਿ ਉਲਟ ਦਿਸ਼ਾ ਵਿਚ ਜਾਂਦਾ ਹੈ। ਇਸ ਲਈ ਪ੍ਰੋਫੈਸਰ ਸਾਹਿਬ ਸਿੰਘ ਨੇ ਭਗਤ ਸਧਨਾ ਜੀ ਬਾਰੇ ਸਹੀ ਤਰਕ ਸਿਰਜਿਆ ਹੈ। ਅਸੀਂ ਭਗਤ ਕਬੀਰ, ਭਗਤ ਰਵਿਦਾਸ, ਭਗਤ ਨਾਮਦੇਵ ਜਾਂ ਭਗਤ ਧੰਨਾ ਜੀ ਦੀ ਬਾਣੀ 'ਤੇ ਵਿਚਾਰ ਕਰੀਏ ਤਾਂ ਉਨ੍ਹਾਂ ਦੀ ਬਾਣੀ ਵਿਚ ਉਨ੍ਹਾਂ ਵੱਲੋਂ ਹੀ ਆਪਣੇ ਕਿੱਤੇ ਅਤੇ ਸਮਾਜਿਕ ਦਰਜੇ ਬਾਰੇ ਕੀਤੇ ਸੰਕੇਤ ਮਿਲ ਜਾਂਦੇ ਹਨ ਪ੍ਰੰਤੂ ਭਗਤ ਸਧਨਾ ਜੀ ਦੇ ਸ਼ਬਦ ਵਿਚੋਂ ਉਨ੍ਹਾਂ ਦੇ ਕਿੱਤੇ ਬਾਰੇ ਵੀ ਕੋਈ ਸੰਕੇਤ ਨਹੀਂ ਮਿਲਦਾ। ਮੱਧ ਕਾਲ ਦੇ ਕਈ ਭਗਤ ਸਰਗੁਣ ਭਗਤੀ ਅਰਥਾਤ ਵਿਸ਼ਨੂੰ ਦੀ ਭਗਤੀ ਵੱਲੋਂ ਹੀ ਨਿਰਗੁਣ ਭਗਤੀ ਵੱਲ ਆਏ। 'ਸਿੱਖ ਇਨਸਾਈਕਲੋਪੀਡੀਆ' (ਪੰਜਾਬੀ ਯੂਨੀਵਰਸਿਟੀ, ਪਟਿਆਲਾ) ਅਨੁਸਾਰ ਭਗਤ ਸਧਨਾ ਨੇ ਇੱਕ ਪਰਮਾਤਮਾ ਦੀ ਭਗਤੀ ਦਾ ਪ੍ਰਚਾਰ ਕਰਨ ਲਈ ਆਪਣਾ ਪਿੰਡ ਸਿਹਵਾਂ ਛੱਡ ਦਿੱਤਾ ਅਤੇ ਦੇਸ਼ ਭਰ ਦਾ ਰਟਨ ਕੀਤਾ। ਉਨ੍ਹਾਂ ਦੇ ਪਰਮਾਤਮ-ਭਗਤੀ ਦੇ ਭਜਨਾਂ ਵਿਚੋਂ ਇੱਕ ਇੱਕ ਸ਼ਬਦ ਪ੍ਰਾਪਤ ਹੈ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਹੈ।

## ਅਸੀਂ ਉਹੀ ਹਾਂ

ਨੇਤਾ ਜੀ ਦੇ ਕਾਫ਼ਲੇ ਦੀ ਰਫ਼ਤਾਰ ਅਤੇ ਸ਼ੋਰ ਜਦੋਂ ਕੁਝ ਘਟਿਆ, ਤਾਂ ਚਾਹ ਪੀਂਦਿਆਂ ਗੋਵਿੰਦ ਨੇ ਛੋਟੂ ਤੋਂ ਪੁੱਛਿਆ, "ਔਛਾ ਬੇਟਾ, ਇਹ ਦੱਸ ਇਸ ਵਾਰ ਕੌਣ ਜਿੱਤੇਗਾ? ਸਾਡਾ ਧੜਾ ਜਾਂ ਵਿਰੋਧੀ ਧੜਾ?"



ਛੋਟੂ ਨੇ ਆਪਣੇ ਖੁਰਦਰੇ ਹੱਥਾਂ ਨਾਲ ਚਾਹ ਦਾ ਗਲਾਸ ਚੁੱਕਦਿਆਂ ਕਿਹਾ, "ਭਾਈ ਸਾਬ੍ਹ, ਚਾਹੇ ਪੱਖ ਜਿੱਤੇ ਜਾਂ ਵਿਰੋਧੀ ਧੜਾ। ਅਸੀਂ ਅੱਜ ਵੀ ਉੱਥੇ ਹੀ ਹਾਂ ਜਿੱਥੇ ਕੱਲ੍ਹ ਸਾਂ।"

ਗੋਵਿੰਦ ਬਚੀ ਹੋਈ ਚਾਹ ਦੀ ਘੁੱਟ ਬੜੀ ਮੁਸ਼ਕਿਲ ਨਾਲ ਭਰ ਸਕਿਆ।

***

ਮੂਲ: ਮਹੇਸ਼ ਕੇਸ਼ਰੀ
ਅਨੁ: ਪ੍ਰੋ. ਨਵ ਸੰਗੀਤ ਸਿੰਘ
91+94176-92015

Tel.: 317-426-5410
Ext. 2001 & 2403

XPressCargo

100% ਓਨਰ ਆਪਰੇਟਰ ਕੰਪਨੀ

Pay Every Week

Pay Single 60 Cent + Team 70 Cent

100% OWNER OPERATOR COMPANY

IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)

ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।

- ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
- ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
- ਟਰੱਕ ਦੀ ਲਾਇਸੈਂਸ ਪਲੇਟ
- ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
- ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
- ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ




ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ

CA >> IN, OH, KY, PA, MD, VA
IN >> KS, TN, WI, MI, KY, IL, GA

ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ

ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ

ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ
ਵੀਕਲੀ ਹੋਮ

ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ

Hiring Owner Operators and Drivers

ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।

2330 Enterprise Park Dr., Indianapolis, IN 46218

Online Application @ www.xpresscargoinc.com

## ਫਿਰਕੂ ਦੰਗੇ ਅਤੇ ਭਾਰਤੀ ਪੁਲਿਸ-11

# ਫਿਰਕੂ ਦੰਗੇ ਅਤੇ ਘੱਟ ਗਿਣਤੀ ਫਿਰਕਿਆਂ ਦਾ ਦਰਦ

***ਵਿਭੂਤੀ ਨਰਾਇਣ ਰਾਏ ਪੁਲਿਸ ਅਫਸਰ ਰਹੇ ਹਨ। ਇਸ ਦੇ ਨਾਲ-ਨਾਲ ਉਹ ਲਿਖਾਰੀ ਵੀ ਹਨ। ਉਨ੍ਹਾਂ 5 ਨਾਵਲਾਂ ਤੋਂ ਇਲਾਵਾ ਭਾਰਤ ਵਿਚ ਫਿਰਕੂ ਸਿਆਸਤ ਨਾਲ ਸਬੰਧਤ ਦੋ ਪੁਸਤਕਾਂ ਲਿਖੀਆਂ ਹਨ। 'ਫਿਰਕੂ ਦੰਗੇ ਅਤੇ ਭਾਰਤੀ ਪੁਲਿਸ' ਨਾਂ ਦੀ ਪੁਸਤਕ ਵਿਚ ਉਨ੍ਹਾਂ ਫਿਰਕੂ ਦੰਗਿਆਂ ਦੇ ਵੱਖ-ਵੱਖ ਪਹਿਲੂਆਂ ਬਾਰੇ ਛਾਣ-ਬੀਣ ਕੀਤੀ ਹੈ। ਉਨ੍ਹਾਂ ਦਾ ਇਹ ਮੰਨਣਾ ਹੈ ਕਿ ਭਾਰਤ ਵਰਗੇ ਮੁਲਕ ਨੂੰ ਧਰਮ ਨਿਰਪੱਖ ਅਤੇ ਤਰੱਕੀ ਦੇ ਰਸਤੇ 'ਤੇ ਅੱਗੇ ਵਧਾਉਣ ਲਈ ਧਾਰਮਿਕ ਕੱਟੜਤਾ, ਗੈਰ-ਵਿਗਿਆਨਕ ਸੋਚ, ਰੂੜੀਵਾਦੀ ਮਾਨਸਿਕਤਾ ਤੋਂ ਬਾਹਰ ਆਉਣਾ ਪਵੇਗਾ। ਇਸ ਲਿਖਤ ਦੀ ਗਿਆਰਵੀਂ ਕਿਸ਼ਤ ਹਾਜ਼ਰ ਹੈ। ਇਸ ਦਾ ਹਿੰਦੀ ਤੋਂ ਪੰਜਾਬੀ ਵਿਚ ਅਨੁਵਾਦ ਤਰਸੇਮ ਲਾਲ ਨੇ ਕੀਤਾ ਹੈ।***

ਘੱਟ ਗਿਣਤੀ ਫਿਰਕਾ ਆਮ ਤੌਰ 'ਤੇ ਪੁਲਿਸ ਨੂੰ ਫਿਰਕੂ ਦੰਗਿਆਂ ਦੌਰਾਨ ਦੁਸ਼ਮਣ ਦੇ ਰੂਪ ਵਿਚ ਦੇਖਦਾ ਹੈ। ਇਸ ਤੱਥ ਅਤੇ ਉਪਰ ਵਰਨਣ ਕੀਤੀਆਂ ਆਜ਼ਾਦੀ ਤੋਂ ਪਹਿਲਾਂ ਦੀ ਪੁਲਿਸ ਦੀਆਂ ਫਿਰਕੂ ਪ੍ਰਵਿਰਤੀਆਂ ਨਾਲ ਮਿਲਾ ਕੇ ਦੇਖਣ ਤੋਂ ਸਥਿਤੀ ਕਾਫੀ ਸਪਸ਼ਟ ਹੋ ਜਾਵੇਗੀ। ਅਸੀਂ ਪੂਰਬੀ ਬੰਗਾਲ ਦੀਆਂ ਹਿੰਸਕ ਘਟਨਾਵਾਂ ਸਮੇਂ ਮੁਸਲਿਮ ਫਿਰਕੂ ਤਾਕਤਾਂ ਵਲੋਂ ਅਫਵਾਹਾਂ ਫੈਲਾਉਣ ਲਈ ਪੁਲਿਸ ਦੀ ਵਰਤੋਂ ਕੀਤੀ ਦੇਖੀ। ਵੈਦ ਰਘਬਰ ਦਿਆਲ ਦੀ ਚਿੱਠੀ ਕਾਨਪੁਰ ਦੇ ਹਿੰਦੂਆਂ ਦੇ ਡਰ ਦੀ ਪੁਸ਼ਟੀ ਕਰਦੀ ਹੈ ਕਿ ਫਿਰਕੂ ਦੰਗਿਆਂ ਸਮੇਂ ਮੁਸਲਿਮ ਬਹੁਲ ਪੁਲਿਸ ਉਨ੍ਹਾਂ ਦੀ



**ਵਿਭੂਤੀ ਨਰਾਇਣ ਰਾਏ**
**ਅਨੁਵਾਦ: ਤਰਸੇਮ ਲਾਲ**

ਰੱਖਿਆ ਨਹੀਂ ਕਰੇਗੀ। ਇਹ ਦੋਵੇਂ ਘਟਨਾਵਾਂ ਉਸ ਸਮੇਂ ਦੇ ਭਾਰਤੀ ਸਮਾਜ ਵਿਚ ਮੌਜੂਦ ਭਾਰੂ ਪ੍ਰਵਿਰਤੀਆਂ ਦੇ ਦਰਸ਼ਨ ਕਰਵਾਉਂਦੀਆਂ ਹਨ। ਆਜ਼ਾਦੀ ਤੋਂ ਬਾਅਦ ਦੇ ਭਾਰਤੀ ਸਮਾਜ ਵਿਚ ਘੱਟ ਗਿਣਤੀ ਫਿਰਕੇ ਦੇ ਮਨਾਂ ਵਿਚ ਜੋ ਚਿੰਤਾਵਾਂ ਮੌਜੂਦ ਹਨ, ਉਹ ਕਿਤੇ ਅਜਿਹੀ ਪ੍ਰਵਿਰਤੀ ਦੇ ਵਿਸਥਾਰ ਦਾ ਨਤੀਜਾ ਤਾਂ ਨਹੀਂ? ਘੱਟ ਗਿਣਤੀਆਂ ਦਾ ਪੁਲਿਸ ਨੂੰ ਆਪਣੇ ਦੁਸ਼ਮਣ ਦੇ ਰੂਪ ਵਿਚ ਵੇਖਣਾ, ਕਿਸੇ ਖਲਾਅ ਵਿਚੋਂ ਪੈਦਾ ਨਹੀਂ ਹੁੰਦਾ। ਇਸ ਪਿੱਛੇ ਕੋਈ ਠੋਸ ਸੱਚਾਈਆਂ ਮੌਜੂਦ ਹਨ। ਕਿਤੇ ਪੁਲਿਸ ਦੇ ਆਪਣੇ ਵਰਤਾਓ ਵਿਚ ਕੋਈ ਅਜਿਹੀ ਗੱਲ ਤਾਂ ਨਹੀਂ ਜਿਸ ਦੇ ਕਾਰਨ ਇੱਕੋ ਤਰ੍ਹਾਂ ਦੇ ਹਾਲਾਤ ਵਿਚ ਇਕ ਵਰਗ ਉਸੇ ਪੁਲਿਸ ਨੂੰ ਦੁਸ਼ਮਣ ਅਤੇ ਦੂਜਾ ਉਸ ਨੂੰ ਮਿੱਤਰ ਮੰਨਦਾ ਹੈ? ਇਨ੍ਹਾਂ ਸਾਰੇ ਪ੍ਰਸ਼ਨਾਂ ਦਾ ਉਤਰ ਸਾਨੂੰ ਫਿਰਕੂ ਦੰਗਿਆਂ ਨਾਲ ਨਜਿੱਠਣ ਸਮੇਂ ਪੁਲਿਸ ਦੇ ਵਰਤਾਓ, ਪੁਲਿਸ ਵਿਚ ਘੱਟ ਗਿਣਤੀਆਂ ਦੀ ਮੌਜੂਦਗੀ ਅਤੇ ਬਹੁਗਿਣਤੀ ਅਤੇ ਘੱਟ ਗਿਣਤੀ ਦੁਆਰਾ ਇੱਕੋ ਜਿਹੇ ਹਾਲਾਤ ਵਿਚ ਪੁਲਿਸ ਵਲੋਂ ਕੀਤੀਆਂ ਜਾਣ ਵਾਲੀਆਂ ਅਲੱਗ-ਅਲੱਗ ਪੇਸ਼ਕਦਮੀਆਂ ਵਿਚ ਤਲਾਸ਼ਣਾ ਹੋਵੇਗਾ।


ਸਭ ਤੋਂ ਪਹਿਲਾਂ ਅਸੀਂ ਫਿਰਕੂ ਹਿੰਸਾ ਸਮੇਂ ਪੁਲਿਸ ਵਲੋਂ ਉਸ ਨੂੰ ਕੁਚਲਣ ਲਈ ਕੀਤੇ ਗਏ ਯਤਨਾਂ ਦਾ ਵਿਸ਼ਲੇਸ਼ਣ ਕਰੀਏ। ਸ਼ਾਂਤੀ ਅਤੇ ਵਿਵਸਥਾ ਦੀ ਕਿਸੇ ਵੀ ਹੋਰ ਸਮੱਸਿਆ ਦੀ ਤਰ੍ਹਾਂ ਫਿਰਕੂ ਹਿੰਸਾ ਵਿਚ ਵੀ ਪੁਲਿਸ ਵਲੋਂ ਕੀਤੀ ਜਾਣ ਵਾਲੀ ਕਾਰਵਾਈ ਕਈ ਪੜਾਵਾਂ ਵਿਚ ਵੰਡੀ ਜਾ ਸਕਦੀ ਹੈ। ਹਿੰਸਾ ਤੋਂ ਪਹਿਲਾਂ ਸੂਚਨਾਵਾਂ ਇਕੱਠੀਆਂ ਕਰਨੀਆਂ, ਫਿਰਕੂ, ਹਿੰਸਕ ਕੱਟੜਤਾ ਵਾਲੇ ਤੱਤਾਂ ਦੀਆਂ ਗ੍ਰਿਫਤਾਰੀਆਂ ਜਾਂ ਮੁਚਲੱਕੇ ਭਰਾਏ ਜਾਣੇ, ਸ਼ਕਤੀ ਪ੍ਰਦਰਸ਼ਨ ਦੁਆਰਾ ਸਮਾਜ ਵਿਰੋਧੀ ਤੱਤਾਂ ਦੇ ਮਨ ਵਿਚ ਡਰ ਪੈਦਾ ਕਰਕੇ ਅਤੇ ਸਮਝਾ ਬੁਝਾ ਕੇ ਤਣਾਓ ਦੇ ਬਿੰਦੂਆਂ ਨੂੰ ਘੱਟ ਕਰਨ ਦੀਆਂ ਕੋਸ਼ਿਸ਼ਾਂ ਪਹਿਲੇ ਪੜਾਅ ਵਿਚ ਆਉਂਦੇ ਹਨ। ਦੂਜਾ ਪੜਾਅ ਹਿੰਸਾ ਦੇ ਸ਼ੁਰੂ ਹੋਣ ਤੋਂ ਬਾਅਦ ਸ਼ੁਰੂ ਹੁੰਦਾ ਹੈ। ਇਸ ਪੜਾਅ ਵਿਚ ਹਿੰਸਕ ਭੀੜਾਂ 'ਤੇ ਲਾਠੀਚਾਰਜ, ਹਵਾਈ ਫਾਇਰਿੰਗ, ਅੱਥਰੂ ਗੈਸ ਰਾਹੀਂ ਬਲ ਪ੍ਰਯੋਗ ਕੀਤਾ ਜਾਂਦਾ ਹੈ। ਗ੍ਰਿਫਤਾਰੀਆਂ, ਕਰਫਿਊ ਅਤੇ ਹਿੰਸਾ ਦਾ ਸ਼ਿਕਾਰ ਲੋਕਾਂ ਨੂੰ ਸੁਰੱਖਿਆ ਪ੍ਰਦਾਨ ਕਰਨ ਵਰਗੀਆਂ ਗਤੀਵਿਧੀਆਂ ਆਉਂਦੀਆਂ ਹਨ। ਤੀਜੇ ਅਤੇ ਅੰਤਮ ਪੜਾਅ ਵਿਚ ਦੰਗਾ ਪੀੜਤਾਂ ਦਾ ਪੁਨਰਵਾਸ, ਦੰਗਈਆਂ ਵਿਰੁੱਧ ਦਾਇਰ ਮੁਕੱਦਮਿਆਂ ਦੀ ਪੜਤਾਲ ਅਤੇ ਯੋਜਨਾਬੰਦੀ, ਇਕ ਵਾਰ ਸ਼ਾਂਤੀ ਸਥਾਪਤ ਹੋਣ ਤੋਂ ਬਾਅਦ ਉਸ ਸ਼ਾਂਤੀ ਨੂੰ ਸਥਾਈ ਬਣਾਉਣ ਦੇ ਪ੍ਰਬੰਧ ਅਤੇ ਲੋਕਾਂ ਦੇ ਮਨ ਵਿਚ ਵਿਸ਼ਵਾਸ ਦੀ ਭਾਵਨਾ ਪੈਦਾ ਕਰਨਾ ਸ਼ਾਮਲ ਹੈ।

ਇਨ੍ਹਾਂ ਤਿੰਨਾਂ ਪੜਾਵਾਂ ਵਿਚ ਉਠਾਏ ਗਏ ਕਦਮਾਂ ਤੋਂ ਹੀ ਪੁਲਿਸ ਦੀ ਨਿਰਪੱਖਤਾ ਨਿਰਧਾਰਿਤ ਹੁੰਦੀ ਹੈ। ਇਹੀ ਨਿਰਪੱਖਤਾ ਸਮਾਜ ਦੇ ਵੱਖ-ਵੱਖ ਵਰਗਾਂ ਨਾਲ ਉਨ੍ਹਾਂ ਦੇ ਰਿਸ਼ਤਿਆਂ ਨੂੰ ਨਿਰਧਾਰਤ ਕਰਦੀ ਹੈ। ਭਾਰਤ ਵਿਚ ਘੱਟ ਗਿਣਤੀਆਂ ਵਲੋਂ ਪੁਲਿਸ ਨੂੰ ਆਪਣਾ ਦੁਸ਼ਮਣ ਮੰਨਣ ਪਿੱਛੇ ਮੌਜੂਦ ਕਾਰਨਾਂ ਵਿਚ ਪ੍ਰਮੁੱਖ ਹੈ, ਪੁਲਿਸ ਦਾ ਫਿਰਕੂ ਹਿੰਸਾ ਸਮੇਂ ਵਰਤਾਓ। ਅੱਗੇ ਅਸੀਂ ਦੇਖਾਂਗੇ ਕਿ ਕਿਸ ਤਰ੍ਹਾਂ ਪੁਲਿਸ ਇਕ ਹੀ ਸਥਿਤੀ ਵਿਚ ਬਹੁਗਿਣਤੀ ਅਤੇ ਘੱਟ ਗਿਣਤੀ ਵਰਗਾਂ ਦੇ ਨਾਲ ਇਸ ਤਰ੍ਹਾਂ ਪੇਸ਼ ਆਉਂਦੀ ਹੈ ਕਿ ਇਕ ਵਰਗ ਉਸ ਨੂੰ ਆਪਣਾ ਮਿੱਤਰ ਸਮਝਣ ਲੱਗਦਾ ਹੈ ਅਤੇ ਦੂਜਾ ਦੁਸ਼ਮਣ।

000

ਆਜ਼ਾਦੀ ਤੋਂ ਬਾਅਦ ਲਗਭਗ ਸਾਰੀਆਂ ਵੱਡੀਆਂ ਫਿਰਕੂ ਘਟਨਾਵਾਂ ਦੇ ਦੌਰਾਨ ਮਰਨ ਵਾਲਿਆਂ ਵਿਚ ਮੁਸਲਮਾਨਾਂ ਦੀ ਗਿਣਤੀ ਨਾਂ ਸਿਰਫ ਵੱਧ ਸੀ, ਬਲਕਿ ਜ਼ਿਆਦਾ ਘਟਨਾਵਾਂ ਵਿਚ ਤਾਂ 80% ਤੋਂ ਵੱਧ ਸੀ। ਨਸ਼ਟ ਹੋਣ ਵਾਲੀ ਜਾਇਦਾਦ ਵੀ ਵੱਧ ਮੁਸਲਮਾਨਾਂ ਦੀ ਹੀ ਸੀ। ਅਜਿਹੀ ਸਥਿਤੀ ਵਿਚ ਸ਼ਾਂਤੀ ਵਿਵਸਥਾ ਕਾਇਮ ਕਰਨ ਵਾਲੀਆਂ ਏਜੰਸੀਆਂ ਤੋਂ ਇਹ ਆਸ ਸੁਭਾਵਿਕ ਹੀ ਹੋਵੇਗੀ ਕਿ ਗ੍ਰਿਫਤਾਰੀਆਂ ਅਤੇ ਤਲਾਸ਼ੀਆਂ ਸਮੇਂ ਇਸ ਤੱਥ ਨੂੰ ਧਿਆਨ ਵਿਚ ਰੱਖਿਆ ਜਾਵੇ ਅਤੇ ਉਸੇ ਅਨੁਪਾਤ ਹਿੰਦੂਆਂ ਦੀਆਂ ਗ੍ਰਿਫਤਾਰੀਆਂ ਵੱਧ ਹੋਣ ਅਤੇ ਉਨ੍ਹਾਂ ਦੇ ਹੀ ਵੱਧ ਘਰਾਂ ਦੀਆਂ ਤਲਾਸ਼ੀਆਂ ਹੋਣ। ਪਰ ਸਾਡੀ ਬਦਕਿਸਮਤੀ ਹੈ ਕਿ ਹੁੰਦਾ ਇਸ ਦੇ ਉਲਟ ਹੈ। ਸਾਰੇ ਦੰਗਿਆਂ ਵਿਚ ਮਰਦੇ ਵੀ ਵੱਧ ਮੁਸਲਮਾਨ ਹਨ, ਘਰ ਵੀ ਉਨ੍ਹਾਂ ਦੇ ਵੱਧ ਜਲਾਏ ਜਾਂਦੇ ਹਨ, ਗ੍ਰਿਫਤਾਰੀਆਂ ਵੀ ਵੱਧ ਉਨ੍ਹਾਂ ਦੀਆਂ ਹੁੰਦੀਆਂ ਹਨ, ਤਲਾਸ਼ੀਆਂ ਵੀ ਵੱਧ ਉਨ੍ਹਾਂ ਦੇ ਘਰਾਂ ਦੀਆਂ ਹੁੰਦੀਆਂ ਹਨ, ਕਰਫਿਊ ਵੀ ਉਨ੍ਹਾਂ ਦੇ ਇਲਾਕਿਆਂ ਵਿਚ ਵੱਧ ਸਖਤੀ ਨਾਲ ਲਾਗੂ ਕੀਤਾ ਜਾਂਦਾ ਹੈ। ਇਹ ਚਾਰਟ ਨੰਬਰ ਇਕ ਤੋਂ ਸਪਸ਼ਟ ਹੈ।

ਇਸੇ ਤਰ੍ਹਾਂ ਤਲਾਸ਼ੀਆਂ ਵੀ ਮੁੱਖ ਰੂਪ ਵਿਚ ਮੁਸਲਿਮ ਘਰਾਂ ਵਿਚ ਕੀਤੀਆਂ ਗਈਆਂ। ਇਕ ਆਮ ਪੈਟਰਨ ਇਹ ਹੈ ਕਿ ਪੂਰੇ ਮੁਸਲਮਾਨ ਮੁਹੱਲੇ ਨੂੰ ਫੌਜ ਜਾਂ ਅਰਧ ਸੈਨਾ ਬਲਾਂ ਵਲੋਂ ਘੇਰ ਲਿਆ ਜਾਂਦਾ ਹੈ ਅਤੇ ਫਿਰ ਪੁਲਿਸ ਜਾਂ ਮੈਜਿਸਟਰੇਟ ਇਨ੍ਹਾਂ ਘਰਾਂ ਵਿਚ ਘੁਸ ਕੇ ਤਲਾਸ਼ੀ ਲੈਂਦੇ ਹਨ। ਕਰਫਿਊ ਲਗਾਉਣ ਸਮੇਂ ਵੀ ਪ੍ਰਸ਼ਾਸਨ ਅਤੇ ਪੁਲਿਸ ਅਧਿਕਾਰੀ ਬੜੀ ਦਿਲਚਸਪ ਮਨੋਵਿਰਤੀ ਦਾ ਪ੍ਰਗਟਾਵਾ ਕਰਦੇ ਹਨ। ਜਿੱਥੇ ਮੁਸਲਿਮ ਬਸਤੀਆਂ ਵਿਚ ਕਰਫਿਊ ਪੂਰੀ ਸਖਤੀ ਨਾਲ ਲਗਾਇਆ ਜਾਂਦਾ ਹੈ, ਉਥੇ ਹਿੰਦੂ ਇਲਾਕਿਆਂ ਵਿਚ ਆਮ ਤੌਰ 'ਤੇ ਮੁੱਖ ਸੜਕਾਂ ਤੱਕ ਸੀਮਤ ਰਹਿੰਦਾ ਹੈ। ਅੰਦਰ ਗਲੀਆਂ ਵਿਚ ਜੀਵਨ ਦੀ ਆਮ ਚਹਿਲ ਪਹਿਲ ਬਰਕਰਾਰ ਰਹਿੰਦੀ ਹੈ। ਅਹਿਮਦਾਬਾਦ, ਮੇਰਠ, ਬੰਬਈ ਅਤੇ ਅਲਾਹਾਬਾਦ ਦੇ ਮੁਸਲਿਮ ਦੰਗਾ ਪੀੜਤਾਂ ਨਾਲ ਗੱਲਬਾਤ ਕਰਨ ਸਮੇਂ ਪੁਲਿਸ ਨਾਲ ਉਨ੍ਹਾਂ ਦੇ ਨਾਰਾਜ਼ਗੀ ਦੇ ਮੁੱਖ ਕਾਰਨਾਂ ਵਿਚੋਂ ਇਕ ਮਹੱਤਵਪੂਰਨ ਕਾਰਨ ਇਹੀ ਸਾਹਮਣੇ ਆਇਆ। ਇਹ ਸ਼ਿਕਾਇਤ ਉਨ੍ਹਾਂ ਇਲਾਕਿਆਂ ਵਿਚ ਜ਼ਿਆਦਾ ਸਪਸ਼ਟ ਰੂਪ ਵਿਚ ਆਈ ਜਿੱਥੇ ਹਿੰਦੂ ਅਤੇ ਮੁਸਲਿਮ ਰਿਹਾਇਸ਼ੀ ਬਸਤੀਆਂ ਨਾਲ ਨਾਲ ਸਨ।



*1989 ਵਿਚ ਭਾਗਲਪੁਰ (ਬਿਹਾਰ) ਨੇੜਲੇ ਕਸਬੇ ਪਾਰਬਤੀ ਵਿਚ ਹੋਏ ਦੰਗਿਆਂ ਦੌਰਾਨ ਮੁਹੰਮਦ ਜਾਵੇਦ ਦੇ ਪਰਿਵਾਰ ਦੇ 12 ਜੀਅ ਮਾਰੇ ਗਏ ਸਨ।*

ਅਹਿਮਦਾਬਾਦ ਅਤੇ ਅਲਾਹਾਬਾਦ ਦੇ ਦੰਗਾਪ੍ਰਸਤ ਇਲਾਕਿਆਂ ਵਿਚ ਗਰੀਬ ਹਿੰਦੂ ਅਤੇ ਮੁਸਲਿਮ ਪਰਿਵਾਰਾਂ ਦੀਆਂ ਰੋਜ਼ ਦੀਆਂ ਲੋੜਾਂ ਦੇ ਸੰਦਰਭ ਵਿਚ ਕਰਫਿਊ ਦਾ ਮਤਲਬ ਅਲੱਗ-ਅਲੱਗ ਸੀ। ਆਪਣੇ ਅਧਿਐਨ ਵਿਚ ਮੈਂ ਦੇਖਿਆ ਕਿ ਜ਼ਿਆਦਾਤਰ ਘਰਾਂ ਵਿਚ ਪਾਣੀ ਦੀ ਜ਼ਰੂਰਤ ਸਰਕਾਰੀ ਟੂਟੀ ਰਾਹੀਂ ਪੂਰੀ ਕੀਤੀ ਜਾਂਦੀ ਹੈ। ਕਰਫਿਊ ਦੌਰਾਨ ਜਿੱਥੇ ਮੁਸਲਮਾਨਾਂ ਨੂੰ ਘਰਾਂ ਅੰਦਰ ਬੰਦ ਕਰ ਦਿੱਤਾ ਜਾਂਦਾ ਹੈ, ਉਥੇ ਹਿੰਦੂ ਗਲੀਆਂ ਵਿਚ ਪਾਣੀ ਭਰਨ ਲਈ ਸੁਤੰਤਰ ਰਹਿੰਦੇ ਹਨ। ਜੇ ਅਸੀਂ ਪੁਲਿਸ ਫਾਇਰਿੰਗ ਨਾਲ ਮਰਨ ਵਾਲਿਆਂ ਦੀ ਗਿਣਤੀ ਦਾ ਵਿਸ਼ਲੇਸ਼ਣ ਕਰੀਏ ਤਾਂ ਸਾਨੂੰ ਹੈਰਾਨੀਜਨਕ ਤੱਥ ਦੇਖਣ ਨੂੰ ਮਿਲਦੇ ਹਨ। ਆਮ ਤੌਰ 'ਤੇ ਪੁਲਿਸ ਦੀਆਂ ਗੋਲੀਆਂ ਦਾ ਸ਼ਿਕਾਰ ਮੁਸਲਮਾਨ ਹੀ ਹੁੰਦੇ ਹਨ। ਚਾਰਟ ਨੰਬਰ ਦੋ ਤੋਂ ਸਾਫ ਹੈ ਕਿ ਉਨ੍ਹਾਂ ਦੰਗਿਆਂ ਵਿਚ ਮੁਸਲਮਾਨ ਹੀ ਫਿਰਕੂ ਹਿੰਸਾ ਦਾ ਸ਼ਿਕਾਰ ਹੋਏ, ਉਥੇ ਪੁਲਿਸ ਫਾਇਰਿੰਗ ਵਿਚ ਵੀ ਹਿੰਦੂਆਂ ਦੇ ਮੁਕਾਬਲੇ ਮੁਸਲਮਾਨਾਂ ਦਾ ਹੀ ਵਧੇਰੇ ਨੁਕਸਾਨ ਹੋਇਆ।

ਦੰਗਿਆਂ ਨਾਲ ਨਜਿੱਠਣ ਸਮੇਂ ਪੁਲਿਸ ਦੇ ਹਿੰਦੂ ਅਤੇ ਮੁਸਲਿਮ ਜਨ ਸੰਖਿਆ ਨਾਲ ਅਲੱਗ-ਅਲੱਗ ਵਰਤਾਓ ਪਿੱਛੇ ਛਿਪੇ ਕਾਰਨਾਂ ਦੀ ਤਲਾਸ਼ ਮੁਸ਼ਕਿਲ ਨਹੀਂ ਹੈ। ਇਕ ਆਮ ਪੁਲਿਸ ਕਰਮਚਾਰੀ ਦਾ ਵਰਤਾਓ ਉਸ ਸਮੇਂ ਪਹਿਲਾਂ ਤੋਂ ਸਿਰਜੀਆਂ ਧਾਰਨਾਵਾਂ ਅਨੁਸਾਰ ਹੀ ਹੁੰਦਾ ਹੈ। ਇਸ ਸਾਰੇ ਕੁਝ ਦਾ ਪ੍ਰਭਾਵ ਇਕ ਆਮ ਹਿੰਦੂ ਦੀ ਸੋਚ ਬਣਾਉਣ ਵਿਚ ਨਿਰਣਾਇਕ ਭੂਮਿਕਾ ਅਦਾ ਕਰਦਾ ਹੈ। ਇਕ ਆਮ ਹਿੰਦੂ ਦੀ ਤਰ੍ਹਾਂ ਇਕ ਪੁਲਿਸ ਕਰਮਚਾਰੀ ਵੀ ਇਹੀ ਮੰਨਦਾ ਹੈ ਕਿ ਮੁਸਲਮਾਨ ਆਮ ਤੌਰ 'ਤੇ ਸੁਭਾਵਿਕ ਹੀ ਜ਼ਾਲਮ, ਕੱਟੜ ਅਤੇ ਹਿੰਸਕ ਹੁੰਦੇ ਹਨ। ਆਪਣੇ ਅਧਿਐਨ ਦੌਰਾਨ ਮੈਂ ਵੱਡੀ ਗਿਣਤੀ ਵਿਚ ਵੱਖ-ਵੱਖ ਅਹੁਦਿਆਂ 'ਤੇ ਕੰਮ ਕਰਨ ਵਾਲੇ ਪੁਲਿਸ ਕਰਮਚਾਰੀਆਂ ਨਾਲ ਗੱਲਬਾਤ ਕੀਤੀ। ਇਨ੍ਹਾਂ ਵਿਚ ਕਾਂਸਟੇਬਲ ਤੋਂ ਲੈ ਕੇ ਉਚ ਅਹੁਦਿਆਂ 'ਤੇ ਬਿਰਾਜਮਾਨ ਆਈ.ਪੀ.ਐੱਸ. ਅਫਸਰ ਵੀ ਸ਼ਾਮਲ ਸਨ। ਮੈਨੂੰ ਇਹ ਦੇਖਕੇ ਹੈਰਾਨੀ ਹੋਈ ਕਿ ਉਨ੍ਹਾਂ ਵਿਚੋਂ ਬਹੁਤਿਆਂ ਦੀ ਧਾਰਨਾ ਸੀ ਕਿ ਮੁਸਲਮਾਨ ਆਮ ਤੌਰ 'ਤੇ ਜ਼ਾਲਮ, ਕੱਟੜ ਅਤੇ ਹਿੰਸਕ ਹੀ ਨਹੀਂ ਸਗੋਂ ਗੈਰ ਵਿਸ਼ਵਾਸਯੋਗ, ਰਾਸ਼ਟਰ ਵਿਰੋਧੀ ਅਤੇ ਕੱਟੜ ਲੀਡਰਸ਼ਿਪ ਤੋਂ ਪ੍ਰਭਾਵਤ ਸਮੂਹ ਹੈ, ਜੋ ਥੋੜ੍ਹਾ ਜਿਹਾ ਉਕਸਾਉਣ 'ਤੇ ਹੀ ਦੰਗਾ ਸ਼ੁਰੂ ਕਰਨ ਲਈ ਉਤਾਰੂ ਹੋ ਜਾਂਦਾ ਹੈ।

ਅਧਿਐਨ ਦੌਰਾਨ ਦੇਖਿਆ ਗਿਆ ਕਿ ਪੁਲਿਸ ਕਰਮਚਾਰੀ ਆਮ ਤੌਰ 'ਤੇ ਇਸ ਗੱਲ 'ਤੇ ਇਕਮੱਤ ਸਨ ਕਿ ਦੰਗੇ ਮੁਸਲਮਾਨ ਸ਼ੁਰੂ ਕਰਦੇ ਹਨ। ਮੇਰੇ ਵਲੋਂ ਇਸ ਤੱਥ ਵੱਲ ਧਿਆਨ ਦਿਵਾਏ ਜਾਣ 'ਤੇ ਕਿ ਦੰਗਿਆਂ ਦੌਰਾਨ ਮੁਸਲਮਾਨ ਜ਼ਿਆਦਾ ਮਰਦੇ ਹਨ, ਫਿਰ ਉਹ ਦੰਗਾ ਕਿਉਂ ਸ਼ੁਰੂ ਕਰਨਗੇ, ਉਨ੍ਹਾਂ ਕੋਲ ਉਹ ਸਾਰੇ ਤਰਕ ਸਨ ਜਿਨ੍ਹਾਂ ਦਾ ਹਿੰਦੂ ਆਮ ਪ੍ਰਯੋਗ ਕਰਦੇ ਹਨ। ਜਿਵੇਂ ਹਿੰਦੂਆਂ ਦੇ ਸਹਿਣਸ਼ੀਲ ਅਤੇ ਉਦਾਰ ਹੋਣ ਅਤੇ ਦੰਗੇ ਮੁਸਲਿਮ ਬਹੁਗਿਣਤੀ ਇਲਾਕਿਆਂ ਵਿਚ ਸ਼ੁਰੂ ਹੋਣ ਦੇ ਤਰਕ ਜਿਨ੍ਹਾਂ ਬਾਰੇ ਪਹਿਲਾਂ ਚਰਚਾ ਕੀਤੀ ਜਾ ਚੁੱਕੀ ਹੈ।

ਇਹ ਸੁਭਾਵਿਕ ਹੀ ਹੈ ਕਿ ਇਸ ਬਾਰੇ ਮਨ ਵਿਚ ਕੋਈ ਸ਼ੰਕਾ ਨਾ ਰਹਿ ਜਾਣ ਤੋਂ ਬਾਅਦ ਕਿ ਦੰਗਾ ਮੁਸਲਮਾਨਾਂ ਦੀ ਸ਼ਰਾਰਤ ਤੋਂ ਹੀ ਸ਼ੁਰੂ ਹੁੰਦਾ ਹੈ, ਉਸ ਨੂੰ ਰੋਕਣ ਦੇ ਉਪਾਅ ਦੇ ਬਾਰੇ ਵੀ ਜ਼ਿਆਦਾਤਰ ਪੁਲਿਸ ਕਰਮਚਾਰੀਆਂ ਦੇ ਮਨ ਵਿਚ ਕੋਈ ਸ਼ੱਕ ਨਹੀਂ ਰਹਿੰਦਾ। ਉਹ ਮੰਨਦੇ ਹਨ ਕਿ ਦੰਗਾ ਰੋਕਣ ਦਾ ਇਕ ਹੀ ਤਰੀਕਾ ਹੈ ਕਿ 'ਸ਼ਰਾਰਤੀ' ਮੁਸਲਮਾਨਾਂ ਨੂੰ ਕੁਚਲ ਦਿੱਤਾ ਜਾਵੇ। ਜਦੋਂ ਕਦੇ ਸਰਕਾਰ ਜਾਂ ਉਚ ਅਧਿਕਾਰੀਆਂ ਵਲੋਂ ਸਖਤੀ ਵਰਤਣ ਦੇ ਆਦੇਸ਼ ਦਿੱਤੇ ਜਾਂਦੇ ਹਨ ਤਾਂ ਬਿਨਾਂ ਕਿਸੇ ਵਿਵਾਦ ਦੇ ਇਹ ਮੰਨ ਲਿਆ ਜਾਂਦਾ ਹੈ ਕਿ ਇਸ ਸਖਤੀ ਦਾ ਮਤਲਬ ਮੁਸਲਮਾਨਾਂ ਨਾਲ ਸਖਤੀ ਹੈ। ਸਖਤੀ ਦੇ ਵੱਖ-ਵੱਖ ਰੂਪਾਂ ਵਿਚ ਗ੍ਰਿਫਤਾਰੀ ਦ ਮਤਲਬ ਮੁਸਲਮਾਨਾਂ ਦੀ ਗ੍ਰਿਫਤਾਰੀ, ਤਲਾਸ਼ੀ ਦਾ ਮਤਲਬ ਮੁਸਲਮਾਨਾਂ ਦੇ ਘਰਾਂ ਦੀ ਤਲਾਸ਼ੀ ਅਤੇ ਪੁਲਿਸ ਫਾਇਰਿੰਗ ਦਾ ਮਤਲਬ ਮੁਸਲਮਾਨਾਂ 'ਤੇ ਫਾਇਰਿੰਗ ਹੁੰਦਾ ਹੈ।

ਸਾਡੇ ਅਵਚੇਤਨ ਅੰਦਰ ਇਹ ਧਾਰਨਾਵਾਂ ਕਿੰਨਾ ਡੂੰਘਾ ਅਸਰ ਪਾਉਂਦੀਆਂ ਹਨ ਅਤੇ ਸਾਡਾ ਆਚਰਨ ਕਿਸ ਕਦਰ ਉਸ ਨਾਲ ਪ੍ਰਭਾਵਿਤ ਹੁੰਦਾ ਹੈ, ਇਸ ਦੀ ਵੱਡੀ ਉਦਾਹਰਨ ਫਿਰਕੂ ਹਿੰਸਾ ਸਮੇਂ ਪੁਲਿਸ ਕਰਮਚਾਰੀਆਂ ਦੇ ਆਚਰਨ ਤੋਂ ਮਿਲਦੀ ਹੈ। ਉਨ੍ਹਾਂ ਦੰਗਿਆਂ ਵਿਚ ਵੀ, ਜਿੱਥੇ ਪਹਿਲੇ ਪਲ ਤੋਂ ਹੀ ਮੁਸਲਮਾਨਾਂ ਦੀ ਹਾਕੀ (ਮਾਰ-ਕਾਟ) ਸ਼ੁਰੂ ਹੋ ਗਈ ਸੀ ਅਤੇ ਹਿੰਦੂਆਂ ਦੇ ਮੁਕਾਬਲੇ ਬਹੁਤ ਵੱਡੀ ਗਿਣਤੀ ਵਿਚ ਮੁਸਲਮਾਨ ਮਾਰੇ ਗਏ ਸਨ, ਉਨ੍ਹਾਂ ਵਿਚ ਕਾਰਜਸ਼ੀਲ ਰਹੇ ਪੁਲਿਸ ਕਰਮੀਆਂ ਦੇ ਨਾਲ ਗੱਲਬਾਤ ਕਰਨ ਵੇਲੇ ਬੜੀ ਦਿਲਚਸਪ ਮਾਨਸਿਕਤਾ ਨਜ਼ਰ ਆਈ। ਦੰਗਿਆਂ ਸਮੇਂ ਉਹ ਮੰਨਦੇ ਰਹੇ ਕਿ ਸਾਰੀ ਸ਼ਰਾਰਤ ਪਿੱਛੇ ਮੁਸਲਮਾਨਾਂ ਦਾ ਹੱਥ ਹੈ। ਦੰਗਾ ਖਤਮ ਹੋਣ ਦੇ ਕਈ ਦਿਨ ਬਾਅਦ ਜਦੋਂ ਇਹ ਸਪਸ਼ਟ ਹੋ ਗਿਆ

**(ਬਾਕੀ ਸਫਾ 20 'ਤੇ)**

### ਵੱਡੀ ਵੰਗਾਰ

*ਪੁਲਿਸ ਅਫਸਰ ਵਜੋਂ ਮੈਂ ਮਹਿਸੂਸ ਕੀਤਾ ਹੈ ਕਿ ਭਾਰਤੀ ਪੁਲਿਸ ਪਹਿਲਾਂ ਹੀ ਮਨ ਬਣਾ ਕੇ ਘੱਟ-ਗਿਣਤੀ ਵਿਰੋਧੀ ਮਾਨਸਿਕਤਾ ਦੀ ਸ਼ਿਕਾਰ ਹੁੰਦੀ ਹੈ। ਉਨ੍ਹਾਂ ਦੀ ਯੋਗ ਸਿਖਲਾਈ ਅਤੇ ਘੱਟ-ਗਿਣਤੀਆਂ ਦੀ ਪੁਲਿਸ ਬਲਾਂ ਅੰਦਰ ਭਰਤੀ ਦਾ ਅਨੁਪਾਤ ਮੁੱਖ ਤੌਰ 'ਤੇ ਦੋਸ਼ੀ ਹੈ। ਤੁਹਾਡੇ ਕੋਲ ਵਧੇਰੇ ਪੁਲਿਸ ਬਲ, ਵੱਡੀ ਗਿਣਤੀ ਹਥਿਆਰ, ਵਧੇਰੇ ਗੱਡੀਆਂ, ਬਹੁਤ ਵਧੀਆ ਸੂਚਨਾ ਤੰਤਰ ਕੋਈ ਮਾਇਨੇ ਨਹੀਂ ਰੱਖਦਾ, ਜੇ ਉਨ੍ਹਾਂ ਦੀ ਸੋਚ ਪਹਿਲਾਂ ਹੀ ਵਿਸ਼ੇਸ਼ ਵਿਚਾਰ ਨਾਲ ਲੈਸ ਹੈ।*

*ਬਹੁਤ ਸਾਰੀਆਂ ਥਾਵਾਂ 'ਤੇ ਫਿਰਕੂ ਦੰਗਿਆਂ ਦਾ ਅਧਿਐਨ ਕਰਨ ਤੋਂ ਬਾਅਦ, ਦੰਗਾ ਪੀੜਤਾਂ ਨਾਲ ਗੱਲ ਕਰਕੇ, ਬਹੁਤ ਸਾਰੇ ਦਸਤਾਵੇਜ਼ਾਂ ਦਾ ਅਧਿਐਨ ਕਰਕੇ ਅਤੇ ਪੁਲਿਸ ਮੁਲਾਜ਼ਮਾਂ ਤੇ ਅਫਸਰਾਂ ਨਾਲ ਗੱਲ ਕਰਕੇ ਮੇਰਾ ਵਿਸ਼ਵਾਸ ਹੋਰ ਪੱਕਾ ਹੋਇਆ ਹੈ ਕਿ ਭਾਰਤੀ ਸਮਾਜ ਨੂੰ ਗਤੀਸ਼ੀਲ, ਧਰਮ ਨਿਰਪੱਖ ਅਤੇ ਤਰੱਕੀ ਦੇ ਰਸਤੇ 'ਤੇ ਅੱਗੇ ਵਧਾਉਣ ਲਈ ਉਸ ਨੂੰ ਧਾਰਮਿਕ ਕੱਟੜਤਾ, ਗੈਰ-ਵਿਗਿਆਨਕ ਸੋਚ, ਰੂੜੀਵਾਦੀ ਮਾਨਸਿਕਤਾ ਤੋਂ ਬਾਹਰ ਆਉਣਾ ਪਵੇਗਾ। ਇਸ ਵਿਚ ਭਾਰਤੀ ਪੁਲਿਸ ਦੀ ਮਹੱਤਵਪੂਰਨ ਭੂਮਿਕਾ ਹੈ। ਇਹ ਤਾਂ ਹੀ ਸੰਭਵ ਹੈ, ਜੇ ਉਹ ਆਪਣੀ ਬਣਤਰ ਨੂੰ ਵਿਗਿਆਨਕ ਅਤੇ ਸਾਰਿਆਂ ਦੀ ਸ਼ਮੂਲੀਅਤ ਵਾਲੀ ਤੇ ਧਰਮ ਨਿਰਪੱਖ ਦਿੱਖ ਦੇਵੇ ਅਤੇ ਸਭ ਦਾ ਵਿਸ਼ਵਾਸ ਹਾਸਲ ਕਰੇ।*

*-ਵਿਭੂਤੀ ਨਰਾਇਣ ਰਾਏ*

| ਸਥਾਨ | ਸਾਲ | ਗ੍ਰਿਫਤਾਰੀਆਂ | | ਮੌਤਾਂ | |
|---|---|---|---|---|---|
| | | ਹਿੰਦੂ | ਮੁਸਲਿਮ | ਹਿੰਦੂ | ਮੁਸਲਿਮ |
| ਭਿਵੰਡੀ | 1970 | 21 | 901 | 17 | 50 |
| ਮੇਰਠ | 1982 | 124 | 231 | 02 | 08 |

**ਚਾਰਟ ਨੰਬਰ ਇਕ**

| ਦੰਗੇ ਦਾ ਨਾਮ | ਸਾਲ | ਪੁਲਿਸ ਗੋਲੀ ਵਿਚ ਮਾਰੇ ਗਏ | |
|---|---|---|---|
| | | ਹਿੰਦੂ | ਮੁਸਲਮਾਨ |
| ਭਿਵੰਡੀ | 1970 | 0 | 9 |
| ਫਿਰੋਜ਼ਾਬਾਦ | 1972 | 0 | 6 |
| ਅਲੀਗੜ੍ਹ | 1978 | 0 | 7 |
| ਮੇਰਠ | 1982 | 0 | 6 |

**ਚਾਰਟ ਨੰਬਰ ਦੋ**

# ਕੀ ਅਪਰੇਸ਼ਨ ਬਲੂ ਸਟਾਰ ਬੱਜਰ ਗਲਤੀ ਸੀ?

***1984 ਵਿਚ ਸ੍ਰੀ ਦਰਬਾਰ ਸਾਹਿਬ ਉਤੇ ਫੌਜ ਦੀ ਚੜ੍ਹਾਈ ਵੇਲੇ ਰਮੇਸ਼ ਇੰਦਰ ਸਿੰਘ ਅੰਮ੍ਰਿਤਸਰ ਦਾ ਡਿਪਟੀ ਕਮਿਸ਼ਨਰ ਸੀ। ਉਸ ਨੇ 4 ਜੂਨ ਨੂੰ ਹੀ ਇਹ ਅਹੁਦਾ ਸੰਭਾਲਿਆ ਸੀ। ਬਾਅਦ ਵਿਚ ਉਹ ਕਈ ਹੋਰ ਉੱਚ ਅਹੁਦਿਆਂ 'ਤੇ ਰਿਹਾ ਅਤੇ ਅੰਤ ਪੰਜਾਬ ਦੇ ਮੁੱਖ ਸਕੱਤਰ ਵਜੋਂ ਸੇਵਾਮੁਕਤ ਹੋਇਆ। ਉਸ ਵੇਲੇ ਦਾ ਉਹ ਚਸ਼ਮਦੀਦ ਗਵਾਹ ਹੈ। ਉਸ ਦੀ ਹੁਣੇ ਛਪੀ ਕਿਤਾਬ 'ਟਰਮੋਇਲ ਇਨ ਪੰਜਾਬ: ਬਿਫੋਰ ਐਂਡ ਆਫਟਰ ਬਲੂ ਸਟਾਰ' ਵਿਚ ਅਜਿਹੇ ਬਹੁਤ ਸਾਰੇ ਵੇਰਵੇ ਹਨ ਜੋ ਪਹਿਲੀ ਵਾਰ ਸਾਹਮਣੇ ਆ ਰਹੇ ਹਨ।***

ਜਿਸ ਦੀ ਚਿਰਾਂ ਤੋਂ ਉਡੀਕ ਸੀ, ਉਹ ਕਿਤਾਬ ਆ ਗਈ ਹੈ। ਇਸ ਦਾ ਸਬੰਧ ਭਾਵੇਂ ਪੰਜਾਬ ਨਾਲ ਹੈ ਪਰ ਇਹ ਭਾਰਤ ਦੀ ਰਾਜਨੀਤੀ ਅਤੇ ਭਾਰਤ ਦੇ ਤੰਤਰ ਬਾਰੇ ਵੀ ਚਾਨਣਾ ਪਾਉਂਦੀ ਹੈ। ਇਹ ਲਗਭਗ ਮੁਕੰਮਲ ਇਤਿਹਾਸਿਕ ਦਸਤਾਵੇਜ਼ ਹੈ ਜੋ ਇਸ ਖਿਤੇ ਦੇ ਅਜੋਕੇ ਇਤਿਹਾਸ ਦੇ ਬਹੁਤ ਹੀ ਮਹੱਤਵਪੂਰਨ ਸਮੇਂ 'ਤੇ ਰੋਸ਼ਨੀ ਪਾਉਂਦਾ ਹੈ; ਉਹ ਸਮਾਂ ਜੋ ਪੰਜਾਬ ਨੂੰ ਡੂੰਘੇ ਜ਼ਖਮ ਦੇ ਗਿਆ; ਤੇ ਇਹ ਜ਼ਖਮ ਕਈ ਸਦੀਆਂ ਤੱਕ ਸਿੱਖਾਂ ਦੇ ਚੇਤਿਆਂ ਤੋਂ ਨਹੀਂ ਵਿਸਰਨਗੇ। ਕਿਤਾਬ ਵੱਡੀ ਹੈ। ਪੜ੍ਹਨ ਲਈ ਹੌਸਲਾ ਕਰਨਾ ਪੈਂਦਾ ਹੈ ਪਰ ਜਦੋਂ ਪੜ੍ਹਨ ਲਗ ਜਾਵੋ ਤਾਂ ਛੱਡਣ ਨੂੰ ਜੀ ਨਹੀਂ ਕਰਦਾ।

ਇਹ ਕਿਤਾਬ ਰਮੇਸ਼ ਇੰਦਰ ਸਿੰਘ ਦੁਆਰਾ ਲਿਖੀ ਗਈ ਹੈ। ਉਹ ਕੁਝ ਸਾਲ ਪਹਿਲਾਂ ਪੰਜਾਬ ਦੇ ਮੁੱਖ ਸਕੱਤਰ ਦੇ ਅਹੁਦੇ ਤੋਂ ਸੇਵਾ ਮੁਕਤ ਹੋਏ ਹਨ। ਉਨ੍ਹਾਂ ਦਾ ਜ਼ਿਕਰ ਭਲੇਮਾਨਸ ਅਫਸਰਾਂ ਵਿਚ ਹੁੰਦਾ ਹੈ। ਉਨ੍ਹਾਂ ਦੀ ਸ਼ਰਾਫਤ ਉਨ੍ਹਾਂ ਦੀ ਖੂਬਸੂਰਤੀ ਅਤੇ ਖੂਬੀ ਹੈ। ਆਈ. ਏ. ਐਸ. ਅਫਸਰ ਬਣਨ ਤੋਂ ਪਹਿਲਾਂ ਉਹ ਦਿੱਲੀ ਯੂਨੀਵਰਸਿਟੀ ਵਿਚ ਪੜ੍ਹਾਉਂਦੇ ਵੀ ਰਹੇ ਹਨ। ਉਨ੍ਹਾਂ ਨੇ ਪੰਜਾਬ ਯੂਨੀਵਰਸਿਟੀ ਤੋਂ ਰਾਜਨੀਤੀ ਸ਼ਾਸਤਰ (ਪੁਲੀਟੀਕਲ ਸਾਇੰਸ) ਦੀ ਐਮ. ਏ. ਕੀਤੀ ਹੈ। ਉਹ ਇਸ ਵਿਚੋਂ ਪੰਜਾਬ ਯੂਨੀਵਰਸਿਟੀ ਵਿਚ ਪਹਿਲੇ ਨੰਬਰ 'ਤੇ ਆਏ ਸੀ; ਕਹਿਣ ਤੋਂ ਭਾਵ ਉਹ ਪੰਜਾਬ

**ਸਰਬਜੀਤ ਧਾਲੀਵਾਲ**


ਯੂਨੀਵਰਸਿਟੀ ਦੇ ਗੋਲਡ ਮੈਡਲਿਸਟ ਹਨ। ਇਸ ਦੇ ਨਾਲ ਉਹ ਵੀ ਲਾਅ ਗਰੈਜੂਏਟ ਵੀ ਹਨ।

ਕਿਤਾਬ ਦਾ ਕੇਂਦਰੀ ਧੁਰਾ ਸਾਕਾ ਨੀਲਾ ਤਾਰਾ ਹੈ। ਕਿਤਾਬ ਦਾ ਨਾਂ ਹੈ 'ਟਰਮੋਇਲ ਇਨ ਪੰਜਾਬ: ਬਿਫੋਰ ਐਂਡ ਆਫਟਰ ਬਲੂ ਸਟਾਰ'। ਜਿਸ ਤਰ੍ਹਾਂ ਇਸ ਦੇ ਨਾਮ ਤੋਂ ਹੀ ਸਪਸ਼ਟ ਹੈ, ਇਹ ਕਿਤਾਬ ਨੀਲਾ ਤਾਰਾ ਸਾਕੇ ਸਮੇਂ, ਉਸ ਤੋਂ ਪਹਿਲਾ ਅਤੇ ਬਾਅਦ ਵਿਚ ਵਾਪਰੀਆਂ ਅਹਿਮ ਘਟਨਾਵਾਂ ਦਾ ਬੜੀ ਤਫਸੀਲ ਨਾਲ ਜ਼ਿਕਰ ਕਰਦੀ ਹੈ। ਇਸ ਕਿਤਾਬ ਵਿਚ ਸਾਕਾ ਨੀਲਾ ਤਾਰਾ ਬਾਰੇ ਬਹੁਤ ਸਾਰੀਆਂ ਅੰਦਰ ਦੀਆਂ ਗੱਲਾਂ ਦਾ ਜ਼ਿਕਰ ਹੈ ਜੋ ਪਹਿਲੀ ਵਾਰ ਸਾਹਮਣੇ ਆਈਆਂ ਹਨ। ਇਨ੍ਹਾਂ ਬਾਰੇ ਜਾਂ ਤਾਂ ਪਤਾ ਹੀ ਨਹੀਂ ਸੀ, ਜੇਕਰ ਪਤਾ ਸੀ ਤਾਂ ਕੱਚਾ-ਪੱਕਾ, ਸੁਣਿਆ- ਸੁਣਾਇਆ। ਇਸ ਕਰਕੇ ਇਹ ਕਿਤਾਬ ਕੁਝ ਮਿਥਾਂ ਵੀ ਤੋੜਦੀ ਹੈ। ਰਮੇਸ਼ ਇੰਦਰ ਸਿੰਘ ਨੇ ਬਹੁਤ ਕੁਝ ਸਾਕਾ ਨੀਲਾ ਤਾਰਾ ਸਮੇਂ ਅੱਖੀਂ ਘਟਦਾ ਦੇਖਿਆ ਹੈ। ਲੇਖਕ ਦੀ ਵਿਸ਼ੇਸ਼ਤਾ ਇਹ ਕਿ ਉਸ ਨੇ ਕਿਸੇ ਨਾਲ ਲਿਹਾਜ ਨਹੀਂ ਕੀਤੀ ਸਗੋਂ ਘਟਨਾਵਾਂ ਨੂੰ ਬੜੀ ਬੇਬਾਕੀ ਨਾਲ ਪੇਸ਼ ਕੀਤਾ ਹੈ ਅਤੇ ਅਸਰ ਭਰਪੂਰ ਤੇ ਤਿੱਖੀਆਂ ਟਿੱਪਣੀਆਂ ਵੀ ਕੀਤੀਆਂ ਹਨ।

ਕਿਤਾਬ ਇਸ ਕਰਕੇ ਮਹੱਤਵਪੂਰਨ ਹੈ ਕਿਉਂਕਿ ਰਮੇਸ਼ ਇੰਦਰ ਸਿੰਘ 1984 ਵਿਚ ਅੰਮ੍ਰਿਤਸਰ ਵਿਚ ਸਭ ਤੋਂ ਅਹਿਮ ਸਰਕਾਰੀ ਅਹੁਦੇ 'ਤੇ ਸੀ ਜਦੋਂ ਸਾਕਾ ਨੀਲਾ ਤਾਰਾ ਹੋਇਆ। ਉਸ ਸਮੇਂ ਉਹ ਡਿਪਟੀ ਕਮਿਸ਼ਨਰ ਦੇ ਅਹੁਦੇ 'ਤੇ ਤਾਇਨਾਤ ਸੀ। ਉਸ ਨੇ ਬਹੁਤ ਕੁਝ ਵਾਪਰਦਾ ਦੇਖਿਆ ਹੈ। ਉਸ ਨੇ ਅੰਮ੍ਰਿਤਸਰ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਦਾ ਚਾਰਜ 4 ਜੂਨ, 1984 ਨੂੰ ਸੰਭਾਲਿਆ ਸੀ ਅਤੇ ਉਸੇ ਦਿਨ ਸਾਕਾ ਨੀਲਾ ਤਾਰਾ ਲਈ ਫੌਜ ਅੰਮ੍ਰਿਤਸਰ ਤੇ ਕਸਬਿਆਂ ਅਤੇ ਸ਼ਹਿਰਾਂ ਵਿਚ ਆ ਗਈ ਸੀ। ਉਹ ਪੰਜਾਬ ਦੇ ਉਸ ਸਮੇਂ ਦੇ ਮੁੱਖ ਸਕੱਤਰ ਵਾਸੁਦੇਵਾ ਅਤੇ ਰਾਜਪਾਲ ਬੀ. ਡੀ. ਪਾਂਡੇ ਦੇ ਹੁਕਮ ਕਰਨ 'ਤੇ ਅੰਮ੍ਰਿਤਸਰ 2 ਜੂਨ ਨੂੰ ਪਹੁੰਚ ਗਿਆ ਸੀ ਕਿਉਂਕਿ ਉਸ ਸਮੇਂ ਉਥੇ ਕੰਮ ਕਰਦੇ ਡਿਪਟੀ ਕਮਿਸ਼ਨਰ ਗੁਰਦੇਵ ਸਿੰਘ ਬਰਾੜ ਨੇ ਲੰਮੀ ਛੁੱਟੀ 'ਤੇ ਅਮਰੀਕਾ ਜਾਣਾ ਸੀ। ਰਮੇਸ਼ ਇੰਦਰ ਸਿੰਘ 1987 ਤਕ ਅਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਰਹੇ।

ਬਰਾੜ ਦੀ ਵਿਦੇਸ਼ ਅਮਰੀਕਾ ਜਾਣ ਲਈ ਛੁੱਟੀ ਮਨਜ਼ੂਰ ਕਾਫੀ ਸਮਾਂ ਪਹਿਲਾਂ ਹੋ ਗਈ ਸੀ। ਇਸ ਲਈ ਬਰਾੜ ਦੀ ਛੁੱਟੀ ਕਾਰਨ ਰਮੇਸ਼ ਇੰਦਰ ਸਿੰਘ ਨੂੰ ਉਥੇ ਕੱਚੇ ਤੌਰ 'ਤੇ ਭੇਜਿਆ ਗਿਆ ਸੀ ਪਰ ਹੁਣ ਤਕ ਇਹ ਗੱਲ ਚਲਦੀ ਰਹੀ ਹੈ ਕਿ ਰਮੇਸ਼ ਇੰਦਰ ਸਿੰਘ ਨੂੰ ਵਿਸ਼ੇਸ਼ ਤੌਰ 'ਤੇ ਬਾਹਰਲੇ ਸੂਬੇ ਤੋਂ ਲਿਆ ਕੇ ਸਾਕੇ ਸਮੇਂ ਅੰਮ੍ਰਿਤਸਰ ਤਾਇਨਾਤ ਕੀਤਾ ਗਿਆ ਸੀ। ਇਹ ਵੱਡਾ ਝੂਠ ਸਾਬਿਤ ਹੋਇਆ ਹੈ। ਰਮੇਸ਼ ਇੰਦਰ ਸਿੰਘ ਤਾਂ ਕਈ ਸਾਲ ਪਹਿਲਾਂ ਪੱਛਮੀ ਬੰਗਾਲ ਤੋਂ ਪੰਜਾਬ ਆ ਗਿਆ ਸੀ। ਉਹ ਪੰਜਾਬ ਦੇ ਕਈ ਜ਼ਿਲ੍ਹਿਆਂ ਵਿਚ ਵਧੀਕ ਡਿਪਟੀ ਕਮਿਸ਼ਨਰ ਅਤੇ ਹੋਰ ਅਹੁਦਿਆਂ 'ਤੇ ਕੰਮ ਕਰ ਚੁੱਕੇ ਸੀ। ਜਿਸ ਸਮੇਂ ਉਨ੍ਹਾਂ ਨੂੰ ਅੰਮ੍ਰਿਤਸਰ ਬਰਾੜ ਦੀ ਛੁੱਟੀ ਸਮੇਂ ਭੇਜਿਆ ਗਿਆ, ਉਹ ਉਸ ਸਮੇਂ ਪੰਜਾਬ ਦੇ ਡਾਇਰੈਕਟਰ, ਪੰਚਾਇਤੀ ਰਾਜ ਦੇ ਅਹੁਦੇ 'ਤੇ ਕੰਮ ਕਰ ਰਹੇ ਸਨ। 1979 ਵਿਚ ਰਮੇਸ਼ ਇੰਦਰ ਸਿੰਘ ਵਧੀਕ ਡਿਪਟੀ ਕਮਿਸ਼ਨਰ ਫਰੀਦਕੋਟ ਸਨ। ਉਹ ਪਹਿਲੀ ਵਾਰ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੂੰ ਉਥੇ ਮਿਲੇ ਸਨ। ਉਸ ਸਮੇਂ ਫਰੀਦਕੋਟ ਦੇ ਐਸ. ਐਸ. ਪੀ. ਸਿਮਰਨਜੀਤ ਸਿੰਘ ਮਾਨ ਸਨ, ਤੇ ਮਾਨ ਅਤੇ ਰਮੇਸ਼ ਇੰਦਰ ਦੇ ਫਰੀਦਕੋਟ ਸਰਕਾਰੀ ਮਕਾਨ ਨਾਲ-ਨਾਲ ਸਨ। ਸਿਮਰਨਜੀਤ ਸਿੰਘ ਮਾਨ ਨੂੰ ਮਿਲਣ ਆਏ ਸੰਤ, ਮਾਨ ਦੇ ਕਹਿਣ 'ਤੇ ਰਮੇਸ਼ ਇੰਦਰ ਸਿੰਘ ਨੂੰ ਵੀ ਮਿਲ ਕੇ ਗਏ। ਸੰਤਾਂ ਨੇ ਰਮੇਸ਼ ਇੰਦਰ ਸਿੰਘ ਨੂੰ ਆਪਣੇ ਚੇਲਿਆਂ ਨੂੰ ਹਥਿਆਰਾਂ ਦੇ ਲਾਇਸੈਂਸ ਖੁੱਲ੍ਹਦਿਲੀ ਨਾਲ ਦੇਣ ਲਈ ਕਿਹਾ ਸੀ। ਉਸ ਸਮੇਂ ਸੰਤਾਂ ਦੀ ਨਿਰੰਕਾਰੀਆਂ ਨਾਲ ਖੜਕੀ ਹੋਈ ਸੀ ਤੇ ਟਕਰਾਓ ਚੱਲ ਰਿਹਾ ਸੀ। ਲਾਇਸੈਂਸ ਦੇਣ ਦਾ ਕੰਮਕਾਰ ਉਸ ਵੇਲੇ ਫਰੀਦਕੋਟ ਰਮੇਸ਼ ਇੰਦਰ ਸਿੰਘ ਕੋਲ ਬਤੌਰ ਵਧੀਕ ਡਿਸਟ੍ਰਿਕਟ ਮੈਜਿਸਟਰੇਟ ਕਰਕੇ ਸੀ।

ਕਿਤਾਬ ਦੀ ਸ਼ੁਰੂਆਤ ਬੜੇ ਹੀ ਦਿਲਚਸਪ ਬਿਰਤਾਂਤ ਨਾਲ ਹੁੰਦੀ ਹੈ। ਸਾਕਾ ਨੀਲਾ ਤੋਂ ਦੋ ਦਿਨ ਬਾਅਦ 8 ਜਾਂ 9 ਜੂਨ ਦੀ ਸ਼ਾਮ ਨੂੰ ਪਾਕਿਸਤਾਨ ਦੇ ਲਾਹੌਰ ਟੀ. ਵੀ. ਤੋਂ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੂੰ ਸਪੀਚ ਕਰਦੇ ਦਿਖਾਇਆ ਗਿਆ। ਉਹ ਕਹਿ ਰਹੇ ਸੀ- "ਖਾਲਸਾ ਜੀ, ਕਮਰਕੱਸੇ ਕੱਸ ਲਉ, ਸਮਾਂ ਆ ਗਿਆ ਹੈ।" ਇਹ ਪ੍ਰੋਗਰਾਮ ਦੂਰ-ਦੂਰ ਤਕ ਨਸ਼ਰ ਕਰਨ ਲਈ ਪਾਕਿਸਤਾਨ ਨੇ ਨਵੀਂ ਟੈਕਨੋਲੋਜੀ ਦਾ ਪ੍ਰਯੋਗ ਕੀਤਾ ਤਾਂ ਜੋ ਇਹ ਭਾਰਤ ਵਿਚ ਦੂਰ ਤਕ ਦੇਖਿਆ ਜਾ ਸਕੇ। ਗੱਲ ਫੈਲ ਗਈ ਕਿ ਸੰਤ ਜਿੰਦਾ ਹਨ ਤੇ ਉਹ ਪਾਕਿਸਤਾਨ ਚਲੇ ਗਏ ਹਨ ਤੇ ਉਨ੍ਹਾਂ ਨੂੰ ਡਿਪਟੀ ਕਮਿਸ਼ਨਰ ਗੁਰਦੇਵ ਸਿੰਘ ਬਰਾੜ ਛੱਡ ਕੇ ਆਏ ਹਨ। ਬਰਾੜ 3 ਜੂਨ ਦੀ ਸ਼ਾਮ ਨੂੰ ਅਮਰੀਕਾ ਜਾਣ ਲਈ ਦਿੱਲੀ ਲਈ ਰਵਾਨਾ ਹੋ ਗਏ ਸਨ। ਰਾਜ ਭਰ ਵਿਚ ਕਰਫਿਊ ਲੱਗਿਆ ਹੋਣ ਕਰਕੇ ਉਨ੍ਹਾਂ ਨੂੰ ਦਿੱਲੀ ਪਹੁੰਚਣ ਲਈ ਪੁਲਿਸ ਦੀ ਮਦਦ ਲੈਣੀ ਪਈ ਸੀ। ਰਮੇਸ਼ ਇੰਦਰ ਸਿੰਘ ਨੇ ਲਿਖਿਆ ਹੈ ਕਿ ਅਸਲ ਵਿਚ ਇਕ ਵਿਦੇਸ਼ੀ ਪੱਤਰਕਾਰ ਨੇ ਸੰਤ ਭਿੰਡਰਾਂਵਾਲਿਆਂ ਨਾਲ 3 ਜੂਨ ਨੂੰ ਇੰਟਰਵਿਊ ਕੀਤੀ ਸੀ। ਉਸ ਦਿਨ ਫੌਜ ਅੰਮ੍ਰਿਤਸਰ ਵਿਚ ਆ ਗਈ। ਗੋਲਡਨ ਟੈਂਪਲ ਕੰਪਲੈਕਸ ਦੇ ਆਲੇ-ਦੁਆਲੇ ਫੌਜ ਲੱਗ ਗਈ ਸੀ। ਇਹ ਇੰਟਰਵਿਊ ਪਾਕਿਸਤਾਨ ਟੀ. ਵੀ. ਨੇ ਚਲਾ ਦਿੱਤੀ ਸੀ ਜਿਸ ਸਦਕਾ ਇਹ ਗੱਲ ਚੱਲ ਪਈ ਕਿ ਸੰਤ ਜਿੰਦਾ ਹਨ ਤੇ ਉਹ ਸੁਰੰਗ ਰਸਤੇ ਪਾਕਿਸਤਾਨ ਚਲੇ ਗਏ ਹਨ। ਸੰਤਾਂ ਬਾਰੇ ਇਹ ਗੱਲ 19 ਸਾਲ ਪ੍ਰਚਲਤ ਰਹੀ ਕਿ ਉਹ ਜਿੰਦਾ ਹਨ ਤੇ ਵਾਪਿਸ ਆਉਣਗੇ। ਅਖੀਰ 6 ਜੂਨ 2003 ਨੂੰ ਅਕਾਲ ਤਖਤ ਸਾਹਿਬ ਦੇ ਜਥੇਦਾਰ ਜੋਗਿੰਦਰ ਸਿੰਘ ਵੇਦਾਂਤੀ ਨੇ ਐਲਾਨ ਕੀਤਾ ਕਿ ਸੰਤ 'ਸ਼ਹੀਦ' ਹੋ ਗਏ ਹਨ।




**ਰਮੇਸ਼ ਇੰਦਰ ਸਿੰਘ ਦੀ ਕਿਤਾਬ 'ਟਰਮੋਇਲ ਇਨ ਪੰਜਾਬ' ਦਾ ਮੁਖੜਾ।**

ਸਾਕਾ ਨੀਲਾ ਤਾਰਾ ਬਾਰੇ ਗੁਪਤ ਰੱਖਿਆ ਗਿਆ ਸੀ ਕਿ ਇਸ ਬਾਰੇ ਉਸ ਸਮੇਂ ਦੀ ਪ੍ਰਧਾਨ ਮੰਤਰੀ ਅਤੇ ਫੌਜ ਦੇ ਦੋ-ਤਿੰਨ ਅਫਸਰਾਂ ਤੋਂ ਇਲਾਵਾ ਹੋਰ ਕਿਸੇ ਨੂੰ ਕੁਝ ਜਾਣਕਾਰੀ ਨਹੀਂ ਸੀ। ਦੋ ਜੂਨ, 1984 ਨੂੰ ਉਸ ਸਮੇਂ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਸ਼ਾਮ ਨੂੰ ਦੇਸ਼ ਨੂੰ ਰੇਡੀਓ ਤੇ ਟੀ ਵੀ' ਮਾਧਿਅਮ ਰਾਹੀਂ ਸੰਬੋਧਨ ਕੀਤਾ ਸੀ ਪਰ ਉਸ ਨੇ ਗੋਲਡਨ ਟੈਂਪਲ ਵਿਚ ਫੌਜ ਭੇਜਣ ਦੇ ਫੈਸਲੇ ਦਾ ਕੋਈ ਜ਼ਿਕਰ ਨਹੀਂ ਕੀਤਾ। ਹਾਂ, ਇਹ ਤਾਂ ਪਤਾ ਸੀ ਕਿ ਕੁਝ ਹੋ ਰਿਹਾ ਹੈ ਪਰ ਕੀ ਹੋਵੇਗਾ, ਇਸ ਦਾ ਇਲਮ ਨਾ ਪੰਜਾਬ ਸਰਕਾਰ ਨੂੰ ਸੀ ਤੇ ਨਾ ਹੀ ਅੰਮ੍ਰਿਤਸਰ ਦੇ ਜ਼ਿਲ੍ਹਾ ਪ੍ਰਸ਼ਾਸਨ ਨੂੰ। ਫੌਜ ਅੰਮ੍ਰਿਤਸਰ ਅਤੇ ਦੂਸਰੇ ਸਾਰੇ ਜ਼ਿਲ੍ਹਿਆਂ ਵਿਚ 3 ਜੂਨ ਲੱਗ ਗਈ ਸੀ। ਇੱਥੋਂ ਤਕ ਕਿ ਇਹ ਅਪਰੇਸ਼ਨ ਦੇਸ਼ ਦੇ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਤੋਂ ਵੀ ਗੁਪਤ ਰੱਖਿਆ ਗਿਆ ਸੀ। ਉਸੇ ਵੇਲੇ ਇੰਦਰਾ ਗਾਂਧੀ ਦੀ ਗਿਆਨੀ ਜ਼ੈਲ ਸਿੰਘ ਨਾਲ ਨਹੀਂ ਸੀ ਬਣਦੀ। ਇਸ ਕਰਕੇ ਉਨ੍ਹਾਂ ਤੋਂ ਓਹਲਾ ਰੱਖਿਆ ਗਿਆ। ਨਾਲੇ ਫੌਜ ਨੇ ਇੰਦਰਾ ਗਾਂਧੀ ਨੂੰ ਭਰੋਸਾ ਦਿੱਤਾ ਸੀ ਕਿ ਉਹ ਖਾੜਕੂਆਂ ਨੂੰ ਇਕ-ਦੋ ਘੰਟਿਆਂ ਵਿਚ ਹੀ ਬਾਹਰ ਕੱਢ ਦੇਵੇਗੀ। ਅੰਮ੍ਰਿਤਸਰ ਵਿਚ 3 ਜੂਨ ਨੂੰ ਸਵੇਰੇ ਕਰਫਿਊ 11 ਵਜੇ ਲਗਾ ਦਿੱਤਾ ਗਿਆ ਸੀ ਤੇ ਫਿਰ ਇਹ 6 ਜੂਨ ਦੀ ਸ਼ਾਮ ਤਕ ਲਗਾਤਾਰ ਜਾਰੀ ਰਿਹਾ।

ਰਮੇਸ਼ ਇੰਦਰ ਕਿਤਾਬ ਵਿਚ ਲਿਖਦੇ ਨੇ, 3 ਜੂਨ ਨੂੰ ਗੁਰਦੇਵ ਸਿੰਘ ਬਰਾੜ ਜਿਸ ਕੋਲ ਅਜੇ ਡੀ. ਸੀ. ਦਾ ਚਾਰਜ ਸੀ, ਨਾਲ ਚਾਹ ਪੀ ਰਹੇ ਸੀ ਕਿ ਇਕ ਫੌਜੀ ਮੋਟਰ ਸਾਈਕਲ 'ਤੇ ਆਇਆ, ਉਸ ਕੋਲ ਇਕ ਸਰਕਾਰੀ ਪੱਤਰ ਗੁਰਦੇਵ ਸਿੰਘ ਬਰਾੜ ਦੇ ਨਾਂ 'ਤੇ ਸੀ। ਉਸ ਵਿਚ ਲਿਖਿਆ ਸੀ ਕਿ ਸ਼ਾਮ ਨੂੰ 5 ਵਜੇ ਮੀਟਿੰਗ ਹੋਵੇਗੀ। ਇਹ ਮੀਟਿੰਗ ਮੇਜਰ ਜਨਰਲ ਕੇ. ਐਸ. ਬਰਾੜ ਨੇ ਬੁਲਾਈ ਸੀ। ਉਸ ਮੀਟਿੰਗ ਵਿਚ ਪਹਿਲੀ ਵਾਰ ਦੱਸਿਆ ਗਿਆ ਕਿ ਗੋਲਡਨ ਟੈਂਪਲ ਨੂੰ ਖਾੜਕੂਆਂ ਤੋਂ ਖਾਲੀ ਕਰਵਾਉਣਾ ਹੈ; ਕਿਵੇਂ ਕਰਵਾਉਣਾ, ਇਸ ਬਾਰੇ ਜੋ ਵਿਉਂਤਬੰਦੀ ਬਣਾਈ ਗਈ ਸੀ, ਉਹ ਮੀਟਿੰਗ ਵਿਚ ਸਾਂਝੀ ਨਹੀਂ ਕੀਤੀ ਗਈ ਪਰ ਫੌਜ ਨੇ ਉਸ ਸਮੇਂ ਤਕ ਗੋਲਡਨ ਟੈਂਪਲ ਕੰਪਲੈਕਸ ਦੇ ਆਲੇ-ਦੁਆਲੇ ਘੇਰਾ ਪਾ ਲਿਆ ਸੀ।

ਪਹਿਲੀ ਮੀਟਿੰਗ ਵਿਚ ਹੀ ਜਰਨਲ ਬਰਾੜ ਦੀ ਬੀ. ਐਸ. ਐਫ ਦੇ ਡੀ. ਆਈ. ਜੀ., ਜੀ. ਐਸ. ਪੰਧੇਰ ਨਾਲ ਖੜਕ ਗਈ। ਜਰਨਲ ਨੇ ਹੁਕਮ ਕਰ ਦਿੱਤਾ ਕਿ ਸੀ. ਆਰ. ਪੀ. ਐਫ. ਅਤੇ ਬੀ. ਐੱਸ. ਐਫ. ਨੂੰ ਗੋਲਡਨ ਟੈਂਪਲ ਵੱਲ ਲਗਾਤਾਰ ਗੋਲੀ ਚਲਾਉਣੀ ਹੈ। ਇਸ ਦਾ ਮਕਸਦ ਇਹ ਪਤਾ ਕਰਨਾ ਸੀ ਕਿ ਅੰਦਰੋਂ ਜਵਾਬੀ ਫਾਇਰ ਕਿਹੜੇ-ਕਿਹੜੇ ਟਿਕਾਣਿਆਂ ਤੋਂ ਆਉਂਦਾ ਹੈ ਪਰ ਮੀਟਿੰਗ ਵਿਚ ਪੰਧੇਰ ਜੋ 1964 ਬੈਚ ਦੇ ਆਈ. ਪੀ. ਐਸ. ਅਫਸਰ ਸੀ, ਨੇ ਫਾਇਰਿੰਗ ਕਰਨ ਤੋਂ ਨਾਂਹ ਕਰ ਦਿਤੀ; ਤੇ ਜਰਨਲ ਬਰਾੜ ਨੂੰ ਕਹਿ ਦਿੱਤਾ ਕਿ ਉਹ ਇਸ ਸਬੰਧ ਵਿਚ ਲਿਖਤੀ ਆਦੇਸ਼ ਦੇਵੇ। ਜਰਨਲ ਬਰਾੜ ਏਨੀ ਗੱਲ 'ਤੇ ਭੜਕ ਗਿਆ ਤੇ ਪੰਧੇਰ ਨੂੰ ਉਚਾ ਨੀਵਾਂ ਬੋਲਣ ਲਗ ਪਿਆ। ਉਸ ਨੇ ਕਿਹਾ ਕਿ ਉਸ ਦਾ ਹੁਕਮ ਨਾ ਮੰਨਣਾ ਬਗਾਵਤ ਸਮਾਨ ਹੈ। ਪੰਧੇਰ ਆਪਣੀ ਗੱਲ 'ਤੇ ਅੜੇ ਰਹੇ। ਜਰਨਲ ਨੇ ਉਨ੍ਹਾਂ ਦੀ ਸ਼ਿਕਾਇਤ ਕਰ ਦਿਤੀ। ਉਸ ਮੀਟਿੰਗ ਤੋਂ ਬਾਅਦ ਪੰਧੇਰ ਨੂੰ ਉਥੋਂ ਬਦਲ ਦਿੱਤਾ ਗਿਆ। ਉਸ ਦੀ ਕਾਫੀ ਦੇਰ ਜਾਂਚ ਚਲਦੀ ਰਹੀ ਤੇ ਡਿਸਮਿਸ ਹੁੰਦੇ-ਹੁੰਦੇ ਮਸਾਂ ਬਚੇ। ਪੰਧੇਰ ਹੁਣ ਚੰਡੀਗੜ੍ਹ ਰਹਿੰਦੇ ਹਨ।

ਕਿਤਾਬ ਵਿਚ ਜ਼ਿਕਰ ਹੈ ਕਿ ਮੀਟਿੰਗ ਵਿਚ ਐਸ. ਪੀ. (ਸੀ. ਆਈ. ਡੀ.) ਹਰਜੀਤ ਸਿੰਘ ਨੇ ਜਰਨਲ ਬਰਾੜ ਨੂੰ ਪੂਰੀ ਜਾਣਕਾਰੀ ਦਿਤੀ ਕਿ ਅੰਦਰ 400-500 ਦੇ ਕਰੀਬ ਹਥਿਆਰਬੰਦ ਖਾੜਕੂ ਹਨ ਤੇ ਉਹ ਲੜਨਗੇ, ਕਿਉਂਕਿ ਉਹ ਇਸ ਲੜਾਈ ਲਈ ਪੂਰੀ ਤਰ੍ਹਾਂ ਤਿਆਰ ਹਨ। ਉਹ ਅੰਦਰੋਂ ਪੂਰੀ ਤਾਕਤ ਨਾਲ ਜਵਾਬ ਦੇਣਗੇ, ਭੱਜਣਗੇ ਨਹੀਂ। ਉਨ੍ਹਾਂ ਕੋਲ ਵਧੀਆ ਹਥਿਆਰ ਹਨ ਪਰ ਬਰਾੜ ਨੇ ਸਿਵਲ ਅਫਸਰਾਂ ਦੀ ਗੱਲ ਵਲ ਬਹੁਤੀ ਤਵੱਜੋ ਨਹੀਂ ਦਿਤੀ ਤੇ ਕਿਹਾ, "ਉਹ ਜਦੋਂ ਸਾਡੇ ਕਾਲੇ ਭੂਤ ਦੇਖਣਗੇ ਤਾਂ ਭੱਜ ਜਾਣਗੇ।" ਕਾਲੇ ਭੂਤ ਜਰਨਲ ਬਰਾੜ ਆਪਣੇ ਫੌਜੀ ਕਮਾਂਡੋਆਂ ਨੂੰ ਕਹਿ ਰਿਹਾ ਸੀ ਪਰ ਆਖਰ ਹਰਜੀਤ ਸਿੰਘ ਦੀ ਗੱਲ ਸੱਚ ਹੋਈ ਤੇ ਲੜਾਈ ਗਹਿ-ਗੱਚ ਹੋਈ, ਇਸ ਨੇ ਉਸ ਸਮੇਂ ਪੱਛਮੀ ਕਮਾਨ ਦੇ ਮੁਖੀ ਲੈਫਟੀਨੈਂਟ ਜਰਨਲ ਸੁੰਦਰਜੀ ਦੇ ਮੂੰਹ ਚ ਉਂਗਲਾਂ ਪਵਾ ਦਿਤੀਆਂ ਸਨ। ਉਸ ਨੂੰ ਕਹਿਣਾ ਪਿਆ ਸੀ, "ਕਿੰਨੀ ਬਹਾਦਰੀ ਨਾਲ ਲੜੇ ਉਹ।"

ਰਮੇਸ਼ ਇੰਦਰ ਸਿੰਘ ਨੇ ਲਿਖਿਆ ਹੈ ਕਿ ਸਾਰੇ ਫੋਨ ਬੰਦ ਕਰ ਦਿਤੇ ਗਏ। ਉਨ੍ਹਾਂ ਦੇ ਵੀ ਤੇ ਹੋਰ ਸਾਰੇ ਅਫਸਰਾਂ ਦੇ ਫੋਨ ਬੰਦ ਹੋਣ ਕਰਕੇ ਸਭ ਦਾ ਸੰਪਰਕ ਇਕ ਦੂਜੇ ਨਾਲੋਂ ਅਤੇ ਚੰਡੀਗੜ੍ਹ ਪੰਜਾਬ ਸਰਕਾਰ ਨਾਲੋਂ ਟੁੱਟ ਗਿਆ ਸੀ। ਸਾਰਾ ਸਿਵਲ ਪ੍ਰਸ਼ਾਸਨ ਫੌਜ ਦੇ ਅਧੀਨ ਕਰ ਦਿੱਤਾ ਗਿਆ ਸੀ। ਜੇ ਕੋਈ ਗੱਲਬਾਤ ਥੋੜ੍ਹੀ ਬਹੁਤੀ ਹੁੰਦੀ ਸੀ ਤਾਂ ਉਹ ਪੁਲਿਸ ਦੇ ਵਾਇਰਲੈੱਸ ਸਿਸਟਮ 'ਤੇ ਹੁੰਦੀ ਸੀ ਪਰ ਉਸ ਦਾ ਚੰਡੀਗੜ੍ਹ ਤੋਂ ਕੋਈ ਜਵਾਬ ਨਹੀਂ ਸੀ ਮਿਲਦਾ। ਪੰਜਾਬ ਦੇ ਗ੍ਰਹਿ ਸਕੱਤਰ ਅਮਰੀਕ ਸਿੰਘ ਪੂਨੀ ਛੁੱਟੀ ਚਲੇ ਗਏ ਸਨ। ਪੂਨੀ ਇਸ ਗੱਲ ਤੋਂ ਦੁਖੀ ਸਨ ਕਿ ਪੰਜਾਬ ਚ ਫੌਜ ਬੁਲਾਉਣ ਵਾਲੇ ਸਰਕਾਰੀ ਪੱਤਰ 'ਤੇ ਦਸਤਖਤ ਉਸ ਤੋਂ ਕਰਵਾਏ ਗਏ ਸਨ। ਇਸ ਲਈ ਉਹ ਨਿਰਾਸ਼ ਸਨ ਤੇ ਛੁਟੀ 'ਤੇ ਚਲੇ ਗਏ।

ਰਮੇਸ਼ ਇੰਦਰ ਨੇ ਕਿਤਾਬ ਚ ਦਸਿਆ ਹੈ ਕਿ ਇਕ ਪਾਸੇ ਤਾਂ ਕੇਂਦਰ ਸਰਕਾਰ 26 ਮਈ ਨੂੰ ਅਕਾਲੀ ਦਲ ਦੇ ਲੀਡਰਾਂ ਨਾਲ ਮਸਲੇ ਦੇ ਹਲ ਲਈ ਮੀਟਿੰਗ ਕਰ ਰਹੀ ਸੀ, ਦੂਸਰੇ ਪਾਸੇ 25 ਮਈ ਨੂੰ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਫੌਜ ਦੇ ਮੁਖੀ ਜਰਨਲ ਏ. ਐਸ. ਵੈਦਿਆ ਨੂੰ ਖਾੜਕੂਆਂ ਨੂੰ ਗੋਲਡਨ ਟੈਂਪਲ ਚੋਂ ਕੱਢਣ ਬਾਰੇ ਆਦੇਸ਼ ਦੇ ਚੁਕੀ ਸੀ। ਅਸਲ ਵਿਚ ਇਹ ਕੇਂਦਰ ਸਰਕਾਰ ਵਲੋਂ ਅੰਮ੍ਰਿਤਸਰ ਵਿਚ ਕੀਤੀ ਜਾਣ ਵਾਲੀ ਕਾਰਵਾਈ ਦੀ ਤਿਆਰੀ ਤੋਂ ਧਿਆਨ ਲਾਂਭੇ ਕਰਨ ਲਈ ਕੀਤਾ ਜਾ ਰਿਹਾ ਸੀ।

ਰਮੇਸ਼ ਇੰਦਰ ਸਿੰਘ ਨੇ ਖੁਲਾਸਾ ਕੀਤਾ ਹੈ ਕਿ 6 ਜੂਨ ਨੂੰ ਆਖਰੀ ਵਾਰ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੂੰ ਆਖਰੀ ਵਾਰ ਸਵੇਰੇ 6.30 ਵਜੇ ਗਿਆਨੀ ਪ੍ਰੀਤਮ ਸਿੰਘ, ਹੈਡ ਗ੍ਰੰਥੀ, ਅਕਾਲ ਤਖਤ ਸਾਹਿਬ ਨੇ ਦੇਖਿਆ ਸੀ। ਉਹ ਭੋਰੇ ਤੋਂ ਬਾਹਰ ਆਏ ਸਨ ਤੇ ਵਾਸ਼ਰੂਮ ਵਲ ਗਏ ਤੇ ਫਿਰ ਵਾਪਿਸ ਭੋਰੇ ਚ ਚਲੇ ਗਏ; ਤੇ ਭਾਈ ਅਮਰੀਕ ਸਿੰਘ ਕੋਈ ਸਵੇਰੇ 9.30 ਵਜੇ ਭੋਰੇ ਤੋਂ ਬਾਹਰ ਆਏ ਸਨ। ਉਨ੍ਹਾਂ ਗਿਆਨੀ ਪ੍ਰੀਤਮ ਸਿੰਘ ਨੂੰ ਦੱਸਿਆ ਕਿ "ਸਾਰੇ ਸਿੰਘਾਂ ਨੇ ਆਖਰੀ ਦਮ ਤਕ ਲੜਨ ਅਤੇ ਸ਼ਹੀਦ ਹੋਣ ਦਾ ਫੈਸਲਾ ਕੀਤਾ ਹੈ।" ਇਸ ਅਪਰੇਸ਼ਨ ਵਿਚ ਫੌਜ ਦੇ ਇਕ ਅਧਿਕਾਰੀ ਨੇ ਦੱਸਿਆ ਕਿ 3 ਟੈਂਕ ਵਰਤੇ ਗਏ। ਘਟੋ-ਘਟ ਟੈਂਕਾਂ ਵਿਚ 60 ਰਾਊਂਡ ਦਾਗੇ ਗਏ; ਤੇ ਇਸ ਤੋਂ ਇਲਾਵਾ ਇਕ ਆਰਮਡ ਪਰਸੋਨਲ ਕੈਰੀਅਰ (ਏ. ਪੀ. ਸੀ.) ਵੀ ਵਰਤਿਆ ਗਿਆ ਪਰ ਇਕ ਖਾੜਕੂ ਨੇ ਏ. ਪੀ. ਸੀ. ਦੇ ਟਾਇਰ 'ਤੇ ਗੋਲੀ ਮਾਰ ਕੇ ਇਸ ਨੂੰ ਪੰਕਚਰ ਕਰ ਦਿੱਤਾ। ਇਹ ਏ. ਪੀ. ਸੀ. ਅਕਾਲ ਤਖਤ ਦੇ ਨੇੜੇ ਪਹੁੰਚ ਗਿਆ ਸੀ। ਗੈਸ ਵਾਲੇ ਕਾਰਤੂਸ ਵੀ ਚਲਾਏ ਗਏ ਪਰ ਇਹ ਕਾਰਤੂਸ ਅਸਰਦਾਰ ਸਾਬਤ ਨਹੀਂ ਹੋਏ। ਬਾਅਦ ਵਿਚ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਦੇਹ ਅਕਾਲ ਤਖਤ ਸਾਹਿਬ ਦੇ ਸਾਹਮਣੇ 6 ਜੂਨ ਨੂੰ ਮਿਲੀ ਸੀ। ਉਨ੍ਹਾਂ ਦੇ ਨੇੜੇ ਭਾਈ ਅਮਰੀਕ ਸਿੰਘ ਤੇ ਬਾਬਾ ਠਾਰਾ ਸਿੰਘ ਦੀ ਦੇਹ ਪਈ ਸੀ। ਤਿੰਨਾਂ ਦਾ ਪੂਰਨ ਗੁਰ-ਸਿੱਖ ਮਰਯਾਦਾ ਨਾਲ ਸਸਕਾਰ ਕੀਤਾ ਗਿਆ ਸੀ; ਤੇ ਸਸਕਾਰ ਸਮੇਂ ਵਡੇ ਅਫਸਰ ਹਾਜ਼ਰ ਸਨ। ਸੰਤਾਂ ਦੀ ਸ਼ਨਾਖਤ ਫੌਜ ਅਤੇ ਜ਼ਿਲ੍ਹਾ ਅਧਿਕਾਰੀਆਂ ਨੇ ਡੀ. ਐਸ. ਪੀ. ਅਪਾਰ ਸਿੰਘ ਬਾਜਵਾ , ਐਸ. ਪੀ. ਹਰਜੀਤ ਸਿੰਘ ਅਤੇ ਸੰਤਾਂ ਦੇ ਫੌਜ ਵਿਚ ਨੌਕਰੀ ਕਰਦੇ ਭਾਈ ਤੋਂ ਕਰਵਾਈ ਸੀ।

ਰਮੇਸ਼ ਇੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੇ ਫੌਜ 'ਤੇ ਕਾਫੀ ਦਬਾ ਬਣਾ ਕੇ 5 ਜੂਨ ਨੂੰ ਦੁਪਹਿਰ ਤੋਂ ਬਾਅਦ ਦੋ ਘੰਟੇ ਲਈ ਗੋਲੀ ਬੰਦੀ ਕਰਵਾਈ ਗਈ। ਫਿਰ ਸਮਾਂ ਸ਼ਾਮ ਦੇ 7 ਵਜੇ ਤਕ ਵਧਾ ਦਿਤਾ ਗਿਆ ਸੀ; ਮਕਸਦ ਅੰਦਰ ਫਸੇ ਯਾਤਰੂਆਂ ਨੂੰ ਕੱਢਣਾ ਸੀ। ਬਹੁਤ ਸਾਰੇ ਯਾਤਰੂ ਜੋ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਕਰਕੇ 3 ਜੂਨ ਨੂੰ ਦਰਬਾਰ ਸਾਹਿਬ ਵਿਖੇ ਆਏ ਸਨ, ਕਰਫਿਊ ਕਰਕੇ ਅੰਦਰ ਹੀ ਫਸ ਗਏ ਸਨ। 5 ਜੂਨ ਨੂੰ ਗੋਲੀ ਬੰਦੀ ਦੌਰਾਨ ਕਈ ਵਾਰੀ ਲੋਕ ਸੰਪਰਕ ਵਿਭਾਗ ਦੀ ਵੈਨ ਰਾਹੀਂ ਯਾਤਰੂਆਂ ਨੂੰ ਬਾਹਰ ਆਉਣ ਲਈ ਅਪੀਲ ਕੀਤੀ ਪਰ 159

**(ਬਾਕੀ ਸਫਾ 20 'ਤੇ)**

***ਰਮੇਸ਼ ਇੰਦਰ ਸਿੰਘ ਨੇ ਦੱਸਿਆ ਹੈ ਕਿ 5 ਜੂਨ ਨੂੰ ਅੰਮ੍ਰਿਤਸਰ ਕੋਤਵਾਲੀ ਵਿਚ ਮੀਟਿੰਗ ਚਲ ਰਹੀ ਸੀ। ਹਰਜੀਤ ਸਿੰਘ ਨੇ ਸੰਤ ਭਿੰਡਰਾਂਵਾਲੇ ਨਾਲ ਗਲਬਾਤ ਕਰਨ ਲਈ ਰਮੇਸ਼ ਇੰਦਰ ਸਿੰਘ ਨੂੰ ਭੇਜਣ ਦੀ ਸਲਾਹ ਜਰਨਲ ਬਰਾੜ ਨੂੰ ਦਿਤੀ ਸੀ- ਸ਼ਾਇਦ ਕੋਈ ਹਲ ਨਿੱਕਲ ਆਵੇ ਪਰ ਜਰਨਲ ਬਰਾੜ ਨੇ ਕਿਹਾ ਕਿ ਫੌਜ ਕਾਰਵਾਈ ਆਰੰਭ ਕਰਨ ਤੋਂ ਪਹਿਲਾਂ ਵਾਰਨਿੰਗ ਦੇਵੇਗੀ ਪਰ ਨਾ ਤਾਂ ਕੋਈ ਗਲਬਾਤ ਦੀ ਕੋਸ਼ਿਸ਼ ਕੀਤੀ ਗਈ ਤੇ ਨਾ ਹੀ ਵਾਰਨਿੰਗ ਦਿਤੀ। ਰਮੇਸ਼ ਇੰਦਰ ਸਿੰਘ ਨੇ ਕਿਹਾ ਕਿ 5 ਜੂਨ ਨੂੰ ਦੁਪਹਿਰ ਬਾਅਦ ਉਸ ਨੇ ਅਕਾਲ ਤਖਤ ਸਾਹਿਬ 'ਤੇ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ ਪਰ ਫੋਨ ਬੰਦ ਸਨ, ਇਸ ਕਰਕੇ ਗੱਲ ਨਹੀਂ ਹੋ ਸਕੀ। 3 ਤੇ 4 ਜੂਨ ਨੂੰ ਸਿਵਲ ਤੇ ਫੌਜ ਦੀ ਸਾਂਝੀ ਮੀਟਿੰਗ ਵਿਚ ਫੈਸਲਾ ਹੋਇਆ ਸੀ ਕਿ ਆਮ ਲੋਕਾਂ ਨੂੰ ਬਾਹਰ ਕੱਢਿਆ ਜਾਵੇਗਾ ਪਰ ਇਸ ਸਬੰਧ ਵਿਚ 5 ਜੂਨ ਦੇ ਦੁਪਹਿਰ ਤਕ ਕੋਈ ਯਤਨ ਨਹੀਂ ਹੋਇਆ।***



**ਰਮੇਸ਼ ਇੰਦਰ ਸਿੰਘ**

# ਛੱਲੀਆਂ ਦੀ ਰੁੱਤ

ਕਲਾ ਪਰਿਕਰਮਾ

ਛੱਲੀਆਂ ਦੀ ਅਸਲ ਰੁੱਤ ਸਤੰਬਰ-ਅਕਤੂਬਰ ਨੂੰ ਮੰਨਿਆ ਜਾਂਦਾ ਹੈ ਪਰ ਇਸ ਕਾਹਲੇ ਯੁੱਗ ਵਿਚ ਤਾਂ ਛੱਲੀਆਂ ਜੂਨ-ਜੁਲਾਈ ਵਿਚ ਉਪਲਬਧ ਹਨ। ਕਿਧਰੇ ਵੀ ਆਉਂਦਿਆਂ-ਜਾਂਦਿਆਂ ਸੜਕ ਕਿਨਾਰੇ ਥੋੜ੍ਹੀ-ਥੋੜ੍ਹੀ ਦੂਰੀ ਉੱਤੇ ਛੱਲੀਆਂ ਭੁੰਨਣ ਵਾਲਿਆਂ ਦੀਆਂ ਰੇਹੜੀਆਂ ਨਜ਼ਰ ਆਉਂਦੀਆਂ ਹਨ। ਤਕਰੀਬਨ ਹਰ ਰੇਹੜੀ ਦੁਆਲੇ ਪੰਜ- ਚਾਰ ਲੋਕ ਕਾਰਾਂ, ਸਕੂਟਰ ਜਾਂ ਹੋਰ ਵਾਹਨ ਰੋਕ ਕੇ ਛੱਲੀਆਂ ਲੈਣ ਲਈ ਖੜ੍ਹੇ ਹੁੰਦੇ ਹਨ। ਇਨ੍ਹਾਂ ਵਿਚ ਪੇਂਡੂ ਲੋਕ ਵੀ ਹੁੰਦੇ ਹਨ ਤੇ ਸ਼ਹਿਰੀ ਵੀ। ਅੱਜ ਰਸੋਈਆਂ ਵਿਚੋਂ ਚੁੱਲ੍ਹੇ ਗਾਇਬ ਹੋ ਗਏ ਹਨ ਤਾਂ ਛੱਲੀਆਂ ਵਿਚਾਰੀਆਂ ਨੇ ਸੜਕ ਕਿਨਾਰੇ ਰੇਹੜੀਆਂ ਦੀਆਂ ਅੰਗੀਠੀਆਂ 'ਤੇ ਹੀ ਭੁੱਜਣਾ ਹੈ।

ਪਿਛਲੇ ਸਮੇਂ ਵਿਚ ਜਦੋਂ ਮੱਧ ਵਰਗੀ ਕਿਸਾਨਾਂ ਦੇ ਖੇਤਾਂ ਵਿਚ ਮੱਕੀ ਦੀ ਫਸਲ ਲਹਿਲਹਾਉਂਦੀ ਸੀ। ਪੱਠਿਆਂ ਵਿਚ ਆਈਆਂ ਛੱਲੀਆਂ ਨੂੰ ਤਾਂ ਜਿਵੇਂ ਡੰਗਰ-ਪਸ਼ੂ ਵੀ ਨੱਕ ਮਾਰ ਦਿੰਦੇ ਸਨ। ਸ਼ਾਮੀਂ ਖੇਤੋਂ ਘਰ ਆਉਂਦੇ ਜੀਅ ਜਾਂ ਸਾਂਝੀ-ਸੀਰੀ ਛੱਲੀਆਂ ਜ਼ਰੂਰ ਲੈ ਕੇ ਆਉਂਦੇ। ਚੁੱਲ੍ਹੇ ਵਿਚ ਗੋਹੇ-ਪਾਥੀਆਂ ਜਾਂ ਲੱਕੜਾਂ ਦੇ ਮੱਚਦੇ ਸੂਹੇ-ਸੂਹੇ ਅੰਗਿਆਰਾਂ 'ਤੇ ਭੁੱਜਦੀਆਂ ਛੱਲੀਆਂ ਬੱਚਿਆਂ ਦੇ ਨਿਰਛਲ ਹਾਸੇ ਵਾਂਗ ਖਿੜ-ਖਿੜ ਹੱਸਦੀਆਂ। ਇਹ ਜਲਦੀਆਂ-ਭੁੱਜਦੀਆਂ ਵੀ ਖਿੜ-ਖਿੜ ਹੱਸਦੀਆਂ ਹਨ ਪਰ ਮਨੁੱਖ ਬਹੁਤੇਰੇ ਸੁੱਖ-ਸਹੂਲਤਾਂ ਦੇ



**ਪਰਮਜੀਤ ਕੌਰ ਸਰਹਿੰਦ**
ਫੋਨ: +91-98728-98599

ਹੁੰਦੇ ਵੀ ਜ਼ਿਆਦਾਤਰ ਰੋਂਦਾ ਰਹਿੰਦਾ ਹੈ।

ਮੇਰੇ ਪੇਕੇ ਘਰ ਖੇਤੀਬਾੜੀ ਦਾ ਕੰਮ ਘੱਟ ਸੀ। ਪਿਤਾ ਜੀ ਪੁਲਿਸ ਅਫਸਰ ਸਨ ਤੇ ਅਸੀਂ ਬਹੁਤਾ ਸਮਾਂ ਸ਼ਹਿਰਾਂ ਵਿਚ ਰਹੇ। ਖੇਤੀ ਦੇ ਕੰਮ-ਧੰਦਿਆਂ ਦੀ ਮੈਨੂੰ ਕੋਈ ਜਾਣਕਾਰੀ ਨਹੀਂ ਸੀ। ਛੋਟੀ ਉਮਰੇ ਵਿਆਹ ਹੋਇਆ ਤਾਂ ਸਹੁਰੇ ਘਰ ਖੇਤੀ ਦਾ ਤਕੜਾ ਕੰਮ ਸੀ। ਅੱਸੂ-ਕੱਤਕ ਵਿਚ ਚਿੱਟੀ-ਚਿੱਟੀ ਕਪਾਹ, ਸੁਨਹਿਰੀ ਮੱਕੀ ਤੇ ਸੂਹੇ ਕਿਰਮਚੀ ਰੰਗ ਦੀਆਂ ਮਿਰਚਾਂ ਨਾਲ ਘਰ ਦੀ ਸਵਾਤ ਤੇ ਵਿਹੜਾ ਭਰਿਆ ਹੁੰਦਾ। ਮੇਰਾ ਮਨ ਕਰਦਾ ਖੇਤਾਂ ਵਿਚ ਜਾ ਕੇ ਦੇਖਾਂ ਕਿ ਕਪਾਹ ਕਿਵੇਂ ਚੁਗੀ ਜਾਂਦੀ ਹੈ, ਮੱਕੀ ਤੇ ਮਿਰਚਾਂ ਕਿਵੇਂ ਤੋੜੀਆਂ ਸਾਂਭੀਆਂ ਜਾਂਦੀਆਂ ਹਨ। ਇੱਕ ਦਿਨ ਸੱਸ ਮਾਤਾ ਜੀ ਤੋਂ ਆਗਿਆ ਲੈ ਕੇ ਹਾਣ ਦੀਆਂ ਦੋਵੇਂ ਨਣਦਾਂ ਨਾਲ ਘਰੋਂ ਦੋ-ਢਾਈ ਕਿਲੋਮੀਟਰ ਦੂਰ ਤੁਰ ਕੇ ਖੇਤ ਜਾ ਪੁੱਜੀ। ਕਪਾਹ ਚੁਗਦੀਆਂ ਚੋਗਣਾਂ ਨਾਲ ਮੈਂ ਵੀ ਖੇਤ ਵਿਚ ਜਾ ਵੜੀ। ਮੈਂ ਤਾਂ ਕਪਾਹ ਦੀਆਂ ਫੁੱਟੀਆਂ ਨੂੰ ਫੁੱਲਾਂ ਵਾਂਗ ਸੰਭਾਲ ਕੇ ਤੋੜਾਂ ਪਰ ਚੋਗਣਾਂ ਤੇ ਦੋਵੇਂ ਨਣਦਾਂ ਛੋਹਲੇ ਹੱਥੀਂ ਫੁੱਟੀਆਂ ਚੁਗ-ਚੁਗ ਲੱਕ ਨਾਲ ਬੰਨ੍ਹੀਆਂ ਝੋਲੀਆਂ ਭਰੀ ਜਾਣ। ਮੈਂ ਮੁੱਠੀ ਕੁ ਕਪਾਹ ਆਪਣੀ ਚੁੰਨੀ ਦੇ ਪੱਲੇ ਵਿਚ ਪਾਈ ਪਸੀਨਾ-ਪਸੀਨਾ ਹੋਈ ਫਿਰਾਂ। ਉਹ ਸਾਰੀਆਂ ਮੇਰੀ ਹਾਲਤ ਤੇ ਕਪਾਹ ਚੁਗਣ ਦੇ ਚੱਜ ਜਾਂ ਕੁਚੱਜ ਨੂੰ ਦੇਖ-ਦੇਖ ਹੱਸੀ ਜਾਣ। ਸਿਰੋਂ ਉੱਚੀਆਂ ਕਪਾਹ ਦੀਆਂ ਛਿਟੀਆਂ ਵਿਚ ਘਿਰੀ ਦਾ ਮੇਰਾ ਦਿਲ ਡੁੱਬ-ਡੁੱਬ ਜਾਵੇ ਪਰ ਸਾਰੀਆਂ ਦੇ ਕਹਿਣ 'ਤੇ ਵੀ ਮੈਂ ਆਪਣੀ ਹੇਠੀ ਸਮਝਦੀ ਖੇਤ ਵਿਚੋਂ ਬਾਹਰ ਨਾ ਨਿਕਲਾਂ।

ਕੁਦਰਤੀ ਨਣਦਾਂ ਦਾ ਵੀਰ ਖੇਤ ਵੱਲ ਆ ਗਿਆ। ਚੋਗਣਾਂ ਨੇ ਉਨ੍ਹਾਂ ਨੂੰ ਆਵਾਜ਼ ਦੇ ਕੇ ਬੁਲਾਇਆ ਤੇ ਮੇਰੀ ਹਾਲਤ ਦਿਖਾਈ। ਮੇਰੀ ਤਰਸਯੋਗ ਹਾਲਤ ਦੇਖ ਕੇ ਇਹ ਪਹਿਲਾਂ ਤਾਂ ਹੱਸੇ ਤੇ ਫੇਰ ਮੈਨੂੰ ਝਿੜਕਿਆ। ਤੂਤਾਂ ਦੀ ਛਾਵੇਂ ਬੈਠ ਕੇ ਪਾਣੀ ਪੀਤਾ ਤਾਂ ਮੇਰੀ ਸੁਰਤ ਟਿਕਾਣੇ ਆਈ। ਵਰ੍ਹਿਆਂ ਪਿੱਛੋਂ ਵੀ ਮੈਨੂੰ ਆਪਣੇ ਪਤੀ ਦੀ ਆਖੀ ਗੱਲ ਯਾਦ ਹੈ ਕਿ ਭਾਦੋਂ ਦੇ ਵੱਟ (ਹੁੰਮਸ) ਦਾ ਮਾਰਿਆ ਤਾਂ ਜੱਟ ਸਾਧ ਹੋ ਜਾਂਦਾ ਐ ਤੂੰ ਸ਼ਹਿਰ ਦੀ ਜੰਮੀ ਪਲੀ ਕੀਹਦੀ ਪਾਣੀਹਾਰ ਏਂ? ਕਪਾਹ ਚੁਗਦੀਆਂ ਚੋਗਣਾਂ ਤੇ ਦੂਜੇ ਪਾਸੇ ਮੱਕੀ ਵੱਢਦੇ ਤੇ ਛੱਲੀਆਂ ਕੱਢਦੇ ਮਰਦ-ਔਰਤਾਂ ਮੈਨੂੰ ਕਿਸੇ ਹੋਰ ਦੁਨੀਆ ਦੇ ਵਾਸੀ ਜਾਪੇ ਜੋ ਆਪਣੇ ਕੰਮਾਂ ਵਿਚ ਮਸਤ ਸਨ। ਸਮੇਂ ਨਾਲ



ਛੱਲੀਆਂ ਭੁੰਨਣ ਦੀ ਝਲਕ।



ਖੇਤ ਵਿਚ ਖੜ੍ਹੇ ਛੱਲੀਆਂ ਦੇ ਪੌਦੇ।



ਛੱਲੀਆਂ ਦੇ ਦਾਣੇ।

ਸਮਝ ਆਈ ਕਿ ਇਨ੍ਹਾਂ ਨੂੰ ਅੰਨਦਾਤੇ ਕਿਉਂ ਕਿਹਾ ਜਾਂਦਾ ਹੈ।

ਕਪਾਹ ਚੁਗ ਕੇ ਜਾਂ ਵਿਚਾਲੇ ਛੱਡ ਕੇ ਮੈਂ ਨਣਦਾਂ ਨਾਲ ਛੱਲੀਆਂ ਕੱਢਦੀਆਂ ਕਾਮੀਆਂ ਕੋਲ ਜਾ ਬੈਠੀ। ਜਿਸ ਫੁਰਤੀ ਨਾਲ ਉਹ ਛੱਲੀਆਂ ਕੱਢ ਰਹੀਆਂ ਸਨ, ਮੈਂ ਦੇਖ ਕੇ ਦੰਗ ਰਹਿ ਗਈ। ਲੱਕੜ ਦੀਆਂ ਛੋਟੀਆਂ-ਛੋਟੀਆਂ ਪਰ ਤਿੱਖੀਆਂ ਕਿੱਲੀਆਂ ਨਾਲ ਪਰਦਿਆਂ ਵਿਚੋਂ ਛੱਲੀਆਂ ਕੱਢਦੀਆਂ ਕੋਈ ਕੱਚੀ ਛੱਲੀ ਸਾਡੇ ਵੱਲ ਸੁੱਟ ਦਿੰਦੀਆਂ ਜਿਸ ਨੂੰ ਉਹ 'ਦੋਧਾ' ਕਹਿੰਦੀਆਂ। ਇੱਕ ਕਾਮੀ ਨੇ ਉੱਥੇ ਹੀ ਅੱਗ ਬਾਲ ਕੇ ਕਈ ਦੋਧੇ ਭੁੰਨ ਕੇ ਸਾਨੂੰ ਖਾਣ ਲਈ ਦਿੱਤੇ। ਉਨ੍ਹਾਂ ਕੱਚੀਆਂ ਛੱਲੀਆਂ ਦਾ ਮਿੱਠਾ ਸੁਆਦ ਤੇ ਮਿਹਨਤ ਕਰਨ ਵਾਲਿਆਂ ਦਾ ਚੇਤਾ ਮੈਨੂੰ ਅੱਜ ਤੱਕ ਨਹੀਂ ਭੁੱਲਿਆ। ਉਨ੍ਹਾਂ ਔਰਤਾਂ ਦੇ ਮੋਹ ਭਰੇ ਮਜ਼ਾਕ ਵੀ ਯਾਦ ਆਉਂਦੇ ਹਨ। ਤਕਰੀਬਨ ਸਾਰੀਆਂ ਔਰਤਾਂ ਮੇਰੀਆਂ ਜਿਠਾਣੀਆਂ ਦੇ ਥਾਂ ਸਨ। ਉਹ ਆਪਣੇ ਦਿਓਰ, ਮੇਰੇ ਪਤੀ ਨੂੰ ਸੰਬੋਧਿਤ ਹੁੰਦਿਆਂ ਕਹਿੰਦੀਆਂ- "ਦੇਖ ਬਈ ਦਿਓਰਾ! ਸਾਡੀ ਦਰਾਣੀ ਕਪਾਹ ਚੁਗ ਕੇ ਤਾਂ ਢੇਰ ਲਾ ਆਈ, ਹੁਣ ਸਾਡੇ ਨਾਲ ਕੁੱਕੜੀਆਂ (ਛੱਲੀਆਂ) ਕਢਾਊ ਅੱਜ ਸੰਝ (ਸ਼ਾਮ) ਤੱਕ ਸਾਰੀ ਮੱਕੀ ਸਾਂਭ ਦੇਣੀ ਇਹਨੇ ਸਾਡੇ ਨਾਲ ਲੱਗ ਕੇ...।" ਉਹ ਹੱਸਦੀਆਂ ਹੋਈਆਂ ਹਾਸਾ ਠੱਠਾ ਕਰਦੀਆਂ ਰਹੀਆਂ ਤੇ ਮੈਂ ਵੀ ਨਾਲ ਹੱਸਦੀ ਰਹੀ। ਮੇਰੀ ਉਮਰ ਉਦੋਂ ਸਤਾਰਾਂ-ਅਠਾਰਾਂ ਕੁ ਵਰ੍ਹਿਆਂ ਦੀ ਸੀ। ਹੁਣ ਪਿੰਡ ਗਈ ਨੂੰ ਉਨ੍ਹਾਂ ਵਿਚੋਂ ਕੋਈ ਮੁਹੱਬਤੀ ਰੂਹ ਮਿਲ ਪੈਂਦੀ ਹੈ ਤਾਂ ਉਹ ਮੇਰੀ ਅੱਲੜ੍ਹ ਉਮਰ ਦੀਆਂ ਗੱਲਾਂ ਯਾਦ ਕਰਦਿਆਂ ਫਿੱਕਾ ਜਿਹਾ ਹਾਸਾ ਹੱਸ ਕੇ ਮੇਰੀ ਜ਼ਿੰਦਗੀ ਵਿਚ ਕੁਵੇਲੇ ਪਈਆਂ ਔਖੀਆਂ ਭਾਰੀਆਂ ਜ਼ਿੰਮੇਵਾਰੀਆਂ ਤੇ ਟੁੱਟੇ ਦੁੱਖਾਂ ਦੇ ਪਹਾੜਾਂ ਨੂੰ ਮਹਿਸੂਸ ਕਰਦਿਆਂ ਅੱਖਾਂ ਭਰਦਿਆਂ ਮੈਨੂੰ ਦਿਲਾਸੇ ਵੀ ਦਿੰਦੀ ਹੈ।

ਕਾਰ ਰਾਹੀਂ ਚੰਡੀਗੜ੍ਹ ਵੱਲ ਰਸਤੇ ਵਿਚੋਂ ਖਰੀਦੀਆਂ ਚਾਰ ਕੁ ਛੱਲੀਆਂ ਹੱਥ ਵਿਚ ਫੜੀ ਮੈਂ ਸੋਚਦੀ ਰਹੀ ਕਿ ਕਿਵੇਂ ਘਰਾਂ ਵਿਚ ਕੱਚੀਆਂ-ਪੱਕੀਆਂ ਛੱਲੀਆਂ ਦੇ ਅੰਬਾਰ ਲੱਗੇ ਹੁੰਦੇ ਸਨ ਤੇ ਅੱਜ ਉਹ ਅੰਬਾਰਾਂ ਵਾਲੇ ਰੇਹੜੀ ਤੋਂ ਚਾਰ-ਛੇ ਛੱਲੀਆਂ ਖਰੀਦ ਰਹੇ ਹਨ। ਸਾਡੇ ਖੇਤਾਂ ਵਿਚ ਹੁਣ ਮੱਕੀ ਦੀ ਫਸਲ ਨਹੀਂ ਬਲਕਿ ਕਣਕ-ਝੋਨਾ ਪ੍ਰਧਾਨ ਹੈ। ਕਾਹਲੇ ਫਸਲੀ ਚੱਕਰ ਵਿਚ ਜਾਂ ਵੱਧ ਕਮਾਈ ਦੇ ਲਾਹੇ ਲਈ ਕਿਸਾਨ ਬਹੁਤ ਸਾਰੀਆਂ ਕੁਦਰਤੀ ਨਿਆਮਤਾਂ ਤੋਂ ਵਾਂਝਾ ਹੋ ਗਿਆ ਹੈ। ਅੱਜ ਨਾ ਖੇਤਾਂ ਵਿਚ ਮੱਕੀ ਦੇ ਟਾਂਡਿਆਂ ਦੇ ਮੁਹਾਰੇ ਦਿਸਦੇ ਹਨ, ਨਾ ਘਰਾਂ ਵਿਚ ਛੱਲੀਆਂ ਦੇ ਅੰਬਾਰ। ਸਾਡੇ ਪੰਜਾਬੀਆਂ ਦੇ ਘਰਾਂ ਵਿਚ ਅਜੇ ਵੀ ਐਨੀ ਕੁ ਕੱਚੀ ਥਾਂ ਹੁੰਦੀ ਹੈ ਕਿ ਆਪ ਛੱਲੀਆਂ ਚੱਬਣ ਲਈ ਘਰੇ ਮੱਕੀ ਉਗਾ ਸਕਦੇ ਹਾਂ ਪਰ ਅਸੀਂ 'ਪੈਸਾ ਦੇਣਾ ਗਜ਼ ਪੜਵਾਉਣਾ' ਵਾਲੀ ਨੀਤੀ ਅਪਣਾ ਕੇ 'ਹੱਥ ਹਿਲਾਉਣਾ ਚੰਗਾ ਖਾਣਾ' ਵਾਲਾ ਵਿਰਾਸਤੀ ਗੁਣ ਛੱਡ ਬੈਠੇ ਹਾਂ। ਭਾਵੇਂ ਕਾਹਲੇ ਫਸਲੀ ਚੱਕਰ ਨੂੰ ਕਿਸਾਨਾਂ ਨੇ ਮਜਬੂਰੀ ਵਸ ਆਪਣੀ ਆਰਥਿਕਤਾ ਸੁਧਾਰਨ ਲਈ ਅਪਣਾਇਆ ਪਰ ਇਸ ਦਾ ਮੁਨਾਫਾ ਵੀ ਹਾਕਮ ਤੇ ਜਰਵਾਲ ਧਿਰ ਲੈਣ ਲੱਗੀ। ਥੋੜ੍ਹਾ ਸਮਾਂ ਪਹਿਲਾਂ ਕਿਰਤੀ ਕਿਸਾਨਾਂ ਵੱਲੋਂ ਵਿੱਢਿਆ ਗਿਆ ਕਿਸਾਨੀ ਸੰਘਰਸ਼ ਇਸੇ ਦਾ ਸਿੱਟਾ ਸੀ।

ਅਸੀਂ ਖੇਤਾਂ ਖਲਵਾੜਿਆਂ ਵਾਲੇ ਜ਼ਿਆਦਾਤਰ ਲੋਕ ਖੇਤ ਬੰਨੇ ਤੋਂ ਟੁੱਟਦੇ ਜਾ ਰਹੇ ਹਾਂ। ਜੋ ਠੇਕੇ-ਵਟਾਈ ਵਾਲੇ ਠੇਕੇਦਾਰ, ਬੀਜ ਵੱਢ ਲੈਂਦੇ ਹਨ, ਠੀਕ ਹੈ। ਸਾਨੂੰ ਛੱਲੀਆਂ, ਮਿਰਚਾਂ, ਕਣਕ ਜਾਂ ਕਪਾਹ ਨਹੀਂ ਪੈਸੇ ਮਿਲ ਜਾਂਦੇ ਹਨ। ਅਸੀਂ ਜ਼ਹਿਰੀਲੀਆਂ ਦਵਾਈਆਂ ਤੇ ਰਸਾਇਣਕ ਖਾਦਾਂ ਦੀਆਂ ਪਾਲੀਆਂ ਸਬਜ਼ੀਆਂ ਤੇ ਅਨਾਜ ਖਰੀਦ ਤੇ ਖਾ ਕੇ ਸਿਹਤਾਂ ਗਾਲ ਰਹੇ ਹਾਂ। ਸਰਮਾਏਦਾਰ ਜਾਂ ਸਰਕਾਰ ਸਾਡੀ ਸੋਨੇ ਵਰਗੀ ਜਿਣਸ ਕੌਡੀਆਂ ਦੇ ਭਾਅ ਖਰੀਦ ਕੇ ਮੁੜ ਦਿਲ ਲੁਭਾਊ ਪੈਕਿੰਗ ਕਰਕੇ ਸਾਨੂੰ ਮਹਿੰਗੇ ਮੁੱਲ ਵੇਚਦੀ ਹੈ। ਮੱਕੀ ਦੇ 'ਕੌਰਨ ਫਲੇਕਸ' ਹਨ ਜਾਂ 'ਪੌਪ ਕੌਰਨ' ਤੇ 'ਸਵੀਟ ਕੌਰਨ' ਨਵੀਂ ਪੀੜ੍ਹੀ ਹੀ ਨਹੀਂ ਵੱਡੀ ਉਮਰ ਦੇ ਲੋਕ ਵੀ ਚਾਅ ਨਾਲ ਖਰੀਦ ਕੇ ਖਾਂਦੇ ਹਨ। ਅੱਜ ਕੱਲ੍ਹ ਕਿਸੇ ਪਿੰਡ ਵਿਚ ਦਾਣੇ ਭੁੰਨਣ ਵਾਲੀ ਭੱਠੀ ਨਜ਼ਰ ਨਹੀਂ ਆਉਂਦੀ। ਉਨ੍ਹਾਂ ਕਲੀਆਂ ਵਾਂਗ ਖਿੜੀਆਂ ਮੱਕੀ ਦੀਆਂ ਖਿੱਲਾਂ ਦੀ ਥਾਂ ਪੌਪ ਕੌਰਨ ਦੇ ਬੰਦ ਲਿਫਾਫਿਆਂ ਨੇ ਲੈ ਲਈ ਹੈ। ਕਾਰ ਵਿਚ ਬੈਠੀ ਮੈਂ ਛੱਲੀਆਂ ਵਾਲੀਆਂ ਰੇਹੜੀਆਂ ਦੇਖਦੀ ਜਾ ਰਹੀ ਸਾਂ। ਪੰਜਾਬੀ ਗੀਤ ਦੇ ਬੋਲ ਜਿਵੇਂ ਮੇਰੇ ਕੰਨਾਂ ਵਿਚ ਗੂੰਜਣ ਲੱਗੇ:

ਲੈ ਜਾ ਛੱਲੀਆਂ ਭੁੰਨਾ ਲਈਂ ਦਾਣੇ
ਮਿੱਤਰਾ ਦੂਰ ਦਿਆ....

ਦੂਜੇ ਹੀ ਪਲ ਮੈਨੂੰ ਜਾਪਿਆ ਜਿਵੇਂ ਉਹ ਗਾਇਕਾ ਤਰਲਾ ਪਾ ਰਹੀ ਹੋਵੇ:

ਲੈ ਜਾ ਛੱਲੀਆਂ ਨਾ ਪੌਪ ਕੌਰਨ ਖਾਵੀਂ
ਮਿੱਤਰਾ ਦੂਰ ਦਿਆ...।

## ਆਖ ਤਸਵੀਰਾਂ ਬੋਲਦੀਆਂ


*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 23 ਜੁਲਾਈ 2022 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-543



ਨੰਗ ਧੜੰਗਾ ਬਚਪਨ ਹੈ ਦੇਖੋ ਕਰੇ ਕਮਾਲ,
ਮਾਂ ਭੱਠੇ 'ਤੇ ਕੰਮ ਹੈ ਕਰਦੀ ਫ਼ੋਟੋ ਖਿੱਚੇ ਲਾਲ।
ਸਿਰ ਤੋਂ ਪੈਰਾਂ ਤਕ ਹੈ ਗਰੀਬੀ ਜੀਣਾ ਬੇਹਾਲ,
ਨੰਨ੍ਹਾ ਕਲਾਕਾਰ ਬੇਧੜਕ ਹੈ ਫ਼ੋਟੋ ਦਾ ਮਲਾਲ।

### ਕੈਪਸ਼ਨ ਮੁਕਾਬਲਾ-541



ਮੁੱਢ ਕਦੀਮ ਤੋਂ ਅੰਧ-ਵਿਸ਼ਵਾਸੀ,
ਜਾਨਵਰ ਰੁੱਖ ਪਏ ਪੂਜਣ,
ਕਿਸੇ ਨੂੰ ਦੁੱਖੋਂ ਕਿਸੇ ਨੂੰ ਸੁੱਖ ਤੋਂ,
ਰੱਖ ਕੇ ਇੱਟਾਂ ਪੱਥਰ ਪੂਜਣ
ਜੜ੍ਹਾਂ 'ਚ ਦੇਵਣ ਤੇਲ ਰੱਖ ਦੀਵੇ,
ਡੰਡੌਤਾਂ ਕਰ ਕਰ ਧਿਆਵਣ,
ਦੁਨੀਆਂ ਜਾ ਪਹੁੰਚੀ ਮੰਗਲ 'ਤੇ,
ਅਨਪੜ੍ਹਤਾ ਹੱਡ ਹੰਢਾਵਣ।
*-ਸੇਵਾ ਸਿੰਘ ਨੂਰਪੁਰੀ*

---

ਓਏ ਮਨੁੱਖ ਮੈਂ ਹਾਂ ਰੁੱਖ
ਮੈਂ ਤੈਨੂੰ ਦਿੱਤੇ ਸਾਹ,
ਤੂੰ ਕਿਉਂ ਮੈਨੂੰ ਦਿੰਦਾ ਦੁੱਖ,
ਤੇਰੇ ਅੰਧ ਵਿਸ਼ਵਾਸ਼ ਕਰਕੇ
ਵੇਖ ਮੈਂ ਗਿਆ ਹਾਂ ਸੁੱਕ,
ਕਿਉਂ ਕੁਦਰਤ ਦਾ ਤੂੰ ਮਜ਼ਾਕ ਬਣਾਇਆ,
ਵਹਿਮਾਂ ਭਰਮਾਂ ਨੂੰ ਅਪਣਾਇਆ,
ਮੇਰੀਆਂ ਜੜ੍ਹਾਂ 'ਚ ਦੇ ਕੇ ਤੇਲ
ਮੇਰੀ ਵਧਣ ਨਾ ਦਿੱਤੀ ਵੇਲ,
ਤੂੰ ਮੇਰੀ ਸੁਣ ਇਕ ਅਰਜ਼ੋਈ,
ਮੈਨੂੰ ਤਾਂ ਬਸ ਪਾਣੀ ਦੀ ਭੁੱਖ,
ਓਏ ਮਨੁੱਖ ਮੈਂ ਹਾਂ ਰੁੱਖ।
*-ਨਵਜੋਧ ਸਿੰਘ ਬਾਜਵਾ*

---

ਦੁੱਖ ਨਿਵਾਰਨ ਕਰਦੇ ਬਾਬੇ,
ਚੇਲੇ ਚਾਟੜੇ ਕਰਨ ਪ੍ਰਚਾਰ।
ਚੁਰਾਹਿਆਂ ਦੇ ਵਿਚ ਟੂਣੇ ਕਰਾਉਂਦੇ,
ਰੰਗਦਾਰ ਲੀਰਾਂ ਰੁੱਖਾਂ ਦਾ ਸ਼ਿੰਗਾਰ।
ਵਹਿਮਾਂ-ਭਰਮਾਂ ਦੇ ਵਿਚ ਪੈ ਕੇ,
ਬੰਦਾ ਬਣਜੇ, 'ਉੱਲੂ ਬਾਟਾ'।
ਜੜ੍ਹੀਂ ਤੇਲ ਦੇ ਕੇ ਰੁੱਖ ਮਾਰਦਾ,
ਵਾਤਾਵਰਨ ਨੂੰ ਪਾਉਂਦਾ ਘਾਟਾ।
*-ਗੁਰਦੇਵ ਸਿੰਘ ਢਪਾਲੀ*
*ਫੋਨ: 94176-49275*

---

'ਸਿਆਣੇ' ਦੇ ਲੱਗ ਆਖੇ ਲੋਕੀਂ
ਖ਼ੁਦ ਮੂਰਖ ਬਣ ਜਾਵਣ।
ਰੰਗ ਬਿਰੰਗੀਆਂ ਬੰਨ੍ਹ ਕੇ ਲੀਰਾਂ
ਜੜ੍ਹੀਂ ਤੇਲ ਪਏ ਪਾਵਣ।
ਲਹਿ-ਲਹਾਉਂਦੇ ਬਿਰਖ ਤਾਈਂ
ਜਾਨੋਂ ਮਾਰ ਮੁਕਾਵਣ।
ਆਪਣੇ ਹੱਥੀਂ ਭਵਿੱਖ ਆਪਣੇ ਨੂੰ
ਖ਼ੁਦ ਹੀ ਗ੍ਰਹਿਣ ਲਗਾਵਣ।
*-ਜਗਮੀਤ ਸਿੰਘ ਪੰਧੇਰ*
*ਫੋਨ: +1 2042963177*

---

ਕਿੱਧਰੇ ਕਿਸੇ ਨੇ ਕੋਈ ਸਮਾਧ ਬਣਾਈ,
ਰੱਖ ਇੱਟਾਂ ਕਈ ਦੀਵਾ ਜਗਾਈ ਜਾਂਦੇ।
ਪੜ੍ਹੇ-ਲਿਖੇ ਕਈ ਬਣੇ ਅੰਧ-ਵਿਸ਼ਵਾਸੀ,
ਅੱਖੀਂ ਵੇਖੇ ਪਖੰਡੀਆਂ ਵੱਲ ਜਾਈ ਜਾਂਦੇ।
ਭੇਡ ਚਾਲ ਦੇ ਵਿਚ ਨੇ ਗਰਕ ਹੋਏ,
ਢੌਂਗੀ ਬਾਬਿਆਂ ਨੂੰ ਚੜਾਵਾ ਚੜ੍ਹਾਈ ਜਾਂਦੇ।
ਕੁੜੀਆਂ ਵਾਲੇ ਸਾਧਾਂ ਤੋਂ ਮੁੰਡੇ ਮੰਗਣ,
ਝੋਲੀ ਭਰ ਦਿਓ ਵਾਸਤਾ ਪਾਈ ਜਾਂਦੇ।
ਪਖੰਡੀ ਬਾਬੇ ਵੀ ਬੜੇ ਚਲਾਕ ਹੁੰਦੇ,
ਪੜ੍ਹੇ ਲਿਖਿਆਂ ਨੂੰ ਮੂਰਖ ਬਣਾਈ ਜਾਂਦੇ।
ਧਾਗੇ ਦੇ ਕੇ ਲੋਕਾਂ ਨੂੰ ਲਾਲ ਕਾਲੇ,
ਪੁੜੀ ਭਭੂਤੀ ਦੀ ਨਾਲ ਫੜਾਈ ਜਾਂਦੇ।
ਫ਼ਲ ਪਾ ਕੇ ਸ਼ਰਧਾਵਾਨ ਦੀ ਝੋਲੀ,
ਮੁੰਡਾ ਹੋਣ ਦੇ ਲਾਰੇ ਨੇ ਲਾਈ ਜਾਂਦੇ।
*-ਸੁੱਚਾ ਸਿੰਘ ਪਸਨਾਵਾਲ*
*ਫੋਨ: 9915033740*

# ਪ੍ਰਯੋਗਸ਼ੀਲ ਰੰਗਮੰਚ ਤੇ ਫਿਲਮਾਂ ਦੇ ਇਕ ਯੁੱਗ ਦਾ ਅੰਤ

ਉੱਘੇ ਬਰਤਾਨਵੀ ਨਿਰਦੇਸ਼ਕ ਪੀਟਰ ਬਰੁੱਕ ਦਾ 'ਮਹਾਂਭਾਰਤ' ਕੌਮਾਂਤਰੀ ਪੱਧਰ ਦੀ ਪ੍ਰੋਡਕਸ਼ਨ ਸੀ। ਇਹ ਵਿਸ਼ਵ ਰੰਗਮੰਚ ਵਿਚ ਨਵਾਂ ਪ੍ਰਯੋਗ ਸੀ ਜਿਸ ਨੇ ਰੰਗਮੰਚ ਨੂੰ ਨਵੀਆਂ ਬੁਲੰਦੀਆਂ 'ਤੇ ਪਹੁੰਚਾਇਆ। ਰੰਗਮੰਚ ਵਿਚ ਯੋਗਦਾਨ ਲਈ ਭਾਰਤ ਸਰਕਾਰ ਨੇ 2021 ਵਿਚ ਉਸ ਨੂੰ ਪਦਮ ਸ੍ਰੀ ਨਾਲ ਨਿਵਾਜ਼ਿਆ। ਇਸ ਵਿਚ ਦਰੋਪਦੀ ਦਾ ਕਿਰਦਾਰ ਉੱਘੀ ਅਦਾਕਾਰ, ਨ੍ਰਿਤਕੀ, ਲੇਖਕ ਅਤੇ ਹੋਰ ਕਈ ਪ੍ਰਤਿਭਾਵਾਂ ਦੀ ਮਾਲਕ ਮਲਿਕਾ ਸਾਰਾਭਾਈ ਨੇ ਨਿਭਾਇਆ।




ਪ੍ਰੋ. (ਡਾ.) ਕ੍ਰਿਸ਼ਨ ਕੁਮਾਰ ਰੱਤੂ
ਫੋਨ: 94787-30156


''ਮਨੁੱਖ ਦੀ ਦੁਨੀਆ ਰੰਗਮੰਚ ਤੋਂ ਅੱਗੇ ਹੈ।'' - ਪੀਟਰ ਬਰੁੱਕ

ਦੋ ਜੁਲਾਈ, 2022 ਨੂੰ ਦੁਨੀਆ ਦੇ ਮਹਾਨ ਰੰਗਮੰਚ ਕਲਾਕਾਰ, ਨਿਰਦੇਸ਼ਕ ਤੇ ਫਿਲਮ ਨਿਰਦੇਸ਼ਕ ਪੀਟਰ ਬਰੁੱਕ ਦੀ ਮੌਤ ਦੀ ਖ਼ਬਰ ਨਾਲ ਪੂਰਾ ਸੰਸਾਰ, ਖ਼ਾਸਕਰ ਦੁਨੀਆ ਦਾ ਅੰਗਰੇਜ਼ੀ ਥੀਏਟਰ ਜਗਤ ਗ਼ਮਗੀਨ ਹੋ ਗਿਆ। ਅਸਲ ਵਿਚ ਉਹ ਅਜੋਕੇ ਰੰਗਮੰਚ ਦਾ ਸੱਚ ਸੀ।

ਪੀਟਰ ਬਰੁੱਕ ਸਾਡੇ ਸਮਿਆਂ ਦੇ ਰੰਗਮੰਚ ਤੇ ਫਿਲਮ ਨਿਰਦੇਸ਼ਕਾਂ ਦੀ ਉਸ ਪੀੜ੍ਹੀ ਦੀ ਪਛਾਣ ਸੀ ਜੋ ਪਿਛਲੇ 80 ਵਰ੍ਹਿਆਂ ਤੋਂ ਦੁਨੀਆ ਦੇ ਅੰਗਰੇਜ਼ੀ ਰੰਗਮੰਚ ਤੇ ਹੌਲੀਵੁੱਡ ਦੀ ਬੁਨਿਆਦ ਬਣੀ ਹੋਈ ਹੈ। ਬਰੁੱਕ ਸਾਡੇ ਸਮਿਆਂ ਦਾ ਉਹ ਬੌਧਿਕ ਸਿਤਾਰਾ ਸੀ, ਜੋ ਰੰਗਮੰਚ ਦੇ ਤਜਰਬਿਆਂ ਦੇ ਨਾਲ-ਨਾਲ ਫਿਲਮਾਂ ਦੇ ਨਿਰਦੇਸ਼ਕ ਵਜੋਂ ਵੀ ਓਨਾ ਹੀ ਪ੍ਰਸਿੱਧ ਸੀ। 'ਥੀਏਟਰ ਆਫ ਕਰੂਲਟੀ' ਨੂੰ ਪੰਜਾਬੀ ਵਿਚ ਕਰੂਰਤਾ ਦਾ ਰੰਗਮੰਚ ਕਿਹਾ ਜਾਂਦਾ ਹੈ, ਪਰ ਰੰਗਮੰਚ ਦੀ ਦੁਨੀਆ ਵਿਚ ਬਹੁ-ਭਾਂਤੀ ਸਟੇਜ ਤਜਰਬਿਆਂ ਦੇ ਪਿਤਾਮਾ ਵਜੋਂ ਉਸ ਨੂੰ ਪੂਰੀ ਦੁਨੀਆ ਸਦਾ ਯਾਦ ਰੱਖੇਗੀ। ਪੀਟਰ ਬਰੁਕ ਅਸਲ ਵਿਚ ਮਨੁਖ ਦੀ ਰੂਹ 'ਚ ਉਤਰਨ ਵਾਲੀ ਅਦਾਕਾਰੀ ਦੇ ਪ੍ਰਯੋਗਾਂ ਦਾ ਧਨੀ ਤੇ ਚਿਤੇਰਾ ਸੀ ਜੋ ਰੰਗਮੰਚ ਤੇ ਫਿਲਮਾਂ ਦੋਵਾਂ ਦੇ ਦਰਸ਼ਕਾਂ ਦੀ ਨਬਜ਼ ਪਛਾਣਦਾ ਸੀ। ਸ਼ਾਇਦ ਇਸੇ ਲਈ ਉਹ ਕਹਿੰਦਾ ਸੀ, ''ਇਹ ਜੋ ਰੰਗਮੰਚ ਹੈ, ਇਹ ਸ਼ੇਕਸਪੀਅਰ ਦੇ ਪੁਰਾਣੇ ਢੰਗ ਦੀ ਨੁਮਾਇਸ਼ ਨਹੀਂ ਰਹਿ ਸਕਦਾ, ਇਸ ਨੂੰ ਪੂਰੀ ਦੁਨੀਆ ਦੇ ਬਦਲਦੇ ਰੂਪ ਤੇ ਦੁੱਖ ਸੁਖ ਨਾਲ ਬਦਲਣਾ ਹੋਵੇਗਾ।''

ਸਤਾਨਵੇਂ ਵਰ੍ਹਿਆਂ ਦੇ ਪੀਟਰ ਬਰੁੱਕ ਦਾ ਦੇਹਾਂਤ ਪੈਰਿਸ ਵਿਚ ਹੋਇਆ, ਜਿੱਥੇ ਉਹ 1974 ਤੋਂ ਰਹਿ ਰਿਹਾ ਸੀ। ਆਪਣੇ ਸਮੇਂ ਦੇ ਪ੍ਰਸਿੱਧ ਅਤੇ ਵਿਵਾਦਾਂ ਵਿਚ ਰਹਿਣ ਵਾਲੇ ਨਿਰਮਾਤਾ ਨਿਰਦੇਸ਼ਕ ਪੀਟਰ ਬਰੁੱਕ ਨੇ ਰੰਗਮੰਚ ਦੀ ਦੁਨੀਆ ਨੂੰ ਸੁੰਨਾ ਕਰ ਦਿੱਤਾ ਹੈ।






*ਲੇਖਕ ਪੀਟਰ ਬਰੁੱਕ ਤੇ ਉਸ ਦੀ ਪ੍ਰੋਡਕਸ਼ਨ ਮਹਾਂਭਾਰਤ ਦਾ ਇਕ ਦ੍ਰਿਸ਼*

ਸ਼ੇਕਸਪੀਅਰ ਦੀ ਰੰਗਮੰਚੀ ਸ਼ੈਲੀ ਨੂੰ ਨਵੀਂ ਆਭਾ ਤੇ ਰੰਗਤ ਦੇਣ ਵਾਲਾ ਪੀਟਰ ਬਰੁੱਕ ਬ੍ਰਾਡਵੇਅ ਮਿਊਜ਼ੀਕਲ ਓਪੇਰੇ ਤੇ 'ਲਾਰਡ ਆਫ ਫਲਾਈਜ਼' ਲਈ ਵਧੇਰੇ ਜਾਣਿਆ ਜਾਂਦਾ ਰਿਹਾ ਹੈ। ਭਾਰਤ ਵਿਚ ਪੀਟਰ ਬਰੁੱਕ ਦੀ ਪ੍ਰਸਿੱਧੀ ਇਸ ਲਈ ਵੀ ਜ਼ਿਆਦਾ ਹੈ ਕਿ ਉਸ ਨੇ ਮਹਾਂਭਾਰਤ ਵਰਗੇ ਮਹਾਂਕਾਵਿ ਨੂੰ ਆਪਣੀ ਸ਼ੈਲੀ 'ਚ ਢਾਲ ਕੇ 96 ਕੜੀਆਂ ਦੀ ਸਟੇਜ ਲੜੀ ਵਿਚ ਬਦਲਿਆ ਤੇ ਬਾਅਦ ਵਿਚ ਇਸ 'ਤੇ 'ਮਹਾਂਭਾਰਤ' ਫਿਲਮ ਬਣਾਈ। ਅੱਜ ਪੀਟਰ ਬਰੁੱਕ ਦੀ 'ਮਹਾਂਭਾਰਤ' ਭਾਰਤੀਆਂ ਤੇ ਖੋਜੀਆਂ ਲਈ ਰੰਗਮੰਚ ਵਿਚ ਨਵੇਂ ਪ੍ਰਯੋਗਾਂ ਸਦਕਾ ਅਧਿਐਨ ਦਾ ਵਿਸ਼ਾ ਬਣ ਗਈ ਹੈ ਜਿਸ ਵਿਚ ਉਸ ਨੇ ਬੇਹੱਦ ਬੇਬਾਕੀ ਨਾਲ ਪ੍ਰਯੋਗ ਕੀਤੇ। ਮਜ਼ੇਦਾਰ ਗੱਲ ਇਹ ਵੀ ਹੈ ਕਿ ਇਸ ਵਿਚ ਅਫ਼ਰੀਕੀ ਤੇ ਹੌਲੀਵੁੱਡ ਦੇ ਪ੍ਰਸਿੱਧ ਕਲਾਕਾਰਾਂ ਨੇ ਪੀਟਰ ਦੀ ਨਿਰਦੇਸ਼ਨਾ ਵਿਚ 'ਮਹਾਂਭਾਰਤ' ਦੇ ਕਿਰਦਾਰ ਨਿਭਾਏ। ਇਸ ਵਿਚ ਸਿਰਫ਼ ਦੋ ਭਾਰਤੀ ਕਲਾਕਾਰ ਸਨ ਜਿਨ੍ਹਾਂ ਵਿਚੋਂ ਇਕ ਉੱਘੀ ਅਦਾਕਾਰ ਮਲਿਕਾ ਵਿਕਰਮ ਸਾਰਾਭਾਈ ਸੀ।

ਬ੍ਰਿਟਿਸ਼ ਡਰਾਮੇ ਦੀ ਸਟੇਜ ਨੂੰ ਪੀਟਰ ਨੇ ਤਜਰਬਿਆਂ ਦਾ ਮੰਚ ਬਣਾਇਆ ਤੇ ਉਹ ਵਿਵਾਦਾਂ ਵਿਚ ਵੀ ਰਿਹਾ। ਉਸ ਨੇ ਰੰਗਮੰਚ ਦੀਆਂ ਪੁਰਾਤਨ ਵਲਾਇਤੀ ਰਵਾਇਤਾਂ ਨੂੰ ਤੋੜ ਕੇ ਨਵੀਆਂ ਪਰੰਪਰਾਵਾਂ ਤੇ ਭਾਸ਼ਾ ਦੇ ਤਜਰਬਿਆਂ ਨਾਲ ਇਕ ਨਵਾਂ ਰੰਗਮੰਚ ਇਜਾਦ ਕੀਤਾ ਜਿਸ ਦਾ ਜਾਦੂ ਪੂਰੀ ਦੁਨੀਆ ਦੇ ਸਿਰ ਚੜ੍ਹ ਕੇ ਬੋਲਿਆ। ਇੰਗਲੈਂਡ, ਅਮਰੀਕਾ, ਨਿਊਯਾਰਕ ਤੇ ਫਰਾਂਸ ਸਮੇਤ ਯੂਰਪੀਅਨ ਮੁਲਕਾਂ ਦੇ ਨਾਲ ਨਾਲ ਭਾਰਤ ਵਿਚ ਵੀ ਉਸ ਦੇ ਰੰਗਮੰਚ ਦੇ ਨਾਟਕ ਹੋਏ ਤੇ 'ਮਹਾਂਭਾਰਤ' ਨੂੰ ਵੱਡੀ ਮਾਨਤਾ ਭਾਰਤੀ ਦਰਸ਼ਕਾਂ ਵੱਲੋਂ ਹੀ ਮਿਲੀ। ਇਹ ਭਾਵੇਂ ਦਿੱਲੀ, ਮੁੰਬਈ, ਕਲਕੱਤਾ ਤੇ ਬੰਗਲੌਰ ਵਰਗੇ ਸ਼ਹਿਰਾਂ ਤੇ ਅਖ਼ਬਾਰਾਂ ਤੀਕ ਸੀਮਿਤ ਰਹੀ।

ਉਸ ਦੀ 1964 'ਚ ਕੀਤੀ ਪੇਸ਼ਕਾਰੀ 'ਕਿੰਗ ਲੀਅਰ' ਦੀ ਪਛਾਣ ਵੱਖਰੀ ਹੀ ਸੀ।

ਪੀਟਰ ਬਰੁੱਕ ਦਾ ਜਨਮ 21 ਮਾਰਚ, 1925 ਨੂੰ ਇਕ ਲਿਥੂਆਨੀਅਨ ਯਹੂਦੀ ਦੇ ਘਰ ਹੋਇਆ ਜੋ ਸਾਧਾਰਨ ਲੇਖਕ ਤੇ ਰੰਗਮੰਚ ਦਾ ਸ਼ੌਕੀਨ ਸੀ। ਪੀਟਰ ਨੂੰ ਰੰਗਮੰਚ ਦਾ ਸ਼ੌਕ ਆਕਸਫੋਰਡ ਦੀ ਆਪਣੀ ਪੜ੍ਹਾਈ ਦੌਰਾਨ ਹੋਇਆ। ਵੀਹ ਵਰ੍ਹਿਆਂ ਦੀ ਉਮਰ ਵਿਚ ਹੀ ਪੀਟਰ ਨੇ ਸਟੇਜ 'ਤੇ ਆਪਣਾ ਜਲਵਾ ਦਿਖਾ ਦਿੱਤਾ ਸੀ। ਬਰਮਿੰਘਮ ਦੇ ਰੈਪਰਟਰੀ ਥੀਏਟਰ ਨਾਲ ਰੌਇਲ ਸ਼ੇਕਸਪੀਅਰ ਕੰਪਨੀ ਤੋਂ ਲੈ ਕੇ ਬ੍ਰਿਟਿਸ਼ ਰੌਇਲ ਓਪੇਰਾ ਤੀਕ ਉਸ ਨੇ ਆਪਣੀਆਂ ਸੇਵਾਵਾਂ ਦਿੱਤੀਆਂ।

ਲੰਡਨ ਵਿਚ ਆਪਣੀ ਇਕ ਪੇਸ਼ਕਾਰੀ ਤੋਂ ਬਾਅਦ ਦਿੱਤੀ ਇੰਟਰਵਿਊ ਵਿਚ ਉਸ ਨੇ ਦੱਸਿਆ ਸੀ ਕਿ ਪੁਰਾਣੇ ਢੰਗ ਦੇ ਅਤੇ ਲੋਕਾਂ ਨੂੰ ਬੋਰੀਅਤ ਨਾਲ ਭਰਨ ਵਾਲੇ ਰੰਗਮੰਚ ਦਾ ਦੌਰ ਆਲਮੀ ਜੰਗ ਦੇ ਅੰਤ ਨਾਲ ਹੀ ਖ਼ਤਮ ਹੋ ਗਿਆ ਸੀ। ਹੁਣ ਨਵੀਆਂ ਸੰਭਾਵਨਾਵਾਂ ਤੇ ਨਵੇਂ ਯੁੱਗ ਦੀਆਂ ਅਰਥਪੂਰਨ ਚੁਣੌਤੀਆਂ ਵਾਲੇ ਰੰਗਮੰਚ ਦੀ ਜ਼ਰੂਰਤ ਹੈ।'' ਬਾਅਦ ਦੇ ਸਾਡੇ ਸਮਿਆਂ ਵਿਚ ਅਸੀਂ ਵੇਖਦੇ ਹਾਂ ਕਿ ਉਸ ਨੇ ਅਜਿਹਾ ਕਰ ਕੇ ਵੀ ਵਿਖਾਇਆ।

ਪੀਟਰ ਬਰੁੱਕ ਨੇ ਲੰਡਨ ਤੇ ਨਿਊਯਾਰਕ ਵਿਚ ਕਈ ਐਸੇ ਨਾਟਕ ਵੀ ਖੇਡੇ ਜਿਨ੍ਹਾਂ ਨੇ ਰੰਗਮੰਚ ਦੀਆਂ ਰੂੜੀਆਂ ਨੂੰ ਤੋੜਿਆ ਤੇ ਨਵੀਂ ਪਛਾਣ ਬਣਾਈ। ਉਸ ਨੇ ਇਨ੍ਹਾਂ ਸ਼ਹਿਰਾਂ ਵਿਚ ਟੀ.ਐੱਸ. ਈਲੀਅਟ, ਆਰਥਰ ਮਿਲਰ ਦੀਆਂ ਰਚਨਾਵਾਂ ਨੂੰ ਵੀ ਆਧਾਰ ਬਣਾਇਆ। ਲੰਡਨ ਵਿਚ ਉਸ ਨੇ 1964 ਵਿਚ ਥੀਏਟਰ ਆਫ ਕਰੂਲਟੀ ਦੀ ਨੀਂਹ ਰੱਖੀ। ਆਪਣੀ ਪਤਨੀ ਨਤਾਸ਼ਾ ਪੈਰੀ ਨੂੰ ਲੈ ਕੇ ਵੀ ਉਸ ਨੇ ਕਈ ਨਾਟਕਾਂ ਦੀ ਪੇਸ਼ਕਾਰੀ ਕੀਤੀ।

'ਏ ਮਿੱਡ ਸਮਰ ਨਾਈਟ' ਵਰਗੇ ਨਾਟਕਾਂ ਨਾਲ ਉਸ ਨੇ 1970 ਵਿਚ ਅਜਿਹੀ ਧੁੰਮ ਪਾਈ ਕਿ ਅੱਜ ਉਸ ਦੇ ਅੰਦਾਜ਼ ਭਾਵ ਪੀਟਰ ਬਰੁੱਕ ਸ਼ੈਲੀ ਵਿਚ ਨਾਟਕ ਖੇਡੇ ਤੇ ਲਿਖੇ ਜਾ ਰਹੇ ਹਨ। ਰੰਗਮੰਚ ਦੇ ਖੇਤਰ ਵਿਚ ਪ੍ਰਸਿੱਧੀ ਹਾਸਲ ਹੋਣ ਦੇ ਦੌਰ ਵਿਚ ਹੀ ਪੀਟਰ ਨੇ ਫਿਲਮੀ ਖੇਤਰ ਵਿਚ ਵੀ ਆਪਣੀ ਪਛਾਣ ਬਣਾ ਲਈ ਸੀ। ਉਸ ਨੇ 1970 ਵਿਚ ਸੈਂਟਰ ਆਫ ਥੀਏਟਰ ਰਿਸਰਚ ਦੀ ਨੀਂਹ ਰੱਖੀ।

'ਦਿ ਕਾਨਫਰੰਸ ਆਫ ਦਿ ਬਰਡਜ਼' ਨਾਂ ਦੀ ਫ਼ਾਰਸੀ ਕਵਿਤਾ ਦੇ ਆਧਾਰ 'ਤੇ ਵੀ ਉਸ ਨੇ ਆਸਟਰੇਲੀਆ ਵਿਚ ਰੰਗਮੰਚ 'ਤੇ ਤਜਰਬਾ ਕੀਤਾ ਕਿ ਰੌਸ਼ਨੀ ਤੇ ਆਵਾਜ਼ ਦੇ ਪ੍ਰਭਾਵ ਨੂੰ ਅੰਤਰਮਨ ਵਿਚ ਉਤਾਰ ਕੇ ਮਾਨਵੀ ਭਾਵਨਾਵਾਂ ਤੇ ਸਰੋਕਾਰਾਂ ਨਾਲ ਕਿਵੇਂ ਜੁੜਿਆ ਜਾ ਸਕਦਾ ਹੈ। ਇਹ ਆਪਣੇ ਆਪ ਵਿਚ ਹੀ ਇਕ ਵੱਡੀ ਪ੍ਰਤਿਭਾ ਦੀ ਕਹਾਣੀ ਹੈ ਜਿਸ ਦਾ ਸਿਖ਼ਰ ਪੀਟਰ ਬਰੁੱਕ ਖ਼ੁਦ ਹੋ ਨਿਬੜਿਆ ਸੀ। 1988 ਵਿਚ ਉਸ ਨੇ 'ਮਹਾਂਭਾਰਤ' ਵਰਗਾ ਲੜੀਵਾਰ ਨਾਟਕ ਗਲਾਸਗੋ ਸਟੇਜ 'ਤੇ ਕੀਤਾ ਤੇ ਭਾਰਤੀਆਂ ਦੀ ਰੂਹ ਤੀਕ ਉਤਰ ਗਿਆ। ਆਪਣੇ ਜੀਵਨ ਦੇ ਅੰਤ ਤੀਕ ਫਿਲਮਾਂ, ਸਟੇਜ ਤੇ ਕਿਤਾਬਾਂ ਨੂੰ ਪ੍ਰਣਾਇਆ ਪੀਟਰ ਬਰੁੱਕ ਚਲਦਾ ਫਿਰਦਾ ਥੀਏਟਰ ਐਨਸਾਈਕਲੋਪੀਡੀਆ ਬਣ ਗਿਆ ਸੀ। ਆਪਣੀਆਂ ਪ੍ਰਾਪਤੀਆਂ ਸਦਕਾ ਉਸ ਨੂੰ ਦੁਨੀਆ ਦੇ ਵੱਡੇ ਐਵਾਰਡ ਮਿਲੇ, ਜਿਨ੍ਹਾਂ ਵਿਚ ਫਰਾਂਸ ਦਾ 1970 'ਚ ਫਿਲਮ ਡਾਇਰੈਕਟਰ ਤੇ ਥੀਏਟਰ ਐਵਾਰਡ, 1970 'ਚ ਹੀ ਐਮੀ ਅਵਾਰਡ, ਲਾਰੈਂਸ ਓਲੀਵਰ ਐਵਾਰਡ, ਜਾਪਾਨ ਤੋਂ ਇੰਪੀਰੀਅਲ ਐਵਾਰਡ ਸ਼ਾਮਲ ਹਨ। ਭਾਰਤ ਸਰਕਾਰ ਨੇ 2021 ਵਿਚ ਉਸ ਨੂੰ ਪਦਮ ਸ੍ਰੀ ਦਾ ਖਿਤਾਬ ਦਿੱਤਾ। ਇਹ ਮਿਲਣ ਤੋਂ ਬਾਅਦ ਪੀਟਰ ਨੇ ਕਿਹਾ ਸੀ ਕਿ ਇਹ ਮਹਾਂਭਾਰਤ ਦੀ ਯਾਦ ਦਿਵਾਉਂਦਾ ਰਹੇਗਾ।

ਉਸ ਦੇ ਹੋਰ ਪ੍ਰਸਿੱਧ ਨਾਟਕਾਂ ਵਿਚ ਹੈਮਲਿਟ, ਪ੍ਰਿੰਸ ਆਫ ਡੈਨਮਾਰਕ, ਲਵ ਇਜ਼ ਮਾਈ ਸਿਨ ਆਦਿ ਸ਼ੁਮਾਰ ਹਨ। ਉਸ ਦੀਆਂ ਫਿਲਮਾਂ ਵਿਚੋਂ ਟੈਲ ਮੀ ਲਾਈ, ਕਿੰਗ ਲੀਅਰ, ਮਹਾਂਭਾਰਤ, ਦਸਤਾਵੇਜ਼ੀ ਫਿਲਮ 'ਦਿ ਟਾਇਟਰੋਪ' ਬੇਹੱਦ ਪ੍ਰਸਿੱਧ ਹੋਈਆਂ। ਆਪਣੀ ਨਿੱਜੀ ਜ਼ਿੰਦਗੀ 'ਚ ਅਦਾਕਾਰ ਪਤਨੀ ਨਤਾਸ਼ਾ ਪੈਰੀ ਨਾਲ ਉਸ ਨੇ ਇਸ਼ਕ ਤੋਂ ਲੈ ਕੇ ਸਟੇਜ ਤੀਕ ਦੋਸਤੀ ਨਿਭਾਈ, ਜਿਸ ਦਾ 2015 'ਚ ਦੇਹਾਂਤ ਹੋ ਗਿਆ ਸੀ। ਅੱਜ ਉਨ੍ਹਾਂ ਦੇ ਬੱਚੇ ਧੀ ਇਰੀਨਾ ਤੇ ਪੁੱਤਰ ਸਾਈਮਨ ਪੈਰਿਸ ਵਿਚ ਰੰਗਮੰਚ ਤੇ ਫਿਲਮਾਂ ਨਾਲ ਜੁੜੇ ਹੋਏ ਹਨ। ਫਿਲਮਾਂ ਤੇ ਸਟੇਜ ਦਾ ਬਾਦਸ਼ਾਹ ਅਤੇ ਸਾਡੇ ਸਮਿਆਂ ਵਿਚ ਨਵੇਂ ਬਹੁ-ਭਾਂਤੀ ਤਜਰਬਿਆਂ ਨਾਲ ਮਾਨਵੀ ਸਰੋਕਾਰਾਂ ਦੀ ਗੱਲ ਸਟੇਜ 'ਤੇ ਕਰਨ ਵਾਲਾ ਦਿੱਗਜ ਵਿਦਾ ਹੋ ਗਿਆ ਹੈ ਤਾਂ ਰੰਗਮੰਚ ਸੱਖਣਾ ਹੋ ਗਿਆ ਜਾਪਦਾ ਹੈ। ਪੀਟਰ ਬਰੁੱਕ ਹਮੇਸ਼ਾ ਸਾਡਿਆਂ ਚੇਤਿਆਂ ਵਿਚ ਜ਼ਿੰਦਾ ਰਹੇਗਾ। ਉਹ ਦੁਨੀਆ ਦੀ ਸਟੇਜ ਦਾ ਮਹਾਂਨਾਇਕ ਸੀ।

** ਲੇਖਕ ਉੱਘਾ ਬ੍ਰਾਡਕਾਸਟਰ ਤੇ ਭਾਰਤੀ ਟੈਲੀਵਿਜ਼ਨ, ਦਰਦਰਸ਼ਨ ਦਾ ਸਾਬਕਾ ਉਪ ਮਹਾਂਨਿਰਦੇਸ਼ਕ ਤੇ ਟਿੱਪਣੀਕਾਰ ਹੈ।*

# ਖੁਸ਼ਹਾਲੀ ਦੇ ਪ੍ਰੋਜੈਕਟ ਬਣਾ ਕੇ ਦਿਖਾਓ, 2024 ਦੀਆਂ ਚੋਣਾਂ ਜਿੱਤ ਜਾਓ

ਭਾਰਤ ਦੇ ਲੋਕਾਂ ਪਾਸ ਰਾਜਸੀ ਲੋਕਾਂ ਦਾ ਪੌਣੀ ਸਦੀ ਦਾ ਇਤਿਹਾਸ ਪਿਆ ਹੈ। ਮੁਲਕ ਦੇ ਲੋਕਾਂ ਸਾਹਮਣੇ ਦੋ ਰਾਜਸੀ ਪਾਰਟੀਆਂ ਐਸੀਆਂ ਵੀ ਹਨ ਜਿਹੜੀਆਂ ਕਾਫੀ ਅਰਸਾ ਰਾਜ ਕਰ ਬੈਠੀਆਂ ਹਨ ਅਤੇ ਲੋਕਾਂ ਦੀ ਸਮਝ ਵਿਚ ਇਹ ਵੀ ਆ ਗਿਆ ਹੈ ਕਿ ਇਹ ਕਾਂਗਰਸ ਅਤੇ ਭਾਜਪਾ ਕਿੰਨੇ ਪਾਣੀ ਵਿਚ ਹਨ। ਦੋਹਾਂ ਪਾਰਟੀਆਂ ਦੇ ਵਿਅਕਤੀ ਵਿਸ਼ੇਸ਼ ਵੀ ਸਾਡੇ ਸਾਹਮਣੇ ਹਨ ਅਤੇ

ਦਲੀਪ ਸਿੰਘ ਵਾਸਨ, ਐਡਵੋਕੇਟ
ਫੋਨ: 0175-5191856

ਲੋਕਾਂ ਦੀ ਸਮਝ ਵਿਚ ਇਹ ਵੀ ਆ ਚੁੱਕਾ ਹੈ ਕਿ ਜਿਹੜਾ ਵੀ ਪ੍ਰਧਾਨ ਮੰਤਰੀ ਬਣੇਗਾ, ਉਹੀ ਕਰਤਾ-ਧਰਤਾ ਬਣ ਜਾਵੇਗਾ ਅਤੇ ਪਾਰਟੀਆਂ ਧਰੀਆਂ-ਧਰਾਈਆਂ ਹੀ ਰਹਿ ਜਾਣਗੀਆਂ। ਭਾਵ ਕਿਸੇ ਵੀ ਪਾਰਟੀ ਪਾਸ ਕੋਈ ਨੀਤੀ ਨਹੀਂ ਹੈ ਅਤੇ ਨਾ ਹੀ ਮੁੱਦੇ ਹਨ। ਅਸੀਂ ਇਹ ਵੀ ਦੇਖ ਲਿਆ ਹੈ ਕਿ ਜਿਹੜਾ ਵੀ ਪ੍ਰਧਾਨ ਮੰਤਰੀ ਬਣ ਜਾਂਦਾ ਹੈ ਉਹੀ ਪਾਰਟੀ ਹੈ ਅਤੇ ਉਹੀ ਪ੍ਰਧਾਨ ਮੰਤਰੀ ਹੈ।

ਸਾਡੇ ਮੁਲਕ ਵਿਚ ਇਸ ਵਕਤ ਜਿਹੜੀਆਂ ਵੀ ਪਾਰਟੀਆਂ ਹਨ ਅਤੇ ਜਿਹੜੇ ਵੀ ਆਦਮੀ ਵਿਅਕਤੀ ਵਿਸ਼ੇਸ਼ ਬਣੇ ਪਏ ਹਨ, ਸਾਰਾ ਕੁਝ ਸਾਡੇ ਸਾਹਮਣੇ ਹੈ ਅਤੇ ਇਹ ਵੀ ਸਾਨੂੰ ਪਤਾ ਹੈ ਕਿ ਅਗਰ ਕੋਈ ਪਾਰਟੀ ਜਿੱਤ ਜਾਂਦੀ ਹੈ ਤਾਂ ਕਿਹੜਾ ਵਿਅਕਤੀ ਵਿਸ਼ੇਸ਼ ਪ੍ਰਧਾਨ ਮੰਤਰੀ ਬਣਨਾ ਹੈ। ਇਹ ਵੀ ਸਾਨੂੰ ਪਤਾ ਹੈ ਕਿ ਆਗਾਮੀ ਚੋਣਾਂ ਵਿਚ ਜਿਹੜਾ ਵੀ ਇਨ੍ਹਾਂ ਵਿਅਕਤੀ ਵਿਸ਼ੇਸ਼ਾਂ 'ਚੋਂ ਪ੍ਰਧਾਨ ਮੰਤਰੀ ਬਣ ਜਾਵੇਗਾ ਉਹ ਕੀ ਕਰ ਦਿਖਾਵੇਗਾ। ਸਾਨੂੰ ਪਤਾ ਹੈ ਕਿ ਜਿਹੜਾ ਵੀ ਰਾਜ ਪਿਛਲੀ ਪੌਣੀ ਸਦੀ ਵਿਚ ਚੱਲਦਾ ਰਿਹਾ ਹੈ ਐਸਾ ਹੀ ਰਾਜ ਹੁਣ ਵੀ ਚਲਦਾ ਰਵੇਗਾ ਅਤੇ ਇਸ ਮੁਲਕ ਵਿਚ ਕੋਈ ਕ੍ਰਾਂਤੀ ਆਉਣ ਵਾਲੀ ਨਹੀਂ ਹੈ।

ਹੁਣ ਸਵਾਲ ਇਹ ਆ ਹੈ ਕਿ ਪ੍ਰਧਾਨ ਮੰਤਰੀ ਕੌਣ ਬਣੇਗਾ? ਸਾਡੇ ਪਾਸ ਦੋ ਰਾਜਸੀ ਪਾਰਟੀਆਂ ਕਾਂਗਰਸ ਅਤੇ ਭਾਜਪਾ ਹਨ ਅਤੇ ਅੱਜ ਤਕ ਉਹ ਕੀ ਕਰਦੀਆਂ ਰਹੀਆਂ ਹਨ, ਅਸਾਂ ਦੇਖ ਹੀ ਲਿਆ ਹੈ। ਮੁਲਕ ਤਾਂ ਤਰੱਕੀ ਕਰਦਾ ਰਿਹਾ ਹੈ ਅਤੇ ਅਸੀਂ ਲੋਕਾਂ ਦੀ ਹਰ ਜ਼ਰੂਰਤ ਦੀ ਸ਼ੈਅ ਬਣਾ ਵੀ ਲਈ ਹੈ ਅਤੇ ਪੈਦਾ ਵੀ ਕਰ ਰਹੇ ਹਾਂ ਅਤੇ ਇਹ ਸਾਰਾ ਮਾਲ ਵਾਧੂ ਵੀ ਹੈ ਅਤੇ ਅੱਜ ਅਸੀਂ ਅੰਤਰ ਰਾਸ਼ਟਰੀ ਮਾਰਕੀਟ ਵਿਚ ਵੀ ਆਪਣਾ ਸਾਮਾਨ ਲੈ ਕੇ ਹਾਜ਼ਰ ਹਾਂ। ਪਰ ਤਿੰਨ-ਚੌਥਾਈ ਜਨਤਾ ਸਾਡੇ ਮੁਲਕ ਵਿਚ ਇਤਨੀ ਗਰੀਬ ਕਰ ਕੇ ਰੱਖ ਦਿੱਤੀ ਗਈ ਹੈ ਕਿ ਉਹ ਦੋ ਵਕਤਾਂ ਦੀ ਰੋਟੀ ਹੀ ਮਿਲ ਜਾਵੇ ਤਾਂ ਰੱਬ ਦਾ ਸ਼ੁਕਰਾਨਾ ਕਰ ਰਹੀ ਹੈ ਅਤੇ ਜਿਹੜੀਆਂ ਵੀ ਪਾਰਟੀਆਂ ਅਤੇ ਵਿਅਕਤੀ ਵਿਸ਼ੇਸ਼ ਸਾਡੇ ਸਾਹਮਣੇ ਹਨ, ਕਿਸੇ ਨੇ ਵੀ ਕੋਈ ਐਸਾ ਪ੍ਰੋਗਰਾਮ ਜਾਂ ਸਕੀਮ ਸਾਡੇ ਸਾਹਮਣੇ ਨਹੀਂ ਲਿਆਂਦੀ, ਜਿਸ ਨਾਲ ਮੁਲਕ ਦੇ ਗਰੀਬ ਲੋਕਾਂ ਪਾਸ ਵੀ ਵਾਜਬ ਪੈਸਾ ਆ ਜਾਵੇ। ਇਹ ਵੀ ਪਤਾ ਲੱਗਦਾ ਹੈ ਕਿ ਇਹ ਗੁਰਬਤ ਤਾਂ ਇਨ੍ਹਾਂ ਰਾਜਸੀ ਲੋਕਾਂ ਨੇ ਜਾਣ ਕੇ ਰੱਖੀ ਪਈ ਹੈ ਤਾਂ ਕਿ ਇਹ ਵੋਟ ਬੈਂਕ ਵਜੋਂ ਵਰਤੀ ਜਾ ਸਕੇ ਅਤੇ ਇਹ ਵੀ ਸਾਡੀ ਸਮਝ ਵਿਚ ਆ ਗਿਆ ਹੈ ਕਿ ਇਹ ਵੋਟ ਬੈਂਕ ਹੀ ਹੈ ਜਿਸ ਨਾਲ ਇਹ ਰਾਜਸੀ ਲੋਕਾਂ ਨੇ ਸਾਡੇ ਮੁਲਕ ਦੀ ਪੌਣੀ ਸਦੀ ਲੰਘਾ ਦਿੱਤੀ ਹੈ।

ਵੋਟਾਂ ਸਿਰ ਉਤੇ ਆ ਗਈਆਂ ਹਨ ਅਤੇ ਅਸੀਂ ਹੈਰਾਨ ਵੀ ਹਾਂ ਕਿ ਇਹ ਕਾਂਗਰਸ, ਇਹ ਭਾਜਪਾ, ਇਹ ਆਮ ਆਦਮੀ ਪਾਰਟੀ ਹੀ ਸਾਡੇ ਸਾਹਮਣੇ ਹਨ ਅਤੇ ਇਹ ਵੀ ਸਾਡੀ ਸਮਝ ਵਿਚ ਆ ਗਿਆ ਹੈ ਕਿ ਇਹ ਪਾਰਟੀਆਂ ਸਾਡੀ ਹਾਲਤ ਸੁਧਾਰਨ ਦਾ ਕੋਈ ਵੀ ਪ੍ਰੋਗਰਾਮ ਲੈ ਕੇ ਬੈਠੀਆਂ ਹੋਈਆਂ ਨਹੀਂ ਹਨ। ਸਾਡੇ ਮੁਲਕ ਦੀ ਇਹ ਜਿਹੜੀ ਗੁਰਬਤ ਹੈ ਇਹੀ ਸਾਡੀ ਵੱਡੀ ਸਮੱਸਿਆ ਹੈ ਅਤੇ ਇਸਦਾ ਹੱਲ ਕੀ ਹੈ, ਹਾਲਾਂ ਤਕ ਸਾਡੇ ਸਾਹਮਣੇ ਨਹੀਂ ਕੀਤਾ ਗਿਆ ਹੈ। ਅਸਲ ਵਿਚ ਇਸ ਮੁਲਕ ਵਿਚ ਬਹੁਤੀ ਆਬਾਦੀ ਦਿਹਾੜੀਦਾਰਾਂ ਦੀ ਹੈ ਅਤੇ ਅਸੀਂ ਦੇਖ ਰਹੇ ਹਾਂ ਕਿ ਇਹ ਦਿਹਾੜੀਦਾਰ ਵੀ ਘਰ ਤੋਂ ਸੈਂਕੜੇ ਮੀਲ ਦੂਰ ਦੂਰ ਜਾ ਕੇ ਦਿਹਾੜੀਆਂ ਕਰਦੇ ਹਨ। ਸਾਨੂੰ ਇਹ ਵੀ ਪਤਾ ਹੈ ਕਿ ਮਜ਼ਦੂਰੀਆਂ ਇੰਨੀਆਂ ਹੀ ਹਨ ਕਿ ਇਹ ਦਿਹਾੜੀਦਾਰ ਬਸ ਦੋ ਵਕਤਾਂ ਦੀ ਰੋਟੀ ਹੀ ਕਮਾ ਸਕਦੇ ਹਨ। ਸਾਨੂੰ ਇਹ ਵੀ ਪਤਾ ਹੈ ਕਿ ਸਾਡੇ ਮੁਲਕ ਵਿਚ ਹਰ ਤਰ੍ਹਾਂ ਦਾ ਸਾਮਾਨ ਆ ਗਿਆ ਹੈ ਅਤੇ ਸਾਡੀ ਸਮਝ ਵਿਚ ਇਹ ਵੀ ਆ ਗਿਆ ਹੈ ਕਿ ਬਹੁਤੇ ਲੋਕਾਂ ਪਾਸ ਪੈਸਾ ਹੀ ਨਹੀਂ ਹੈ ਕਿ ਉਹ ਇਹ ਸਾਮਾਨ ਖਰੀਦ ਕੇ ਵਾਜਬ ਜਿਹਾ ਜੀਵਨ ਆਪਣੇ ਪਰਿਵਾਰ ਨੂੰ ਦੇ ਸਕਣ। ਇਹ ਸਮੱਸਿਆ ਹੈ ਅਤੇ ਅੱਜ ਤਕ ਜਿਹੜੇ ਵੀ ਯਤਨ ਕੀਤੇ ਗਏ ਹਨ ਇਹ ਬਸ ਮੁੱਢਲੀ ਸਹਾਇਤਾ ਵਾਂਗ ਹੀ ਹਨ ਅਤੇ ਇਹ ਸਮੱਸਿਆ ਦਾ ਹੱਲ ਨਹੀਂ ਹਨ। ਰੁਜ਼ਗਾਰ ਅਤੇ ਉਜਰਤਾਂ ਵਧਾਉਣ ਵੱਲ ਇਸ ਪਾਸੇ ਹਾਲੇ ਕਿਸੇ ਵੀ ਸਰਕਾਰ ਨੇ ਧਿਆਨ ਨਹੀਂ ਦਿੱਤਾ।

ਕਾਂਗਰਸ, ਭਾਜਪਾ ਅਤੇ ਆਮ ਆਦਮੀ ਪਾਰਟੀ ਸਾਡੇ ਸਾਹਮਣੇ ਕੰਮ ਕਰ ਰਹੀਆਂ ਹਨ ਅਤੇ ਇਸ ਮੁਲਕ ਵਿਚ ਹਾਜ਼ਰ ਖੱਬੀਆਂ ਪਾਰਟੀਆਂ ਨੇ ਵੀ ਕੁਝ ਹਿੱਸਿਆਂ ਉਤੇ ਰਾਜ ਕਰ ਦਿਖਾਇਆ ਹੈ। ਕੌਣ ਕਿੰਨੇ ਪਾਣੀ ਵਿਚ ਹੈ ਅਸਾਂ ਦੇਖ ਲਿਆ ਹੈ। ਅਰਥਾਤ ਅਜ ਤਕ ਕਿਸੇ ਨੇ ਵੀ ਇਹ ਵਾਲੀ ਗੁਰਬਤ ਖਤਮ ਕਰਨ ਦਾ ਨਹੀਂ ਸੋਚਿਆ।

ਵੱਡੀ ਗਿਣਤੀ ਲੋਕਾਂ ਦਾ ਗਰੀਬ ਹੋ ਜਾਣਾ ਇਹ ਦਰਸਾ ਰਿਹਾ ਹੈ ਕਿ ਇਹ ਰਾਜਸੀ ਲੋਕ ਰਲੇ ਹੋਏ ਹਨ ਅਤੇ ਇਹ ਗੁਰਬਤ ਜਾਣ ਬੁੱਝ ਕੇ ਬਣਾ ਕੇ ਰੱਖੀ ਗਈ ਹੈ ਤਾਂ ਕਿ ਵੋਟ ਬੈਂਕ ਬਣਿਆ ਰਵੇ। ਇਸ ਲਈ ਅਗਲੀਆਂ ਚੋਣਾਂ ਲਈ ਕੋਈ ਵੀ ਪਾਰਟੀ ਜੇ ਗੁਰਬਤ ਨੂੰ ਖ਼ਤਮ ਕਰਨ ਦਾ ਤਰੀਕਾ, ਸਕੀਮ, ਯੋਜਨਾ ਬਣਾ ਕੇ ਲੋਕਾਂ ਸਾਹਮਣੇ ਪੇਸ਼ ਕਰੇ ਤਾਂ ਇਨ੍ਹਾਂ ਕਰੋੜਾਂ ਲੋਕਾਂ ਦੀਆਂ ਵੋਟਾਂ ਨਾਲ ਹੀ ਸਰਕਾਰ ਉਤੇ ਕਬਜ਼ਾ ਕੀਤਾ ਜਾ ਸਕਦਾ ਹੈ। ਖੱਬੀਆਂ ਪਾਰਟੀਆਂ ਪਾਸ ਜੋ ਵੀ ਸਕੀਮ ਹੈ, ਇਹ ਅੱਜ ਤਕ ਲੋਕਾਂ ਸਾਹਮਣੇ ਪੇਸ਼ ਨਹੀਂ ਕਰ ਪਾਈਆਂ ਅਤੇ ਅਤੇ ਨਾ ਹੀ ਪਹਿਲਾਂ ਜਿਥੇ ਇਹ ਪਾਰਟੀਆਂ ਰਾਜ ਕਰ ਬੈਠੀਆਂ ਹਨ, ਕੋਈ ਭੇਤ ਹੀ ਦਿੱਤਾ ਹੈ। ਇਸ ਵਾਰੀਂ ਅਸੀਂ ਇਹ ਚਾਹਾਂਗੇ ਕਿ ਕੋਈ ਯੋਜਨਾ, ਸਕੀਮ ਬਣਾ ਕੇ ਜਨਤਕ ਕੀਤੀ ਜਾਵੇ। ਅਸੀਂ ਲੋਕ ਵੀ ਹੁਣ ਕਾਫੀ ਸਿਆਣੇ ਹੋ ਗਏ ਹਾਂ ਅਤੇ ਅਸੀਂ ਆਪ ਵੀ ਵਿਚਾਰ ਕਰਨਾ ਚਾਹ ਰਹੇ ਹਾਂ ਕਿ ਇਹ ਵਾਲੀ ਯੋਜਨਾ ਕਿਤਨੀ ਕੁ ਕਾਰਗਰ ਸਾਬਤ ਹੋ ਸਕਦੀ ਹੈ। ਖੱਬੀਆਂ ਪਾਰਟੀਆਂ ਰਲ ਕੇ ਇਹ ਸਕੀਮ ਤਿਆਰ ਕਰਨ ਅਤੇ ਜਨਤਕ ਵੀ ਕਰ ਦੇਣ ਅਤੇ ਇਹ ਵੀ ਹੋ ਸਕਦਾ ਹੈ ਕਿ ਆਗਾਮੀ ਚੋਣਾਂ ਵਿਚ ਇਹ ਸਰਕਾਰ ਬਣਾ ਜਾਣ। ਕੋਈ ਹੋਰ ਪਾਰਟੀ ਵੀ ਐਸਾ ਪ੍ਰੋਗਰਾਮ ਬਣਾ ਸਕਦੀ ਹੈ। ਸਾਡੇ ਮੁਲਕ ਦੇ ਲੋਕਾਂ ਲਈ ਅੱਜ ਧਰਮ, ਜਾਤੀਆਂ ਅਤੇ ਅਮੀਰਾਂ-ਗਰੀਬਾਂ ਦਾ ਅੰਤਰ ਕੋਈ ਸਮੱਸਿਆ ਨਹੀਂ ਹੈ, ਉਹ ਤਾਂ ਆਰਥਿਕ ਨੀਤੀਆਂ ਵਾਲੀ ਸਰਕਾਰ ਚਾਹ ਰਹੇ ਹਨ ਜਿਹੜੀ ਲੋਕਾਂ ਦੀ ਆਮਦਨ ਇਤਨੀ ਵਧਾ ਦੇਵੇ ਕਿ ਹਰੇਕ ਨੂੰ ਵਾਜਬ ਜਿਹਾ ਜੀਵਨ ਮਿਲ ਜਾਵੇ। ਖੁਸ਼ਹਾਲੀ ਆ ਸਕਦੀ ਹੈ। ਅਤੇ ਜੇ ਮਾਰਕੀਟ ਵਿਚ ਆਇਆ ਸਾਮਾਨ ਵਕਤ ਸਿਰ ਵਿਕਦਾ ਰਵੇ ਤਾਂ ਇਹ ਕਾਰਪੋਰੇਟ ਅਦਾਰੇ ਜਿਹੜੇ ਖੜੌਤ ਦਾ ਸਾਹਮਣਾ ਕਰ ਰਹੇ ਹਨ ਇਹ ਵੀ ਚਲਦੇ ਰਹਿਣ ਅਤੇ ਲੋਕਾਂ ਲਈ ਹੋਰ ਸਾਮਾਨ ਤਿਆਰ ਕਰਦੇ ਰਹਿਣ। ਮੁਲਕ ਦੇ ਲੋਕ ਖੱਬੀਆਂ ਪਾਰਟੀਆਂ ਨੂੰ ਰਾਜ ਦੇਣ ਲਈ ਤਿਆਰ ਹਨ ਕਿਉਂਕਿ ਇਹੀ ਪਾਰਟੀਆਂ ਹਨ ਜਿਹੜੀਆਂ ਇਨਕਲਾਬ ਅਤੇ ਕ੍ਰਾਂਤੀ ਦੀਆਂ ਗੱਲਾਂ ਕਰਦੀਆਂ ਰਹੀਆਂ ਹਨ। ਹਥਿਆਰਾਂ ਦੀ ਵਰਤੋਂ ਬਗ਼ੈਰ ਵੀ ਵੋਟਾਂ ਰਾਹੀਂ ਰਾਜ ਆ ਸਕਦਾ ਹੈ। ਇਹ ਮੌਕਾ ਅਗਰ ਖੱਬੀਆਂ ਪਾਰਟੀਆਂ ਗਵਾ ਲੈਂਦੀਆਂ ਹਨ ਤਾਂ ਫਿਰ ਹੋਰ ਮੌਕਾ ਕਦ ਆਵੇਗਾ, ਇਹ ਕੋਈ ਵੀ ਦੱਸ ਨਹੀਂ ਸਕਦਾ ਹੈ। ਹਾਲੇ ਤਾਂ ਇਸ ਮੁਲਕ ਦੇ ਗਰੀਬਾਂ ਨੂੰ ਮੋਦੀ ਜੀ ਉਤੇ ਵੀ ਵਿਸ਼ਵਾਸ ਬਣਿਆ ਪਿਆ ਹੈ ਕਿ ਇਹ ਆਦਮੀ ਗਰੀਬਾਂ ਦਾ ਮਸੀਹਾ ਹੈ ਅਤੇ ਇਹ ਹੀ ਕੋਈ ਨਾਂ ਕੋਈ ਉਪਾਅ ਕਰ ਕੇ ਹੀ ਅਗਲੀਆਂ ਚੋਣਾਂ ਵਿਚ ਜਾਵੇਗਾ।

# ਫਿਰਕੂ ਦੰਗੇ ਅਤੇ ਘੱਟ ਗਿਣਤੀ ਫਿਰਕਿਆਂ ਦਾ ਦਰਦ

*(ਸਫਾ 16 ਦਾ ਬਾਕੀ)*

ਕਿ ਦੰਗਿਆਂ ਸਮੇਂ ਸਭ ਤੋਂ ਵੱਧ ਨੁਕਸਾਨ ਕਿਨ੍ਹਾਂ ਦਾ ਹੋਇਆ, ਉਨ੍ਹਾਂ ਕੋਲ ਇਹ ਸਿੱਧ ਕਰਨ ਲਈ 'ਅਨੇਕਾਂ' ਸਬੂਤ ਸਨ ਕਿ ਦੰਗਿਆਂ ਦੀ ਪੂਰੀ ਜ਼ਿੰਮੇਵਾਰੀ ਮੁਸਲਮਾਨਾਂ ਦੀ ਸੀ। ਭਾਗਲਪੁਰ (1989), ਬੰਬਈ (1992-93) ਦੇ ਦੰਗਿਆਂ ਸਮੇਂ ਮੌਜੂਦ ਪੁਲਿਸ ਕਰਮਚਾਰੀਆਂ ਨਾਲ ਗੱਲਬਾਤ ਕਰਨ ਤੋਂ ਪਤਾ ਲੱਗਿਆ ਕਿ ਮੁਸਲਮਾਨ ਤਾਂ ਬਿਨਾਂ ਸ਼ੱਕ ਜ਼ਾਲਮ, ਕੱਟੜ ਅਤੇ ਹਿੰਸਕ ਹੁੰਦੇ ਹੀ ਹਨ, ਇਹ ਗੱਲ ਉਨ੍ਹਾਂ ਦੀ ਮਾਨਸਿਕ ਬਣਤਰ ਵਿਚ ਡੂੰਘੀ ਘਰ ਕਰੀ ਬੈਠੀ ਹੈ। ਮੁਸਲਮਾਨਾਂ ਦੇ ਜਾਨ ਮਾਲ ਦੇ ਵੱਧ ਨੁਕਸਾਨ ਦੇ ਤੱਥ ਨੂੰ ਮੰਨਦੇ ਹੋਏ ਵੀ, ਉਨ੍ਹਾਂ ਕੋਲ ਇਸ ਤੱਥ ਨੂੰ ਨਕਾਰ ਦੇਣ ਦੇ ਬਹੁਤ ਸਾਰੇ ਕਾਰਨ ਸਨ ਕਿ ਮੁਸਲਮਾਨਾਂ ਦਾ ਨੁਕਸਾਨ ਕਰਨ ਲਈ ਹਿੰਦੂ ਜ਼ਿੰਮੇਵਾਰ ਨਹੀਂ ਸਨ।

ਬਹੁਗਿਣਤੀ ਪੁਲਿਸ ਕਰਮਚਾਰੀਆਂ ਦੀ ਇਸ ਮਾਨਸਿਕਤਾ ਪਿੱਛੇ ਪੁਲਿਸ ਵਿਚ ਬਹੁਗਿਣਤੀ ਭਾਈਚਾਰੇ ਦੀ ਮੌਜੂਦਗੀ ਹੈ ਜਿਸ ਤਹਿਤ ਦੰਗਿਆਂ ਨਾਲ ਨਜਿੱਠਣ ਸਮੇਂ ਪੁਲਿਸ ਘੱਟ ਗਿਣਤੀ ਸਮੂਹ ਨੂੰ ਦੁਸ਼ਮਣ ਅਤੇ ਬਹੁਗਿਣਤੀ ਸਮੂਹ ਨੂੰ ਮਿੱਤਰ ਲੱਗਣ ਲੱਗ ਜਾਂਦੀ ਹੈ। ਉਤਰੀ ਭਾਰਤ ਦੇ ਸ਼ਹਿਰਾਂ ਅੰਦਰ ਇਹ ਦ੍ਰਿਸ਼ ਆਮ ਹੈ ਕਿ ਤਣਾਓ ਦੇ ਦਿਨਾਂ ਵਿਚ ਬਾਹਰ ਤੋਂ ਭੇਜੇ ਜਾਣ ਵਾਲੇ ਪੁਲਿਸ ਬਲ, ਮੰਦਰਾਂ, ਧਰਮਸ਼ਾਲਾ, ਹਿੰਦੂਆਂ ਦੇ ਰਿਹਾਇਸ਼ੀ ਇਲਾਕਿਆਂ ਦੇ ਪਾਰਕਾਂ ਜਾਂ ਹਿੰਦੂਆਂ ਦੇ ਖਾਲੀ ਮਕਾਨਾਂ ਦੁਕਾਨਾਂ ਵਿਚ ਠਹਿਰਦੇ ਹਨ। ਕਰਫਿਊ ਸਮੇਂ ਜਦੋਂ ਦੁਕਾਨਾਂ ਬੰਦ ਹੁੰਦੀਆਂ ਹਨ, ਉਨ੍ਹਾਂ ਨੂੰ ਹਿੰਦੂਆਂ ਦੇ ਘਰਾਂ ਤੋਂ ਖਾਣ ਪੀਣ ਦਾ ਸਮਾਨ ਬਣਾ ਕੇ ਭੇਜਿਆ ਜਾਂਦਾ ਹੈ। ਆਮ ਦਿਨਾਂ ਵਿਚ ਪੁਲਿਸ ਤੋਂ ਘੱਟ ਗਿਣਤੀਆਂ ਦੀ ਤਰ੍ਹਾਂ ਦੂਰੀ ਬਣਾ ਕੇ ਰੱਖਣ ਦਾ ਯਤਨ ਰੱਖਣ ਵਾਲਾ ਬਹੁਗਿਣਤੀ ਸਮੂਹ ਫਿਰਕੂ ਤਣਾਓ ਦੇ ਦਿਨਾਂ ਵਿਚ ਪੁਲਿਸ ਅੰਦਰ ਆਪਣੇ ਮਿੱਤਰ ਤਲਾਸ਼ ਲੈਂਦਾ ਹੈ। ਮਿੱਤਰ ਹੋਣ ਕਾਰਨ ਪੁਲਿਸ ਤੋਂ ਉਸ ਦੀ ਇਹ ਆਸ ਸੁਭਾਵਿਕ ਹੀ ਹੋ ਜਾਂਦੀ ਹੈ ਕਿ ਪੁਲਿਸ ਉਸ ਦੇ ਦੁਸ਼ਮਣ ਵਿਰੁੱਧ ਤਾਕਤ ਦੀ ਵਰਤੋਂ ਕਰੇ। ਜੇ ਕਦੇ ਪੁਲਿਸ ਉਨ੍ਹਾਂ ਉਪਰ ਤਾਕਤ ਦੀ ਵਰਤੋਂ ਕਰਦੀ ਹੈ ਤਾਂ ਉਨ੍ਹਾਂ ਦੀ ਪ੍ਰਤੀਕਿਰਿਆ ਇਕ ਹੈਰਾਨ-ਪ੍ਰੇਸ਼ਾਨ ਅਤੇ ਠੱਗੇ ਹੋਏ ਵਿਅਕਤੀ ਵਰਗੀ ਹੋ ਜਾਂਦੀ ਹੈ।

ਭਾਗਲਪੁਰ (1989) ਦੇ ਦੰਗਿਆਂ ਦੌਰਾਨ ਪੁਲਿਸ ਦੇ ਡੀ.ਐਸ.ਪੀ. ਅਜੀਤ ਦੱਤ ਦੁਆਰਾ ਦਰਜ ਕਰਵਾਈ ਗਈ ਐਫ.ਆਈ.ਆਰ. ਇਸ ਮਾਨਸਿਕਤਾ ਦਾ ਬੜਾ ਸਟੀਕ ਵਰਨਣ ਕਰਦੀ ਹੈ। ਜੇ ਅਸੀਂ ਇਸ ਨੂੰ ਪੜ੍ਹੀਏ ਤਾਂ ਇਹ ਦਿਲਚਸਪ ਤੱਥ ਸਾਹਮਣੇ ਆਉਂਦਾ ਹੈ ਕਿ ਕਿਵੇਂ ਕਾਨੂੰਨ ਤੋੜ ਕੇ ਸੜਕ 'ਤੇ ਮੌਜੂਦ ਹਿੰਦੂ ਕੱਟੜਪੰਥੀਆਂ ਦੀ ਭੀੜ, ਦੱਤ (ਡੀ.ਐਸ.ਪੀ.) ਵਲੋਂ ਗੋਲੀ ਚਲਾਉਣ ਦੀ ਚਿਤਾਵਨੀ ਦੇਣ 'ਤੇ ਨਿਰਾਸ਼ਾ ਨਾਲ ਠਠੰਬਰ ਗਈ ਅਤੇ ਲੋਕਾਂ ਦੀਆਂ ਅੱਖਾਂ ਵਿਚ ਇਸ ਦਾ ਦਰਦ ਛਲਕ ਰਿਹਾ ਸੀ। ਇਸ ਸੰਦਰਭ ਵਿਚ ਮੈਨੂੰ ਆਪਣਾ ਨਿੱਜੀ ਅਨੁਭਵ ਯਾਦ ਆਉਂਦਾ ਹੈ। ਅਲਾਹਾਬਾਦ (1980) ਵਿਚ ਗਾਡੀਵਾਨ ਟੋਲਾ ਨਾਮੀ ਮੁਹੱਲੇ ਵਿਚ ਦੰਗਿਆਂ 'ਤੇ ਉਤਾਰੂ ਹਿੰਦੂ ਭੀੜ ਨੂੰ ਫਾਇਰਿੰਗ ਦੀ ਚਿਤਾਵਨੀ ਦੇਣ ਤੋਂ ਬਾਅਦ ਮੈਂ ਦੇਖਿਆ ਕਿ ਪਹਿਲਾਂ ਤਾਂ ਉਨ੍ਹਾਂ ਨੇ ਇਸ ਚਿਤਾਵਨੀ ਨੂੰ ਮਜ਼ਾਕ ਸਮਝਿਆ ਪਰ ਬਾਅਦ ਵਿਚ ਜਦੋਂ ਮੈਂ ਇਕ ਹੌਲਦਾਰ ਨੂੰ ਸਾਫ ਰੂਪ ਵਿਚ ਫਾਇਰ ਖੋਲ੍ਹਣ ਦਾ ਹੁਕਮ ਦਿੱਤਾ ਤਾਂ ਤਿੱਤਰ-ਬਿੱਤਰ ਹੁੰਦੀ ਭੀੜ ਦੀਆਂ ਅੱਖਾਂ ਵਿਚ ਸਪਸ਼ਟ ਰੂਪ ਵਿਚ ਵਿਸ਼ਵਾਸਘਾਤ ਅਤੇ ਗੁੱਸੇ ਦੇ ਭਾਵ ਸਾਫ ਦਿਖਾਈ ਦੇ ਰਹੇ ਸਨ।

ਡੂੰਘਾਈ ਨਾਲ ਮਨਾਂ ਵਿਚ ਬੈਠੀਆਂ ਧਾਰਨਾਵਾਂ ਕਿ ਦੰਗਿਆਂ ਦੇ ਲਈ ਕੇਵਲ ਮੁਸਲਮਾਨ ਜ਼ਿੰਮੇਵਾਰ ਹੁੰਦੇ ਹਨ ਅਤੇ ਉਨ੍ਹਾਂ ਨੂੰ ਰੋਕਣ ਦਾ ਇੱਕ-ਇਕ ਉਪਾਅ ਉਨ੍ਹਾਂ ਨਾਲ ਸਖਤੀ ਹੀ ਹੈ। ਕਦੇ-ਕਦੇ ਇਹ ਸਖਤੀ ਤਸ਼ੱਦਦ ਅਤੇ ਹਿੰਸਾ ਦੀਆਂ ਹੱਦਾਂ ਪਾਰ ਕਰ ਜਾਂਦੀ ਹੈ। ਇਸ ਤਰ੍ਹਾਂ ਦੇ ਉਦਾਹਰਨ ਹਰ ਪ੍ਰਦੇਸ਼ ਵਿਚ ਅਲੱਗ-ਅਲੱਗ ਦੰਗਿਆਂ ਸਮੇਂ ਮਿਲ ਜਾਣਗੇ। ਇੱਥੇ ਕੇਵਲ ਨਮੂਨੇ ਦੇ ਤੌਰ 'ਤੇ ਇਕ ਉਦਾਹਰਨ ਦਿੱਤੀ ਜਾ ਰਹੀ ਹੈ। ਇਹ ਉਦਾਹਰਨ ਆਪਣੀ ਡਰਾਉਣ ਵਾਲੀ ਹਿੰਸਕ, ਜ਼ਾਲਮਾਨਾ ਕਰਤੂਤ ਦਾ ਬਿਰਤਾਂਤ ਹੈ ਜੋ ਰਾਸ਼ਟਰੀ ਸ਼ਰਮ ਦੇ ਰੂਪ ਵਿਚ ਪੇਸ਼ ਕੀਤੀ ਜਾ ਸਕਦੀ ਹੈ।

1987 ਵਿਚ ਮੇਰਠ ਵਿਚ ਭਿਆਨਕ ਦੰਗੇ ਹੋਏ ਜੋ ਰੁਕ-ਰੁਕ ਕੇ ਕਈ ਮਹੀਨੇ ਚਲਦੇ ਰਹੇ। ਇਨ੍ਹਾਂ ਦੰਗਿਆਂ ਪਿੱਛੇ ਮੇਰਠ ਵਿਚ ਕੁਝ ਸਮੇਂ ਤੋਂ ਚੱਲ ਰਿਹਾ ਫਿਰਕੂ ਤਣਾਓ ਅਤੇ ਇੱਕਾ ਦੁੱਕਾ ਹਿੰਸਾ ਦੀਆਂ ਘਟਨਾਵਾਂ ਸਨ। 17 ਮਈ 1987 ਨੂੰ ਭਿਆਨਕ ਫਿਰਕੂ ਹਿੰਸਾ ਦੀਆਂ ਘਟਨਾਵਾਂ ਭੜਕ ਉਠੀਆਂ। ਹਿੰਸਾ ਕਿੰਨੇ ਵੱਡੇ ਪੈਮਾਨੇ 'ਤੇ ਹੋ ਰਹੀ ਸੀ, ਇਸ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਇਨ੍ਹਾਂ 'ਤੇ ਕਾਬੂ ਪਾਉਣ ਲਈ ਬਾਹਰ ਤੋਂ 50 ਤੋਂ ਵੱਧ ਪੁਲਿਸ ਅਧਿਕਾਰੀ ਅਤੇ ਮੈਜਿਸਟਰੇਟ ਤੋਂ ਇਲਾਵਾ ਪੀ.ਏ.ਸੀ., ਅਰਧ ਸੈਨਿਕ ਬਲ ਅਤੇ ਫੌਜ ਦੀਆਂ 70 ਤੋਂ ਵੱਧ ਕੰਪਨੀਆਂ, ਦੰਗਿਆਂ ਵਾਲੇ ਖੇਤਰਾਂ ਅੰਦਰ ਝੋਕਣੀਆਂ ਪਈਆਂ। ਐਨੇ ਵੱਡੇ ਬੰਦੋਬਸਤ ਦੇ ਬਾਵਜੂਦ ਕਈ ਮਹੀਨੇ ਦੰਗਿਆਂ 'ਤੇ ਕਾਬੂ ਨਾ ਪਾਇਆ ਜਾ ਸਕਿਆ।

ਇਨ੍ਹਾਂ ਦੰਗਿਆਂ ਨਾਲ ਨਜਿੱਠਣ ਵਾਲੇ ਪੁਲਿਸ ਕਰਮਚਾਰੀ ਉਪਰ ਦੱਸੀਆਂ ਧਾਰਨਾਵਾਂ ਨਾਲ ਗ੍ਰਸਤ ਸਨ, ਇਸ ਦਾ ਉਦਾਹਰਨ ਹਾਸ਼ਿਮਪੁਰਾ ਦੀਆਂ ਘਟਨਾਵਾਂ ਤੋਂ ਮਿਲਦਾ ਹੇ। ਦੰਗਾ ਸ਼ੁਰੂ ਹੋਣ ਦੇ ਪੰਜ ਦਿਨ ਬਾਅਦ, ਭਾਵ 22 ਮਈ ਨੂੰ ਦਿਨ ਵੇਲੇ ਫੌਜ, ਪੀ.ਏ.ਸੀ. ਅਤੇ ਯੂ.ਪੀ. ਪੁਲਿਸ ਨੇ ਹਾਸ਼ਿਮਪੁਰਾ ਮੁਹੱਲੇ ਵਿਚ ਤਲਾਸ਼ੀਆਂ ਲਈਆਂ। ਹਾਸ਼ਿਮਪੁਰਾ ਮੇਰਠ ਸ਼ਹਿਰ ਦੇ ਵਿਚਕਾਰ ਵਸਿਆ ਮੁਸਲਿਮ ਬਹੁਗਿਣਤੀ ਇਲਾਕਾ ਹੈ। ਇੱਥੇ ਵੱਡੀ ਗਿਣਤੀ ਵਿਚ ਹੱਥ ਖੱਡੀ ਉਦਯੋਗ ਵਿਚ ਕੰਮ ਕਰਨ ਵਾਲੇ ਬੁਣਕਰ ਰਹਿੰਦੇ ਹਨ। ਇਨ੍ਹਾਂ ਵਿਚ ਕਾਫੀ ਵੱਡੀ ਸੰਖਿਆ ਰੁਜ਼ਗਾਰ ਦੀ ਭਾਲ ਵਿਚ ਆਏ ਬਿਹਾਰੀ ਬੁਣਕਰਾਂ ਦੀ ਹੈ। ਤਲਾਸ਼ੀ ਸਮੇਂ ਮੁਸਲਮਾਨਾਂ ਨੂੰ ਉਨ੍ਹਾਂ ਦੇ ਘਰਾਂ ਵਿਚੋਂ ਕੱਢ ਕੇ ਬਾਹਰ ਬਿਠਾ ਦਿੱਤਾ ਗਿਆ। ਫਿਰ ਉਨ੍ਹਾਂ ਵਿਚੋਂ ਛਾਂਟ ਕੇ ਨੌਜਵਾਨਾਂ ਨੂੰ ਇਕ ਨੁੱਕਰ ਵਿਚ ਇਕੱਠਾ ਕਰ ਲਿਆ ਗਿਆ। ਇਨ੍ਹਾਂ ਨੌਜਵਾਨਾਂ ਨੂੰ ਪੀ.ਏ.ਸੀ. ਦੇ ਟਰੱਕ ਵਿਚ ਲੱਦ ਕੇ ਹਾਸ਼ਿਮਪੁਰਾ ਤੋਂ ਸਿੱਧੇ ਗਾਜ਼ੀਆਬਾਦ ਵੱਲ ਲਿਜਾਇਆ ਗਿਆ। ਮੇਰਠ, ਗਾਜ਼ੀਆਬਾਦ ਦੇ ਲਗਭਗ ਵਿਚਕਾਰ ਸਥਿਤ ਮੁਰਾਦਾ ਨਗਰ ਕਸਬੇ ਦੀ ਜੂਹ ਸ਼ੁਰੂ ਹੋਣ ਤੋਂ ਪਹਿਲਾਂ ਲੰਘਣ ਵਾਲੀ ਗੰਗਾ ਨਹਿਰ 'ਤੇ ਸੜਕ ਤੋਂ ਹਟ ਕੇ ਨਹਿਰ ਦੀ ਪੱਟੜੀ 'ਤੇ ਕੁਝ ਕਿਲੋਮੀਟਰ ਅੰਦਰ ਲੈ ਜਾ ਕੇ, ਪੀ.ਏ.ਸੀ. ਦੇ ਜਵਾਨਾਂ ਨੇ ਟਰੱਕ ਵਿਚ ਚੜ੍ਹੇ ਲੋਕਾਂ ਨੂੰ ਹੇਠਾਂ ਉਤਰਨ ਦਾ ਹੁਕਮ ਦਿੱਤਾ। ਕੁਝ ਨੌਜਵਾਨ ਹੇਠਾਂ ਉਤਰ ਆਏ। ਪੀ.ਏ.ਸੀ. ਦੇ ਜਵਾਨਾਂ ਨੇ ਉਨ੍ਹਾਂ ਨੂੰ ਥ੍ਰੀ ਨਾਟ ਥ੍ਰੀ ਦੀਆਂ ਰਫਲਾਂ ਨਾਲ ਭੁੰਨ ਕੇ ਨਹਿਰ ਵਿਚ ਸੁੱਟਣਾ ਸ਼ੁਰੂ ਕਰ ਦਿੱਤਾ। ਸੰਭਵ ਸੀ ਕਿ ਗੋਲੀਆਂ ਦੀਆਂ ਆਵਾਜ਼ਾਂ ਸੁਣ ਕੇ ਪਿੰਡ ਦੇ ਲੋਕ ਉਥੇ ਇਕੱਠੇ ਹੋਣ ਲੱਗਦੇ ਤਾਂ ਫਿਰ ਬਚੇ ਹੋਏ ਲੋਕਾਂ ਨੇ ਸਾਹਮਣੇ ਆ ਰਹੀ ਮੌਤ ਤੋਂ ਡਰ ਕੇ ਟਰੱਕ ਵਿਚੋਂ ਉਤਰਨ ਤੋਂ ਨਾਂਹ ਕਰ ਦਿੱਤੀ। ਇਸ ਲਈ ਉਨ੍ਹਾਂ ਜਿਊਂਦੇ ਨੌਜਵਾਨਾਂ ਨੂੰ ਲੈ ਕੇ ਟਰੱਕ ਨੂੰ ਫਿਰ ਗਾਜ਼ੀਆਬਾਦ ਵੱਲ ਭਜਾਇਆ। ਗਾਜ਼ੀਆਬਾਦ ਜਾਣ ਦਾ ਮੁੱਖ ਕਾਰਨ ਸ਼ਾਇਦ ਇਹ ਹੋਵੇ ਕਿ ਪੀ.ਏ.ਸੀ. ਦੀ ਜਿਸ ਟੁਕੜੀ ਨੇ ਇਹ ਘਿਨਾਉਣਾ ਕਾਰਨਾਮਾ ਕੀਤਾ ਸੀ, ਉਹ 41ਵੀਂ ਬਟਾਲੀਅਨ ਨਾਲ ਸਬੰਧਿਤ ਸੀ। ਉਸ ਦਾ ਹੈੱਡ ਆਫਿਸ ਗਾਜ਼ੀਆਬਾਦ ਵਿਚ ਸੀ। ਇਸ ਲਈ ਉਥੇ ਪਹੁੰਚ ਕੇ ਉਹ ਬਹੁਤ ਜ਼ਿਆਦਾ ਸੁਰੱਖਿਅਤ ਸਮਝ ਸਕਦੇ ਸਨ। ਉਨ੍ਹਾਂ ਦਾ ਹੈੱਡ ਆਫਿਸ ਗਾਜ਼ੀਆਬਾਦ-ਦਿੱਲੀ ਬਾਰਡਰ 'ਤੇ ਰਾਸ਼ਟਰੀ ਮਾਰਗ 'ਤੇ ਸਥਿਤ ਹੈ। ਇਹ ਟਰੱਕ ਇਸ ਹੈੱਡ ਆਫਿਸ ਤੋਂ ਅੱਧਾ ਕਿਲੋਮੀਟਰ ਪਹਿਲਾਂ ਕੱਚੇ ਰਸਤੇ 'ਤੇ ਉਤਾਰ ਲਿਆ ਗਿਆ ਅਤੇ ਬਾਕੀਆਂ ਨੂੰ ਵੀ ਗੋਲੀ ਮਾਰ ਕੇ ਨਹਿਰ ਵਿਚ ਸੁੱਟ ਦਿੱਤਾ ਗਿਆ। ਇਸ ਕਾਰਵਾਈ ਤੋਂ ਬਾਅਦ ਟਰੱਕ ਫਿਰ ਤੇਜ਼ੀ ਨਾਲ ਕੱਚਾ ਰਸਤਾ ਪਾਰ ਕਰਕੇ ਬਟਾਲੀਅਨ ਦੇ ਹੈੱਡ ਆਫਿਸ ਅੰਦਰ ਭਜਾ ਲਿਆ ਗਿਆ। ਇੱਥੇ ਥੋੜ੍ਹਾ ਸਮਾਂ ਰੁਕਣ ਤੋਂ ਬਾਅਦ ਟਰੱਕ ਅਤੇ ਉਸ ਦੇ ਵਿਚ ਸਵਾਰ ਮੇਰਠ ਚਲੇ ਗਏ ਜਿੱਥੇ ਉਹ ਡਿਊਟੀ ਉਪਰ ਤਾਇਨਾਤ ਸਨ।

ਮੈਂ ਇਸ ਘਟਨਾ ਸਮੇਂ ਗਾਜੀਆਬਾਦ ਦਾ ਐੱਸ.ਪੀ. ਸੀ। ਰਾਤ ਸਮੇਂ ਲਗਭਗ ਸਾਢੇ ਗਿਆਰਾਂ ਵਜੇ, ਇਸ ਘਟਨਾ ਦੀ ਸੂਚਨਾ ਮਿਲਣ 'ਤੇ ਮੈਂ ਡਿਪਟੀ ਕਮਿਸ਼ਨਰ ਅਤੇ ਹੋਰ ਅਧਿਕਾਰੀਆਂ ਨਾਲ ਘਟਨਾ ਵਾਲੇ ਸਥਾਨ 'ਤੇ ਪਹੁੰਚਿਆ। ਇਸ ਘਟਨਾ ਵਿਚ ਚਮਤਕਾਰੀ ਢੰਗ ਨਾਲ ਜਿੰਦਾ ਬਚੇ ਬਾਬੂਦੀਨ ਨੇ ਸਾਨੂੰ ਪੂਰੀ ਕਹਾਣੀ ਸੁਣਾਈ। ਉਸ ਨਾਲ ਗੱਲ ਕਰਨ ਤੋਂ ਬਾਅਦ ਇਹ ਅੰਦਾਜ਼ਾ ਲਗਾਉਣਾ ਮੁਸ਼ਕਿਲ ਨਹੀਂ ਸੀ ਕਿ ਟਰੱਕ ਵਿਚ ਘੱਟੋ ਘੱਟ 25-30 ਨੌਜਵਾਨ ਲਾਜ਼ਮੀ ਸਨ। ਮਰਨ ਵਾਲਿਆਂ ਦੇ ਸਬੰਧੀਆਂ ਅਤੇ ਮੁਹੱਲਾ ਨਿਵਾਸੀਆਂ ਨੇ ਤਾਂ ਪਹਿਲਾਂ ਇਹ ਸੋਚਿਆ ਸੀ ਕਿ ਉਨ੍ਹਾਂ ਨੂੰ ਥਾਣੇ ਲਿਜਾਇਆ ਜਾ ਰਿਹਾ ਹੈ। ਇਹ ਤਾਂ ਕਰਫਿਊ ਹਟਾਏ ਜਾਣ ਤੋਂ ਦੋ ਹਫਤੇ ਬਾਅਦ, ਸਰਕਾਰੀ ਅਧਿਕਾਰੀਆਂ ਅਤੇ ਜੇਲ੍ਹਾਂ ਦੇ ਚੱਕਰ ਲਗਾਉਣ ਤੋਂ ਬਾਅਦ ਉਨ੍ਹਾਂ ਨੂੰ ਇਹ ਪਤਾ ਲੱਗਿਆ ਕਿ ਉਨ੍ਹਾਂ ਦੇ ਘਰਾਂ ਦੇ ਪਿਆਰੇ ਜੀਅ ਉਸ ਬਦਕਿਸਮਤ ਦੁਪਹਿਰ ਨੂੰ ਕਾਨੂੰਨੀ ਤਰੀਕੇ ਨਾਲ ਗ੍ਰਿਫਤਾਰ ਕਰਕੇ ਕਿਤੇ ਨਹੀਂ ਲਿਜਾਏ ਗਏ ਸਗੋਂ ਕਾਨੂੰਨ ਦੇ ਰਖਵਾਲਿਆਂ ਵਲੋਂ ਹੀ ਕਾਨੂੰਨ ਦੀਆਂ ਧੱਜੀਆਂ ਉਡਾਉਂਦੇ ਹੋਏ ਉਨ੍ਹਾਂ ਦੀ ਹੱਤਿਆ ਕਰ ਦਿੱਤੀ ਗਈ। ਮੈਂ ਥਾਣਾ ਲਿੰਕ ਰੋਡ ਅਤੇ ਥਾਣਾ ਮੁਰਾਦਾ ਨਗਰ ਵਿਚ ਇਸ ਬੇਹੱਦ ਜ਼ਾਲਮਾਨਾ ਹੱਤਿਆ ਕਾਂਡ ਦੀ ਰਿਪੋਰਟ ਦਰਜ ਕਰਨ ਦਾ ਹੁਕਮ ਦਿੱਤਾ। 23 ਮਈ 1987 ਨੂੰ ਦਰਜ ਕੀਤੀ ਗਈ ਇਸ ਰਿਪੋਰਟ ਦੇ ਅਧਾਰ 'ਤੇ ਅੱਜ ਤੱਕ ਕਿਸੇ ਅਪਰਾਧੀ ਨੂੰ ਸਜ਼ਾ ਨਹੀਂ ਹੋਈ। ਹੁਣ ਪਿੱਛੇ ਜਿਹੇ ਕੁਝ ਜੀਵਤ ਪੁਲਿਸ ਅਫਸਰਾਂ ਨੂੰ ਸਜ਼ਾਵਾਂ ਮਿਲੀਆਂ ਹਨ ਜੋ ਅੱਖਾਂ ਪੂੰਝਣ ਵਾਂਗ ਹੀ ਹੈ, 34 ਸਾਲਾਂ ਬਾਅਦ ਫੈਸਲਾ।

ਐਡੀ ਵੱਡੀ ਜ਼ਾਲਮਾਨਾ ਅਤੇ ਅਣਮਨੁੱਖੀ ਘਟਨਾ ਪੀ.ਏ.ਸੀ. ਦੀ ਟੁਕੜੀ ਨੇ ਕਿਉਂ ਕੀਤੀ? ਮੈਂ 1987 ਵਿਚ ਅਤੇ ਫਿਰ ਬਾਅਦ ਵਿਚ ਇਸ ਅਧਿਐਨ ਦੌਰਾਨ ਬਹੁਤ ਸਾਰੇ ਪੁਲਿਸ ਕਰਮਚਾਰੀਆਂ ਨਾਲ ਗੱਲਬਾਤ ਕੀਤੀ ਜੋ ਇਨ੍ਹਾਂ ਦੰਗਿਆਂ ਸਮੇਂ ਮੇਰਠ ਵਿਚ ਤਾਇਨਾਤ ਸਨ। ਮੈਂ ਇਹ ਜਾਨਣ ਦੀ ਕੋਸ਼ਿਸ਼ ਕੀਤੀ ਕਿ ਆਖਿਰ ਉਹ ਕਿਹੜੀ ਭਾਵਨਾ ਸੀ ਜਿਸ ਨੇ ਉਨ੍ਹਾਂ ਨੂੰ ਅਜਿਹੀ ਹਰਕਤ ਕਰਨ ਲਈ ਹੌਸਲਾ ਦਿੱਤਾ? ਕੀ ਇਹ ਧਾਰਮਿਕ ਦੁਰਭਾਵਨਾ ਸੀ ਜਿਸ ਨੇ ਉਨ੍ਹਾਂ ਨੂੰ ਇਹ ਘਿਨਾਉਣਾ ਕਾਰਾ ਕਰਨ ਦਾ ਬਲ ਬਖਸ਼ਿਆ ਅਤੇ ਉਹ ਕਿਸ ਭਾਵਨਾ ਤਹਿਤ ਇਸ ਤਰ੍ਹਾਂ ਰਾਖਸ਼ ਬਣ ਗਏ?

ਇਨ੍ਹਾਂ ਪੁਲਿਸ ਕਰਮਚਾਰੀਆਂ ਦਾ ਮਨੋਵਿਗਿਆਨਕ ਵਿਸ਼ਲੇਸ਼ਣ ਸਾਨੂੰ ਦੂਸਰੀਆਂ ਥਾਵਾਂ 'ਤੇ ਵੀ ਪੁਲਿਸ ਅਤੇ ਘੱਟ ਗਿਣਤੀਆਂ ਦੇ ਰਿਸ਼ਤਿਆਂ ਨੂੰ ਪਰਿਭਾਸ਼ਤ ਕਰਨ ਵਿਚ ਸਹਾਇਤਾ ਕਰੇਗਾ। 1987 ਵਿਚ ਮੇਰਠ ਵਿਚ ਤਾਇਨਾਤ ਜ਼ਿਆਦਾਤਰ ਪੁਲਿਸ ਕਰਮਚਾਰੀ ਇਹ ਮੰਨਦੇ ਸਨ ਕਿ ਦੰਗਾ ਮੁਸਲਮਾਨਾਂ ਦੀ ਸ਼ਰਾਰਤ ਨਾਲ ਹੋ ਰਿਹਾ ਸੀ। ਉਹ ਇਹ ਵੀ ਸੋਚਦੇ ਸਨ ਕਿ ਮੁਸਲਮਾਨਾਂ ਦਾ ਦਿਮਾਗ ਚੜ੍ਹ ਜਾਣ ਕਰਕੇ ਮੇਰਠ ਮਿੰਨੀ ਪਾਕਿਸਤਾਨ ਬਣ ਗਿਆ ਸੀ ਅਤੇ ਉਥੇ ਸਥਾਈ ਸ਼ਾਂਤੀ ਕਾਇਮ ਕਰਨ ਲਈ ਮੁਸਮਲਾਨਾਂ ਨੂੰ ਸਬਕ ਸਿਖਾਉਣਾ ਜ਼ਰੂਰੀ ਸੀ। ਉਹ ਇਨ੍ਹਾਂ ਅਫਵਾਹਾਂ ਤੋਂ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਸਨ ਜਿਨ੍ਹਾਂ ਅਨੁਸਾਰ ਮੇਰਠ ਦੇ ਹਿੰਦੂ ਪੂਰੀ ਤਰ੍ਹਾਂ ਅਸੁਰੱਖਿਅਤ ਸਨ ਅਤੇ ਮੁਸਲਮਾਨ ਉਨ੍ਹਾਂ ਨੂੰ ਚੈਨ ਨਾਲ ਨਹੀਂ ਰਹਿਣ ਦੇ ਰਹੇ ਸਨ। ਮੇਰਠ ਦੇ ਕਰਫਿਊਗ੍ਰਸਤ ਇਲਾਕਿਆਂ ਦੇ ਬਾਹਰ ਮੁਜ਼ੱਫਰ ਨਗਰ, ਗਾਜ਼ੀਆਬਾਦ ਅਤੇ ਬੁਲੰਦ ਸ਼ਹਿਰ ਵਰਗੇ ਸ਼ਹਿਰਾਂ ਅਤੇ ਆਸ ਪਾਸ ਦੇ ਪੇਂਡੂ ਖੇਤਰਾਂ ਵਿਚ ਮੇਰਠ ਵਿਚ ਪੂਰੇ ਦੇ ਪੂਰੇ ਹਿੰਦੂ ਮੁਹੱਲਿਆਂ ਦੇ ਨਸ਼ਟ ਹੋ ਜਾਣ, ਹਿੰਦੂ ਔਰਤਾਂ ਦੀਆਂ ਦੁੱਧੀਆਂ ਕੱਟ ਦਿੱਤੇ ਜਾਣ ਅਤੇ ਮੁਸਲਮਾਨਾਂ ਵਲੋਂ ਬੱਚਿਆਂ ਨੂੰ ਜਿੰਦਾ ਅੱਗ ਵਿਚ ਝੋਕ ਦੇਣ ਵਰਗੀਆਂ ਅਫਵਾਹਾਂ ਜ਼ੋਰ ਸ਼ੋਰ ਨਾਲ ਫੈਲਾਈਆਂ ਗਈਆਂ। ਬਾਅਦ ਵਿਚ ਇਹ ਅਫਵਾਹਾਂ ਝੂਠੀਆਂ ਸਾਬਤ ਹੋਈਆਂ ਪਰ ਮੁਸਲਮਾਨਾਂ ਨੂੰ ਸੁਭਾਵਿਕ ਤੌਰ 'ਤੇ ਕੱਟੜ, ਜ਼ਾਲਮ ਅਤੇ ਹਿੰਸਕ ਮੰਨਣ ਵਾਲੇ ਹਿੰਦੂ ਮਨਾਂ ਨੇ ਸੌਖ ਨਾਲ ਹੀ ਇਨ੍ਹਾਂ ਨੂੰ ਸਹੀ ਮੰਨ ਲਿਆ ਸੀ।

ਮੇਰਠ ਵਿਚ ਨਿਯੁਕਤ ਪੁਲਿਸ ਕਰਮਚਾਰੀ ਵੀ ਇਨ੍ਹਾਂ ਅਫਵਾਹਾਂ ਤੋਂ ਬੁਰੀ ਤਰ੍ਹਾਂ ਪ੍ਰਭਾਵਿਤ ਸਨ। ਉਹ ਇਹ ਵੀ ਮੰਨਦੇ ਸਨ ਕਿ ਸਾਰੀ ਸ਼ਰਾਰਤ ਮੁਸਲਮਾਨਾਂ ਦੀ ਸੀ ਅਤੇ ਉਨ੍ਹਾਂ ਨੂੰ ਸਬਕ ਸਿਖਾਉਣਾ ਜ਼ਰੂਰੀ ਸੀ। ਹਾਸ਼ਿਮਪੁਰਾ ਅਸਲ ਵਿਚ ਸਬਕ ਸਿਖਾਉਣ ਦੀ ਇਸ ਪ੍ਰਕਿਰਿਆ ਦਾ ਇਕ ਹਿੱਸਾ ਹੀ ਸੀ।

ਹਾਸ਼ਿਮਪੁਰਾ ਉਨ੍ਹਾਂ ਬਹੁਤ ਸਾਰੀਆਂ ਘਟਨਾਵਾਂ ਵਿਚੋਂ ਇਕ ਹੈ ਜਿਸ ਨੇ ਸਾਡੇ ਦੇਸ਼ ਵਿਚ ਘੱਟ ਗਿਣਤੀਆਂ ਅਤੇ ਪੁਲਿਸ ਦੇ ਸਬੰਧ ਦੁਸ਼ਮਣਾਂ ਵਾਲੇ ਬਣਾਏ ਹਨ। ਇਨ੍ਹਾਂ ਸ਼ਰਾਰਤੀਪੂਰਨ ਸਬੰਧਾਂ ਦਾ ਪ੍ਰਭਾਵ, ਸਾਨੂੰ ਫਿਰਕੂ ਤਣਾਓ ਦੌਰਾਨ ਸਾਫ ਦਿਖਾਈ ਦਿੰਦਾ ਹੈ। ਅਕਸਰ ਤਣਾਓ ਦੇ ਪਲਾਂ ਵਿਚ ਪੁਲਿਸ ਦੀ ਮੌਜੂਦਗੀ ਮੁਸਲਮਾਨਾਂ ਵਿਚ ਇਕ ਹਮਲਾਵਰ ਪ੍ਰਤੀਕਿਰਿਆ ਨੂੰ ਜਨਮ ਦਿੰਦੀ ਹੈ। ਬੰਬਈ ਵਿਚ ਦਸੰਬਰ 1992 ਵਿਚ ਬਾਬਰੀ ਮਸਜਿਦ ਢਾਹੇ ਜਾਣ ਤੋਂ ਬਾਅਦ ਮੁਸਲਮਾਨਾਂ ਨੇ ਇੱਕਾ-ਦੁੱਕਾ ਪੁਲਿਸ ਵਾਲਿਆਂ 'ਤੇ ਹਮਲੇ ਕੀਤੇ ਅਤੇ ਕੁਝ ਨੂੰ ਮਾਰ ਦਿੱਤਾ। ਕੁਝ ਦੰਗੇ ਅਜਿਹੇ ਵੀ ਹੋਏ ਜਿਨ੍ਹਾਂ ਦੀ ਸ਼ੁਰੂਆਤ ਤਾਂ ਪੁਲਿਸ-ਮੁਸਲਮਾਨ ਟਕਰਾਓ ਤੋਂ ਹੋਈ ਅਤੇ ਬਾਅਦ ਵਿਚ ਉਹ ਹਿੰਦੂ-ਮੁਸਲਿਮ ਟਕਰਾਓ ਵਿਚ ਬਦਲ ਗਏ। ਮੁਰਾਦਾਬਾਦ (1980) ਦਾ ਦੰਗਾ ਇਸ ਦੀ ਸਭ ਤੋਂ ਵੱਡੀ ਉਦਾਹਰਨ ਹੈ।

ਮੁਸਲਮਾਨਾਂ ਨਾਲ ਦੁਸ਼ਮਣੀ ਵਾਲੇ ਸਬੰਧਾਂ ਦੀ ਸਭ ਤੋਂ ਰੌਚਕ ਉਦਾਹਰਣ ਫਿਰਕੂ ਤਣਾਓ ਦੌਰਾਨ ਕਿਸੇ ਪੁਲਿਸ ਟੁਕੜੀ ਦੇ ਮੁਸਲਿਮ ਇਲਾਕਿਆਂ ਵਿਚ ਤਲਾਸ਼ੀ ਜਾਂ ਗ੍ਰਿਫਤਾਰੀਆਂ ਦੇ ਲਈ ਜਾਣ ਵੇਲੇ ਦਿਖਾਈ ਦਿੱਤੀ। ਇਸ ਟੁਕੜੀ ਦੀ ਤਿਆਰੀ, ਚੌਕਸੀ, ਹਥਿਆਰ ਜਾਂ ਬਰੀਫਿੰਗ ਇਸ ਤਰ੍ਹਾਂ ਦੀ ਸੀ ਜਿਵੇਂ ਉਹ ਕਿਸੇ ਦੁਸ਼ਮਣ ਦੇ ਇਲਾਕੇ ਵਿਚ ਪ੍ਰਵੇਸ਼ ਕਰਨ ਜਾ ਰਹੇ ਹੋਣ। ਮੇਰਾ ਵਾਹ ਅਜਿਹੀਆਂ ਕੁਝ ਟੁਕੜੀਆਂ ਨਾਲ ਪਿਆ ਜੋ ਪੂਰੀ ਪੂਰੀ ਸਾਵਧਾਨੀ ਨਾਲ 'ਦੁਸ਼ਮਣ' ਇਲਾਕੇ ਵਿਚ ਦਾਖਲ ਹੋਣਾ ਚਾਹੁੰਦੇ ਸਨ। ਇਹ ਸਾਵਧਾਨੀ ਗੈਰਜ਼ਰੂਰੀ ਵੀ ਨਹੀਂ। ਉਨ੍ਹਾਂ 'ਤੇ ਕਦੇ ਵੀ ਹਮਲਾ ਹੋ ਸਕਦਾ ਹੈ ਪਰ ਇਸ ਆਪਸੀ ਬੇਵਿਸ਼ਵਾਸੀ ਦੇ ਲਈ ਜ਼ਿੰਮੇਵਾਰ ਕੌਣ ਹਨ? ਇਨ੍ਹਾਂ ਹਾਲਾਤ ਦੇ ਬੀਜ ਪੁਲਿਸ ਕੰਟਰੋਲ ਰੂਮ ਜਾਂ ਥਾਣਿਆਂ ਵਿਚ ਸ਼ਾਂਤੀ-ਵਿਵਸਥਾ ਦੇ ਲਈ ਬੈਠਕਾਂ ਕਰ ਰਹੇ ਪੁਲਿਸ ਅਧਿਕਾਰੀਆਂ ਦੁਆਰਾ ਮੁਸਲਮਾਨਾਂ ਅਤੇ ਹਿੰਦੂਆਂ ਦੇ ਲਈ ਵਰਤੇ ਜਾਣ ਵਾਲੇ ਸ਼ਬਦਾਂ 'ਉਹ' ਅਤੇ 'ਅਸੀਂ' ਵਿਚ ਛੁਪੇ ਹੋਏ ਹਨ। ***(ਚੱਲਦਾ)***

# ਕੀ ਅਪੇਰਸ਼ਨ ਬਲੂ ਸਟਾਰ ਗਲਤੀ ਸੀ?

*(ਸਫਾ 17 ਦਾ ਬਾਕੀ)*

ਬੰਦੇ ਅਤੇ ਔਰਤਾਂ ਹੀ ਬਾਹਰ ਆਏ। ਉਨ੍ਹਾਂ ਕਿਤਾਬ ਚ ਲਿਖਿਆ ਕਿ ਜਨਰਲ ਆਰ. ਐੱਸ. ਦਿਆਲ ਵੀ ਖੁੰਡੇ ਸੁਭਾਅ ਵਾਲਾ ਬੰਦਾ ਸੀ ਤੇ ਛੇਤੀ-ਛੇਤੀ ਗੱਲ ਮੰਨਦਾ ਨਹੀਂ ਸੀ। ਜਦੋਂ ਉਸ ਨੂੰ ਕਿਹਾ ਗਿਆ ਕਿ ਟੈਂਕ ਦਾ ਗੋਲਾ ਦੂਰ ਗੋਲਡਨ ਟੈਂਪਲ ਦੇ ਪਿੱਛੇ ਆਬਾਦੀ ਵਿਚ ਜਾ ਕੇ ਨੁਕਸਾਨ ਕਰ ਸਕਦਾ ਹੈ ਤਾਂ ਉਹ ਇਸ ਗੱਲ 'ਤੇ ਅੜਿਆ ਰਿਹਾ ਕਿ ਨਹੀਂ, ਇਹ ਤਾਂ ਆਪਣੇ ਮਿਥੇ ਨਿਸ਼ਾਨੇ 'ਤੇ ਹੀ ਫਾਇਰ ਕਰਦਾ ਹੈ ਪਰ ਹੋਇਆ ਇਸ ਦੇ ਉਲਟ। ਗੋਲੇ ਦੂਰ ਤਕ ਗਏ ਤੇ ਸਿਵਲੀਅਨ ਇਲਾਕੇ ਵਿਚ ਇਸ ਕਾਰਨ ਨੁਕਸਾਨ ਹੋਇਆ। ਫੌਜ ਨੂੰ ਲਗਦਾ ਸੀ ਕਿ 5 ਤੇ 6 ਜੂਨ ਵਿਚਕਾਰਲੀ ਰਾਤ ਨੂੰ 1 ਵਜੇ ਤਕ ਅਪਰੇਸ਼ਨ ਖਤਮ ਹੋ ਜਾਵੇਗਾ ਪਰ ਲੜਾਈ 6 ਜੂਨ ਨੂੰ ਦੁਪਹਿਰ ਤਕ ਚਲਦੀ ਰਹੀ।

ਰਾਸ਼ਟਰਪਤੀ ਜ਼ੈਲ ਸਿੰਘ ਨੂੰ ਅਪਰੇਸ਼ਨ ਬਾਰੇ ਨਹੀਂ ਦੱਸਿਆ ਗਿਆ ਸੀ ਤੇ ਕਿਤਾਬ ਵਿਚ ਲਿਖਿਆ ਹੈ ਕਿ ਜ਼ੈਲ ਸਿੰਘ ਨੇ ਪੁੱਛਿਆ ਕਿ ਫੌਜ ਕਿਸ ਨੇ ਭੇਜੀ ਹੈ? ਸੰਵਿਧਾਨ ਮੁਤਾਬਿਕ ਦੇਸ਼ ਦੇ ਰਾਸ਼ਟਰਪਤੀ ਨੂੰ ਭਾਰਤੀ ਫੌਜ ਦਾ ਸੁਪਰੀਮ ਕਮਾਂਡਰ ਮੰਨਿਆ ਗਿਆ ਹੈ। ਕਿਤਾਬ ਚ ਜਿਕਰ ਹੈ ਕਿ ਉਸ ਸਮੇਂ ਦੇ ਕੇਂਦਰੀ ਮੰਤਰੀ ਪ੍ਰਣਬ ਮੁਖਰਜੀ ਨੇ ਇੰਦਰਾ ਗਾਂਧੀ ਨੂੰ ਅਪਰੇਸ਼ਨ ਤੋਂ ਵਰਜਿਆ ਸੀ। ਉਸ ਨੇ ਅਹਿਮਦ ਸ਼ਾਹ ਅਬਦਾਲੀ ਦਾ ਹਵਾਲਾ ਦਿੰਦੇ ਕਿਹਾ ਸੀ ਕਿ ਉਸ ਦਾ ਕੀ ਹਸ਼ਰ ਹੋਇਆ ਸੀ ਪਰ ਇੰਦਰਾ ਗਾਂਧੀ ਨੇ ਜਵਾਬ ਵਿਚ ਕਿਹਾ ਸੀ, "ਕਈ ਵਾਰ ਇਤਿਹਾਸ ਦੀ ਮੰਗ ਅਨੁਸਾਰ ਕਾਰਵਾਈ ਕਰਨੀ ਪੈਂਦੀ ਹੈ।"

ਰਮੇਸ਼ ਇੰਦਰ ਸਿੰਘ ਨੇ ਦੱਸਿਆ ਹੈ ਕਿ 5 ਜੂਨ ਨੂੰ ਅੰਮ੍ਰਿਤਸਰ ਕੋਤਵਾਲੀ ਵਿਚ ਮੀਟਿੰਗ ਚਲ ਰਹੀ ਸੀ। ਹਰਜੀਤ ਸਿੰਘ ਨੇ ਸੰਤ ਭਿੰਡਰਾਂਵਾਲੇ ਨਾਲ ਗਲਬਾਤ ਕਰਨ ਲਈ ਰਮੇਸ਼ ਇੰਦਰ ਸਿੰਘ ਨੂੰ ਭੇਜਣ ਦੀ ਸਲਾਹ ਜਰਨਲ ਬਰਾੜ ਨੂੰ ਦਿਤੀ ਸੀ- ਸ਼ਾਇਦ ਕੋਈ ਹਲ ਨਿੱਕਲ ਆਵੇ ਪਰ ਜਰਨਲ ਬਰਾੜ ਨੇ ਕਿਹਾ ਕਿ ਫੌਜ ਕਾਰਵਾਈ ਆਰੰਭ ਕਰਨ ਤੋਂ ਪਹਿਲਾਂ ਵਾਰਨਿੰਗ ਦੇਵੇਗੀ ਪਰ ਨਾ ਤਾਂ ਕੋਈ ਗਲਬਾਤ ਦੀ ਕੋਸ਼ਿਸ਼ ਕੀਤੀ ਗਈ ਤੇ ਨਾ ਹੀ ਵਾਰਨਿੰਗ ਦਿਤੀ। ਰਮੇਸ਼ ਇੰਦਰ ਸਿੰਘ ਨੇ ਕਿਹਾ ਕਿ 5 ਜੂਨ ਨੂੰ ਦੁਪਹਿਰ ਬਾਅਦ ਉਸ ਨੇ ਅਕਾਲ ਤਖਤ ਸਾਹਿਬ 'ਤੇ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ ਪਰ ਫੋਨ ਬੰਦ ਸਨ, ਇਸ ਕਰਕੇ ਗੱਲ ਨਹੀਂ ਹੋ ਸਕੀ। 3 ਤੇ 4 ਜੂਨ ਨੂੰ ਸਿਵਲ ਤੇ ਫੌਜ ਦੀ ਸਾਂਝੀ ਮੀਟਿੰਗ ਵਿਚ ਫੈਸਲਾ ਹੋਇਆ ਸੀ ਕਿ ਆਮ ਲੋਕਾਂ ਨੂੰ ਬਾਹਰ ਕੱਢਿਆ ਜਾਵੇਗਾ ਪਰ ਇਸ ਸਬੰਧ ਵਿਚ 5 ਜੂਨ ਦੇ ਦੁਪਹਿਰ ਤਕ ਕੋਈ ਯਤਨ ਨਹੀਂ ਹੋਇਆ।

ਕਿਤਾਬ ਵਿਚ ਜ਼ਿਕਰ ਹੈ ਕਿ ਕੈਪਟਨ ਅਮਰਿੰਦਰ ਸਿੰਘ ਨੇ ਘਟੋ-ਘਟ ਦੋ ਵਾਰ ਸੰਤ ਭਿੰਡਰਾਂਵਾਲੇ ਨੂੰ ਕੇਂਦਰ ਨਾਲ ਗਲਬਾਤ ਕਰ ਲਈ ਮਨਾ ਲਿਆ ਸੀ। ਰਾਜੀਵ ਗਾਂਧੀ ਨਾਲ ਮੀਟਿੰਗ ਦਾ ਸਮਾਂ ਤੇ ਸਥਾਨ ਵੀ ਤੈਅ ਹੋ ਗਿਆ ਸੀ ਪਰ ਮੀਟਿੰਗ ਆਖਰੀ ਸਮੇਂ ਰੱਦ ਹੋ ਗਈ। ਇਸ ਤੋਂ ਨਾਰਾਜ਼ਗੀ ਹੋਰ ਵਧ ਗਈ। ਉਸ ਤੋਂ ਪਹਿਲਾਂ 1982 ਵਿਚ ਦਿੱਲੀ ਵਿਚ ਹੋਣ ਵਾਲੀਆਂ ਏਸ਼ੀਅਨ ਖੇਡਾਂ ਤੋਂ ਪਹਿਲਾਂ ਅਕਾਲੀ ਨੇਤਾਵਾਂ ਨਾਲ ਸਮਝੌਤਾ ਹੋ ਗਿਆ ਸੀ। ਇਸ ਵਿਚ ਵੀ ਕੈਪਟਨ ਅਮਰਿੰਦਰ ਸਿੰਘ ਨੇ ਮੁਖ ਭੂਮਿਕਾ ਨਿਭਾਈ ਸੀ। ਕੇਂਦਰੀ ਗ੍ਰਹਿ ਸਕੱਤਰ ਨੇ ਅੰਮ੍ਰਿਤਸਰ ਪਹੁੰਚ ਕੇ ਐਲਾਨ ਕਰਨਾ ਸੀ। ਉਸ ਨੇ ਆਪਣਾ ਵਿਸ਼ੇਸ਼ ਜਹਾਜ਼ ਮਗਵਾ ਲਿਆ ਸੀ ਪਰ ਆਖਰੀ ਸਮੇਂ ਕੇਂਦਰੀ ਗ੍ਰਹਿ ਮੰਤਰੀ ਨੂੰ ਰੋਕ ਲਿਆ ਗਿਆ। ਇਹ ਇਕ ਵਾਰ ਨਹੀਂ ਹੋਇਆ, ਕਈ ਵਾਰ ਹੋਇਆ। ਕਿਹਾ ਜਾਂਦਾ ਹੈ ਕਿ ਅਰੁਣ ਨਹਿਰੂ ਬਹੁਤ ਅੜਿੱਕੇ ਲਾਉਂਦਾ ਰਿਹਾ।

ਖੁਫੀਆ ਏਜੰਸੀਆਂ ਨੇ ਇਹ ਰਿਪੋਰਟ ਕੇਂਦਰ ਸਰਕਾਰ ਨੂੰ ਦਿਤੀ ਸੀ ਕਿ 3 ਜੂਨ 1984 ਨੂੰ ਖਾਲਿਸਤਾਨ ਦਾ ਐਲਾਨ ਹੋਵੇਗਾ। 11 ਮਾਰਚ 1985 ਨੂੰ ਕੁਲਦੀਪ ਨਈਅਰ ਨਾਲ ਇੰਟਰਵਿਊ ਵਿਚ ਇਹ ਗੱਲ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਦਸੀ ਸੀ ਕਿ ਦੋ ਬੰਦੇ ਸੰਤ ਭਿੰਡਰਾਂਵਾਲੇ ਨੂੰ ਖਾਲਿਸਤਾਨ ਦਾ ਐਲਾਨ ਕਰਵਾਉਣ ਲਈ ਮਿਲੇ ਸਨ। ਸੰਤਾਂ ਨੇ ਉਹਨੂੰ ਹਰਚੰਦ ਸਿੰਘ ਲੌਂਗੋਵਾਲ ਕੋਲ ਭੇਜ ਦਿੱਤਾ ਤੇ ਕਿਹਾ ਕਿ ਜੇ ਲੌਂਗੋਵਾਲ ਨੇ ਐਲਾਨ ਕਰ ਦਿੱਤਾ ਤਾਂ ਉਹ ਇਸ ਦੀ ਹਮਾਇਤ ਕਰ ਦੇਣਗੇ।

ਪਹਿਲਾਂ ਲੌਂਗੋਵਾਲ ਅਤੇ ਸੰਤਾਂ ਵਿਚਕਾਰ ਸਬੰਧ ਠੀਕ ਸਨ ਪਰ ਹੌਲੀ-ਹੌਲੀ ਇਹ ਤਲਖੀ ਭਰੇ ਹੋ ਗਏ। 1981 ਤੋਂ ਲੈ ਕੇ 1984 ਤਕ ਕੇਂਦਰ ਸਰਕਾਰ ਅਤੇ ਅਕਾਲੀ ਆਗੂਆਂ ਵਿਚਕਾਰ 26 ਮੀਟਿੰਗਾਂ ਹੋਈਆਂ ਪਰ ਕੋਈ ਸਿੱਟਾ ਨਾ ਨਿਕਲਿਆ। ਇੰਦਰਾ ਗਾਂਧੀ ਨਾਲ 3 ਮੀਟਿੰਗਾਂ ਹੋਈਆਂ। ਰਮੇਸ਼ ਇੰਦਰ ਦਾ ਕਹਿਣਾ ਹੈ ਕਿ ਲੈਫਟੀਨੈਂਟ ਜਰਨਲ ਐਸ. ਕੇ. ਸਿਨਹਾ ਨੂੰ ਰੱਖਿਆ ਮੰਤਰੀ ਆਰ. ਵੈਂਕਟਰਮਨ ਨੇ ਕਿਹਾ ਸੀ, "ਇਹ ਸਭ ਰਾਜਨੀਤੀ ਸੀ।" ਫੌਜ ਦੇ ਵਡੇ ਅਫਸਰਾਂ ਵਿਚ ਅਪੇਰਸ਼ਨ ਨੂੰ ਲੈ ਕੇ ਇਕਸੁਰਤਾ ਨਹੀਂ ਸੀ। ਉਨ੍ਹਾਂ ਵਿਚਕਾਰ ਮਤਭੇਦ, ਮੀਟਿੰਗਾਂ ਵਿਚ ਅਕਸਰ ਨਜ਼ਰ ਆਉਂਦੇ ਸਨ। ਕਿਤਾਬ ਚ ਜਿਕਰ ਹੈ ਕਿ ਜਰਨਲ ਸੁੰਦਰ ਜੀ ਨੇ ਇੰਦਰਾ ਗਾਂਧੀ ਨੂੰ ਸਿੱਧਾ ਮਿਲਣਾ ਸ਼ੁਰੂ ਕਰ ਦਿੱਤਾ ਸੀ। ਉਸ ਨੇ ਇੰਦਰਾ ਗਾਂਧੀ ਨਾਲ 3 ਜੂਨ ਦੀ ਰਾਤ ਨੂੰ ਮੁਲਾਕਾਤ ਕੀਤੀ ਸੀ। ਉਸ ਸਮੇਂ ਉਸ ਨਾਲ ਜਰਨਲ ਵੈਦਿਆ ਨਹੀਂ ਸੀ। ਇਕ ਵਾਰ ਸੁੰਦਰ ਜੀ ਅਤੇ ਜਰਨਲ ਦਿਆਲ ਇਕੱਠੇ ਇੰਦਰਾ ਗਾਂਧੀ ਨੂੰ ਸਾਕਾ ਨੀਲਾ ਤਾਰਾ ਤੋਂ ਕੁਝ ਦਿਨ ਪਹਿਲਾਂ ਮਿਲੇ ਸਨ ਤੇ ਉਸ ਦਿਨ ਵੀ ਵੈਦਿਆ ਨਾਲ ਨਹੀਂ ਸਨ। ਸੁੰਦਰ ਜੀ ਨੇ ਵੈਦਿਆ ਨੂੰ ਬਾਈਪਾਸ ਕਰਨਾ ਸ਼ੁਰੂ ਕਰ ਦਿੱਤਾ ਸੀ। ਕਿਤਾਬ ਚ ਕਿਹਾ ਗਿਆ ਹੈ ਕਿ ਸੁੰਦਰ ਜੀ ਨੇ ਇੰਦਰਾ ਗਾਂਧੀ ਨੂੰ ਕਿਹਾ ਸੀ ਕਿ ਅਪੇਰਸ਼ਨ ਬੜੀ ਸਫਲਤਾ ਪੂਰਵਕ ਅੱਧੀ ਰਾਤ ਤੋਂ ਪਹਿਲਾਂ ਹੀ ਮੁਕੰਮਲ ਹੋ ਜਾਵੇਗਾ।

ਕਿਤਾਬ ਵਿਚ ਨਿਰੰਕਾਰੀਆਂ ਨਾਲ ਝਗੜੇ ਤੇ ਟਕਰਾਓ, ਲਾਲਾ ਜਗਤ ਨਾਰਾਇਣ ਦਾ ਕਤਲ, ਭਿੰਡਰਾਂਵਾਲੇ ਦੀ ਗ੍ਰਿਫਤਾਰੀ, ਧਰਮ ਯੁੱਧ ਮੋਰਚਾ, ਧਰਮੀ ਫੌਜੀ, ਸਾਕਾ ਨੀਲਾ ਤਾਰਾ, ਇਕ ਬਜਰ ਗਲਤੀ, ਇੰਦਰਾ ਗਾਂਧੀ ਦਾ ਕਤਲ, ਰਾਜੀਵ ਲੌਂਗੋਵਾਲ ਸਮਝੌਤਾ, ਲੌਂਗੋਵਾਲ ਦਾ ਕਤਲ, ਖਾੜਕੂਵਾਦ: ਸ਼ੁਰੂਆਤ ਤੇ ਅੰਤ, ਮੀਡੀਆ, ਪਰਵਾਸੀ ਪੰਜਾਬੀ, ਕਾਰ ਸੇਵਾ ਤੇ ਸਿਆਸਤ, ਤੋਸ਼ਾਖਾਨਾ, ਅਪਰੇਸ਼ਨ ਬਲੈਕ ਥੰਡਰ-1 ਅਤੇ 2, ਵਿਦੇਸ਼ੀ ਤਾਕਤਾਂ ਦਾ ਦਖਲ, ਹਿੰਦੂਆਂ ਦਾ ਪਰਵਾਸ, ਖਾਲਿਸਤਾਨ ਦਾ ਐਲਾਨ, ਫੌਜ ਹੀ ਫੌਜ, ਵਖਰੇਵਿਆਂ ਦੀ ਸ਼ੁਰੂਆਤ, ਭਾਸ਼ਾ ਦੇ ਮੁੱਦੇ 'ਤੇ ਟਕਰਾਓ, ਦੇਸ਼ ਦੀ ਵੰਡ, ਪੰਜਾਬੀ ਸੂਬਾ, ਗਰਮ ਖਿਆਲੀਆਂ ਦੇ ਉਥਾਨ ਵਾਰੇ ਵੀ ਬੜੀ ਖੋਜ ਕਰਕੇ ਲਿਖਿਆ ਹੈ। ਕਿਤਾਬ ਪੜ੍ਹਨ ਵਾਲੀ ਹੈ। ਬਹੁਤ ਨਵੀਆਂ ਗੱਲਾਂ ਦਾ ਪਤਾ ਲੱਗਦਾ ਹੈ; ਜਿਵੇਂ ਕਿਤਾਬ ਵਿਚ ਖੁਲਾਸਾ ਕੀਤਾ ਗਿਆ ਹੈ ਕਿ ਵਲਭ ਭਾਈ ਪਟੇਲ ਦੇ ਪੁਰਖਿਆਂ ਦਾ ਸਬੰਧ ਪੰਜਾਬ ਨਾਲ ਸੀ। ਸਿੰਘ ਸਭਾ ਅਤੇ ਆਰੀਆ ਸਮਾਜ ਵਿਚ ਪਹਿਲਾ ਨੇੜਤਾ ਅਤੇ ਫਿਰ ਟਕਰਾਓ ਦਾ ਕਾਫੀ ਲੰਮਾ ਜ਼ਿਕਰ ਹੈ। ਇਹ ਸਿਲਸਿਲਾ ਵੀ ਪੰਜਾਬ ਦੀਆਂ ਦੁਸ਼ਵਾਰੀਆਂ ਦਾ ਕਾਰਨ ਬਣਿਆ। ਲੇਖਕ ਦੇ ਵਿਚਾਰਾਂ ਨਾਲ ਸਹਿਮਤ ਜਾਂ ਅਸਹਿਮਤ ਹੋਣ ਦਾ ਹਰ ਇਕ ਦਾ ਆਪਣਾ ਅਧਿਕਾਰ ਹੈ।

# ਸਾਲਕੁ ਮਿਤੁ ਨ ਰਹਿਓ ਕੋਈ

ਗੁਰੂ ਨਾਨਕ ਦੇਵ ਜੀ ਦਾ ਇਹ ਬੋਲ 'ਵਾਰਾਂ ਤੋਂ ਵਧੀਕ' ਵਿਚ ਮਿਲਦਾ ਹੈ। ਮੰਨਿਆ ਜਾਂਦਾ ਹੈ ਕਿ ਬਾਬਰ ਵਲੋਂ ਪੰਜਾਬ 'ਤੇ ਕੀਤੇ ਹਮਲੇ ਵਿਚ ਲਾਹੌਰ ਸ਼ਹਿਰ ਦੀ ਬਹੁਤ ਲੁੱਟਮਾਰ ਹੋਈ ਸੀ। ਕਰਤਾਰਪੁਰ ਰਹਿ ਰਹੇ ਬਾਬਾ ਨਾਨਕ ਨੂੰ ਜਦ ਇਹ ਖ਼ਬਰ ਮਿਲੀ ਤਾਂ ਉਨ੍ਹਾਂ ''ਲਾਹੌਰ ਸਹਰੁ ਕਹਰੁ ਸਵਾ ਪਹਰੁ'' ਦਾ ਖ਼ੌਫ਼ਨਾਕ ਚਿੱਤਰ ਚਿਤਵ ਕੇ ਬੰਦੇ ਦੀ ਆਤੁਰਤਾ ਦਾ ਚਿੱਤਰ ਖਿੱਚਿਆ ਸੀ। ਸਾਢੇ ਤਿੰਨ ਮਹੀਨੇ ਪਹਿਲਾਂ ਜਦ ਰੂਸ ਨੇ ਯੂਕਰੇਨ 'ਤੇ ਧਾਵਾ ਕੀਤਾ ਤਾਂ ਬਾਬਾ ਨਾਨਕ ਦਾ ਇਹ ਕਥਨ ਪੂਰਾ ਸੱਚ ਲੱਗਣ ਲੱਗਾ। ਧਾਵਾ ਇਉਂ ਹੋਇਆ ਜਿਵੇਂ ਯੂਕਰੇਨ 'ਤੇ ਕੋਈ ਅਹਿਸਾਨ ਕੀਤਾ ਗਿਆ ਹੋਵੇ। ਆਪਣੇ ਆਪ ਨੂੰ ਮਾਰੂ ਖ਼ਤਰੇ ਦੇ ਸਨਮੁਖ ਪਾ ਕੇ, ਹਰ ਕੋਈ ਆਪਣੀ ਜਾਨ ਬਚਾਉਣ 'ਤੇ

ਤੇਜਵੰਤ ਸਿੰਘ ਗਿੱਲ


ਲੱਗ ਗਿਆ। ਦੂਜੇ ਦੇਸ਼ਾਂ ਤੋਂ ਆਏ ਵਿਦਿਆਰਥੀ ਅਤੇ ਸ਼ਰਨਾਰਥੀ ਤਹਿਖ਼ਾਨਿਆਂ ਵਿਚ ਸੁਰੱਖਿਆ ਲੱਭਣ ਲੱਗੇ। ਤ੍ਰੀਮਤਾਂ, ਬੱਚਿਆਂ ਸਮੇਤ ਨਾਲ ਦੇ ਮੁਲਕਾਂ ਵਿਚ ਪਨਾਹ ਲੈਣ ਲਈ ਨੱਠ-ਭੱਜ ਕਰਨ ਲੱਗੀਆਂ। ਵਡੇਰੀ ਉਮਰ ਦੇ ਔਰਤਾਂ-ਮਰਦਾਂ ਨੇ ਜਿੰਨਾ ਨਿਆਸਰੇ ਮਹਿਸੂਸ ਕੀਤਾ, ਇਸ ਦਾ ਅਨੁਮਾਨ ਲਗਾਉਣਾ ਔਖਾ ਸੀ। ਭਾਵੇਂ ਭੀੜਾਂ ਨਜ਼ਰ ਆਉਂਦੀਆਂ ਸਨ ਪਰ ਭੀੜਾਂ ਵਿਚ ਘਿਰਿਆ ਹਰੇਕ ਪ੍ਰਾਣੀ ਆਪਣੇ ਆਪ ਨੂੰ ਇਕੱਲਾ ਅਨੁਭਵ ਕਰਦਾ ਸੀ। ਨਿਆਣਿਆਂ ਦਾ ਫ਼ਿਕਰ ਵੱਧ-ਵੱਧ ਖਾਂਦਾ ਸੀ। ਵਾਸਤਵ ਵਿਚ ਪ੍ਰਸਥਿਤੀ ਉਹ ਬਣੀ ਹੋਈ ਸੀ ਜੋ ਗੁਰੂ ਨਾਨਕ ਦੇ ਉਪਰੋਕਤ ਕਥਨ ਤੋਂ ਡੁੱਲ੍ਹ ਡੁੱਲ੍ਹ ਪੈਂਦੀ ਹੈ।

**ਜੰਗ ਦਾ ਡੰਬਿਆ ਯੂਕਰੇਨ**

ਇਸ ਪੜਾਅ 'ਤੇ ਦੁਨੀਆ ਵਿਚ ਸਭ ਤੋਂ ਵੱਧ ਸਤਿਕਾਰੇ ਜਾਂਦੇ ਚਿੰਤਕ ਤੇ ਲੋਕ-ਹਿੱਤਾਂ ਦਾ ਦਮ ਭਰਨ ਤੇ ਪਹਿਰਾ ਦੇਣ ਵਾਲੇ ਬੁੱਧੀਜੀਵੀ ਪ੍ਰੋਫੈਸਰ ਨੌਮ ਚੌਮਸਕੀ ਦੀ ਇਸ ਹਮਲੇ ਬਾਰੇ ਗੱਲਬਾਤ ਸਾਹਮਣੇ ਆਈ। ਗੱਲਬਾਤ ਵਿਚ ਉਸ ਨੇ ਇਸ ਹਮਲੇ ਦੇ ਪਿਛੋਕੜ ਵਿਚ ਪਏ ਕਾਰਨਾਂ ਦੀ ਭਰਪੂਰ ਵਿਆਖਿਆ ਕੀਤੀ। ਉਸ ਦੀ ਧਾਰਨਾ ਸੀ ਕਿ ਵਾਸਤਵ ਵਿਚ ਰੂਸ ਵਲੋਂ ਕੀਤੇ ਹਮਲੇ ਦਾ ਦੋਸ਼ ਅਮਰੀਕਾ 'ਤੇ ਆਉਂਦਾ ਸੀ। ਪਿਛਲੀ ਸਦੀ ਦੇ ਅੰਤਲੇ ਸਾਲਾਂ ਵਿਚ ਜਦ ਸੋਵੀਅਤ ਯੂਨੀਅਨ ਤੋਂ ਸੁੰਗੜ ਕੇ ਰੂਸ ਨੇ ਨਵੇਂ ਬਣੇ ਮੁਲਕਾਂ ਨੂੰ ਸੁਤੰਤਰ ਮੰਨ ਲਿਆ ਤਾਂ ਇਹ ਸੰਧੀ ਵੀ ਹੋਈ ਸੀ ਕਿ ਇਹ ਦੇਸ਼ ਅਮਰੀਕਾ ਦੀ ਸਰਪ੍ਰਸਤੀ ਵਾਲੇ ਗੱਠਜੋੜ ਵਿਚ ਸ਼ਾਮਲ ਨਹੀਂ ਹੋਣਗੇ। ਅਮਰੀਕਾ ਨੇ ਇਸ ਸੰਧੀ ਨੂੰ ਐਵੇਂ ਕਿਵੇਂ ਮੰਨ ਕੇ ਉਨ੍ਹਾਂ ਦੇਸ਼ਾਂ ਨੂੰ ਆਪਣੇ ਗੱਠਜੋੜ ਵਿਚ ਸ਼ਾਮਲ ਕਰ ਲਿਆ। ਇਸ ਆਧਾਰ 'ਤੇ ਪ੍ਰੋਫੈਸਰ ਚੌਮਸਕੀ ਦੀ ਨਿਰ-ਵਿਵਾਦ ਧਾਰਨਾ ਬਣਦੀ ਸੀ ਕਿ ਯੂਕਰੇਨ ਨੂੰ ਮੈਂਬਰ ਬਣਨ ਲਈ ਉਕਸਾ ਕੇ ਅਮਰੀਕਾ ਨੇ ਅਵੱਗਿਆ ਕੀਤੀ ਸੀ। ਜੇ ਇਹ ਅਵੱਗਿਆ ਨਾ ਹੋਈ ਹੁੰਦੀ ਤਾਂ ਇਹ ਹਮਲਾ ਹੋਣਾ ਹੀ ਨਹੀਂ ਸੀ। ਉਸ ਦੇ ਕਥਨ ਵਿਚ ਨਿਹਿਤ ਤਰਕ ਨੂੰ ਝੁਠਲਾਇਆ ਨਹੀਂ ਜਾ ਸਕਦਾ।

ਜਿੰਨੀ ਨੈਤਿਕਤਾ ਅਤੇ ਸਪੱਸ਼ਟਤਾ ਨਾਲ ਚੌਮਸਕੀ ਦੀ ਧਾਰਨਾ ਪੇਸ਼ ਹੋਈ ਉਤਨੀ ਹੀ ਉਤੇਜਨਾ ਨਾਲ ਇਸ 'ਤੇ ਇਤਰਾਜ਼ ਉਠਾਇਆ ਗਿਆ। ਇਤਰਾਜ਼ ਉਠਾਉਣ ਵਾਲਾ ਯੂਕਰੇਨ ਵਾਸੀ ਇਕ ਲੇਖਕ ਸੀ ਜਿਸ ਨੇ ਚੌਮਸਕੀ ਦੀਆਂ ਲਿਖਤਾਂ ਦਾ ਆਪਣੀ ਬੋਲੀ ਵਿਚ ਅਨੁਵਾਦ ਕੀਤਾ ਸੀ। ਜਦੋਂ ਉਸ ਦੇ ਹੱਥ ਉਪਰੋਕਤ ਵਾਰਤਾ ਲੱਗੀ ਤਾਂ ਉਹ ਆਪਣੇ ਬੱਚਿਆਂ ਸਮੇਤ ਕਿਸੇ ਸੁਰੱਖਿਆ ਵਾਲੀ ਥਾਂ ਵੱਲ ਜਾ ਰਿਹਾ ਸੀ। ਨਿਰਸੰਦੇਹ ਖ਼ਤਰਾ ਉਸ ਦੇ ਅਤੇ ਬੱਚਿਆਂ 'ਤੇ ਮੰਡਰਾ ਰਿਹਾ ਸੀ। ਉਸ ਦੀ ਹਾਲਤ ਪ੍ਰੇਸ਼ਾਨੀ ਵਾਲੀ ਸੀ। ਉਸ ਹਾਲਤ ਵਿਚ ਉਸ ਨੇ ਜੋ ਅਨੁਭਵ ਕੀਤਾ ਉਸ ਦਾ ਵੇਰਵਾ ਉਸ ਨੇ ਖ਼ਤ ਰਾਹੀਂ ਭੇਜਣ ਤੋਂ ਗੁਰੇਜ਼ ਨਾ ਕੀਤਾ। ਨਿਰਾਸ਼ਾ ਅਤੇ ਤਲਖ਼ੀ ਦੀ ਰਲਵੀਂ-ਮਿਲਵੀਂ ਸੁਰ ਵਿਚ ਉਸ ਨੇ ਲਿਖਿਆ ਕਿ ਜੋ ਵਿਸਥਾਰ ਪ੍ਰੋਫੈਸਰ ਚੌਮਸਕੀ ਦੀ ਵਾਰਤਾਲਾਪ ਤੋਂ ਪੜ੍ਹਨ ਨੂੰ ਮਿਲਦਾ ਸੀ ਉਹ ਸੁਖੀ ਜੀਵਨ ਬਿਤਾ ਰਹੇ ਬੁੱਧੀਜੀਵੀ ਤੋਂ ਹੀ ਸਰ ਸਕਦਾ ਸੀ; ਜਿਸ ਪ੍ਰਾਣੀ ਦੇ ਸਿਰ 'ਤੇ ਮੌਤ ਮੰਡਰਾ ਰਹੀ ਹੋਵੇ ਉਸ ਨੂੰ ਇਸ ਪ੍ਰਕਾਰ ਦੀ ਵਿਆਖਿਆ ਕੋਈ ਲਾਭ ਨਹੀਂ ਪਹੁੰਚਾ ਸਕਦੀ। ਭਾਵੁਕ ਹੋਏ ਨੇ ਆਪਣੇ ਖ਼ਤ ਦੀ ਸੁਰ ਨੂੰ ਤਲਖ਼ੀ ਨਾਲ ਭਰੀ ਹੋਈ ਰਹਿਣ ਦਿੱਤਾ। ਇਹ ਵੱਖਰੀ ਗੱਲ ਸੀ ਕਿ ਬੌਧਿਕ ਵਿਸ਼ਲੇਸ਼ਣ ਪੱਖੋਂ ਉਸ ਦੀਆਂ ਧਾਰਨਾਵਾਂ ਨਿਰਮੂਲ ਸਨ।

ਸਵਾਲ ਪੈਦਾ ਹੁੰਦਾ ਹੈ ਕਿ ਕੀ ਚੌਮਸਕੀ ਉਸ ਦੇ ਗੁੱਸੇ-ਗਿਲੇ ਨੂੰ ਨਿਰਮੂਲ ਸਮਝ ਕੇ ਅੱਖੋਂ ਪਰੋਖੇ ਕਰ ਦਿੰਦਾ। ਉਸ ਦਾ ਵਡੱਪਣ ਇਸ ਗੱਲ ਵਿਚ ਹੈ ਕਿ ਉਸ ਨੇ ਅਜਿਹਾ ਨਾ ਕੀਤਾ। ਇਸ ਦਾ ਮਤਲਬ ਇਹ ਵੀ ਨਹੀਂ ਕਿ ਭਾਵੁਕਤਾ ਦੇ ਵਹਿਣ ਵਿਚ ਵਹਿ ਕੇ ਉਸ ਨੇ ਵਿਰਲਾਪ ਕਰਨਾ ਆਰੰਭ ਕਰ ਦਿੱਤਾ। ਇਸ ਮਗਰੋਂ ਕੀਤੀ ਵਾਰਤਾਲਾਪ ਵਿਚ ਉਸ ਨੇ ਜੋ ਸੁਰ ਅਖ਼ਤਿਆਰ





ਕੀਤੀ ਉਹ ਨਾ ਤਾਂ ਨਿਰੋਲ ਬੌਧਿਕਤਾ ਨਾਲ ਭਰਿਆ ਵਿਵੇਚਨ ਸੀ ਅਤੇ ਨਾ ਭਾਵੁਕਤਾ ਵਿਚ ਡਿਕਡੋਲੇ ਖਾਂਦੇ ਜਜ਼ਬਾਤ ਜਿਹੜੇ ਤਲਖ਼ ਹਕੀਕਤ ਨਾਲ ਟਕਰਾ ਕੇ ਚੂਰ ਚੂਰ ਹੋ ਜਾਂਦੇ। ਅਕਾਦਮਿਕ ਵਿਦਵਤਾ ਦੀ ਇਸ ਵਿਚ ਐਸੀ ਗਹਿਰਾਈ ਪੜ੍ਹਨ ਨੂੰ ਮਿਲਦੀ ਹੈ ਜੋ ਬੜੇ ਪੇਚੀਦਾ ਮਸਲਿਆਂ ਨਾਲ ਗੁੱਥਮ-ਗੁੱਥਾ ਹੁੰਦੀ ਹੈ। ਕੀ ਆਪਣੇ ਅਨੁਵਾਦਕ ਦੇ ਮਾਰੇ ਮਿਹਣੇ ਨੂੰ ਸਦਭਾਵੀ ਚੁਣੌਤੀ ਜਾਣ ਕੇ ਉਸ ਨੇ ਇਹ ਤਰੱਦਦ ਕੀਤਾ? ਅਨੁਮਾਨ ਹੋ ਸਕਦਾ ਹੈ ਕਿ ਇਹ ਧਾਰਨਾ ਨਿਰਮੂਲ ਨਹੀਂ। ਅਨੁਵਾਦਕ ਦਾ ਮਿਹਣਾ ਸਾਰਥਿਕ ਕਰਤੱਵ ਨਿਭਾਅ ਗਿਆ। ਇਸ ਦੇ ਨਾਲ ਹੀ ਇਕ ਹੋਰ ਧਾਰਨਾ ਹੈ ਜੋ ਮੈਨੂੰ ਇਸ ਪੜਾਅ 'ਤੇ ਸਹਿਜੇ ਹੀ ਸੁੱਝ ਗਈ ਹੈ। ਨੌਮ ਚੌਮਸਕੀ ਦਾ ਪਿਤਾ ਯੂਕਰੇਨ ਦਾ ਵਾਸੀ ਸੀ। ਚੌਮਸਕੀ ਦੇ ਜਨਮ ਤੋਂ ਪਹਿਲਾਂ ਉਹ ਅਮਰੀਕਾ ਆ ਵਸਿਆ ਸੀ। ਕੌਣ ਕਹਿ ਸਕਦਾ ਹੈ ਅਮਰੀਕਾ ਵਿਚ ਰਹਿੰਦੇ ਹੋਏ ਉਹ ਯੂਕਰੇਨ ਦੇ ਸੁਪਨੇ ਨਹੀਂ ਸੀ ਦੇਖਦਾ। ਇਹ ਕਿਵੇਂ ਹੋ ਸਕਦਾ ਹੈ ਕਿ ਇਸ ਦੀ ਲਾਗ ਚੌਮਸਕੀ ਨੂੰ ਨਾ ਲੱਗੀ ਹੋਵੇ। ਪਰ ਇਸ ਭੇਦ ਨੂੰ ਪ੍ਰਤੱਖ ਕਰਨਾ ਨਿਰਮੂਲ ਸੀ। ਦਰਅਸਲ, ਆਪਣੇ ਵਿਸਥਾਰ ਵਿਚ ਉਹ ਗਹਿਰਾਈ ਲਿਆਉਣ ਦੀ ਲੋੜ ਸੀ ਜਿਸ ਵਿਚ ਕੁੱਲ ਵੇਦਨਾ/ਸੰਵੇਦਨਾ ਪਾਠਕ/ਸਰੋਤੇ ਤਕ ਪਹੁੰਚਦੀ ਹੋਵੇ। ਇਹ ਲਰਜ਼ ਚੌਮਸਕੀ ਦੀ ਇਸ ਵਾਰਤਾਲਾਪ ਵਿਚੋਂ ਡੁੱਲ੍ਹ ਡੁੱਲ੍ਹ ਪੈਂਦੀ ਹੈ। ਇਸ ਵਿਚ ਉਸ ਨੇ ਪਹਿਲੀ ਗੱਲ ਇਹ ਕੀਤੀ ਕਿ ਯੂਕਰੇਨ ਦੇ ਸੁਤੰਤਰ ਦੇਸ਼ ਐਲਾਨੇ ਜਾਣ ਮਗਰੋਂ ਨੇਤਾਵਾਂ ਵਿਚ ਜੋ ਤਬਦੀਲੀ ਆਈ ਉਸ ਨੂੰ ਪ੍ਰਤੱਖ ਨੂੰ ਪ੍ਰਮਾਣ ਦੇ ਮੇਚ ਦਾ ਪੇਸ਼ ਕੀਤਾ। ਉਹ ਨੇਤਾ ਜੋ ਪਹਿਲਾਂ ਦਬੇ ਦਬੇ ਰਹਿੰਦੇ ਸਨ, ਉਹ ਆਪਣੇ ਆਪ ਨੂੰ ਰਾਠ ਬਣ ਗਏ ਮਹਿਸੂਸ ਕਰਨ ਲੱਗੇ। ਵਿਚਾਰਧਾਰਾ ਦੀ ਥਾਂ ਹਿੱਤ-ਪੂਰਤੀ ਸੀ ਜੋ ਉਨ੍ਹਾਂ ਦੇ ਜੋੜ ਅਣਜੋੜ ਦਾ ਆਧਾਰ ਬਣ ਗਈ। ਇਕ ਪਲ ਗੱਠਜੋੜ ਕਰਨਾ ਤੇ ਦੂਜੇ ਪਲ ਤੋੜ ਦੇਣਾ ਉਨ੍ਹਾਂ ਦਾ ਵਿਹਾਰ ਬਣ ਗਿਆ। ਸੋਵੀਅਤ ਯੂਨੀਅਨ ਤੋਂ ਆਏ ਜਾਂ ਵਸਾਏ ਗਏ ਲੋਕਾਂ ਨੂੰ ਇਸ ਤਲਖ਼ੀ ਦਾ ਸਾਹਮਣਾ ਖ਼ਾਸ ਤੌਰ 'ਤੇ ਕਰਨਾ ਪਿਆ। ਤੰਗ ਆ ਕੇ ਉਨ੍ਹਾਂ ਆਪਣੇ ਵਸੇਬੇ ਵਾਲੇ ਖੇਤਰ ਨੂੰ ਸੁਤੰਤਰ ਦੇਸ਼ ਐਲਾਨ ਦਿੱਤਾ। ਵਾਸਤਵ ਵਿਚ ਇਕ ਸੁਤੰਤਰ ਦੇਸ਼ ਵਜੋਂ ਵਿਚਰਨਾ ਉਸ ਦੇ ਵੱਸ ਦੀ ਗੱਲ ਨਹੀਂ ਸੀ। ਵਿਸ਼ੇਸ਼ ਹੱਕਾਂ ਦੇ ਧਾਰਨੀ ਮੰਨ ਕੇ ਉਨ੍ਹਾਂ ਲਈ ਸਹਿ-ਹੋਂਦ ਬਣਾਉਣੀ ਉਚਿਤ ਗੱਲ ਸੀ। ਯੂਰਪ ਦੇ ਕੁਝ ਦੇਸ਼ਾਂ, ਖ਼ਾਸਕਰ ਜਰਮਨੀ ਦੀ ਦੇਖ-ਰੇਖ ਅਧੀਨ ਮਿੰਸਕ ਸ਼ਹਿਰ ਵਿਚ ਵਿਚਾਰ-ਵਟਾਂਦਰਾ ਹੋਇਆ ਜਿਸ ਵਿਚ ਮੋਕਲੀਆਂ ਸ਼ਰਤਾਂ ਅਨੁਸਾਰ ਸਹਿਯੋਗ ਲਈ ਸਗੋਂ ਸਹਿ-ਹੋਂਦ ਲਈ ਨੀਤੀ ਘੜੀ ਗਈ।

ਨਿਰਾਸ਼ਾ ਤੇ ਨਮੋਸ਼ੀ ਵਾਲੀ ਗੱਲ ਇਹ ਹੋਈ ਕਿ ਇਸ ਸਮਝੌਤੇ ਦੀਆਂ ਮਦਾਂ ਲਾਗੂ ਨਾ ਹੋ ਸਕੀਆਂ। ਯੂਰਪੀ ਦੇਸ਼ ਖ਼ਾਸ ਕਰਕੇ ਜਰਮਨੀ, ਜਿਨ੍ਹਾਂ ਦੀ ਦੇਖ-ਰੇਖ ਹੇਠ ਇਹ ਸਮਝੌਤਾ ਹੋਇਆ ਆਪਣੇ ਮੰਤਵ ਵਿਚ ਸਫ਼ਲ ਨਾ ਹੋ ਸਕੇ। ਮੁੱਖ ਕਾਰਨ ਇਹ ਸੀ ਕਿ ਅਮਰੀਕਾ ਨੂੰ ਖੇਤਰੀ ਆਧਾਰ ਦੇ ਮੱਦੇਨਜ਼ਰ ਇਸ ਕਾਨਫਰੰਸ ਵਿਚ ਬੁਲਾਇਆ ਨਹੀਂ ਸੀ ਗਿਆ ਜੋ ਇਸ ਦੇ ਸਫ਼ਲ ਹੋਣ ਨੂੰ ਆਪਣੀ ਹੇਠੀ ਨਾਲ ਜੋੜ ਬੈਠਾ। ਯੂਕਰੇਨ ਦੇ ਗ਼ੈਰ-ਰੂਸੀ 'ਰਾਠਾਂ' ਨੂੰ ਅਮਰੀਕਾ ਦੀ ਅਰਚੀ ਬਹੁਤ ਰਾਸ ਆਈ ਅਤੇ ਉਨ੍ਹਾਂ ਨੇ ਵੀ ਇਸ ਨੂੰ ਸਫ਼ਲ ਬਣਾਉਣ ਵਿਚ ਕੋਈ ਦਿਲਚਸਪੀ ਨਾ ਦਿਖਾਈ। ਸਦੀਆਂ ਤੋਂ ਚਲੇ ਆਏ ਯੁੱਧਾਂ ਨੇ ਯੂਰਪੀ ਦੇਸ਼ਾਂ ਨੂੰ ਇਤਨਾ ਨਿਰ-ਉਤਸ਼ਾਹਿਤ ਕਰ ਦਿੱਤਾ ਕਿ ਜਰਮਨੀ ਲਈ ਭਾਵੀ ਨੂੰ ਟਾਲ ਸਕਣਾ ਮੁਹਾਲ ਹੋ ਗਿਆ। ਪ੍ਰੋਫੈਸਰ ਚੌਮਸਕੀ ਜਿਵੇਂ ਉਮੀਦ ਦੀ ਕਿਰਨ ਦੇ ਬੁਝ ਜਾਣ ਨੂੰ ਬਿਆਨ ਕਰਦਾ ਹੈ ਉਸ ਵਿਚ ਨਿਮਨ ਤਰ੍ਹਾਂ ਦੀ ਸ਼ਰੀਕੇਬਾਜ਼ੀ ਅਤੇ ਵਿਰਾਟ ਤਰ੍ਹਾਂ ਦੀ ਨੇਤਾਗਿਰੀ ਨੂੰ, ਸਮੇਤ ਉਸ ਦੇ ਫ਼ਿਕਰ ਦੇ, ਪੂਰੀ ਥਾਂ ਮਿਲ ਜਾਂਦੀ ਹੈ। ਇਉਂ ਪ੍ਰਤੀਤ ਹੁੰਦਾ ਹੈ ਜਿਵੇਂ ਦੂਰ ਦੇਸ਼ ਤੋਂ ਝਾਤ ਪਾਉਣ ਦੀ ਥਾਂ ਕੋਲ ਬੈਠ ਕੇ ਬੜੀ ਨੀਝ ਨਾਲ ਉਸ ਨੇ ਪ੍ਰਸਥਿਤੀ 'ਤੇ ਨਿਗਾਹਾਂ ਟਿਕਾਈਆਂ ਹੋਈਆਂ ਸਨ।

ਸਤਹਿ 'ਤੇ ਜੋ ਵਾਪਰਿਆ ਉਸ ਦੀ ਗਹਿਰਾਈ ਵਿਚ ਜਾ ਕੇ ਉਹ ਇਸ ਮੱਤ ਦਾ ਕਾਇਲ ਹੋ ਜਾਂਦਾ ਹੈ ਕਿ ਪਿਛਲੇ ਹਜ਼ਾਰ ਸਾਲ ਤੋਂ ਯੁੱਧ ਦਾ ਅਖਾੜਾ ਬਣੇ ਰਹਿਣ ਕਾਰਨ ਯੂਰਪ ਦੇ ਜਨ-ਜੀਵਨ ਵਿਚ ਸਿਥਲਤਾ ਆ ਗਈ ਹੈ। ਰਾਜਸੀ ਖੇਤਰ ਵਿਚ ਵਿਸ਼ਵ ਨੂੰ ਅਗਵਾਈ ਦੇਣ ਵਾਲੇ ਨਿਰਣੇ ਲੈਣ ਅਤੇ ਅਗਾਂਹ ਉਨ੍ਹਾਂ ਨੂੰ ਕਾਰ-ਵਿਹਾਰ ਵਿਚ ਚਲਦੇ ਦੇਖਣ ਦੀ ਰੁਚੀ ਨਿਬਲ ਹੋ ਗਈ ਸੀ। ਉਹ ਅਮਰੀਕਾ ਵਲੋਂ ਚੁੱਕੇ ਜਾਂਦੇ ਖ਼ਤਰੇ ਖੜ੍ਹੇ ਕਰਨ ਵਾਲੇ ਕਦਮਾਂ ਨੂੰ ਚੁਣੌਤੀ ਦੇਣ ਦੇ ਸਮਰੱਥ ਨਹੀਂ ਰਹੇ ਸਨ। ਮਾਯੂਸ ਕਰਨ ਵਾਲੀ ਗੱਲ ਇਹ ਸੀ ਕਿ ਪ੍ਰਤੱਖ ਨੂੰ ਪ੍ਰਮਾਣ ਜਾਣ ਯੂਰਪ ਦੇ ਲਗਪਗ ਸਾਰੇ ਦੇਸ਼ ਅਮਰੀਕਾ ਦੀ ਨੀਤੀ ਦਾ ਸਮਰਥਨ ਕਰਨ ਲੱਗ ਪੈਂਦੇ ਸਨ। ਜੋ ਮੱਧ-ਏਸ਼ੀਆ ਵਿਚ ਹੋਇਆ ਉਸੇ ਤਰ੍ਹਾਂ ਦੇ ਹਾਲਾਤ ਮੱਧ-ਯੂਰਪ ਵਿਚ ਬਣਦੇ ਦੇਖਣਾ ਅਮਰੀਕਾ ਨੂੰ ਰਾਸ ਆਉਂਦਾ ਸੀ। ਭੂਗੋਲਿਕ ਤੌਰ 'ਤੇ ਯੂਰਪ ਤੋਂ ਦੂਰ ਵਿਚਰਦੇ ਅਮਰੀਕਾ ਦੀ ਦੂਜੇ ਮੁਲਕਾਂ ਨੂੰ ਉਨ੍ਹਾਂ ਮਾੜੇ ਹਾਲਾਤ ਵਿਚੋਂ ਬਾਹਰ ਆਉਣ ਤੋਂ ਅਸਮਰੱਥ ਬਣਾਈ ਰੱਖਣ ਦੀ ਨੀਤੀ ਅਚੇਤ ਘੱਟ ਅਤੇ ਸੁਚੇਤ ਵੱਧ ਹੋ ਨਿਬੜੀ ਸੀ। ਟੱਕਰ ਦੇ ਟਕਰਾਉਂਦੇ ਹਰ ਧੜੇ ਨੂੰ ਹਥਿਆਰ ਮੁਹੱਈਆ ਕਰਨਾ ਕਠਨ ਨਹੀਂ ਰਹਿੰਦਾ। ਦੂਜੇ ਪਾਸੇ ਚੀਨ ਸੀ, ਰੂਸ ਦਾ ਸਹਾਇਕ, ਵਿੱਤੀ ਸਹਾਇਤਾ ਦੇ ਬਾਵਜੂਦ ਰੂਸ ਭਾਵੇਂ ਜਿੱਤੇ ਜਾਂ ਹਾਰੇ, ਉਸ ਦੀ ਨੇਤਾਗਿਰੀ ਵਿਚ ਕੋਈ ਫ਼ਰਕ ਨਹੀਂ ਸੀ ਪੈਣ ਲੱਗਾ।

ਯੂਰਪੀ ਦੇਸ਼ਾਂ ਦੇ ਸੰਗਠਿਤ ਹੀ ਨਹੀਂ ਸਗੋਂ ਵਿਰਸੇ ਦੇ ਲੋਕ-ਹਿੱਤ ਨੂੰ ਮੁੱਖ ਭੂਮੀ ਵਿਚ ਉਤਾਰਨ ਨਾਲ ਹੀ ਇਹ ਭਾਵੀ ਟਲ ਸਕਦੀ ਹੈ। ਅਜੋਕੇ ਮੁਹਾਜ਼ 'ਤੇ ਜੋ ਵਾਪਰ ਰਿਹਾ ਹੈ ਉਹ ਇਸ ਦੇ ਵਿਪਰੀਤ ਹੈ। ਇਸ ਦੀ ਪ੍ਰਤੀਨਿਧ ਉਦਾਹਰਨ ਉਸ ਅਨੁਸਾਰ ਇੰਗਲੈਂਡ ਦਾ ਯੂਰਪੀ ਸੰਗਠਨ ਤੋਂ ਬਾਹਰ ਆ ਜਾਣਾ ਹੈ। ਚੌਮਸਕੀ ਦਾ ਦਾਅਵਾ ਹੈ ਕਿ ਇਸ ਕਾਰਨ ਯੂਰਪੀ ਸੰਗਠਨ ਨੂੰ ਢਾਹ ਲੱਗੀ ਹੈ ਅਤੇ ਇੰਗਲੈਂਡ ਦੀ ਅਮਰੀਕਾ ਉਪਰ ਨਿਰਭਰਤਾ ਵਧ ਗਈ ਹੈ। ਅਜਿਹੀ ਮਾਅਰਕੇਬਾਜ਼ੀ ਤੋਂ ਬਚੇ ਰਹਿਣਾ ਇੰਗਲੈਂਡ ਦੇ ਹੀ ਨਹੀਂ ਸਗੋਂ ਯੂਰਪੀ ਦੇਸ਼ਾਂ ਦੇ ਪੱਖ ਵਿਚ ਵੀ ਜਾਂਦਾ ਹੈ। ਯੂਰਪੀ ਦੇਸ਼ਾਂ ਵਿਚ ਲੋਕ ਰਾਜ ਅਤੇ ਲੋਕ ਭਲਾਈ ਦੀ ਪ੍ਰਥਾ ਕਿਤੇ ਸਮਰੱਥਾਵਾਨ ਹੈ ਜਿਸ ਨੂੰ ਕਿਸੇ ਹਾਲਤ ਵਿਚ ਢਾਹ ਨਹੀਂ ਲੱਗਣੀ ਚਾਹੀਦੀ। ਅਜੋਕੀ ਪ੍ਰਸਥਿਤੀ ਵਿਚ ਜਿਸ ਨੀਤੀ, ਸਸਤੀ ਵਿੱਦਿਆ, ਮੁਫ਼ਤ ਇਲਾਜ ਨੂੰ ਅਮਰੀਕਾ ਵਿਚ ਲਾਗੂ ਕਰਨਾ ਅਸੰਭਵ ਮੰਨਿਆ ਜਾਂਦਾ ਹੈ ਉਹ ਯੂਰਪੀ ਦੇਸ਼ਾਂ ਜਰਮਨੀ ਅਤੇ ਫਰਾਂਸ ਆਦਿ ਵਿਚ ਭਲੀਭਾਂਤ ਲਾਗੂ ਹੈ। ਆਰੰਭਕ ਨੁਕਤੇ ਨੂੰ ਅੰਤਿਮ ਬਣਾਉਣ ਦੀ ਖੁੱਲ੍ਹ ਮਾਣਦਾ, ਮੈਂ ਯੂਕਰੇਨ ਦੇ ਰਾਸ਼ਟਰਪਤੀ ਬਾਰੇ ਚੌਮਸਕੀ ਵਲੋਂ ਪ੍ਰਗਟ ਕੀਤੀ ਰਾਇ ਦਾ ਮਹੱਤਵ ਉਘਾੜਨਾ ਯੋਗ ਸਮਝਦਾ ਹਾਂ। ਉਸ ਦੀ ਧਾਰਨਾ ਸੀ ਕਿ ਸੋਵੀਅਤ ਯੂਨੀਅਨ ਤੋਂ ਵੱਖ ਹੋ ਕੇ ਯੂਕਰੇਨ ਦੇ ਨੇਤਾ, ਜੋ ਪਹਿਲਾਂ ਜੀ ਹਜ਼ੂਰੀਏ ਸਨ, ਇਕਦਮ ਆਪਣੇ ਆਪ ਨੂੰ ਰਾਠ ਦਰਸਾਉਣ ਲੱਗ ਪਏ ਸਨ। ਭਾਵੇਂ ਨਾਂ ਲੈ ਕੇ ਤਾਂ ਉਸ ਨੇ ਇਹ ਦ੍ਰਿੜ੍ਹ ਨਹੀਂ ਕੀਤਾ ਕਿ ਯੂਕਰੇਨ ਦਾ ਅਜੋਕਾ ਰਾਸ਼ਟਰਪਤੀ ਉਨ੍ਹਾਂ ਵਰਗਾ ਹੀ ਸੀ ਪਰ ਉਸ ਦੀ ਧਾਰਨਾ ਦਾ ਮੂਲ ਇਹੋ ਸੀ। ਤਿੰਨ ਮਹੀਨਿਆਂ ਤੋਂ ਵੱਧ ਚੱਲੇ ਯੁੱਧ, ਜਿਸ ਦੇ ਇੰਨਾ ਲੰਬਾ ਚੱਲਣ ਦਾ ਰੂਸੀ ਫ਼ੌਜ ਅਤੇ ਸਰਕਾਰ ਨੂੰ ਚਿੱਤ-ਚੇਤਾ ਵੀ ਨਹੀਂ ਸੀ, ਕਾਰਨ ਜ਼ੈਲੰਸਕੀ ਸਨਮਾਨਯੋਗ ਨੇਤਾ ਵਜੋਂ ਉੱਭਰ ਆਇਆ ਹੈ। ਇਸ ਧਾਰਨਾ ਦੀ ਉਸ ਨੇ ਵਿਆਖਿਆ ਤਾਂ ਨਹੀਂ ਕੀਤੀ ਪਰ ਇਸ ਵਿਚ ਆਏ ਬਦਲ ਦਾ ਅਨੁਮਾਨ ਅਵੱਸ਼ ਹੀ ਲਗਾਇਆ ਜਾ ਸਕਦਾ ਹੈ।

ਪ੍ਰਤੀਤ ਹੁੰਦਾ ਹੈ ਕਿ ਇਸ ਬਦਲਾਅ ਦਾ ਆਧਾਰ ਜ਼ੈਲੰਸਕੀ ਵਲੋਂ ਦਰਸਾਈ ਇਹ ਧਾਰਨਾ ਹੈ ਕਿ ਉਸ ਨੂੰ ਆਪਣੇ ਦੇਸ਼ ਦੀ ਭੋਇੰ ਨਾਲੋਂ ਦੇਸ਼ਵਾਸੀ ਪਹਿਲਾਂ ਹਨ। ਰੂਸੀ ਪੱਤਰਕਾਰ ਇਸ ਕਥਨ ਤੋਂ ਇਹ ਨਿਚੋੜ ਕੱਢ ਸਕਦੇ ਸਨ ਕਿ ਦੇਸ਼ਵਾਸੀਆਂ ਦੇ ਦੁੱਖਾਂ ਦੀ ਸਮਾਪਤੀ ਲਈ ਉਹ ਹਮਲਾਵਰਾਂ ਦੀਆਂ ਮੰਗਾਂ ਮੰਨਣ ਲਈ ਤਿਆਰ ਸੀ। ਵਾਸਤਵ ਵਿਚ ਉਹ ਇਹ ਵਿਚਾਰ ਨਹੀਂ ਸੀ ਸਗੋਂ ਉਸ ਦੀ ਗੱਲਬਾਤ ਰਾਹੀਂ ਜੰਗ ਖ਼ਤਮ ਕਰਨ ਦੀ ਮੰਗ ਸੀ ਤਾਂ ਜੋ ਉਸ ਦੇ ਦੇਸ਼ ਦੀ ਲਹੂ-ਲੁਹਾਣ ਧਰਤੀ ਨੂੰ ਸੁਖ ਦਾ ਸਾਹ ਆ ਸਕੇ। ਨਾਲ ਹੀ ਉਸ ਦਾ ਇਹ ਕਹਿਣਾ ਸੀ ਕਿ ਯੁੱਧ ਖ਼ਤਮ ਕਰਨ ਸਬੰਧੀ ਗੱਲਬਾਤ ਰੂਸ ਦੇ ਰਾਸ਼ਟਰਪਤੀ ਪੂਤਿਨ ਨਾਲ ਹੀ ਹੋ ਸਕਦੀ ਸੀ। ਇਸ ਦਾ ਅੰਤ੍ਰੀਵ ਮੰਤਵ ਇਹ ਪ੍ਰਤੱਖ ਕਰਨਾ ਸੀ ਕਿ ਅਜੋਕੇ ਸ਼ਾਸਕ ਸੋਵੀਅਤ ਯੂਨੀਅਨ ਦੀ ਬੁਨਿਆਦ ਰੱਖਣ ਵਾਲੇ ਦਰਵੇਸ਼ ਨੇਤਾ, ਵਲਾਦੀਮੀਰ ਲੈਨਿਨ ਦੀ ਦ੍ਰਿਸ਼ਟੀ ਦੇ ਕਿੰਨਾ ਵਿਪਰੀਤ ਸਨ। ਭਾਵੇਂ ਪੂਤਿਨ ਨੇ ਉਸ ਦੀ ਪੇਸ਼ਕਸ਼ ਦਾ ਕੋਈ ਹੁੰਗਾਰਾ ਨਹੀਂ ਭਰਿਆ ਪਰ ਇਹ ਪ੍ਰਭਾਵ ਕਿਵੇਂ ਅੱਖੋਂ-ਪਰੋਖੇ ਹੋ ਸਕਦਾ ਹੈ ਕਿ ਉਸ ਕੋਲ ਯੂਕਰੇਨ ਦੇ ਰਾਸ਼ਟਰਪਤੀ ਦੀਆਂ ਧਾਰਨਾਵਾਂ ਦਾ ਕੋਈ ਜਵਾਬ ਨਹੀਂ। ਚੌਮਸਕੀ ਵੱਲੋਂ ਯੂਕਰੇਨ ਦੇ ਰਾਸ਼ਟਰਪਤੀ ਦੇ ਨਾਂ ਨਾਲ ਲਗਾਇਆ ਇਕ ਵਿਸ਼ੇਸ਼ਣ ਆਪਣੇ ਵਿਚ ਕਿੰਨਾ ਕੁਝ ਲੁਕਾਈ ਬੈਠਾ ਹੈ। ਇੱਥੇ ਉਸ ਦੇ ਭਾਸ਼ਿਕ ਸਿਧਾਂਤ ਅਤੇ ਗਿਆਨ ਨੂੰ ਅਲੌਕਿਕ ਕਹਿਣ ਵਿਚ ਕੋਈ ਸੰਕੋਚ ਨਹੀਂ ਹੋ ਸਕਦਾ।

## ਕਾਂ ਤੇ ਘੁੱਗੀ

ਇਕ ਵਾਰ ਦੀ ਗੱਲ ਹੈ ਕਿ ਇਕ ਜੰਗਲ ਵਿਚ ਇਕ ਰੁੱਖ ਦੀ ਟਾਹਣੀ ਉੱਪਰ ਇਕ ਘੁੱਗੀ ਦਾ ਆਲ੍ਹਣਾ ਸੀ। ਇਕ ਦਿਨ ਇਕ ਕਾਂ ਤੇ ਕਾਉਣੀ ਉਸ ਦੇ ਗੁਆਂਢ ਆ ਕੇ ਰਹਿਣ ਲੱਗੇ। ਕਾਂ ਤੇ ਕਾਉਣੀ ਦੇ ਆਉਣ ਨਾਲ ਘੁੱਗੀ ਦਾ ਮੱਥਾ ਠਣਕਿਆ ਕਿ ਹੁਣ ਉਸ ਦਾ ਉੱਥੇ ਰਹਿਣਾ ਖ਼ਤਰੇ ਤੋਂ ਖ਼ਾਲੀ ਨਹੀਂ।

ਰਣਬੀਰ ਸਿੰਘ ਪ੍ਰਿੰਸ
ਫੋਨ: 98722-99613

ਪਰ ਫੇਰ ਵੀ ਉਸ ਦੇ ਮਨ ਵਿਚ ਇਕ ਵਿਸ਼ਵਾਸ ਸੀ ਕਿ ਸੱਤ ਘਰ ਤਾਂ ਡੈਣ ਵੀ ਛੱਡ ਦਿੰਦੀ ਹੈ। ਇਹ ਗੱਲ ਜਦੋਂ ਉਸ ਦੇ ਬਾਕੀ ਸਾਥੀਆਂ ਨੂੰ ਪਤਾ ਲੱਗੀ ਤਾਂ ਉਨ੍ਹਾਂ ਵੀ ਉਸ ਨੂੰ ਆਪਣਾ ਘਰ ਬਦਲਣ ਦੀ ਸਲਾਹ ਦਿੱਤੀ ਪਰ ਉਸ ਦਾ ਮਨ ਨਾ ਮੰਨਿਆ।

ਹਾਲੇ ਕੁਝ ਹੀ ਦਿਨ ਲੰਘੇ ਸਨ ਕਿ ਇਕ ਦਿਨ ਕਾਂ ਦੀ ਨਜ਼ਰ ਘੁੱਗੀ ਦੇ ਆਂਡਿਆਂ 'ਤੇ ਪਈ ਪਰ ਘੁੱਗੀ ਨੂੰ ਆਲ੍ਹਣੇ ਵਿਚ ਵੇਖ ਉਸ ਦੀ ਵਾਹ ਨਾ ਚੱਲਦੀ। ਕਾਂ ਦੀ ਨਜ਼ਰ ਬਦਲੀ ਵੇਖ ਕਾਉਣੀ ਨੇ ਸਮਝਾਉਣਾ ਚਾਹਿਆ ਕਿ ਦੇਖ ਸੱਤ ਘਰ ਤਾਂ ਡੈਣ ਵੀ ਛੱਡ ਦਿੰਦੀ ਹੈ। ਗੁਆਂਢ ਵਿਚ ਵੈਰ ਪਾਇਆ ਚੰਗਾ ਨਹੀਂ ਹੁੰਦਾ। ਪਰ ਕਾਂ ਦਾ ਉਹੀ ਘਸਿਆ ਪਿਟਿਆ ਜੁਆਬ ਘੋੜਾ ਘਾਹ ਨਾਲ਼ ਦੋਸਤੀ ਕਰੂ ਤਾਂ ਭੁੱਖਾ ਨਾ ਮਰੂ। ਕਾਉਣੀ ਉਸ ਨੂੰ ਨਿੱਤ ਸਮਝਾਉਂਦੀ ਕਿ ਗੁਆਂਢੀ ਹੀ ਗੁਆਂਢੀ ਦੇ ਕੰਮ ਆਉਂਦਾ ਆਖ਼ਰ ਸਿਆਣਾ ਬਣ ਪਰ ਕਾਂ ਟੱਸ ਤੋਂ ਮੱਸ ਨਾ ਹੋਇਆ। ਬਸ ਮੌਕੇ ਦੀ ਤਲਾਸ਼ ਵਿਚ ਰਹਿੰਦਾ ਤੇ ਕਾਉਣੀ ਨੂੰ ਆਪਣੀ ਮੱਤ ਆਪਣੇ ਕੋਲ਼ ਰੱਖਣ ਲਈ ਕਹਿੰਦਾ। ਕਾਉਣੀ ਸਬਰ ਦਾ ਘੁੱਟ ਭਰ ਕੇ ਰਹਿ ਜਾਂਦੀ।

ਇਕ ਦਿਨ ਉਹ ਹੀ ਭਾਣਾ ਵਰਤ ਗਿਆ ਜਿਸ ਤੋਂ ਘੁੱਗੀ ਤੇ ਕਾਉਣੀ ਡਰਦੀਆਂ ਸੀ। ਘੁੱਗੀ ਨੂੰ ਦਾਣਾ ਚੁਗਦਿਆਂ ਦੇਰ ਹੋ ਗਈ ਕਾਉਣੀ ਵੀ ਪੇਕੇ ਘਰ ਗਈ ਸੀ। ਕਾਂ ਦੇ ਉਹ ਸੁਨਹਿਰੀ ਮੌਕਾ ਹੱਥ ਲੱਗ ਗਿਆ ਜਿਸ ਨੂੰ ਉਹ ਚਿਰਾਂ ਤੋਂ ਉਡੀਕਦਾ ਸੀ। ਆਂਡੇ ਦੇਖ ਮੂੰਹ ਵਿਚੋਂ ਲਾਲਾਂ ਟਪਕਣ ਲੱਗੀਆਂ ਤੇ ਝੱਟ ਉੱਡ ਕੇ ਘੁੱਗੀ ਦੇ ਆਲ੍ਹਣੇ ਵਿਚ ਜਾ ਬੈਠਾ, ਤੇ ਸਾਰੇ ਆਂਡੇ ਪੀ ਗਿਆ। ਘੁੱਗੀ ਨੂੰ ਜਦੋਂ ਇਸ ਗੱਲ ਦਾ ਪਤਾ ਲੱਗਿਆ ਤਾਂ ਉਹ ਦੁਖੀ ਹੋਈ। ਉਸ ਦਾ ਵਿਸ਼ਵਾਸ ਤੇ ਧੀਰਜ ਟੁੱਟ ਗਿਆ। ਕੁਝ ਦਿਨ ਬਾਅਦ ਕਾਉਣੀ ਆਈ। ਉਸ ਨੂੰ ਵੀ ਜਦੋਂ ਇਸ ਗੱਲ ਦਾ ਪਤਾ ਲੱਗਿਆ ਤਾਂ ਉਹ ਵੀ ਬਹੁਤ ਪਛਤਾਈ ਕੇ ਇਹ ਕੀ ਕੀਤਾ ਪਾਪੀ ਨੇ। ਕਾਂ ਨੂੰ ਬਹੁਤ ਬੁਰਾ ਭਲਾ ਬੋਲੀ ਤੇ ਘੁੱਗੀ ਤੋਂ ਮੁਆਫ਼ੀ ਮੰਗੀ ਪਰ ਘੁੱਗੀ ਦਾ ਵਿਸ਼ਵਾਸ ਟੁੱਟ ਗਿਆ ਤੇ ਉਹ ਉਦਾਸ ਰਹਿਣ ਲੱਗੀ।

ਇਕ ਦਿਨ ਕਾਂ ਤੇ ਕਾਉਣੀ ਜੰਗਲ ਵਿਚ ਕਿਤੇ ਦੂਰ ਚੋਗ ਚੁਗਣ ਲਈ ਗਏ ਹੋਏ ਸਨ ਤਾਂ ਅਚਾਨਕ ਭਾਰੀ ਮੀਂਹ ਤੇ ਤੂਫ਼ਾਨ ਆ ਗਿਆ। ਆਲ੍ਹਣਿਆਂ ਤਕ ਮੁੜਨਾ ਮੁਸ਼ਕਿਲ ਹੋ ਗਿਆ। ਕਾਂ ਤੇ ਕਾਉਣੀ ਨੂੰ ਆਪਣੇ ਬੱਚਿਆਂ ਦੀ ਚਿੰਤਾ ਸਤਾਉਣ ਲੱਗੀ। ਉਧਰੋਂ ਬੱਚਿਆਂ ਦਾ ਭੁੱਖ ਨਾਲ ਬੁਰਾ ਹਾਲ ਹੋ ਗਿਆ। ਘੁੱਗੀ ਤੋਂ ਉਨ੍ਹਾਂ ਨੂੰ ਭੁੱਖ ਨਾਲ ਵਿਲਕਦਿਆਂ ਦਾ ਹਾਲ ਦੇਖਿਆ ਨਾ ਗਿਆ ਪਰ ਇਕ ਪਾਸੇ ਉਸ ਨੂੰ ਵਾਰ ਵਾਰ ਕਾਂ ਵਲੋਂ ਕੀਤਾ ਕਾਰਨਾਮਾ ਅੱਖਾਂ ਅੱਗੇ ਆ ਖੜ੍ਹਦਾ। ਪਰ ਜਦੋਂ ਬਲੂਰ ਬੱਚਿਆਂ ਵੱਲ ਵੇਖਦੀ ਤਾਂ ਤਰਸ ਤੇ ਦਇਆ ਆਉਂਦੀ।

ਅੰਤ ਉਸ ਦੇ ਅੰਦਰ ਦੀ ਮਮਤਾ ਜਾਗ ਪਈ ਤੇ ਉਸ ਨੇ ਆਪਣੇ ਆਲ੍ਹਣੇ ਵਿਚ ਜੋ ਵੀ ਨਿੱਕ ਸੁੱਕ ਪਿਆ ਸੀ ਬੱਚਿਆਂ ਨੂੰ ਖੁਆ ਉਨ੍ਹਾਂ ਦੀ ਭੁੱਖ ਸ਼ਾਂਤ ਕੀਤੀ ਤੇ ਤੂਫ਼ਾਨ ਦੇ ਥੰਮ੍ਹਣ ਤਕ ਆਪਣੇ ਕੋਮਲ ਖੰਭਾਂ ਹੇਠ ਲੁਕੋ ਕੇ ਰੱਖਿਆ। ਓਧਰ ਤੂਫ਼ਾਨ ਦੇ ਥੰਮ੍ਹਣ 'ਤੇ ਜਿਵੇਂ ਤਿਵੇਂ ਆਪਣੇ ਆਲ੍ਹਣੇ ਵਿਚ ਪਹੁੰਚ ਕਾਂ ਤੇ ਕਾਉਣੀ ਨੇ ਬੱਚਿਆਂ ਨੂੰ ਦੇਖਿਆ ਤੇ ਘੁੱਗੀ ਨੂੰ ਕੋਲ਼ ਰਾਖੀ ਕਰਦੇ ਦੇਖਿਆ ਤਾਂ ਕਾਉਣੀ ਦੀਆਂ ਅੱਖਾਂ ਭਰ ਆਈਆਂ ਤੇ ਘੁੱਗੀ ਉੱਡ ਕੇ ਆਪਣੇ ਆਲ੍ਹਣੇ ਜਾ ਬੈਠੀ।

ਜਦੋਂ ਬੱਚਿਆਂ ਨੇ ਚੋਗ ਖੁਆਉਣ ਦੀ ਗੱਲ ਦੱਸੀ ਤਾਂ ਕਾਉਣੀ ਦਾ ਮਨ ਹੋਰ ਵੀ ਪਸੀਜ ਗਿਆ। ਕਾਂ ਨੂੰ ਆਪਣੀ ਕੀਤੀ 'ਤੇ ਸ਼ਰਮਿੰਦਗੀ ਮਹਿਸੂਸ ਹੋਣ ਲੱਗੀ ਤੇ ਉਸ ਨੇ ਘੁੱਗੀ ਤੋਂ ਮੁਆਫ਼ੀ ਮੰਗੀ ਤੇ ਅੱਗੇ ਤੋਂ ਇਕ ਚੰਗੇ ਗੁਆਂਢੀ ਬਣਨ ਦਾ ਭਰੋਸਾ ਦਿੱਤਾ। ਵਿਸ਼ਵਾਸ ਦਿਵਾਇਆ ਕਿ ਉਹ ਕਦੇ ਵੀ ਗੁਆਂਢੀ ਦਾ ਮਾੜਾ ਨਹੀਂ ਸੋਚੇਗਾ। ਹਮੇਸ਼ਾ ਰਲ਼ ਮਿਲ਼ ਕੇ ਰਹੇਗਾ।

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

# ਧੀਆਂ ! ਕਿਰਨਾਂ ਦੀਆਂ ਜਾਈਆਂ

***ਡਾ. ਗੁਰਬਖਸ਼ ਸਿੰਘ ਭੰਡਾਲ ਫਿਜ਼ਿਕਸ ਦੇ ਅਧਿਆਪਕ ਹਨ ਪਰ ਉਨ੍ਹਾਂ ਦੀਆਂ ਲਿਖਤਾਂ ਵਿਚ ਫਿਜ਼ਿਕਸ ਵਰਗੀ ਖੁਸ਼ਕੀ ਨਹੀਂ ਸਗੋਂ ਕਾਵਿਕ ਰਵਾਨੀ ਹੁੰਦੀ ਹੈ। ਉਹ ਜ਼ਿੰਦਗੀ ਦੇ ਸੱਚ ਦੀਆਂ ਗੱਲਾਂ ਇੰਨੇ ਸਹਿਜ ਭਾਅ ਕਰੀ ਜਾਂਦੇ ਹਨ, ਜਿਵੇਂ ਕੋਈ ਬੜਾ ਸਿਆਣਾ ਬਜ਼ੁਰਗ ਅਗਲੀ ਪੀੜ੍ਹੀ ਨੂੰ ਜ਼ਿੰਦਗੀ ਦੇ ਸੱਚ ਸੁਣਾ ਰਿਹਾ ਹੋਵੇ। ਉਹ ਅਸਲ ਵਿਚ ਕਾਵਿਕ ਵਾਰਤਕ ਦੇ ਸ਼ਾਹ-ਅਸਵਾਰ ਹਨ, ਜਿਨ੍ਹਾਂ ਦੀਆਂ ਲਿਖਤਾਂ ਜ਼ਿੰਦਗੀ ਦੇ ਸਰੋਕਾਰਾਂ ਨਾਲ ਸੰਵਾਦ ਰਚਾਉਂਦੀਆਂ ਹਨ, ਜੋ ਅੰਤਰੀਵੀ ਨਾਦ ਬਣ ਕੇ ਉਨ੍ਹਾਂ ਦੀ ਕਿਰਤ ਵਿਚ ਫੈਲਦਾ ਹੈ। ਉਹ ਉਨ੍ਹਾਂ ਵਿਸ਼ਿਆਂ ਦੀਆਂ ਪਰਤਾਂ ਫਰੋਲਦੇ ਹਨ ਜਿਨ੍ਹਾਂ ਬਾਰੇ ਬਹੁਤ ਘੱਟ ਲਿਖਿਆ ਗਿਆ ਹੈ। ਇਸ ਲੇਖ ਵਿਚ ਉਨ੍ਹਾਂ ਨੇ ਆਪਣੀ ਦੋਹਤੀ ਦੇ ਜਨਮ ਨਾਲ ਘਰ ਵਿਚ ਬਣੇ ਖੁਸ਼ੀ ਦੇ ਮਾਹੌਲ ਦਾ ਜ਼ਿਕਰ ਕੀਤਾ ਹੈ ਕਿ ਕਿੰਜ ਬੱਚੀ ਦੀ ਆਮਦ ਨੇ ਜ਼ਿੰਦਗੀ ਵਿਚ ਨਵਾਂ ਰੰਗ ਭਰ ਦਿੱਤਾ ਹੈ। ਉਨ੍ਹਾਂ ਨੇ ਸਮੇਂ ਦੇ ਨਾਲ ਪੰਜਾਬੀਆਂ ਦੀ ਸੋਚ ਵਿਚ ਆਏ ਸੁੱਚੇ ਬਦਲਾਅ ਦਾ ਵੀ ਜ਼ਿਕਰ ਕੀਤਾ ਹੈ, ਜਿਸ ਦਾ ਇਹ ਪ੍ਰਮਾਣ ਹੈ ਕਿ ਕਿਸੇ ਸਮੇਂ ਮੁੰਡਿਆਂ ਦੇ ਜਨਮ ਦੇ ਜਸ਼ਨ ਮਨਾਉਣ ਵਾਲੇ ਪੰਜਾਬੀ ਹੁਣ ਧੀਆਂ ਦੇ ਜਨਮ ਦੇ ਸਮੇਂ ਵੀ ਹਰ ਜਸ਼ਨ ਮਨਾਉਂਦੇ ਨੇ।***

ਦੋਹਤਰੀ ਦੇ ਜਨਮ ਦੀ ਖੁਸ਼ੀ ਵਿਚ ਬੇਟੀ ਦੇ ਘਰ ਅਖੰਡ ਪਾਠ ਹੋ ਰਿਹਾ ਹੈ। ਘਰ ਦੀ ਆਬੋ ਹਵਾ ਵਿਚ ਬੱਚੀ ਦੀ ਆਮਦ ਨੇ ਨਵਾਂ ਰੰਗ ਭਰ ਦਿਤਾ ਏ। ਖੁਸ਼ੀਆਂ ਤੇ ਖੇੜਿਆਂ ਦੇ ਰੰਗ ਨੇ ਚਾਰੇ ਪਾਸੇ। ਸਮੁੱਚੇ ਘਰ ਦੇ ਜੀਆਂ ਦੇ ਰੁਝੇਵੇਂ ਹੀ ਬਦਲ ਗਏ ਨੇ ਅਤੇ ਇਸ ਨਾਲ ਬਦਲ ਗਈ ਏ ਉਨ੍ਹਾਂ ਦੀ ਦੁਨੀਆ, ਸੋਚਾਂ ਦਾ ਵਹਾਅ, ਜੀਵਨ ਦੇ ਸਰੋਕਾਰ ਅਤੇ ਇਨ੍ਹਾਂ ਸਰੋਕਾਰਾਂ ਵਿਚੋਂ ਜ਼ਿੰਦਗੀ ਨੂੰ ਨਵੇਂ ਅਰਥ ਦੇਣ ਦੀ ਚਾਹਨਾ। ਉਹ ਗੁਣਗੁਣਾਉਂਦੇ:

ਨੰਨੀ ਪਰੀ ਸਾਡੇ ਵਿਹੜੇ ਆਈ
ਚਾਨਣ-ਪਰਾਗਾ ਨਾਲ ਲਿਆਈ
ਹਰ ਖੂੰਜੇ ਵਿਚ ਲੋਅ ਖਿਲਾਰੀ
ਹਰ ਜੀਅ ਜਾਵੇ ਸਦ-ਬਲਿਹਾਰੀ
ਧੀਆਂ ਨੇ ਕਿਰਨਾਂ ਦੀਆਂ ਜਾਈਆਂ
ਜਿਨ੍ਹਾਂ ਨਾਲ ਬਹਿਸ਼ਤਾਂ ਆਈਆਂ
ਸੁੱਕੇ ਦਰ ਹੁਣ ਗਏ ਤ੍ਰੇਲੇ
ਚੁੱਪ ਦੇ ਵਿਹੜੀਂ ਬੋਲਾਂ ਦੇ ਮੇਲੇ
ਨਿੱਕੇ ਨਿੱਕੇ ਜਦ ਭਰੇ ਹੁੰਗਾਰੇ
ਮਾਪੇ ਕੱਢਦੇ ਅਰਥ ਬਹੁ-ਸਾਰੇ
ਜਾਪੇ ਸਭ ਦੀ ਰੂਹ ਦਾ ਅੰਗ
ਖੁਸ਼ੀਆਂ-ਖੇੜਿਆਂ ਦਾ ਚੜ੍ਹਿਆ ਰੰਗ
ਧੀਆਂ ਮਾਪਿਆਂ ਦਾ ਹੁੰਦੀਆਂ ਨੂਰ
ਧੀਆਂ ਬਣਦੀਆਂ ਜਿਊਣ-ਸਰੂਰ
ਧੀਆਂ-ਧਿਆਣੀਆਂ ਸਭ ਨੂੰ ਦੇਵੇ
ਧੀਆਂ ਹੁੰਦੀਆਂ ਮਿੱਠੜੇ ਮੇਵੇ।

ਬੱਚੀ ਦਾ ਜਨਮ ਸਰਘੀ ਦੀ ਆਮਦ। ਬੰਨੇਰਿਆਂ ਤੋਂ ਸੂਰਜਈ ਕਿਰਨਾਂ ਦਾ ਹੌਲੀ ਹੌਲੀ ਉਤਰਨਾ ਅਤੇ ਵਿਹੜੇ ਵਿਚ ਕੋਸੇ ਕੋਸੇ ਚਾਨਣ ਦਾ ਪਸਰਨਾ। ਸਮੁੱਚੇ ਘਰ ਨੂੰ ਧੁੱਪਾਂ ਜਿਹੇ ਰੰਗਾਂ ਵਿਚ ਰੰਗਣਾ ਅਤੇ ਘਰ ਦਾ ਭਰ ਜਾਣਾ।

ਸਮੇਂ ਨਾਲ ਸੋਚ ਵਿਚ ਆਏ ਸੁੱਚੇ ਬਦਲਾਅ ਦਾ ਹੀ ਇਹ ਪ੍ਰਮਾਣ ਹੈ ਕਿ ਕਿਸੇ ਸਮੇਂ ਮੁੰਡਿਆਂ ਦੇ ਜਨਮ ਦੇ ਜਸ਼ਨ ਮਨਾਉਣ ਵਾਲੇ ਪੰਜਾਬੀ ਅੱਜ ਧੀਆਂ ਦੇ ਜਨਮ ਦੇ ਸਮੇਂ ਹਰ ਜਸ਼ਨ ਮਨਾਉਂਦੇ ਨੇ। ਉਨ੍ਹਾਂ ਦੇ ਮੁੱਖੜੇ ‘ਤੇ ਆਇਆ ਹੁਲਾਸ ਇਸ ਗੱਲ ਦਾ ਪ੍ਰਤੀਕ ਹੈ ਕਿ ਬੱਚੀ ਦੇ ਜਨਮ ਨੂੰ ਰੂਹ ਨਾਲ ਖੁਸ਼ਆਮਦੀਦ ਕਹਿੰਦੇ ਨੇ। ਬੱਚੇ ਦਾ ਜਨਮ ਮਾਂ ਦੀ ਕੁੱਖ ਨੂੰ ਸੁਲੱਖਣੀ ਕਰਦਾ, ਘਰ ਨੂੰ ਭਾਗ ਲੱਗਦੇ ਅਤੇ ਘਰ ਨੂੰ ਵਸੀਹ ਅਰਥ ਮਿਲਣ ਦਾ ਮਾਣ ਮਹਿਸੂਸ ਹੁੰਦਾ। ਇਹ ਬਜ਼ੁਰਗ ਹੀ ਹੁੰਦੇ ਜੋ ਆਪਣੇ ਬੱਚਿਆਂ ਦੇ ਬੱਚਿਆਂ ਵਿਚੋਂ ਭਵਿੱਖ ਦੇ ਸੂਹੇ ਸਮੇਂ ਕਿਆਸਦੇ। ਇਹ ਧੀਆਂ ਹੀ ਕਿਰਨਾਂ ਦੀਆਂ ਜਾਈਆਂ ਬਣ ਕੇ ਸਮੁੱਚੇ ਸਮਾਜ ਨੂੰ ਨਵੀਂ ਦਿੱਖ ਦਿੰਦੀਆਂ, ਰਿਸ਼ਤਿਆਂ ਵਿਚ ਨਿੱਘ ਭਰਦੀਆਂ, ਨਵੇਂ ਸੰਬੰਧ ਸਿਰਜੇ ਜਾਂਦੇ ਅਤੇ ਸਾਂਝਾਂ ਨੂੰ ਤਾਜ਼ਗੀ ਤੇ ਤਕੜਾਈ ਮਿਲਦੀ।

ਚਾਰ ਕੁ ਮਹੀਨੇ ਦੀ ਦੋਹਤਰੀ ਅਨਾਹਤ ਮੇਰੀ ਗੋਦ ਵਿਚ ਸੌਂ ਰਹੀ ਹੈ। ਪਾਠ ਸੁਣਦਿਆਂ ਸੁਣਦਿਆਂ, ਉਹ ਗੂੜ੍ਹੀ ਨੀਂਦ ਦਾ ਅਨੰਦ ਮਾਣਦੀ, ਨਾਨੇ ਦੀ ਗੋਦ ਦਾ ਨਿੱਘ ਵੀ ਮਾਣ ਰਹੀ ਹੈ। ਇਕ ਇਲਾਹੀ ਨੂਰ ਉਸਦੇ ਮੁੱਖੜੇ ‘ਤੇ ਪਸਰ ਰਿਹਾ ਹੈ। ਮੇਰੀ ਸੁਰਤੀ ਉਸ ਦੀਆਂ ਮਾਸੂਮ ਜਹੀਆਂ ਹਰਕਤਾਂ ਵਿਚੋਂ ਉਸਦੇ ਮਨ ਵਿਚ ਚੱਲ ਰਹੀਆਂ ਕਿਰਿਆਵਾਂ ਦੇ ਅੰਦਾਜ਼ੇ ਲਾਉਣ ਵਿਚ ਰੁੱਝ ਜਾਂਦੀ ਹੈ। ਕਦੇ ਇਕ ਉਂਗਲ ਉਪਰ ਕਰਦੀ ਹੈ ਤੇ ਕਦੇ ਦੋਵੇਂ ਹੱਥ। ਕਦੇ ਸੁੱਤਿਆਂ ਸੁੱਤਿਆਂ ਉਹ ਮੁਸਕਰਾਉਂਦੀ ਹੈ ਅਤੇ ਕਦੇ ਉਸਦੇ ਚਿਹਰੇ ‘ਤੇ ਤਿਊੜੀਆਂ ਉਭਰ ਆਉਂਦੀਆਂ ਨੇ। ਪਤਾ ਨਹੀਂ ਉਸਦੇ ਮਨ ਵਿਚ ਕੀ ਚੱਲ ਰਿਹਾ ਹੈ?

ਬੱਚੀ ਅੰਬਰ ਤੋਂ ਆਈ ਪਰੀ ਲੱਗਦੀ ਹੈ। ਸਭ ਦਾ ਮਨ ਮੋਂਹਦੀ, ਹਰੇਕ ਨੂੰ ਆਹਰੇ ਲਾਉਂਦੀ ਅਤੇ ਆਪਣੇ ਆਲ਼ੀਆਂ ਭੋਲੀਆਂ ਹਰਕਤਾਂ ਨਾਲ ਸਭ ਨੂੰ ਕਿਆਸਣ ਲਾਉਂਦੀ ਹੈ ਕਿ ਹੁਣ ਅਨਾਹਤ ਕੀ ਕਰ ਰਹੀ ਹੈ? ਕੰਧਾਂ ਨੂੰ ਘਰ ਹੋਣ ਅਤੇ ਘਰ ਨੂੰ ਭਰੇ ਭਕੁੰਨੇ ਹੋਣ ਵਰਦਾਨ ਮਿਲ ਗਿਆ ਹੈ ਅਨਾਹਤ ਦੀ ਆਮਦ ਨਾਲ।

ਸੋਚਦਾ ਹਾਂ ਪਤਾ ਨਹੀਂ ਉਸਦੇ ਅਵਚੇਤਨ ਵਿਚ ਕੀ ਕੀ ਚੱਲਦਾ ਹੋਵੇਗਾ? ਉਹ ਆਲੇ-ਦੁਆਲੇ ਨੂੰ ਕੀ ਸਮਝਦੀ ਹੋਵੇਗੀ? ਉਸ ਲਈ ਮਾਂ ਦੇ ਅਰਥ ਸਿਰਫ਼ ਦੁੱਧ ਪਿਆਉਣਾ, ਵਰਾਉਣਾ ਅਤੇ ਲਾਡ ਲਡਾਉਣਾ ਹੀ ਹੋਵੇਗਾ। ਉਸਨੂੰ ਰਿਸ਼ਤਿਆਂ ਦੀ ਕੋਈ ਸਮਝ ਤਾਂ ਨਹੀਂ। ਪਰ ਉਸਦੇ ਦੁਆਲੇ ਬਹੁਤ ਸਾਰੇ ਰਿਸ਼ਤੇ ਉਸਰ ਗਏ ਨੇ ਅਤੇ ਇਨ੍ਹਾਂ ਰਿਸ਼ਤਿਆਂ ਦੀ ਪਾਕੀਜ਼ਗੀ ਤੇ ਪਕਿਆਈ ਨੇ ਤਾਅ-ਉਮਰ ਉਸ ਨਾਲ ਨਿਭਣਾ ਏ।

ਸੱਚੀਂ ਕਿੰਨਾ ਚਾਅ ਹੁੰਦਾ ਹੈ ਬੱਚੇ ਦੇ ਜਨਮ ਦਾ। ਘਰ ਦਾ ਹਰ ਜੀਅ ਉਸਦੀ ਹਰ ਹਰਕਤ ਨੂੰ ਆਪਣੇ ਹੀ ਨਜ਼ਰੀਏ ਨਾਲ ਦੇਖਦਾ ਅਤੇ ਮਾਇਨੇ ਕੱਢਦਾ ਹੈ। ਬੱਚੇ ਦਾ ਹੱਥ ਉਠਾਉਣਾ ਕਿਸੇ ਲਈ ਬਾਏ-ਬਾਏ ਕਹਿਣਾ, ਕਿਸੇ ਲਈ ਵਾਅ ਨੂੰ ਪਕੜਨਾ ਅਤੇ ਕਿਸੇ ਲਈ ਅੰਬਰ ਨੂੰ ਹੱਥ ਵਿਚ ਲੈਣ ਦਾ ਹੰਭਲਾ ਵੀ ਹੋ ਸਕਦਾ।

ਬੱਚੀ ਦੀਆਂ ਨਿੱਕੀਆਂ ਉਂਗਲਾਂ ਨੂੰ ਨੀਝ ਨਾਲ ਦੇਖਦਿਆਂ ਸੋਚਦਾ ਹਾਂ ਕਿ ਇਨ੍ਹਾਂ ਉਂਗਲਾਂ ਨੇ ਕੁਝ ਸਮੇਂ ਬਾਅਦ ਮੇਰੀ ਉਂਗਲ ਫੜ ਕੇ ਤੁਰਨਾ ਸਿੱਖਣਾ ਏ ਅਤੇ ਕਿੰਨੀ ਖੁਸ਼ ਹੋਵੇਗੀ ਜਦ ਉਹ ਪਹਿਲਾ ਕਦਮ ਪੁੱਟੇਗੀ। ਇਹ ਜੀਵਨ-ਯਾਤਰਾ ਨੂੰ ਮੁਕੰਮਲ ਕਰਨ ਲਈ ਆਗਾਜ਼ ਹੋਵੇਗਾ। ਫਿਰ ਇਨ੍ਹਾਂ ਕਦਮਾਂ ਨੇ ਜ਼ਿੰਦਗੀਆਂ ਦੀਆਂ ਨਵੀਆਂ ਨਵੇਲੀਆਂ ਰਾਹਾਂ ਸਿਰਜਣ ਲਈ ਪੈੜਾਂ ਦੀ ਤਾਮੀਦਾਰਾਰੀ ਕਰਨੀ ਹੈ ਜਿਨ੍ਹਾਂ ਰਾਹੀਂ ਉਹ ਆਪਣੀਆਂ ਮੰਜ਼ਲਾਂ ਖੁਦ ਮਿੱਥੇਗੀ। ਸਫ਼ਲਤਾਵਾਂ ਦਾ ਸਿਰਨਾਵਾਂ ਵੀ ਖੁਣੇਗੀ। ਫਿਰ ਉਮਰ ਦੇ ਇਕ ਪੜਾਅ ‘ਤੇ ਮੈਂ ਇਨ੍ਹਾਂ ਉਂਗਲਾਂ ਨੂੰ ਪਕੜ ਕੇ ਥਿੜਕਦੀਆਂ ਲੱਤਾਂ ਨਾਲ ਕਦੇ ਕਦਾਈਂ ਤੁਰਨ ਦੀ ਕੋਸ਼ਿਸ਼ ਕਰਾਂਗਾ ਕਿਉਂਕਿ ਇਹ ਨੌਜਵਾਨ ਬੱਚੇ ਹੀ ਹੁੰਦੇ ਜੋ ਨਿੱਕੇ ਬੱਚਿਆਂ ਜੇਹੇ ਬਜ਼ੁਰਗਾਂ ਦੀ ਮਾਨਸਿਕਤਾ ਨੂੰ ਸਮਝ, ਉਨ੍ਹਾਂ ਦੀ ਢਲਦੀ ਸ਼ਾਮ ਵਿਚ ਓਟ ਬਣ ਕੇ ਉਨ੍ਹਾਂ ਦੇ ਆਖਰੀ ਪਹਿਰ ਨੂੰ ਸੁਖਨਵਰ ਬਣਾਉਂਦੇ।



ਬੱਚੇ ਨਾਲ ਸਮੇਂ ਦਾ ਪਤਾ ਹੀ ਨਹੀਂ ਲੱਗਦਾ। ਤੁਸੀਂ ਉਸ ਨਾਲ ਇੰਨਾ ਰੁੱਝਦੇ ਹੋ ਕਿ ਤੁਸੀਂ ਬੱਚਾ ਹੀ ਬਣ ਜਾਂਦੇ ਹੋ ਅਤੇ ਉਸਦੀ ਖੁਸ਼ੀ ਦੂਣ ਸਵਾਈ ਹੁੰਦੀ। ਉਹ ਵੱਡਿਆਂ ਦੀਆਂ ਬੱਚਿਆਂ ਵਰਗੀਆਂ ਹਰਕਤਾਂ ਤੇ ਆਵਾਜ਼ਾਂ ਨਾਲ ਹੀ ਖੁਸ਼ ਹੁੰਦਾ। ਸਾਰਿਆਂ ਲਈ ਬੱਚੇ ਦੀ ਖੁਸ਼ੀ ਸਭ ਤੋਂ ਅਹਿਮ ਅਤੇ ਹਰੇਕ ਵੱਧ ਤੋਂ ਵੱਧ ਸਮਾਂ ਉਸ ਨਾਲ ਬਿਤਾਉਣਾ ਚਾਹੁੰਦਾ।

ਬੱਚੇ ਦੇ ਜਨਮ ਨਾਲ ਪਰਿਵਾਰ ਸੰਪੂਰਨ ਹੁੰਦਾ। ਘਰਦਿਆਂ ਦਾ ਜੀਵਨ ਪ੍ਰਤੀ ਨਜ਼ਰੀਆ ਹੀ ਬਦਲ ਜਾਂਦਾ। ਬਦਲ ਜਾਂਦੀ ਮਾਪਿਆਂ ਦੀ ਜੀਵਨ-ਸ਼ੈਲੀ, ਉਨ੍ਹਾਂ ਦੀਆਂ ਤਰਜੀਹਾਂ, ਵਿਹਾਰ ਅਤੇ ਤੌਰ ਤਰੀਕਾ। ਹੁਣ ਉਨ੍ਹਾਂ ਦੀ ਦੁਨੀਆਂ ਬੱਚੇ ਦੇ ਦੁਆਲੇ ਘੁੰਮਦੀ। ਬੱਚੇ ਦੀ ਸੁੱਖ-ਸਹੂਲਤ ਲਈ ਹਰ ਉਚੇਚ ਕੀਤਾ ਜਾਂਦਾ। ਖਾਲੀ ਘਰ ਬੱਚੇ ਦੀਆਂ ਨਿੱਤ ਵਰਤੋਂ ਦੀਆਂ ਵਸਤਾਂ ਨਾਲ ਭਰ ਜਾਂਦਾ। ਘਰ ਵਿਚ ਉਸਦੇ ਖਿਡੌਣਿਆਂ ਦਾ ਖਲਾਰਾ ਹੁੰਦਾ। ਉਸ ਲਈ ਇਕ ਵਿਸ਼ੇਸ਼ ਕਮਰਾ ਵੀ ਸਜਾਇਆ ਜਾਂਦਾ ਭਾਵੇਂ ਕਿ ਬੱਚਾ ਕਦੇ ਵੀ ਉਸ ਕਮਰੇ ‘ਚ ਨਹੀਂ ਜਾਂਦਾ। ਉਸਦੇ ਵੰਨ-ਸੁਵੰਨੇ ਕੱਪੜੇ ਅਤੇ ਜ਼ਰੂਰਤਾਂ ਦਾ ਹਰ ਸਾਮਾਨ ਇਕ ਖਾਸ ਕਮਰੇ ਵਿਚ ਹੀ ਹੁੰਦਾ ਕਿਉਂਕਿ ਹੁਣ ਬੱਚੇ ਦਾ ਘਰ ਦੀ ਸਮੁੱਚਤਾ ‘ਤੇ ਪੂਰਨ ਅਧਿਕਾਰ ਹੁੰਦਾ। ਸਮੁੱਚੇ ਘਰ ਵਿਚ ਬੱਚਾ ਆਪਣੀ ਮਹਿਕ ਬਿਖੇਰਦਾ ਅਤੇ ਸੁਗੰਧਤ ਵਾਤਾਵਰਨ ਨੂੰ ਹੋਰ ਆਸਥਾ ਭਰਪੂਰ ਬਣਾਉਂਦਾ।

ਬੱਚੇ ਨੂੰ ਘਰ ਅਤੇ ਘਰ ਨੂੰ ਬੱਚੇ ਨਾਲੋਂ ਵੱਖਰਾ ਦੇਖਣਾ ਮਨੁੱਖੀ ਕੁਤਾਹੀ। ਸਿਰਫ਼ ਕੁਝ ਲੋਕ ਇਨ੍ਹਾਂ ਨੂੰ ਵੱਖੋ-ਵੱਖਰੇ ਦੇਖਣ ਦੀ ਕੁਤਾਹੀ ਕਰਦੇ ਅਤੇ ਇਸ ਗੁਨਾਹ ਲਈ ਕੁਦਰਤ ਉਨ੍ਹਾਂ ਨੂੰ ਕਦੇ ਵੀ ਮੁਆਫ਼ ਨਹੀਂ ਕਰਦੀ।

ਬੱਚੇ ਦਾ ਜਨਮ ਕੇਹਾ ਸੁਭਾਗਾ ਕਿ ਉਸਦੀ ਹੋਂਦ ਸਾਰੇ ਘਰ ਵਿਚ ਫ਼ੈਲ ਗਈ ਹੈ। ਉਸਦਾ ਰੋਣਾ ਵੀ ਘਰ ਨੂੰ ਚੰਗਾ ਲੱਗਦਾ ਹੈ ਅਤੇ ਹੱਸਣਾ ਵੀ। ਉਸਦੇ ਰੋਣ ‘ਤੇ ਸਾਰਾ ਘਰ ਹੀ ਉਸ ਲਈ ਆਹਰ ਕਰਦਾ। ਉਸਨੂੰ ਬੇਆਰਾਮ ਕਰਨ ਜਾਂ ਉਸਦੀ ਨੀਂਦ ਵਿਚ ਵਿਘਨ ਪਾਉਣ ਤੋਂ ਹਰ ਕੋਈ ਗੁਰੇਜ਼ ਕਰਦਾ। ਕਿਉਂਕਿ ਬੱਚਾ ਹੀ ਘਰ ਲਈ ਸਭ ਤੋਂ ਕੀਮਤੀ ਅਤੇ ਅਮੁੱਲ ਸੁਗਾਤ ਜਿਸ ਨੇ ਦਰਾਂ ‘ਤੇ ਉਤਾਰੀ ਪ੍ਰਭਾਤ ਅਤੇ ਇਸ ਨਾਲ ਹੀ ਆਈ ਜੀਵਨੀ ਰੰਗਾਂ ਦੀ ਅਜੇਹੀ ਬਰਸਾਤ ਕਿ ਇਸਨੇ ਜ਼ਿੰਦਗੀ ਨੂੰ ਦਿੱਤੀ ਨਵੀਂ ਜ਼ਿੰਦਗੀ ਦੀ ਇਨਾਇਤ।

ਬੱਚਾ ਹੀ ਹੁੰਦਾ ਜਿਸਨੇ ਸਾਡੇ ਅਪੂਰਨ ਸੁਪਨਿਆਂ ਦੀ ਪੂਰਤੀ ਕਰਨੀ ਹੁੰਦੀ ਕਿਉਂਕਿ ਅਸੀਂ ਉਸ ਦੇ ਦੀਦਿਆਂ ਵਿਚ ਉਹ ਸੁਪਨੇ ਧਰਦੇ ਜੋ ਅਸੀਂ ਕਦੇ ਲਏ ਹੁੰਦੇ। ਸੁਪਨੇ ਜਿਨ੍ਹਾਂ ਨੇ ਮਨੁੱਖ ਨੂੰ ਇਨਸਾਨੀਅਤ ਦੇ ਮਾਰਗ ਦਾ ਪਾਂਧੀ ਬਣਾਉਣਾ ਹੁੰਦਾ, ਬੰਦੇ ਵਿਚਲੀ ਬੰਦਿਆਈ ਨੂੰ ਉਜਾਗਰ ਕਰਨਾ ਹੁੰਦਾ। ਅਸੀਂ ਉਸ ਦੀਆਂ ਸੰਭਾਵਨਾਵਾਂ ਤੇ ਸਮਰੱਥਾਵਾਂ ਨੂੰ ਸਮਝ ਕੇ ਹੀ ਉਸਨੂੰ ਸੁਪਨਿਆਂ ਦਾ ਹਾਣੀ ਬਣਾਉਂਦੇ।

ਕਦੇ ਸਮਾਂ ਸੀ ਕਿ ਬੱਚਿਆਂ ਦੇ ਨਾਮ ਰੱਖਣ ਵਲ ਬਹੁਤੀ ਤਵੱਜੋਂ ਨਹੀਂ ਸੀ ਦਿੱਤੀ ਜਾਂਦੀ। ਪਰ ਅੱਜ-ਕੱਲ੍ਹ ਮਾਪੇ ਆਪਣੇ ਹੋਣ ਵਾਲੇ ਬੱਚੇ ਦੇ ਨਾਮ ਪ੍ਰਤੀ ਬਹੁਤ ਸੁਚੇਤ। ਉਹ ਆਪਣੇ ਬੱਚੇ ਦਾ ਨਾਮ ਉਸਦੇ ਜਨਮ ਤੋਂ ਪਹਿਲਾਂ ਹੀ ਰੱਖ ਲੈਂਦੇ ਕਿਉਂਕਿ ਹਸਤਪਾਲ ਵਿਚ ਜਨਮ ਸਮੇਂ ਹੀ ਬੱਚਾ ਦਾ ਨਾਮ ਸਰਕਾਰੀ ਰਿਕਾਰਡ ਵਿਚ ਦਰਜ ਹੋ ਜਾਂਦਾ। ਮਾਪਿਆਂ ਲਈ ਜ਼ਰੂਰੀ ਹੁੰਦਾ ਕਿ ਨਾਮ ਵਿਲੱਖਣ ਹੋਵੇ। ਆਪਣੇ ਸਭਿਆਚਾਰ ਤੇ ਧਾਰਮਿਕ ਆਸਥਾ ਨਾਲ ਜੁੜਿਆ ਹੋਵੇ। ਹਰ ਕੋਈ ਆਸਾਨੀ ਨਾਲ ਉਚਾਰ ਸਕਦਾ ਹੋਵੇ। ਨਿੱਕੀ ਜਿਹੀ ਅਨਾਹਤ ਜਦ ਅੱਖਾਂ ਖੋਲ੍ਹ ਕੇ ਮੇਰੇ ਵੱਲ ਤੱਕਦੀ ਹੈ ਤਾਂ ਉਸਦੇ ਨਾਮ ਦਾ ਜ਼ਲੌਅ ਮੇਰੇ ਅੰਤਰੀਵ ਵਿਚ ਰੋਸ਼ਨੀ ਭਰ ਦਿੰਦਾ ਹੈ। ਮੈਨੂੰ ਲੱਗਦਾ ਹੈ ਕਿ ਇਸ ਨਾਮ ਰਾਹੀਂ ਮੇਰੀ ਤੀਸਰੀ ਪੀੜ੍ਹੀ ਆਪਣੇ ਮੂਲ ਨਾਲ ਜੁੜੀ ਰਹੇਗੀ।

ਦਰਅਸਲ ਨਿੱਕੀ ਜਹੀ ਅਨਾਹਤ ਤਾਂ;
ਰੂੰ ਦਾ ਗੋਹੜਾ, ਰੇਸ਼ਮ ਵਰਗਾ ਕੋਮਲ
ਤੇ ਮਾਸੂਮ ਜਿਹੀਆਂ ਹਰਕਤਾਂ ਲੈ ਕੇ
ਸਾਡੇ ਘਰ ਆਈ
ਤੇ ਆਪਣੇ ਨਾਲ ਰਹਿਮਤਾਂ ਲਿਆਈ
ਨਿਆਮਤਾਂ ਨੇ ਖੁਸ਼ੀਆਂ ਦੀ ਸੱਦ ਲਾਈ
ਆਸਾਂ ਦੀ ਪਿਆਸ ਮਿਟਾਈ
ਜੋ ਸੀ ਉਮਰਾਂ ਦੀ ਤ੍ਰਿਹਾਈ
ਨਿੱਕੇ ਨਿੱਕੇ ਹੱਥਾਂ ਤੇ ਪੈਰਾਂ ਵਾਲੀ
ਆਲੇ-ਦੁਆਲੇ ਨਿਹਾਰਦੇ ਨੈਣ
ਤੇ ਰਲਵੇਂ-ਮਿਲਵੇਂ ਮੁਹਾਂਦਰੇ ਵਾਲੀ ਦਾਤ
ਜਿਸ ਨੇ ਉਕਰੀ ਵਕਤ ਦੇ ਮੱਥੇ ‘ਤੇ ਪ੍ਰਭਾਤ।
ਇਹ ਚਾਨਣਾਂ ਦੀ ਆਬਸ਼ਾਰ ਹੀ ਤਾਂ ਹੈ
ਜੋ ਘਰ ਅੰਦਰ ਵਹਿੰਦੀ
ਕਦੇ ਉਸਨੂੰ ਦੇਖ ਕੇ
ਕਦੇ ਲਾਡ ਲਡਾ ਕੇ
ਕਦੇ ਉਚੇਚ ਤੇ ਅਪਣੱਤ ਰਾਹੀਂ
ਬਚਪਨੀ ਅਦਾਵਾਂ ਵਿਚੋਂ ਪ੍ਰਗਟਦੀ
ਬੱਚੀ ਹਸਦੀ ਤੇ ਹਸਾਉਂਦੀ
ਅਤੇ ਸਾਨੂੰ ਜਿਊਣਾ ਸਿਖਾਉਂਦੀ।
ਅਸੀਂ ਜੀਵਨੀ ਦੌੜ-ਭੱਜ ‘ਚ
ਤੇ ਉਮਰ ਦੇ ਆਖਰੀ ਪਹਿਰੇ
ਜਿਊਣਾ ਤਾਂ ਭੁੱਲ ਹੀ ਗਏ ਸੀ
ਸਾਨੂੰ ਹੱਸਣਾ ਸਿਖਾਉਣ,
ਬਚਪਨ ਵਿਚ ਪਰਤਿਆਉਣ
ਸਭ ਨੂੰ ਜਿਊਣਾ ਸਿਖਾਉਣ
ਅਤੇ ਸਾਰਿਆਂ ਦੇ ਰੁਝੇਵੇਂ ਪੈਦਾ ਕਰਨ ਵਾਲੀ
ਇਹ ਨੰਨ੍ਹੀ ਪਰੀ
ਘਰ ਦਾ ਬਹਿਸ਼ਤ ਹੀ ਤਾਂ ਹੈ
ਅਨਾਹਤ ਦੀ ਅੰਤਰੀਵਤਾ
ਅਨਾਇਤ,
ਅਮੀਰਤਾ,
ਅਣਭੋਲਤਾ
ਮਾਸੂਮੀਅਤ ਤੋਂ
ਦੁਨੀਆਂ ਦੀਆਂ ਸਭ ਦੌਲਤਾਂ
ਵਾਰੀਆਂ ਜਾ ਸਕਦੀਆਂ।

ਸਿਰਫ਼ ਮਾਂ ਹੀ ਜਾਣ ਸਕਦੀ ਹੈ ਕਿ ਆਪਣੀ ਹਿੱਕ ਨਾਲ ਲਾ ਕੇ ਬੱਚੇ ਨੂੰ ਲਾਡ ਲਡਾਉਣ, ਲੋਰੀਆਂ ਸੁਣਾਉਣ ਅਤੇ ਉਨ੍ਹਾਂ ਨੂੰ ਨਿਹਾਰਦਿਆਂ ਜੀਵਨ ਦੀਆਂ ਸਮੁੱਚੀਆਂ ਖੁਸ਼ੀਆਂ ਪ੍ਰਾਪਤ ਕਰ ਕੇ, ਖੁਦ ਨੂੰ ਅਨੰਦਤ ਕਰਨ ਦਾ ਵਿਸਮਾਦ। ਮਾਂ ਹੀ ਜਾਣਦੀ ਕਿੰਨਾ ਸੁਖਨ ਮਿਲਦਾ ਹੈ ਬੱਚੇ ਨਾਲ ਤੋਤਲੀ ਆਵਾਜ਼ ਵਿਚ ਆਲੀਆਂ ਭੋਲੀਆਂ ਗੱਲਾਂ ਕਰਨ ਦਾ। ਕਿੰਨਾ ਚਾਅ ਹੁੰਦਾ ਕਿ ਬੱਚਾ ਹੁੰਗਾਰਾ ਵੀ ਭਰੇ। ਇਹ ਵੀ ਚਾਅ ਦਾ ਹੀ ਰੰਗ ਕਿ ਜਦ ਬੱਚਾ ਕੁਝ ਸਮੇਂ ਲਈ ਉਸ ਤੋਂ ਦੂਰ ਹੁੰਦਾ ਤਾਂ ਉਸਦੀ ਚਾਹਨਾ ਹੁੰਦੀ ਕਿ ਉਹ ਜਲਦੀ ਤੋਂ ਜਲਦੀ ਬੱਚੇ ਨੂੰ ਮਿਲੇ। ਇਹ ਕੇਹਾ ਆਲਮ ਕਿ ਜਦ ਬੱਚੀ ਨਾਨਕੇ ਆਵੇ ਤਾਂ ਦਾਦੇ ਦੀ ਤਮੰਨਾ ਹੁੰਦੀ ਕਿ ਉਸਨੂੰ ਵੀਡੀਓ ਰਾਹੀਂ ਦਿਖਾਇਆ ਜਾਵੇ ਕਿ ਅਨਾਹਤ ਕੀ ਕਰਦੀ ਹੈ? ਅਨਾਹਤ ਦੇ ਦਾਦੇ ਨੇ ਬਹੁਤ ਸਾਰੀਆਂ ਵੀਡੀਓਜ਼ ਵੀ ਬਣਾ ਲਈਆਂ ਨੇ ਤਾਂ ਕਿ ਇੰਡੀਆ ਵਾਪਸ ਪਰਤਣ ‘ਤੇ ਇਨ੍ਹਾਂ ਰਾਹੀਂ ਅਨਾਹਤ ਨੂੰ ਹਰ ਰੋਜ਼ ਅਤੇ ਹਰ ਪਲ ਮਿਲਿਆ ਜਾ ਸਕੇ।

ਬੱਚਿਆਂ ਨੂੰ ਅਸੀਂ ਜਦ ਪਿਆਰ ਕਰਦੇ ਹਾਂ ਤਾਂ ਉਹ ਵੀ ਪਿਆਰ ਕਰਦੇ ਨੇ। ਪਿਆਰ ਦੀ ਅਹਿਮੀਅਤ ਲੱਗਦੇ ਨੇ। ਉਹ ਪਿਆਰ ਕਰਨ ਵਾਲੇ ਪਿਆਰੇ ਜਹੇ ਬੱਚੇ ਬਣ ਕੇ ਮੋਹਵੰਤੇ ਖਿਡੌਣੇ ਹੁੰਦੇ ਨੇ।

ਬੱਚੇ ਜਿਊਣ ਦਾ ਸਬੱਬ ਹੁੰਦੇ। ਘਰ ਵਿਚ ਆਇਆ ਰੱਬ ਹੁੰਦੇ। ਅਤ੍ਰਿਪਤ ਜ਼ਿੰਦਗੀ ਨੂੰ ਮਿਲਿਆ ਰੱਜ ਹੁੰਦੇ। ਸਾਡੇ ਪੱਲੇ ਵਿਚ ਕੁਝ ਵੀ ਨਾ ਹੁੰਦਿਆਂ ਸਾਡੇ ਲਈ ਸੱਭ ਹੁੰਦੇ। ਜੀਵਨ ਦੇ ਬੇਢੱਬੇਪਣ ਵਿਚ ਉਪਜਿਆ ਸੁਚੱਜ ਹੁੰਦੇ। ਬੱਚੇ ਤਾਂ ਆਪਣੇ ਆਪ ਨੂੰ ਵਾਰ ਵਾਰ ਮਿਲਣ ਦਾ ਪੱਜ ਹੁੰਦੇ। ਜੀਵਨ ਵਿਚਲੇ ਸੰਸਾਰਕ ਨੰਗੇਜ਼ ਲਈ ਸੁੱਖਣਾਂ ਨਾਲ ਮਿਲਿਆ ਕੱਜ਼ ਹੁੰਦੇ।

ਬੱਚੇ ਸੁੱਚੀਆਂ ਤਮੰਨਾਵਾਂ ਦੀ ਤਸ਼ਬੀਹ ਹੁੰਦੇ। ਜੀਵਨੀ ਸੁੱਚਮਤਾ ਦੀ ਤਰਜੀਹ ਹੁੰਦੇ। ਬੱਚੇ ਹੀ ਮਾਪਿਆਂ ਦੀ ਤਕਦੀਰ ਹੁੰਦੇ, ਤਸਵੀਰ ਹੁੰਦੇ ਅਤੇ ਨਵੇਂ ਉਦਮਾਂ ਲਈ ਤਦਬੀਰ ਹੁੰਦੇ।

ਬੱਚੇ ਦਾ ਜਨਮ, ਅਸਮਾਨ ਵਿਚ ਤਾਰੇ ਦਾ ਉਗਣਾ ਤੇ ਮਨ ਦੀ ਰੀਝ ਦਾ ਪੁੱਗਣਾ। ਕਿਰਨ ਕਾਫ਼ਲਿਆਂ ਦੀ ਆਵਾਜਾਈ ਤੇ ਰੁਸ਼ਨਾਈ। ਇਹ ਕਿਰਨਾਂ ਹੀ ਹੁੰਦੀਆਂ ਜੋ ਘਰ ਦੀਆਂ ਨੁੱਕਰਾਂ ਵਿਚ ਦੀਵੇ ਧਰਦੀਆਂ, ਆਲ਼ਿਆਂ ਵਿਚ ਚਿਰਾਗ ਧਰਦੀਆਂ ਅਤੇ ਬਨੇਰਿਆਂ ‘ਤੇ ਮੋਮਬੱਤੀਆਂ ਦੀ ਡਾਰ ਹੁੰਦੀਆਂ।

ਬੱਚਿਆਂ ਦੀਆਂ ਲੋਹੜੀਆਂ ਮਨਾਈਆਂ ਜਾਂਦੀਆਂ ਚਾਅ ਵਿਚ ਲੁੱਡੀਆਂ ਪਾਈਆਂ ਜਾਂਦੀਆਂ। ਭੰਗੜੇ ਪਾਉਂਦਿਆਂ ਖੁਦ ਨੂੰ ਅਲਮਸਤੀ ਦੇ ਆਲਮ ਵਿਚ ਰੰਗਿਆ ਜਾਂਦਾ। ਬੱਚਿਆਂ ਦੇ ਜਨਮ ਦਿਨ ਮਨਾਉਣ ਲਈ ਉਚੇਚ ਕੀਤੇ ਜਾਂਦੇ। ਬੱਚਿਆਂ ਨਾਲ ਹੀ ਹੋਰ ਬੱਚੇ ਘਰ ਵਿਚ ਆਉਂਦੇ। ਬੱਚਿਆਂ ਦੀਆਂ ਨਿੱਕੀਆਂ ਸ਼ਰਾਰਤਾਂ ਅਤੇ ਹੁੜਦੰਗ ਘਰ ਨੂੰ ਰਸਣ ਅਤੇ ਵੱਸਣ ਦਾ ਵਰਦਾਨ ਦਿੰਦਾ। ਘਰ ਭਰ ਕੇ ਉਛਲਦਾ ਅਤੇ ਇਸ ਨਾਲ ਹੀ ਘਰ ਹੋਰ ਘਰਾਂ ਨਾਲ ਜੁੜਦਾ ਅਤੇ ਉਸਨੂੰ ਆਪਣੀ ਸਿਰਜਣਾ ਦੀ ਹਸਤੀ ‘ਤੇ ਮਾਣ ਹੁੰਦਾ।

ਬੱਚੇ ਲਈ ਨਾ ਹੀ ਕੋਈ ਰੋਣ ਦਾ ਬਹਾਨਾ ਅਤੇ ਨਾ ਹੀ ਹੱਸਣ ਦੀ ਵਜ੍ਹਾ ਹੁੰਦੀ। ਉਹ ਸਿਰਫ਼ ਰੂਹ ਨਾਲ ਹੱਸਦਾ ਵੀ ਤੇ ਰੋਂਦਾ ਵੀ। ਪਰ ਉਮਰ ਵਧਣ ਨਾਲ ਇੰਨਾ ਵੱਡਾ ਹੋ ਜਾਂਦਾ ਕਿ ਉਹ ਸੋਚਣ ਲੱਗਦਾ ਕਿ ਬਚਪਨ ਦਾ ਜ਼ਮਾਨਾ ਹੀ ਚੰਗਾ ਸੀ। ਬੱਚਾ ਮਨ ਵਿਚ ਤਾਂ ਚੰਦਾ ਮਾਮਾ ਨੂੰ ਫੜਨਾ ਚਾਹੁੰਦਾ ਪਰ ਉਹ ਤਿੱਤਲੀਆਂ ਨੂੰ ਫੜਨ ਦੀ ਕਾਹਲ ਕਰਦਾ ਹੈ।

ਬੱਚੇ ਨੂੰ ਮਿਲਦੀ ਹੈ ਬਚਪਨੀ ਮਸਤੀ, ਹੁੰਦੀ ਹੈ ਉਸਦੀ ਕਮਾਲ ਦੀ ਹਸਤੀ। ਉਸ ਲਈ ਕੋਈ ਵੀ ਵਸਤ ਨਹੀਂ ਹੁੰਦੀ ਮਹਿੰਗੀ ਜਾਂ ਸਸਤੀ ਸਗੋਂ ਉਸ ਲਈ ਹਰ ਪਲ ਨੂੰ ਮਾਨਣ ਦੀ ਹੁੰਦੀ ਹੈ ਬਿਰਤੀ। ਇਸ ਵਿਚੋਂ ਹੀ ਉਸਨੂੰ ਮਿਲਦੀਆਂ ਨੇ ਅਸੀਮਤ ਖੁਸ਼ੀਆਂ।

ਬੱਚੇ ਹੀ ਸਾਡੇ ਵਰਤਮਾਨ ਅਤੇ ਭੀਵੱਖ ਹੁੰਦੇ। ਸਾਡੇ ਦੀਦਿਆਂ ਵਿਚ ਪਨਪੀ ਰੰਗਲੀ ਦਿੱਖ ਹੁੰਦੇ। ਸਹੀ ਮਾਅਨਿਆਂ ਵਿਚ ਗੁਰੂ ਦੇ ਸੱਚੇ-ਸੁੱਚੇ ਸਿੱਖ ਹੁੰਦੇ।

ਬੱਚੇ ਨਾਲ ਹੀ ਘਰ ਦੀ ਫ਼ਿਜ਼ਾ ਵਿਚ ਫਿਰ ਪਰਤਦਾ ਹੈ ਬਚਪਨਾ ਜਿਸਨੂੰ ਨਾ ਖ਼ਰੀਦਿਆ ਜਾ ਸਕਦਾ, ਨਾ ਹੀ ਮੁੱਲ ਮਿਲਦਾ ਅਤੇ ਨਾ ਹੀ ਮੰਗਿਆ ਜਾ ਸਕਦਾ। ਇਹ ਬਚਪਨ ਹੀ ਹੁੰਦਾ ਜਿੱਥੇ ਰੋਸਿਆਂ ਲਈ ਥਾਂ ਨਹੀਂ ਹੁੰਦੀ। ਗ਼ਮ ਦੀ ਜ਼ੁਬਾਨ ਨਹੀਂ ਹੁੰਦੀ ਅਤੇ ਨਾ ਹੀ ਜ਼ਖ਼ਮਾਂ ਦਾ ਕੋਈ ਪੈਮਾਨਾ ਹੁੰਦਾ। ਹਰ ਭਾਵ ਤੇ ਅਹਿਸਾਸ ਥੋੜ੍ਹ-ਚਿਰਾ ਅਤੇ ਫਿਰ ਬੱਚਾ ਆਪਣੇ ਬਚਪਨ ਦੇ ਲੁੱਤਫ਼ ਵਿਚ ਖ਼ੁਦ ਨੂੰ ਰੁਝਾਈ ਰੱਖਦਾ।

ਬੱਚਾ ਦੁਨੀਆਂ ਦੇ ਕੋਹਜਾਂ ਤੋਂ ਦੂਰ। ਕੂੜ-ਕਪਟ ਤੋਂ ਅਲੇਪ। ਨੀਚ ਹਰਕਤਾਂ ਤੋਂ ਅਣਜਾਣ। ਰਿਸ਼ਤਿਆਂ ਵਿਚਲੀ ਕਸ਼ੀਦਗੀ ਤੋਂ ਨਿਰਲੇਪ।

ਬੱਚਾ ਫੁੱਲਾਂ ਵਰਗਾ, ਫੁੱਲਾਂ ਦਾ ਸਾਥੀ, ਫੁੱਲਾਂ ਦਾ ਵਪਾਰੀ ਤੇ ਮਹਿਕਾਂ ਦਾ ਵਣਜਾਰਾ। ਰੰਗਾਂ ਦੀ ਸੱਚੀ ਸੁੱਚੀ ਇਬਾਰਤ। ਖਿੜ ਕੇ ਜੀਵਨ-ਬਗੀਚੀ ਨੂੰ ਉਮਰਾਂ ਜੇਡਾ ਭਾਗ ਲਾਉਂਦਾ ਅਤੇ ਘਰ ਦੀ ਸਮੁੱਚਤਾ ਦੀ ਝੋਲੀ ਵਿਚ ਸ਼ਗਨ ਪਾਉਂਦਾ।

# ਮਾਤਾ ਅਮ੍ਰਿਤਾ ਬਿਸ਼ਨੋਈ-ਰੁੱਖਾਂ ਲਈ ਦੁਨੀਆ ਦੀ ਸਭ ਤੋਂ ਵੱਡੀ ਸ਼ਹਾਦਤ!

ਅੱਜ-ਕੱਲ੍ਹ ਪੰਜਾਬ ਦੇ ਮੱਤੇਵਾੜਾ ਜੰਗਲਾਂ ਦਾ ਮੁੱਦਾ ਗਰਮ ਹੈ, ਦਰਅਸਲ ਜੰਗਲਾਂ ਦੇ ਨਾਲ ਖਾਲੀ ਥਾਂ 'ਤੇ ਫੈਕਟਰੀਆਂ ਲਗਾਉਣ ਦੀ ਗੱਲ ਸਾਹਮਣੇ ਆ ਰਹੀ ਹੈ ਤੇ ਇਸ ਨਾਲ ਆਉਣ ਵਾਲੇ ਸਮੇਂ 'ਚ ਜੰਗਲਾਂ ਦਾ ਨੁਕਸਾਨ ਹੋਣ ਦੀ ਪੂਰੀ ਸੰਭਾਵਨਾ ਹੈ, ਹੁਣ ਸਰਕਾਰ ਦੇ ਸਮਰਥਕ ਇਸ ਨੂੰ ਵਿਕਾਸ ਦੇ ਨਾਂ ਹੇਠ ਜਾਇਜ਼ ਠਹਿਰਾਉਂਦੇ,

**ਅਸ਼ੋਕ ਸੋਨੀ**
**ਫੋਨ: 98727-05078**

ਜਿੱਥੇ ਸਰਕਾਰੀ ਬੋਲੀ ਬੋਲ ਰਹੇ ਹਨ, ਉੱਥੇ ਹੀ ਵਿਰੋਧੀ, ਰਾਜਨੀਤੀ ਲਈ ਕੱਚਾ ਜਿਹਾ ਵਿਰੋਧ ਵੀ ਕਰ ਰਹੇ ਹਨ ਪਰ ਜੇ ਅਸਲ 'ਚ ਦੇਖਿਆ ਜਾਵੇ ਤਾਂ ਵਾਤਾਵਰਨ ਜਾਂ ਰੁੱਖਾਂ ਪ੍ਰਤੀ ਕਿਸੇ ਨੂੰ ਕੋਈ ਦਰਦ ਨਜ਼ਰ ਨ੍ਹੀਂ ਆ ਰਿਹਾ। ਹੁਣ ਤੁਸੀਂ ਕਹੋਗੇ ਰੁੱਖਾਂ ਲਈ ਕੋਈ ਮਰਿਆ ਥੋੜੀ ਜਾਂਦਾ ਹੈ, ਮੇਰਾ ਜਵਾਬ ਹੈ, 'ਹਾਂ' ਮਰਿਆ ਜਾਂਦਾ ਹੈ। ਦੁਨੀਆ ਦੇ ਇਤਿਹਾਸ ਵਿਚ ਭਾਰਤ ਵਿਚ ਵਾਤਾਵਰਨ ਲਈ ਸਭ ਤੋਂ ਵੱਡੀ ਸ਼ਹਾਦਤ ਹੋਈ ਸੀ। ਰਾਜਸਥਾਨ ਸੂਬੇ ਦੇ ਜੋਧਪੁਰ ਜ਼ਿਲ੍ਹੇ ਵਿਚ ਪਿੰਡ 'ਖੇਜੜਲੀ' ਵਿਚ ਵਾਤਾਵਰਨ ਲਈ ਮਾਤਾ ਅਮ੍ਰਿਤਾ ਦੇਵੀ ਬਿਸ਼ਨੋਈ, ਉਨ੍ਹਾਂ ਦੇ ਪਰਿਵਾਰ ਤੇ ਸਮੂਹ ਪਿੰਡ ਵਾਸੀਆਂ ਦੇ ਜਜ਼ਬੇ, ਬਲਿਦਾਨ ਦੀ ਅਮਰ ਕਹਾਣੀ ਜਾਣ ਕੇ, ਤੁਸੀਂ ਹੈਰਾਨ ਹੋ ਕੇ ਇਨ੍ਹਾਂ ਮਹਾਨ ਆਤਮਾਵਾਂ ਨੂੰ ਨਤਮਸਤਕ ਹੋ ਜਾਵੋਗੇ।

1731 ਈ: 'ਚ ਜੋਧਪੁਰ ਦੇ ਰਾਜਾ ਅਭੈ ਸਿੰਘ ਦੇ ਮੇਹਰਾਨਗੜ੍ਹ ਕਿਲੇ 'ਚ ਮਿਸਤਰੀ ਲੱਗੇ ਹੋਏ ਸਨ, ਉਸ ਸਮੇਂ ਸੀਮੈਂਟ ਦੀ ਥਾਂ 'ਤੇ ਚੂਨਾ ਵਰਤਿਆ ਜਾਂਦਾ ਸੀ ਜਿਸਨੂੰ ਬਣਾਉਣ ਲਈ ਲੱਕੜ ਸਾੜਨੀ ਪੈਂਦੀ ਸੀ। ਰਾਜਾ ਦੇ ਮੰਤਰੀ ਗਿਰਧਰ ਦਾਸ ਨੇ ਰੁੱਖ ਵੱਢਣ ਲਈ ਸੈਨਿਕ ਭੇਜ ਦਿੱਤੇ। ਉਨ੍ਹਾਂ ਪਿੰਡ ਖੇਜੜਲੀ ਪਹੁੰਚ ਕੇ 'ਖੇਜੜੀ' ਨਾਮਕ ਦਰੱਖਤ ਵੱਢਣੇ ਸ਼ੁਰੂ ਕਰ ਦਿੱਤੇ। ਉਨ੍ਹਾਂ ਨੂੰ ਹਰੇ ਦਰੱਖਤ ਵੱਢਦਿਆਂ ਦੇਖ ਉਸੇ ਪਿੰਡ ਦੀ ਮਹਾਨਾਰੀ, ਮਾਤਾ ਅਮ੍ਰਿਤਾ ਦੇਵੀ ਜੋ ਬਿਸ਼ਨੋਈ ਸੰਪਰਦਾਇ ਨਾਲ ਸੰਬੰਧਤ ਸੀ, (ਬਿਸ਼ਨੋਈ ਸਮਾਜ ਦੇ ਲੋਕ ਜੰਗਲ ਤੇ ਜੰਗਲੀ ਜੀਵਾਂ ਦੀ ਰੱਖਿਆ ਲਈ ਆਪਾ ਵਾਰ ਦਿੰਦੇ ਨੇ, ਇੱਥੋਂ ਤੀਕ ਕਿ ਔਰਤਾਂ ਆਪਣਾ ਦੁੱਧ ਹਿਰਨਾਂ ਦੇ ਬੱਚਿਆਂ ਨੂੰ ਪਿਲਾ ਕੇ ਵੀ ਉਨ੍ਹਾਂ ਦੀ ਜਾਨ ਬਚਾਉਂਦੀਆਂ ਨੇ) ਨੇ ਸੈਨਿਕਾਂ ਨੂੰ ਰੋਕਿਆ ਤੇ ਕਿਹਾ, 'ਮੈਂ ਤੁਹਾਨੂੰ ਹਰੇ ਦਰੱਖਤ ਨਹੀਂ ਵੱਢਣ ਦੇਣੇ, ਇੱਥੇ ਤਾਂ ਅੱਗੇ ਹੀ ਦਰੱਖਤ ਘੱਟ ਨੇ, ਵਾਤਾਵਰਨ ਦਾ ਕੀ ਬਣੂਗਾ'। ਰਾਜੇ ਦੇ ਸੈਨਿਕਾਂ ਨੇ ਕਿਹਾ, 'ਜਾ ਕੋਈ ਕੰਮ ਕਾਰ ਕਰ ਲੈ, ਇਹ ਰਾਜੇ ਦਾ ਹੁਕਮ ਹੈ, ਅਸੀਂ ਤਾਂ ਵੱਢਾਂਗੇ, ਤੂੰ ਕੀ ਕਰ ਲਵੇਂਗੀ'।



ਹੁਣ ਉੱਥੇ ਆਮ ਬੰਦਾ ਤਾਂ ਚੁੱਪ ਕਰ ਜਾਂਦਾ ਤੇ ਚਲਾ ਜਾਂਦਾ ਪਰ ਮਾਤਾ ਅਮ੍ਰਿਤਾ ਨੇ ਕੁਝ ਅਜਿਹਾ ਕੀਤਾ ਜੋ ਇਤਿਹਾਸ 'ਚ ਦਰਜ ਹੋ ਗਿਆ, ਅਮ੍ਰਿਤਾ ਬਿਸ਼ਨੋਈ ਨੇ ਆਪਣੀ ਜਾਨ ਨੂੰ ਦਾਅ 'ਤੇ ਲਾਉਂਦਿਆ, ਖੇਜੜੀ ਦੇ ਦਰੱਖਤ ਨੂੰ ਜੱਫੀ ਪਾ ਲਈ ਤੇ ਬਿਸ਼ਨੋਈ ਸਮਾਜ ਦੇ ਮਹਾਨ ਸੰਸਥਾਪਕ ਸ੍ਰੀ ਜੰਭੇਸ਼ਵਰ ਜੀ ਦਾ ਇਕ ਦੋਹਾ, "ਸਿਰ ਸਾਂਠੇ ਰੁੱਖ ਰਹੇ, ਤੋ ਭੀ ਸਸਤੋ ਜਾਨ" (ਜਿਸਦਾ ਅਰਥ ਹੈ ਕਿ ਜੇ ਇਕ ਸਿਰ ਦੇਣ ਨਾਲ ਇਕ ਦਰੱਖਤ ਬਚਦਾ ਹੈ ਤਾਂ ਸੌਦਾ ਮਹਿੰਗਾ ਨਹੀਂ ਹੈ), ਕਹਿੰਦਿਆਂ ਸੈਨਿਕਾਂ ਨੂੰ ਲਲਕਾਰਿਆ, "ਪਹਿਲਾਂ ਮੇਰੀ ਧੌਣ ਵੱਢੋ, ਫੇਰ ਦਰੱਖਤ ਵੱਢਣਾ"। ਸੈਨਿਕਾਂ ਨੇ ਇਕੋ ਵਾਰ ਨਾਲ ਮਾਤਾ ਅਮ੍ਰਿਤਾ ਦੇਵੀ ਨੂੰ ਦਰੱਖਤ ਦੇ ਨਾਲ ਹੀ ਸ਼ਹੀਦ ਕਰ ਦਿੱਤਾ, ਫੇਰ ਮਾਤਾ ਅਮ੍ਰਿਤਾ ਦੇਵੀ ਦੀਆਂ ਤਿੰਨਾਂ ਧੀਆਂ, ਆਸੂ, ਰਤਨੀ ਤੇ ਭਾਗੂ ਨੇ ਵੀ ਇਸੇ ਤਰ੍ਹਾਂ ਦਰੱਖਤਾਂ ਨੂੰ ਜੱਫੀ ਪਾ, ਉਨ੍ਹਾਂ ਨਾਲ ਚਿਪਕ ਕੇ ਦਰੱਖਤ ਬਚਾਉਣ ਦੀ ਕੋਸ਼ਿਸ਼ ਕੀਤੀ ਤਾਂ ਜ਼ਾਲਮਾਂ ਨੇ ਉਨ੍ਹਾਂ ਨੂੰ ਵੀ ਸ਼ਹੀਦ ਕਰ ਦਿੱਤਾ। ਪੂਰਾ ਪਿੰਡ ਬਿਸ਼ਨੋਈ ਸਮਾਜ ਦੇ ਲੋਕਾਂ ਦਾ ਸੀ, ਸਾਰੇ ਹੀ ਆ ਗਏ, ਦੇਖਦੇ ਹੀ ਦੇਖਦੇ ਇਕ-ਇਕ ਕਰ ਕੇ ਪਿੰਡ ਵਾਸੀ ਵੀ ਦਰੱਖਤਾਂ ਨੂੰ ਜੱਫੀ ਪਾਉਂਦੇ ਰਹੇ ਤੇ ਸੈਨਿਕ ਉਨ੍ਹਾਂ ਨੂੰ ਸ਼ਹੀਦ ਕਰਦੇ ਰਹੇ, ਉਸ ਦਿਨ 363 ਲੋਕਾਂ ਨੇ ਵਾਤਾਵਰਨ ਲਈ ਸ਼ਹਾਦਤ ਦਿੱਤੀ। ਬਾਅਦ 'ਚ ਪਤਾ ਲੱਗਣ 'ਤੇ ਰਾਜਾ ਨੇ ਤੁਰੰਤ ਦਰੱਖਤ ਵੱਢਣ 'ਤੇ ਪਾਬੰਦੀ ਲਾ ਦਿੱਤੀ।

ਇਸ ਸ਼ਹਾਦਤ ਦੀ ਯਾਦਗਾਰ ਵਜੋਂ ਜੋਧਪੁਰ ਜ਼ਿਲ੍ਹੇ ਦੇ ਪਿੰਡ ਖੇਜੜਲੀ 'ਚ ਵੱਡਾ ਸ਼ਹੀਦੀ ਸਮਾਰਕ ਬਣਿਆ ਹੈ ਪਰ ਬਿਸ਼ਨੋਈ ਸਮਾਜ ਦੀ ਮਾਤਾ ਅਮ੍ਰਿਤਾ ਦੇਵੀ ਤੇ ਇਨ੍ਹਾਂ ਸਾਰੇ 363 ਸ਼ਹੀਦਾਂ ਨੂੰ, ਦੁਨੀਆ ਦੇ ਇਤਿਹਾਸ 'ਚ ਵਾਤਾਵਰਨ ਲਈ ਸਭ ਤੋਂ ਵੱਡੀ ਸ਼ਹਾਦਤ ਦੇਣ ਤੋਂ ਬਾਅਦ ਵੀ, ਇਤਿਹਾਸ 'ਚ ਤੇ ਇਤਿਹਾਸ ਦੀਆਂ ਕਿਤਾਬਾਂ 'ਚ, ਉਹ ਸਨਮਾਨ ਹਾਸਲ ਨਹੀਂ ਹੋਇਆ, ਜੋ ਹੋਣਾ ਚਾਹੀਦਾ ਸੀ ਹਾਲਾਂਕਿ 1974 ਵਿਚ ਇਸੇ ਤਰਜ਼ 'ਤੇ ਸੁੰਦਰਲਾਲ ਬਹੁਗੁਣਾ, ਕਾਮਰੇਡ ਗੋਵਿੰਦ ਰਾਮ, ਚੰਡੀਪ੍ਰਸਾਦ ਭੱਟ ਤੇ ਗੋਰਾਂਦੇਵੀ ਨੇ ਉਤਰ ਪ੍ਰਦੇਸ਼ ਤੋਂ 'ਚਿਪਕੋ ਅੰਦੋਲਨ' ਸ਼ੁਰੂ ਕਰ ਕੇ ਜੰਗਲੀ ਹੀ ਨਹੀਂ ਬਚਾਏ, ਸਗੋਂ ਹਮੇਸ਼ਾ ਲਈ ਸਖਤ ਕਾਨੂੰਨ ਵੀ ਬਣਵਾ ਦਿੱਤੇ। ਹੁਣ ਦੇਸ਼ 'ਚ ਵਾਤਾਵਰਨ ਬਚਾਉਣ ਦੇ ਰਾਸ਼ਟਰੀ ਪੁਰਸਕਾਰ ਦਾ ਨਾਂ ਮਾਤਾ ਅਮ੍ਰਿਤਾ ਦੇਵੀ ਦੇ ਨਾਂ 'ਤੇ ਰੱਖ ਕੇ ਇਸ ਅਮਰ ਮਹਾਨਾਇਕਾ ਦਾ ਸਨਮਾਨ ਕੀਤਾ ਗਿਆ ਹੈ।




## ਮੱਤੇਵਾੜਾ ਤੇ ਉਜਾੜਾ

ਛੱਨ ਚੰਗੀ ਇੱਟਾਂ ਦਾ ਚੁਬਾਰਾ
ਨਹੀਓਂ ਚਾਹੀਦਾ
ਸਾਨੂੰ ਮੱਤੇਵਾੜੇ ਦਾ ਉਜਾੜਾ
ਨਹੀਓਂ ਚਾਹੀਦਾ।

ਲੁਧਿਆਣੇ ਦੀਆਂ ਮਿੱਲਾਂ ਸਾਡੇ
ਪਾਣੀਆਂ ਨੂੰ ਖਾ ਲਿਆ
ਬੁੱਢਾ ਨਾਲਾ ਚੰਦਰਾ,
ਜਵਾਨੀਆਂ ਨੂੰ ਖਾ ਗਿਆ
ਰੁੱਖਾਂ ਉੱਤੇ ਚੱਲਦਾ ਕੁਹਾੜਾ
ਨਹੀਓਂ ਚਾਹੀਦਾ
ਸਾਨੂੰ ਮੱਤੇਵਾੜੇ ਦਾ ਉਜਾੜਾ
ਨਹੀਓਂ ਚਾਹੀਦਾ।

ਲਿਆ ਕੇ ਗਲਾਡਾ
ਸਾਡੀ ਹਿੱਕ 'ਤੇ ਬਿਠਾਲਤੀ
ਖੋਹ ਕੇ ਜ਼ਮੀਨ ਸਾਡੀ
ਰੋਜ਼ੀ ਰੋਟੀ ਗਾਲਤੀ
ਖੇਤਾਂ ਦਿਆਂ ਰਾਜਿਆਂ ਨੂੰ,
ਭਾੜਾ ਨਹੀਓਂ ਚਾਹੀਦਾ
ਸਾਨੂੰ ਸਾਡੇ ਪਿੰਡਾਂ ਦਾ ਉਜਾੜਾ
ਨਹੀਓਂ ਚਾਹੀਦਾ।

ਸਿੰਘਾਂ ਨੂੰ ਉਡੀਕਦੀਆਂ ਮਾਵਾਂ
ਮੁੱਕ ਗਈਆਂ ਨੇ
ਮੁੱਕੀਆਂ ਨਾ ਕੈਦਾਂ ਤੇ
ਸਜ਼ਾਵਾਂ ਮੁੱਕ ਗਈਆਂ ਨੇ
ਜੇਲ੍ਹਾਂ ਵਿਚ ਡੱਕਿਆ,
ਹਵਾਰਾ ਨਹੀਓਂ ਚਾਹੀਦਾ
ਸਾਨੂੰ ਸਾਡੀ ਹੋਂਦ ਦਾ
ਉਜਾੜਾ ਨਹੀਓਂ ਚਾਹੀਦਾ

ਸਾਡੀਆਂ ਜ਼ਮੀਨਾਂ ਉੱਤੇ,
ਮਿੱਲਾਂ ਜੇ ਉਸਾਰੀਆਂ
ਆਉਣ ਵਾਲੀ ਪੀੜ੍ਹੀ ਸਾਡੀ,
ਕਰੂਗੀ ਦਿਹਾੜੀਆਂ
ਸਹੋਤਿਆ ਤੈਰਾਕਾਂ ਨੂੰ,
ਕਿਨਾਰਾ ਨਹੀਓਂ ਚਾਹੀਦਾ
ਸਾਨੂੰ ਮੱਤੇਵਾੜੇ ਦਾ
ਉਜਾੜਾ ਨਹੀਓਂ ਚਾਹੀਦਾ

**-ਕੁਲਵੀਰ ਸਿੰਘ ਡਾਨਸੀਵਾਲ**
**ਫੋਨ: 778 863 2472**

---

## ਰੁੱਖਾਂ ਦੇ ਹੱਕ

ਰੁੱਖਾਂ ਦੇ ਅੱਜ ਹੱਕਾਂ ਲਈ ਖੜ੍ਹ ਜਾਓ
ਕੱਲ੍ਹ ਨੂੰ ਤੁਹਾਡੇ ਲਈ ਏਹ ਖੜ੍ਹਨਗੇ
ਅੱਜ ਰੁੱਖਾਂ ਲਈ ਥੋੜ੍ਹੇ ਕਸ਼ਟ ਜਰ ਜਾਓ
ਤੁਹਾਡਾ ਭਵਿੱਖ
ਹਰਿਆਲੀਆਂ ਨਾਲ ਭਰਨਗੇ।

ਛਾਵਾਂ ਵੀ ਤੇ ਵਾਂਗ ਨੇ ਮਾਂਵਾਂ
ਠੰਡੀਆਂ ਠੰਡੀਆਂ ਵਗਾਉਣ ਹਵਾਵਾਂ
ਜੇ ਨਾ ਸਾਂਭੇ ਮਨੁੱਖਤਾ ਨੇ ਰੁੱਖ
ਅਣਆਈਆਂ ਮੌਤਾਂ ਮਨੁੱਖ ਵੀ ਮਰਨਗੇ।

ਮੱਤੇਵਾਲ ਦੇ ਹੋਵਣ ਭਾਵੇਂ ਜੰਗਲ
ਜਾਂ ਫਿਰ ਦੁਆਬੇ ਦੇ ਬਾਗ ਅੰਬਾਂ ਦੇ
ਅੰਬਾਂ ਦੇ ਤੇ ਬਾਗ ਉਜੜ ਗਏ
ਜੰਗਲ ਕੀ ਰਾਜਨੀਤੀ ਦੀ ਭੇਟ ਚੜ੍ਹਨਗੇ।

ਜਾਮਣਾਂ ਤੂਹਤ ਦੇ ਟਾਹਲੀਆਂ ਵੱਡੀਆਂ
ਕਿੱਕਰਾਂ, ਡੇਹਕਾਂ ਵੀ ਉਜਾੜ ਛੱਡੀਆਂ
ਸਾਹਵਾਂ ਲੈਣ ਨੂੰ ਤਰਸ ਜਾਵੋਗੇ
ਦੋਸ਼ ਤੁਹਾਡੇ ਸਿਰੀਂ ਫਿਰ ਰੁੱਖ ਮੜ੍ਹਨਗੇ।

ਟਾਵੇਂ ਟਾਵੇਂ ਬਚੇ ਪਿੱਪਲ ਤੇ ਬੋਹੜਾਂ
ਭਵਿੱਖ ਨੂੰ ਰੁੱਖਾਂ ਦੀਆਂ ਬਹੁਤ ਨੇ ਲੋੜਾਂ
ਬੋਦਲਾਂ ਦੇ ਸੁੱਖਵਿੰਦਰਾ ਏਹ ਮਨੁੱਖ ਕਦੋਂ
ਅਕਲ ਦਾ ਘੁੱਟ ਕੇ ਪੱਲਾ ਫੜਨਗੇ

ਸੁੱਖਵਿੰਦਰ ਬੋਦਲਾਂਵਾਲਾ
ਫੋਨ: 360-281-2624

# ਕਾਵਿ ਕਿਆਰੀ

## ਮਾਨ ਸਾਹਿਬ ਦਾ ਵਿਆਹ

********************

ਵਿਚ ਲਾਈਫ ਬਦਲਾਅ ਆ ਗਿਆ
ਰਲ ਮਿਲ ਪਾਓ ਭੰਗੜੇ,
ਮਾਨ ਸਾਹਿਬ ਦਾ ਵਿਆਹ ਆ ਗਿਆ।

ਪੂਰੇ ਜਸ਼ਨ ਮਨਾਵਾਂਗੇ
ਪਹਿਲਾਂ ਅਸੀਂ ਵੋਟਾਂ ਪਾਤੀਆਂ
ਹੁਣ ਭੰਗੜੇ ਵੀ ਪਾਵਾਂਗੇ।

ਸਾਰੇ ਮੰਤਰੀ ਬੁਲਾਵਾਂਗੇ
ਅਨਮੋਲ ਫਿਰ ਪਾਊ ਬੋਲੀਆਂ
ਟੈਂਟ ਚੰਨੀ ਦਾ ਲਵਾਵਾਂਗੇ।

ਬੱਬੂ ਮਾਨ, ਲੱਗਾ ਗਾਉਣ ਸੀ
ਮੋਦੀ ਪੁੱਛੇ ਮਾਨ ਸਾਹਿਬ ਨੂੰ
ਭਲਾ ਦੱਸ ਵਿਚੋਲਾ ਕੌਣ ਸੀ ?

ਕੈਪਟਨ ਸਾਹਿਬ ਨੇ ਸੁਨੇਹਾ ਭੇਜਿਆ
ਕਹਿੰਦਾ ਮੇਰੀ ਬਾਚਕ ਦੁਖਦੀ
ਮੈਥੋਂ ਜਾਣਾ ਨੀ ਵਿਆਹ ਦੇਖਿਆ।

ਕਾਰਤੂਸ ਚੱਲਿਆ ਈ ਨੀ
ਬਾਦਲ ਨਰਾਜ਼ ਹੋ ਗਏ
ਕਹਿੰਦੇ ਸਾਨੂੰ ਕਾਰਡ ਘੱਲਿਆ ਈ ਨੀ।

ਜੇਲ੍ਹ ਨੂੰ ਕਮਾਂਡ ਦੇ ਦਿਓ
ਮਜੀਠੀਏ ਨੇ ਵਿਆਹ ਦੇਖਣਾ
ਦੋ ਦਿਨ ਦਾ ਰਿਮਾਂਡ ਦੇ ਦਿਓ।

ਆਹ ਤਾਂ ਚੌਕਾ ਈ ਮਾਰ ਗਿਆ
ਝਾੜੂ ਨੂੰ ਉਡੀਕਦੇ ਰਹੇ
ਮਾਨ ਪੰਜਾ ਈ ਮਾਰ ਗਿਆ।

ਭਗਵੰਤ ਮਾਨ ਕਹੇ ਅੜ ਕੇ
ਘੋੜੀ ਉਤੇ ਮੈਂ ਚੜ੍ਹਨਾ
ਕਹਿੰਦਾ ਹੱਥ ਵਿਚ ਝਾੜੂ ਫੜ ਕੇ।

ਕਿੱਥੇ ਜੋਤਤਾ ਟਰਾਲਾ ਬੇਲੀਓ
ਸੁਖਪਾਲ ਖਹਿਰਾ ਪੁੱਛਦਾ ਫਿਰੇ
ਕੌਣ ਬਣੂ ਸਰਬਾਲਾ ਬੇਲੀਓ।

ਰਹਿਣ ਸਦਾ ਹੀ ਚੜ੍ਹਾਈਆਂ ਮਿੱਤਰੋ
ਸਾਹੋਤਿਆ ਸਤੌਜ ਵਾਲੇ ਨੂੰ
ਦਿਓ ਦੱਬ ਕੇ ਵਧਾਈਆਂ ਮਿੱਤਰੋ।

**-ਕੁਲਵੀਰ ਸਹੋਤਾ ਡਾਨਸੀਵਾਲ**
**ਫੋਨ: 778 863 2472**

---

## ਦੋਗਲੇ ਚਿਹਰੇ

ਅੱਜ ਕੱਲ੍ਹ ਜੋ ਦੋਗਲੇ ਚਿਹਰੇ ਨੇ।
ਉਹ ਸੱਜਣਾ ਨਾ ਤੇਰੇ ਨੇ ਨਾ ਮੇਰੇ ਨੇ।

ਇੱਕੋ ਥਾਲੀ ਵਿਚ ਖਾ ਜ਼ਹਿਰ ਬਣਾਉਂਦੇ
ਉਤੋਂ-ਉਤੋਂ ਜੋ ਪੱਗ ਵਟਾਉਂਦੇ
ਯਾਰ ਮਾਰ ਉਹੀ ਨੇ ਕਰਦੇ
ਜੋ ਦਿਲ ਦੇ ਨੇੜੇ ਨੇ
ਅੱਜ-ਕੱਲ੍ਹ ਜੋ ਦੋਗਲੇ ਚਿਹਰੇ ਨੇ
ਉਹ ਸੱਜਣਾ ਨਾ ਤੇਰੇ ਨੇ ਨਾ ਮੇਰੇ ਨੇ।

ਜਿੰਨ੍ਹਾਂ ਉਤੇ ਤੂੰ ਫਿਰਦਾ ਏ ਡੁੱਲਿਆ
ਉਨ੍ਹਾਂ ਤੇਰਾ ਚੇਤਾ ਵੀ ਭੁੱਲਿਆ
ਉਹ ਫਿਰ ਨਹੀਓਂ ਸੁਣਦੇ
ਜੋ ਬਣ ਜਾਂਦੇ ਗੂੰਗੇ ਬਹਿਰੇ ਨੇ
ਅੱਜ-ਕੱਲ੍ਹ ਜੋ ਦੋਗਲੇ ਚਿਹਰੇ ਨੇ
ਉਹ ਸੱਜਣਾ ਨਾ ਤੇਰੇ ਨੇ ਨਾ ਮੇਰੇ ਨੇ।

ਭੱਜ-ਭੱਜ ਜੋ ਗਲ ਨੂੰ ਆਉਂਦੇ
ਇੱਕ ਦਿਨ ਓਹੀ ਗਲ ਫਾਹਾ ਲਾਉਂਦੇ
ਗਗਨ ਏਥੇ ਹੀ ਅਮਲਾਂ ਦੇ ਹੋਣੇ ਨਿਬੇੜੇ ਨੇ
ਅੱਜ-ਕੱਲ੍ਹ ਜੋ ਦੋਗਲੇ ਚਿਹਰੇ ਨੇ
ਉਹ ਸੱਜਣਾ ਨਾ ਤੇਰੇ ਨੇ ਨਾ ਮੇਰੇ ਨੇ।

**-ਗਗਨਦੀਪ ਕੌਰ ਧਾਲੀਵਾਲ**

---

## ਦਾਗ

ਬਤਮੀਜ਼, ਬੇ-ਅਕਲ, ਬਦ- ਦਿਮਾਗ
ਕਿਉਂ ਸ਼ਰਮ ਦੀ ਜ਼ੰਜੀਰ ਤੋੜ ਦੀ

ਪੀਰੀਅਡਜ਼ ਬਾਰੇ ਸ਼ਰੇਆਮ ਬੋਲ ਰਹੀ
ਕਿਉਂ ਸੱਭਿਅਤਾ, ਸੰਸਕ੍ਰਿਤੀ ਮਰੋੜ ਦੀ

ਬਾਪੂ ਬੈਠਾ, ਵੀਰਾ ਵੀ ਸੁਣ ਲਊ
ਕਿਉਂ ਉਨ੍ਹਾਂ ਬਾਰੇ ਨਾ ਤੂੰ ਸੋਚ ਦੀ?

ਤੂੰ Pads, ਕੱਪੜੇ ਸ਼ਰੇਆਮ ਵਰਤੇ
ਕਿਉਂ ਟਰੰਕ ਇਹਨੂੰ ਨਾ ਲਕੋਂਵਦੀ?

ਹੌਲੀ-ਹੌਲੀ ਰ ਧੀਏ ਕੋਈ ਸੁਣ ਨਾ ਲਵੇ
ਕੋਈ ਲੋੜ ਨਹੀਂ ਦਰਦ ਦਿਖਾਉਣ ਦੀ
'ਦਾਗ' ਨਾ ਲੱਗੇ 'ਕਾਂਟੇ' ਧਿਆਨ ਜਾਈ
ਕੋਈ ਲੋੜ ਨਹੀਂ ਮਖੌਲ ਬਣਾਉਣ ਦੀ।

ਭਾਵੇਂ ਇਹ ਦਾਗ ਸਿਰਜਣਹਾਰ ਏ
ਤੈਨੂੰ ਲੋੜ ਨੀ ਗੁਮਾਨ 'ਚ ਆਉਣ ਦੀ।

ਦਾਗ ਕੁਦਰਤ ਦੀ ਬਖਸ਼ੀਸ਼ ਜਾਂ ਸਰਾਪ ਏ
ਕੀ ਲੋੜ ਏ 'ਸ਼ਿਵ' ਤੈਨੂੰ ਸਮਝਾਉਣ ਦੀ।

**-ਸ਼ਿਵ ਜਿੰਦਲ (ਕਾਂਟੇ)**
**ਫੋਨ: 98766-27160**

---

## ਪਿਤਾ ਦਾ ਰੁਤਬਾ

ਬੱਚਿਆਂ ਖਾਤਰ ਪਿਤਾ
ਬੜਾ ਕੁੱਝ ਸਹਿੰਦਾ ਏ।
ਦੁੱਖ ਹਜ਼ਾਰਾਂ ਸਹਿ ਵੀ
ਉਫ਼ ਨਾ ਕਹਿੰਦਾ ਏ।
ਜਾਨ ਤਲੀ 'ਤੇ ਰੱਖਦਾ
ਧੀਆਂ-ਪੁੱਤਰਾਂ ਲਈ,
ਦਿਨੇ-ਰਾਤ ਨਾ,
ਨਾਲ ਚੈਨ ਦੇ ਬਹਿੰਦਾ ਏ।

ਲੈ ਕੇ ਦੇਵੇ
ਬਰੈਂਡ ਚੀਜ਼ਾਂ ਬੱਚਿਆਂ ਨੂੰ,
ਫਟੇ-ਪੁਰਾਣੇ ਪਾ ਖੁਦ ਨੂੰ
ਖੁਸ਼ ਕਹਿੰਦਾ ਏ।
ਕਦੇ ਮਾਯੂਸੀ
ਆਉਣ ਨਾ ਦੇਵੇ ਚੇਹਰੇ 'ਤੇ,
ਸਾਰੇ ਦੁੱਖ ਦਬਾਅ ਦਿਲ ਵਿਚ
ਰੱਖ ਲੈਂਦਾ ਏ।
ਰੱਖਦਾ ਸਦਾ ਖਿਆਲ
ਫੈਮਿਲੀ ਪੂਰੀ ਦਾ,
ਖੁਦ ਦੇ ਸ਼ੌਕ ਦਬਾ ਕੇ ਵੀ
ਖੁਸ਼ ਰਹਿੰਦਾ ਏ।

ਮਾਣ ਪਿਤਾ ਨੂੰ
ਦੇਣਾ ਚਾਹੀਦਾ ਬੱਚਿਆਂ ਨੂੰ,
ਮਾਣ ਮਿਲੇ ਪਿਤਾ ਫੇਰ ਨਾ
ਢਿੱਲਾ ਪੈਂਦਾ ਏ।
ਪਿਤਾ ਦਾ ਰੁਤਬਾ ਉੱਚਾ
ਸਾਰੇ ਰੁਤਬਿਆਂ ਤੋਂ,
'ਨਾਗਰਾ' ਸਭ ਦੇ ਪੱਲੇ ਨਾ
ਇਹ ਪੈਂਦਾ ਏ।

**-ਜਸਪਾਲ ਸਿੰਘ ਨਾਗਰਾ**
**ਫੋਨ: +13604481989**

---

## ਫਰਜ਼ ਨਿਭਾਈਏ

ਆਓ ਸਾਰੇ ਰੁੱਖ ਲਗਾਈਏ।
ਵਾਤਾਵਰਨ ਨੂੰ ਸ਼ੁੱਧ ਬਣਾਈਏ।
ਰੱਖੀਏ ਵਾਤਾਵਰਨ ਦਾ ਖਿਆਲ,
ਪ੍ਰਦੂਸ਼ਣ ਨਾ ਕਦੇ ਫੈਲਾਈਏ।

ਆਲਾ-ਦੁਆਲਾ ਰੱਖੀਏ ਸਾਫ,
ਕੂੜਾ ਸੁੱਟ ਕੇ ਗੰਦ ਨਾ ਪਾਈਏ।
ਮਾਨਵਤਾ ਨੂੰ ਕਰੀਏ ਪਿਆਰ,
ਧਰਤੀ ਨੂੰ ਹੀ ਸੁਰਗ ਬਣਾਈਏ।

ਫਸਲਾਂ ਉਪਰ ਪਾ ਕੇ ਜ਼ਹਿਰਾਂ,
ਮਨੁੱਖਤਾ ਖਤਰੇ ਵਿਚ ਨਾ ਪਾਈਏ।
ਬਦਲਵੀਂ ਖੇਤੀ ਕਰ ਕੇ ਪੈਦਾ,
ਧਰਤੀ ਹੇਠਲਾ ਪਾਣੀ ਬਚਾਈਏ।

ਕੁਦਰਤੀ ਚੀਜ਼ਾਂ ਦੀ ਕਰੀਏ ਸੰਭਾਲ,
ਚੰਗਾ ਖਾਈਏ ਚੰਗਾ ਹੰਢਾਈਏ।
ਬਿਮਾਰੀਆਂ ਪੈਦਾ ਕਰਦਾ ਧੂੰਆਂ,
ਰਹਿੰਦ-ਖੂੰਹਦ ਨੂੰ ਅੱਗ ਨਾ ਲਾਈਏ।

'ਪਸਨਾਵਾਲੀਆ' ਆਕਸੀਜਨ ਨੂੰ,
ਜਨ ਜਨ ਤੀਕਰ ਪਹੁੰਚਾਈਏ।
ਇਕ ਦੂਜੇ 'ਤੇ ਨਾ ਰੱਖੀਏ ਝਾਕ,
ਆਓ ਆਪਣੇ ਫਰਜ਼ ਨਿਭਾਈਏ।

**-ਸੁੱਚਾ ਸਿੰਘ ਪਸਨਾਵਾਲ**
**ਫੋਨ: 99150-33740**

# ਚਿੱਤਰਕਾਰੀ ’ਚ ਗੁਰੂ ਨਾਨਕ

***ਦਿੱਲੀ ਵੱਸਦਾ ਸ਼ਾਇਰ ਜਗਤਾਰਜੀਤ ਸਿੰਘ ਪਹਿਲਾਂ-ਪਹਿਲ ਖੁਦ ਹੱਥ ਵਿਚ ਬੁਰਸ਼ ਲੈ ਕੇ ਰੰਗਾਂ ਨੂੰ ਤਰਤੀਬ ਦਿੰਦਾ ਰਿਹਾ ਹੈ। ਬਾਅਦ ਵਿਚ ਉਸ ਨੇ ਚਿੱਤਰ ਵਾਹੁਣ ਦੀ ਥਾਂ ਚਿੱਤਰਾਂ ਬਾਰੇ ਲਿਖਣਾ ਆਰੰਭਿਆ। ਪਿਛਲੇ ਸਾਲ ਉਹਨੇ ਗੁਰੂ ਨਾਨਕ ਬਾਰੇ ਬਣਾਏ ਚਿੱਤਰਾਂ ਨੂੰ ਆਧਾਰ ਬਣਾ ਕੇ ਕਿਤਾਬ ਛਪਵਾਈ ਜਿਸ ਦਾ ਨਾਂ 'ਚਿੱਤਰਕਾਰੀ ਵਿਚ ਗੁਰੂ ਨਾਨਕ' ਹੈ। ਇਸ ਲੇਖ ਵਿਚ ਇਸ ਪੁਸਤਕ ਅਤੇ ਚਿੱਤਰਾਂ ਦੇ ਬੜੇ ਦਿਲਚਸਪ ਵੇਰਵੇ ਹਨ।***

ਸਾਲ 2021 ਵਿਚ ਛਪੀ ਮੇਰੀ ਪੁਸਤਕ 'ਚਿੱਤਰਕਾਰੀ ਵਿਚ ਗੁਰੂ ਨਾਨਕ' ਵਿਚ ਗੁਰੂ ਨਾਨਕ ਦੇ ਸਰੂਪਾਂ ਦੇ ਗੁਣ-ਲੱਛਣ ਪਛਾਣਨ ਦਾ ਯਤਨ ਕੀਤਾ ਹੈ। ਆਪਣੇ ਆਪ ਵਿਚ ਇਹ ਪਹਿਲਕਦਮੀ ਹੈ। ਇਕੋ ਥਾਂ ਇੰਨੀਆਂ ਰਚਨਾਵਾਂ ਦਾ ਵਿਵੇਚਨ ਸੰਭਵ ਹੋਵੇਗਾ, ਕਦੇ ਵਿਚਾਰਿਆ ਨਹੀਂ ਸੀ। ਜੀਵਨ ਰਾਹ ਉੱਪਰ ਕਈ ਮੌਕਾ ਮੇਲ ਬਣਦੇ ਹਨ। ਇਹ ਉਨ੍ਹਾਂ ਵਿਚੋਂ ਇਕ ਹੈ। ਮਨ ਵਿਚ ਖਿਆਲ ਆਇਆ, ਕਿਉਂ ਨਾ ਉਨ੍ਹਾਂ ਚਿੱਤਰਾਂ ਦਾ ਵਿਸ਼ਲੇਸ਼ਣ ਕੀਤਾ ਜਾਏ ਜਿਨ੍ਹਾਂ ਦੇ ਕੇਂਦਰ ਵਿਚ ਗੁਰੂ ਨਾਨਕ ਨੂੰ ਰੱਖਿਆ ਗਿਆ ਹੈ। ਦੇਖਣ ਨੂੰ ਤਾਂ ਕਈ ਚਿੱਤਰ ਮਿਲ ਜਾਂਦੇ ਹਨ ਪਰ ਹਰ ਇਕ ਬਾਬਤ ਲਿਖਿਆ ਨਹੀਂ ਜਾ ਸਕਦਾ। ਕਿਸੇ ਵੇਲੇ ਵੱਖ-ਵੱਖ ਚਿੱਤਰਕਾਰ ਇਕੋ ਵਿਸ਼ੇ ਵਸਤੂ ਨੂੰ ਆਧਾਰ ਬਣਾ ਪੇਂਟਿੰਗ ਕਰ ਦਿੰਦੇ ਹਨ। ਦਿਸਦੀਆਂ-ਮਿਲਦੀਆਂ ਸਮਾਨਤਾਵਾਂ ਬਾਬਤ ਲਿਖਣਾ ਲਿਖੇ ਨੂੰ ਪੇਤਲਾ ਕਰ ਦਿੰਦਾ ਹੈ।

ਕਿਸੇ ਇਕ ਗੁਰੂ ਵਿਅਕਤੀ ਬਾਬਤ ਲਿਖਣ ਦਾ ਯਤਨ ਸ਼ੁਰੂਆਤ ਮਾਤਰ ਹੈ, ਆਪਣੇ-ਆਪ ਵਿਚ ਅੰਤਿਮ ਨਹੀਂ। ਚੋਣ ਵੇਲੇ ਚਿੱਤਰਕਾਰ ਦੇ ਨਾਲ-ਨਾਲ ਚਿੱਤਰ ਦੇ ਮਹੱਤਵ ਨੂੰ ਅੱਖੋਂ ਓਹਲੇ ਨਹੀਂ ਕੀਤਾ। ਫਰੋਲਾ-ਫਰੋਲੀ ਕਰਦਿਆਂ ਗਿਆਤ ਹੋਇਆ ਜਿੰਨੀ ਵੰਨ-ਸਵੰਨਤਾ ਲਘੂ ਸ਼ੈਲੀ ਚਿੱਤਰਾਂ ਹਿੱਸੇ ਆਈ ਹੈ,



**ਜਗਤਾਰਜੀਤ ਸਿੰਘ**
ਫੋਨ: +91-98990-91186

ਪੇਂਟਿੰਗਾਂ ਵਿਚੋਂ ਨਦਾਰਦ ਹੈ। ਕੀ ਪੇਂਟਰ ਸਵੈ-ਰੋਕ ਦਾ ਸ਼ਿਕਾਰ ਹੈ ਜਾਂ ਗੁਰੂ ਨਾਨਕ ਦੇ ਜੀਵਨ ਨਾਲ ਜੁੜੀਆਂ ਘਟਨਾਵਾਂ ਨੂੰ ਕੈਨਵਸ ਉੱਪਰ ਉਤਾਰਨ ਤੋਂ ਖੁਦ ਨੂੰ ਅਸਮਰਥ ਸਮਝਦਾ ਹੈ।

ਉਨ੍ਹਾਂ ਤਸਵੀਰਾਂ ਦੀ ਮਿਕਦਾਰ ਜ਼ਿਆਦਾ ਹੈ ਜਿਥੇ ਗੁਰੂ ਨਾਨਕ ਆਪਣੇ ਪਰਮ ਸਿੱਖਾਂ, ਭਾਈ ਮਰਦਾਨਾ ਅਤੇ ਭਾਈ ਬਾਲਾ ਨਾਲ ਨਜ਼ਰੀਂ ਆਉਂਦੇ ਹਨ। ਅਜਿਹੀਆਂ ਪੇਂਟਿੰਗਾਂ ਦੇ ਬੀਜ ਸਚਿੱਤਰ ਜਨਮਸਾਖੀਆਂ ਅਤੇ ਕੰਧ ਚਿੱਤਰਾਂ ਵਿਚ ਲੱਭੇ ਜਾ ਸਕਦੇ ਹਨ।

ਜਿਵੇਂ ਇਤਿਹਾਸ ਦੇ ਵਿਆਖਿਆਕਾਰ ਆਪਸ ਵਿਚ ਸਹਿਮਤੀ ਨਹੀਂ ਰਖਦੇ, ਠੀਕ ਉਸੇ ਤਰ੍ਹਾਂ ਸਿਰਕੱਢ ਚਿਤੇਰੇ ਆਪਣੀ ਤਰ੍ਹਾਂ ਆਪਣਾ ਵਿਸ਼ਵਾਸ ਦ੍ਰਿੜਾਉਂਦੇ ਹਨ। ਉਦਾਹਰਨ ਹਿਤ ਗੁਰੂ ਨਾਨਕ ਦੇ ਸਿੱਖ ਭਾਈ ਬਾਲਾ ਨੂੰ ਲੈ ਸਕਦੇ ਹਾਂ। ਜਿਵੇਂ ਭਾਈ ਬਾਲਾ ਦੀ ਹੋਂਦ-ਅਣਹੋਂਦ ਬਾਬਤ ਇਤਿਹਾਸਕਾਰਾਂ ਦੀ ਭਿੰਨ-ਭਿੰਨ ਰਾਏ ਹੈ, ਤਿਵੇਂ ਹੀ ਚਿੱਤਰਕਾਰ ਵੀ ਇਸ ਪਾਤਰ ਬਾਰੇ ਇਕਮਤ ਨਹੀਂ। ਕਿਸੇ ਵੀ ਪੇਂਟਰ ਨੇ ਲਿਖ-ਬੋਲ ਕੇ ਪੱਖ-ਵਿਪੱਖ ਬਾਬਤ ਰਾਏ ਨਹੀਂ ਦਿਤੀ, ਇਹ ਪੱਖ ਹੈਰਾਨ ਕਰਨ ਵਾਲਾ ਹੈ।

ਪਰੰਪਰਕ ਚਿੱਤਰਕਾਰੀ ਦਾ ਅੰਗ ਰਿਹਾ ਪਾਤਰ ਭਾਈ ਬਾਲਾ ਅਚਾਨਕ ਪਿਛਲੀ ਸਦੀ ਦੇ ਮੱਧ ਬਾਅਦ ਗਾਇਬ ਹੋਣ ਲਗਦਾ ਹੈ। ਮਾਸਟਰ ਗੁਰਦਿਤ ਸਿੰਘ, ਜੀ.ਐਸ. ਸੋਹਨ ਸਿੰਘ, ਸੋਭਾ ਸਿੰਘ ਅਤੇ ਦੂਸਰੇ ਚਿੱਤਰਕਾਰਾਂ ਨੇ ਗੁਰੂ ਨਾਨਕ, ਭਾਈ ਮਰਦਾਨਾ, ਭਾਈ ਬਾਲਾ ਨੂੰ ਇਕੱਠਿਆਂ ਹੀ ਚਿਤਵਿਆ ਹੈ। ਕਿਰਪਾਲ ਸਿੰਘ, ਜਸਵੰਤ ਸਿੰਘ ਅਤੇ ਦੂਸਰੇ ਚਿੱਤਰਕਾਰਾਂ ਲਈ ਭਾਈ ਬਾਲਾ ਗੈਰ-ਲੋੜੀਂਦਾ ਪਾਤਰ ਹੋ ਨਿਬੜਦਾ ਹੈ।

ਇਹ ਵੱਖਰੀ ਤਰ੍ਹਾਂ ਦਾ ਵਿਸ਼ਾ ਹੈ ਕਿ ਭਾਈ ਮਰਦਾਨਾ ਅਤੇ ਭਾਈ ਬਾਲਾ ਦਾ ਸਾਥ ਦੇਣ ਵਾਲੇ ਚਿੱਤਰਕਾਰ ਉਨ੍ਹਾਂ ਨੂੰ 'ਪਲੇਸ' ਕਿਵੇਂ ਕਰਦੇ ਹਨ। ਗੁਰੂ ਵਿਅਕਤੀ ਨੂੰ ਸਾਕਾਰਦਿਆਂ ਹੋਇਆਂ ਸਾਕਾਰ ਕਰਤਾ ਖਾਸ ਸਮਾਜਿਕ, ਧਾਰਮਿਕ, ਆਰਥਿਕ, ਸਿਆਸੀ ਮਾਹੌਲ ਦਾ ਅੰਗ ਹੁੰਦਾ ਹੋਇਆ ਇਨ੍ਹਾਂ ਦਾ ਪ੍ਰਭਾਵ ਅਚੇਤ-ਸੁਚੇਤ ਕਬੂਲਦਾ ਹੈ ਅਤੇ ਆਪਣੀ ਮਨੋ-ਬਣਤਰ, ਸਮਰਥਾ ਅਨੁਸਾਰ ਜਵਾਬ ਵੀ ਦਿੰਦਾ ਹੈ। ਚਿੱਤਰ ਆਪਣੇ ਆਪ ਵਿਚ ਸਿਰਫ਼ ਚਿੱਤਰ ਨਾ ਹੋ ਕੇ ਕੁਝ ਹੋਰ ਵੀ ਹੁੰਦਾ ਹੈ। ਮੂਰਤ ਆਪਣੀ ਤਰ੍ਹਾਂ ਆਪਣੀ ਗੱਲ ਕਹਿੰਦੀ ਹੈ।

ਕੁਝ ਪੇਂਟਿੰਗਾਂ ਗੁਰੂ ਨਾਨਕ ਦੀ ਜੀਵਨ ਯਾਤਰਾ ਦੇ ਅਹਿਮ ਪੜਾਅ ਛੋਂਹਦੀਆਂ ਹਨ। ਜੇ ਇਕ ਪੇਂਟਿੰਗ ਗੁਰੂ ਨਾਨਕ ਦੇ ਜਨਮ ਵੇਲੇ ਨੂੰ ਆਪਣਾ ਵਿਸ਼ਾ ਬਣਾਉਂਦੀ ਹੈ ਤਾਂ ਇਕ ਹੋਰ ਪੇਂਟਿੰਗ ਉਨ੍ਹਾਂ ਵਲੋਂ ਕਰਤਾਰਪੁਰ ਸ਼ਹਿਰ ਵਸਾਉਣ ਦੇ ਸਮੇਂ ਵੱਲ ਸੰਕੇਤ ਕਰਦੀ ਹੈ। ਗੁਰੂ ਜੀ ਖੇਤੀ ਦਾ ਕੰਮ ਕਰਨ ਉਪਰੰਤ ਰਹਿੰਦਾ ਸਮਾਂ ਈਸ਼ਵਰ ਭਗਤੀ, ਪ੍ਰਚਾਰ, ਗਿਆਨ ਗੋਸ਼ਟ, ਸੰਗਤ ਅਤੇ ਸਾਧੂ ਸਭਾ ਦੇ ਲੇਖੇ ਲਾਉਂਦੇ ਹਨ। ਭਾਂਤ ਸੁਭਾਂਤ ਦੇ ਲੋਕ ਗੁਰੂ ਨਾਨਕ ਦੇ ਸ਼ਰਧਾਲੂ ਬਣ ਜਾਂਦੇ ਹਨ। ਵਿਚ-ਵਿਚਾਲੇ ਦੂਸਰੇ ਮਹੱਤਵਪੂਰਨ ਬਿਰਤਾਂਤ ਆਏ ਹਨ। ਗੁਰੂ ਨਾਨਕ ਵਲੋਂ ਆਰੰਭੀ 'ਉਦਾਸੀ ਦੀ ਰੀਤ' ਆਪਣੀ ਜਿਹੀ ਆਪ ਹੈ। ਇਸ ਘਟਨਾ ਨੂੰ ਦਰਸਾਉਂਦੀਆਂ ਦੋ ਪੇਂਟਿੰਗਾਂ ਸਾਡੇ ਸਾਹਮਣੇ ਹਨ। ਪਹਿਲੀ ਕਿਰਤ ਸੋਭਾ ਸਿੰਘ ਦੀ ਬਣੀ ਹੋਈ ਹੈ। ਇਸੇ ਵਿਸ਼ੇ ਨੂੰ ਲੈ ਦੂਸਰਾ ਚਿੱਤਰ ਕਿਰਪਾਲ ਸਿੰਘ ਦਾ ਤਿਆਰ ਕੀਤਾ ਹੋਇਆ ਹੈ। ਦੋਹਾਂ ਪਾਸ ਪਹੁੰਚ ਰਿਹਾ ਬਿਰਤਾਂਤ ਇਕੋ ਜਿਹਾ ਹੈ ਪਰ ਪ੍ਰਾਪਤ ਵਸਤੂ ਜਦ ਪ੍ਰਗਟਾਵੇ ਦਾ ਰੂਪ ਧਾਰਦੀ ਹੈ, ਵਖਰੇਵਾਂ ਲੈ ਲੈਂਦੀ ਹੈ। ਸੋਭਾ ਸਿੰਘ ਦੀ ਪੇਂਟਿੰਗ ਸੰਗਵੀਂ-ਸੰਗਵੀਂ ਹੈ। ਲਗਦਾ ਹੈ, ਘਰ ਅਤੇ ਘਰ ਦੇ ਜੀਆਂ ਤੋਂ ਇਲਾਵਾ ਹੋਰ ਲੋਕ ਪਿੱਛੇ ਰਹਿ ਗਏ ਹਨ। ਦਿਸ ਰਹੇ ਮੰਜ਼ਰ ਅਨੁਸਾਰ ਗੁਰੂ ਨਾਨਕ ਦੀ ਪਤਨੀ ਅਤੇ ਭਾਈ ਮਰਦਾਨੇ ਦੀ ਪਤਨੀ ਵਲੋਂ ਸਾਂਝੇ ਤੌਰ ਉੱਪਰ ਕੀਤਾ ਜਾਣ ਵਾਲਾ ਆਖਰੀ ਤਰਲਾ ਹੈ। ਦੋਵੇਂ ਮਾਵਾਂ ਆਪਣੇ ਬੱਚਿਆਂ ਨੂੰ ਨਾਲ ਲਿਆਈਆਂ ਹਨ। ਇਹ ਕਦਮ ਹੌਸਲੇ ਵਾਲਾ ਹੈ, ਜੇ ਉਸ ਵੇਲੇ ਦੇ ਸਮੇਂ ਨੂੰ ਧਿਆਨ ਵਿਚ ਰੱਖਿਆ ਜਾਵੇ ਤਾਂ ਇਸੇ ਸਮੇਂ ਵਿਚ ਕਿਰਪਾਲ ਸਿੰਘ ਦਾ ਦ੍ਰਿਸ਼ਾਂਕਨ ਭਰਵਾਂ ਹੋਣ ਦੇ ਇਲਾਵਾ ਉਥੇ ਮੌਜੂਦ ਸਾਕ-ਸਬੰਧੀਆਂ ਨੂੰ ਆਪੋ-ਆਪਣੀਆਂ ਮਨੋ-ਭਾਵਨਾਵਾਂ ਪ੍ਰਗਟ ਕਰਨ ਦਾ ਮੌਕਾ ਦੇ ਰਿਹਾ ਹੈ ਪਰ ਮਨੋ-ਭਾਵਨਾਵਾਂ ਦਾ ਪ੍ਰਗਟਾਵਾ ਬੇਮੁਹਾਰ ਨਹੀਂ, ਸੰਜਮੀ ਹੈ। ਘਟਨਾਕ੍ਰਮ ਦਾ ਕੇਂਦਰ ਬਣੇ ਗੁਰੂ ਨਾਨਕ ਆਉਣ ਵਾਲੇ ਕਿਸੇ ਵੀ ਪਲ ਘਰੋਂ ਬਾਹਰ ਜਾ ਸਕਦੇ ਹਨ।

ਜੋ ਸਾਹਮਣੇ ਹੈ, ਉਸ ਤੋਂ ਲਗਦਾ ਹੈ, ਪਰਿਵਾਰ ਦਾ ਕੋਈ ਵੀ ਜੀਅ ਏਨੀ ਸੱਤਿਆ ਨਹੀਂ ਰਖਦਾ ਕਿ ਉਹ ਵਕਫ਼ੇ ਬਾਅਦ, ਤੇਜ ਕਦਮੀ ਤੁਰਦਿਆਂ, ਗੁਰੂ ਨਾਨਕ ਤੇ ਭਾਈ ਮਰਦਾਨੇ ਨੂੰ ਅਗੇ ਹੋ ਕੇ ਮਿਲੇਗਾ ਜਾਂ ਦੋਹਾਂ ਨੂੰ ਕੀਤੇ ਨਿਰਣੇ ਨੂੰ ਟਾਲਣ ਬਾਰੇ ਕਹੇਗਾ। ਅਸਲ ਵਿਚ ਇਹ ਮਿਲਣ-ਖਿਣ ਹੀ ਵਿਦਾਈ-ਖਿਣ ਵੀ ਹੈ। ਕਿਰਪਾਲ ਸਿੰਘ ਦੀ ਕਿਰਤ ਵਿਚ ਗੁਰੂ ਜੀ ਅਤੇ ਉਨ੍ਹਾਂ ਦੇ ਸਿੱਖ ਦਾ ਜੁੱਸਾ ਲਚਕਦਾਰ, ਫੁਰਤੀਲਾ ਦਿਸ ਆਉਂਦਾ ਹੈ। ਇਹ ਗੁਣ ਸੋਭਾ ਸਿੰਘ ਕਿਰਤਾਂ ਦਾ ਅੰਗ ਨਹੀਂ ਬਣਿਆ। ਸੋਭਾ ਸਿੰਘ ਨੇ ਗੁਰੂ ਨਾਨਕ ਦੇ ਨਾਲ ਜੇ ਭਾਈ ਮਰਦਾਨਾ ਰੱਖਿਆ ਹੈ ਤਾਂ ਭਾਈ ਬਾਲਾ ਦੀ ਮੌਜੂਦਗੀ ਵੀ ਲਾਜ਼ਮੀ ਹੈ ਪਰ ਕਿਰਪਾਲ ਸਿੰਘ ਨੇ ਕਿਸੇ ਵੀ ਰਚਨਾ ਵਿਚ ਭਾਈ ਬਾਲੇ ਨੂੰ ਥਾਂ ਨਹੀਂ ਦਿਤੀ। ਇਹੋ ਗੱਲ ਜਸਵੰਤ ਸਿੰਘ ਬਾਰੇ ਵੀ ਕਹੀ ਜਾ ਸਕਦੀ ਹੈ।

ਦੋ ਹੋਰ ਮਹੱਤਵਪੂਰਨ ਬਿਰਤਾਂਤਕ ਘਟਨਾਵਾਂ ਹਨ। ਇਕ, ਗੁਰੂ ਨਾਨਕ ਆਪਣੇ ਸਿੱਖ ਭਾਈ ਲਾਲੋ ਦੇ ਘਰ ਪ੍ਰਸ਼ਾਦਾ ਛਕ ਰਹੇ ਹਨ। ਉਨ੍ਹਾਂ ਨਾਲ ਭਾਈ ਮਰਦਾਨਾ ਵੀ ਹਨ। ਜਿਹੜਾ ਸੰਦੇਸ਼ ਚਿੱਤਰ ਦੇ ਰਿਹਾ ਹੈ, ਉਹ ਸ਼ਾਬਦਿਕ ਬਿਰਤਾਂਤ ਨਹੀਂ ਦੇ ਸਕਦਾ। ਆਪਣੇ ਕਿਰਤੀ ਸਿੱਖ ਦੇ ਗ੍ਰਹਿ ਜਾ ਕੇ ਰਹਿਣਾ, ਉਸ ਦੇ ਬਰਾਬਰ ਬੈਠ ਕੇ ਪ੍ਰਸ਼ਾਦਾ ਛਕਣਾ ਅਲੋਕਾਰੀ ਘਟਨਾ ਹੈ।

ਅਗਲੇ ਚਿੱਤਰ ਅੰਦਰ ਕੈਦ ਕੀਤੇ ਗੁਰੂ ਨਾਨਕ ਨੂੰ ਬਾਬਰ ਮਿਲਣ ਆਉਂਦਾ ਹੈ। ਉਹ ਉਥੇ ਹੀ ਗੁਰੂ ਨਾਨਕ ਨਾਲ ਸੰਵਾਦ ਰਚਾਉਂਦਾ ਹੈ। ਇਹ ਦੋ ਵਿਅਕਤੀਆਂ ਦਰਮਿਆਨ ਸੰਵਾਦ ਹੈ। ਵੱਡੇ ਫਲਕ ਉੱਪਰ ਇਹ ਦੋ ਸੰਸਾਰਾਂ ਦਾ ਸੰਵਾਦ ਹੈ ਜਿਥੇ ਗਿਆਨ/ਅਨੁਭੂਤੀ ਦਾ ਸੰਸਾਰ ਜੇਤੂ ਬਣਦਾ ਹੈ; ਭਾਵ ਗਿਆਨ ਸ਼ਾਸਤਰ ਦੇ ਇਲਾਵਾ ਸਤਰ ਵੀ ਹੈ। ਉਪਰੋਕਤ ਦੋਵੇਂ ਰਚਨਾਵਾਂ ਕਿਰਪਾਲ ਸਿੰਘ ਦੀਆਂ ਹਨ। ਇਨ੍ਹਾਂ ਵਿਚੋਂ ਭਾਈ ਬਾਲਾ ਗੈਰ-ਹਾਜ਼ਰ ਹੈ। ਕੁਝ ਅਜਿਹੇ ਦ੍ਰਿਸ਼ ਹਨ ਜਿਥੇ ਗੁਰੂ ਨਾਨਕ ਆਪਣੇ ਸੰਗੀਆਂ ਨਾਲ ਬੈਠੇ ਹੋਏ ਹਨ। ਇਨ੍ਹਾਂ ਦੇ ਦ੍ਰਿਸ਼ਕਾਰ ਸੋਭਾ ਸਿੰਘ ਅਤੇ ਜੀ.ਐਸ. ਸੋਹਨ ਸਿੰਘ ਹਨ। ਸੋਭਾ ਸਿੰਘ ਕਾਲਕ੍ਰਮ ਅਨੁਸਾਰ 1924, 1969 ਅਤੇ 1982 ਨੂੰ ਤਿੰਨੇ ਕਿਰਦਾਰ ਇਕੋ ਸਪੇਸ ਵਿਚ ਪੇਂਟ ਕਰਦਿਆਂ ਹੋਇਆਂ ਹਰ ਵਾਰ ਬਦਲਵੀਂ ਯੋਜਨਾਬੰਦੀ ਦਾ ਆਸਰਾ ਲੈਂਦਾ ਹੈ। ਕਿਰਦਾਰ ਅ-ਬਦਲਵੇਂ ਹੋਣ ਦੇ ਬਾਵਜੂਦ ਚਿੱਤਰਕਾਰ ਆਪਣੀ ਨਿਰੰਤਰ ਬਦਲਵੀਂ ਸੋਚ ਨੂੰ ਰੇਖਾਂਕਿਤ ਕਰ ਰਿਹਾ ਹੈ।

ਦੂਜੇ ਪਾਸੇ ਜੀ.ਐਸ. ਸੋਹਨ ਸਿੰਘ ਜੋ ਬਣਾ ਰਿਹਾ ਹੈ, ਉਹ ਨਿਰੋਲ ਚਿੱਤਰ ਨਹੀਂ। ਲਗਦਾ ਹੈ, ਪਹਿਲਾਂ ਮੰਨਿਆ ਮਿਥਿਆ ਗਿਆ, ਫੇਰ ਆਕਾਰ ਸਿਰਜੇ ਗਏ। ਗੁਰੂ ਨਾਨਕ ਦਾ ਵੱਡਾ ਆਕਾਰ ਉਨ੍ਹਾਂ ਦੇ ਵਿਸ਼ਵ ਦ੍ਰਿਸ਼ਟੀਕੋਣ, ਸੋਚ, ਸਵੀਕ੍ਰਿਤੀ ਨੂੰ ਚਿਹਨਤ ਕਰਦਾ ਹੈ। ਚਿਤੇਰਾ ਸੰਭਵ ਹੈ, ਇਸੇ ਲਈ ਆਪਣੇ ਇਸ਼ਟ ਨੂੰ ਵਿਥ ਉੱਪਰ ਟਿਕਿਆ ਦਿਖਾ ਰਿਹਾ ਹੈ, ਪ੍ਰਤਿਭਾ ਦਰਸਾਉਣ ਦਾ ਇਹ ਇਕ ਅੰਦਾਜ਼ ਹੈ ਜਿਹੜਾ ਹੋਰ ਪ੍ਰਚੰਡ ਰੂਪ ਲੈ ਲੈਂਦਾ ਹੈ ਜਦ ਅਸੀਂ ਦੇਖਦੇ ਹਾਂ ਭਾਈ ਮਰਦਾਨਾ ਅਤੇ ਭਾਈ ਬਾਲਾ ਨੂੰ ਉਨ੍ਹਾਂ ਦੇ ਆਕਾਰ ਦੇ ਮੁਕਾਬਲੇ ਬਹੁਤ ਛੋਟੇ ਆਕਾਰ ਬਖਸ਼ੇ ਗਏ ਹਨ। ਇਹ ਅਜਬ ਤਰ੍ਹਾਂ ਦੀ ਪਹਿਲਕਦਮੀ ਕਹਿ ਸਕਦੇ ਹਾਂ, ਭਾਵੇਂ ਉਨ੍ਹਾਂ ਦੇ ਦੋਵੇਂ ਸਿੱਖ ਉਨ੍ਹਾਂ ਦੇ ਕਰੀਬ ਰਹੇ।

ਚਿੱਤਰਕਾਰ ਜੇ ਦੋਹਾਂ ਸਿੱਖਾਂ ਨੂੰ ਕਿਰਤ ਦਾ ਹਿੱਸਾ ਨਾ ਵੀ ਬਣਾਉਂਦਾ ਤਾਂ ਵੀ ਵਿਸ਼ੇ ਵਸਤੂ ਦਾ ਸੰਚਾਰ ਜਿਵੇਂ ਦਾ ਹੈ, ਉਵੇਂ ਦਾ ਹੀ ਕਾਇਮ ਰਹਿਣਾ ਸੀ। ਜੀ.ਐਸ. ਸੋਹਨ ਸਿੰਘ ਦੀ ਦੂਜੀ ਕਿਰਤ 'ਆਰਤੀ' ਦੇ ਗੁਰੂ ਨਾਨਕ ਪ੍ਰਕਿਰਤੀ ਦੇ ਇਲਾਵਾ ਨਖੱਤਰ ਚਾਲ ਨੂੰ ਦੇਖ ਹੀ ਨਹੀਂ ਰਹੇ ਬਲਕਿ ਉਸ ਦਰਮਿਆਨ ਹਾਜ਼ਰ ਵੀ ਹਨ। ਵਿਸ਼ਾ ਗਹਿਰ-ਗੰਭੀਰ ਹੈ। ਜੋ ਹਾਲਤ ਗੁਰੂ ਨਾਨਕ ਨੇ ਜਗਨਨਾਥ ਮੰਦਰ ਵਿਚ ਪੁਜਾਰੀਆਂ ਦੀ ਦੇਖੀ, ਉਹ ਉਤਸ਼ਾਹ ਦੇਣ ਵਾਲੀ ਨਹੀਂ ਸੀ। ਉਹ ਸੀਮਤ ਕਾਰਗੁਜ਼ਾਰੀ ਦੀ ਬਜਾਇ ਅਸੀਮ ਕੁਦਰਤੀ ਵਿਹਾਰ ਨੂੰ ਵਿਜ਼ੂਲਾਇਜ਼ ਕਰਦੇ ਹੋਇਆਂ ਜੋ ਕਾਵਿ ਰਚਦੇ ਹਨ, ਉਸ ਨੂੰ 'ਆਰਤੀ' ਕਿਹਾ ਜਾਂਦਾ ਹੈ। ਜਲ ਰੰਗ ਵਰਤਦਿਆਂ ਗੁਰੂ ਨਾਨਕ ਨੂੰ ਕੇਂਦਰ ਵਿਚ ਟਿਕਾਅ ਚਿੱਤਰਕਾਰ ਸਜਾਵਟੀ ਦ੍ਰਿਸ਼ ਰਚਦਾ ਹੈ ਜਿਥੇ ਤਰਕ ਜਾਂ ਕਲਾ ਦਾ ਅਕਾਦਮਿਕ ਪੱਥ ਨਹੀਂ ਉਭਰਦਾ।

ਅੱਲਾ ਬਖਸ਼ ਦੀ ਕਿਰਤ 'ਗੁਰੂ ਨਾਨਕ ਅਤੇ ਉਨ੍ਹਾਂ ਦਾ ਸਿੱਖ' ਕਾਲਪਨਿਕ ਹੁੰਦੀ ਹੋਈ ਵੀ ਸੱਚ ਦਾ ਭਰਮ ਰਚਦੀ ਹੈ। ਇਸ ਦਾ ਨਿਭਾਅ ਅਤੇ ਨਿਯੋਜਨ ਅਜਿਹਾ ਹੈ ਕਿ ਸ਼ਰਧਾਲੂਆਂ ਦੀ ਵੱਡੀ ਗਿਣਤੀ ਇਸ ਨੂੰ ਗੁਰੂ ਨਾਨਕ ਦੀ ਅਸਲੀ ਤਸਵੀਰ ਮੰਨੀ ਤੁਰੀ ਆ ਰਹੀ ਹੈ। ਇਹ ਕਲਾ ਦਾ ਚਮਤਕਾਰੀ ਪੱਖ ਹੈ। ਸਾਰਾ ਚਿਤਰਨ ਬਰੀਕ-ਬੀਨੀ ਨਾਲ ਹੋਇਆ ਹੈ।

ਇਸ ਲੇਖ ਸਮੂਹ ਵਿਚ ਕੁਝ ਲੇਖ ਅਜਿਹੇ ਹਨ ਜਿਥੇ ਗੁਰੂ ਨਾਨਕ ਦੇ ਉਸ ਸਰੂਪ ਦੀ ਗੱਲ ਕੀਤੀ ਹੈ ਜਿਥੇ ਉਹ ਇਕੱਲੇ ਹਨ। ਭਗਤ ਸਿੰਘ, ਜੀ.ਐਸ. ਸੋਹਨ ਸਿੰਘ, ਸੋਭਾ ਸਿੰਘ ਦੇ ਤਿਆਰ ਸਰੂਪ ਇਸ ਵਰਗ ਵਿਚ ਆਉਂਦੇ ਹਨ। ਗੁਰੂ ਨਾਨਕ (ਕ੍ਰਿਤ ਭਗਤ ਸਿੰਘ) ਚੌਂਕੜਾ ਲਾਈ ਕੁਦਰਤੀ ਇਕਾਈਆਂ ਵਿਚਾਲੇ ਬੈਠੇ ਹਨ। ਇਹ ਚਿੱਤਰ ਬਾਬਾ ਨੰਦ ਸਿੰਘ ਤੋਂ ਆਰੰਭ ਹੋਏ ਸੰਪ੍ਰਦਾਇ ਦਾ ਪ੍ਰਮੁੱਖ ਜੁਜ਼ ਹੈ। ਇਹਦੇ ਬਿਨਾਂ 'ਠਾਠ' (ਜਿਥੇ ਗੁਰੂ ਗ੍ਰੰਥ ਦਾ ਪ੍ਰਕਾਸ਼ ਕੀਤਾ ਜਾਂਦਾ ਹੈ) ਦੀ ਕਲਪਨਾ ਨਹੀਂ ਕੀਤੀ ਜਾ ਸਕਦੀ।

ਅੱਜ ਤੋਂ 60-70 ਸਾਲ ਪਹਿਲਾਂ ਗੁਰੂ ਨਾਨਕ ਦੀ ਇਕ ਤਸਵੀਰ ਖੂਬ ਪ੍ਰਚਲਿਤ ਸੀ ਜਿਹੜੀ 'ਤੋਤੇ ਵਾਲੀ ਤਸਵੀਰ' ਦੇ ਨਾਮ ਨਾਲ ਮਸ਼ਹੂਰ ਸੀ। ਇਥੇ ਸਾਦਗੀ ਸਜਾਵਟ ਰਾਹੀਂ ਪੇਸ਼ ਹੋਈ ਹੈ। ਆਪਣੇ ਸਮੇਂ ਵਿਚ ਬਣਿਆ ਅਕਸ ਪੂਰਬਲੇ ਅਤੇ ਸਮਕਾਲੀ ਪ੍ਰਭਾਵਾਂ ਨੂੰ ਸਮੋਈ ਬੈਠਾ ਹੈ। ਸਮੁੱਚੇ ਪ੍ਰਭਾਵ ਨੂੰ ਖਾਸੀ ਸੱਟ ਲਗਦੀ ਹੈ ਜਦ ਚਿੱਤਰ ਵਿਚ ਦਿਖਦੀਆਂ ਇਕਾਈਆਂ ਦੀ ਪੜਚੋਲ ਕੀਤੀ ਜਾਂਦੀ ਹੈ। ਹੁਣ ਇਹ ਤਸਵੀਰ ਇਤਿਹਾਸ ਦਾ ਅੰਗ ਹੈ, ਲੋਕਾਂ ਦੇ ਘਰ ਦਾ ਸ਼ਿੰਗਾਰ ਨਹੀਂ।

ਅਸੀਸ ਕਿਰਤ ਸੋਭਾ ਸਿੰਘ ਵਿਚ ਗੁਰੂ ਨਾਨਕ ਦੇ ਸਰੂਪ ਨੂੰ ਏਨੀ ਕਰੀਬੀ ਤੋਂ ਪਹਿਲੀ ਵਾਰ ਦੇਖਿਆ-ਦਿਖਾਇਆ ਗਿਆ ਹੈ। ਅਸੀਸ ਦੇ ਰਿਹਾ ਹੱਥ ਵੀ, ਇਸੇ ਚਿੱਤਰ ਦਾ ਅੰਗ, ਪਹਿਲੀ ਵਾਰ ਬਣਾਇਆ ਗਿਆ ਹੈ। ਅਕਸਰ ਵਿਚਾਰਿਆ ਜਾਂਦਾ ਰਿਹਾ ਹੈ ਕਿ ਇਹ ਤਸਵੀਰ ਜਿੰਨਾ ਸਮਾਜ ਦੇ ਕਰੀਬ ਹੋ ਰਹੀ ਹੈ, ਓਨਾ ਹੀ ਰੂਪ ਪੱਧਰ ਉਪਰ ਇਹ ਰੂਪ ਗੁਰੂ ਨਾਨਕ ਦੇ ਅਸਲ ਸਰੂਪ ਤੋਂ ਪਰ੍ਹਾਂ ਹੈ। ਸੋਭਾ ਸਿੰਘ ਦੀ ਮਿਹਨਤ ਗੁਰੂ ਨਾਨਕ ਨੂੰ 'ਮੰਨਣਯੋਗ ਗੁਰੂ ਨਾਨਕ' ਤਕ ਨਹੀਂ ਲੈ ਜਾ ਸਕੀ। ਸਿਧੀ ਪ੍ਰਾਪਤੀ ਵੱਖਰਾ ਵਿਸ਼ਾ ਹੈ, ਕਲਾ-ਗੁਣਾਂ ਦਾ ਮਾਪਦੰਡ ਨਹੀਂ। ਇਸ ਪੁਸਤਕ ਵਿਚ ਕੁਝ ਅਜਿਹੇ ਚਿੱਤਰਾਂ ਦੀ ਸ਼ਮੂਲੀਅਤ ਵੀ ਹੈ ਜਿਥੇ ਗੁਰੂ ਨਾਨਕ ਦਾ ਚਿਹਰਾ-ਮੁਹਰਾ ਨਹੀਂ ਹੈ। ਇਸ ਦੇ ਬਾਵਜੂਦ ਸਿੱਖ ਗੁਰੂਆਂ ਦੇ ਜੀਵਨ ਦੀ ਮਾੜੀ-ਮੋਟੀ ਸੂਝ-ਬੂਝ ਰੱਖਣ ਵਾਲਾ ਸ਼ਖਸ ਚਿੱਤਰ ਦੇਖਦਿਆਂ ਇਨ੍ਹਾਂ ਨੂੰ ਗੁਰੂ ਨਾਨਕ ਨਾਲ ਜੋੜ ਦੇਵੇਗਾ। ਇਨ੍ਹਾਂ ਦਾ ਚਿਤੇਰਾ ਜਸਵੰਤ ਸਿੰਘ ਹੈ ਜਿਸ ਨੇ ਗੁਰੂ ਨਾਨਕ ਦੀ ਸ਼ਕਲ-ਸੂਰਤ ਨਹੀਂ ਬਲਕਿ ਉਨ੍ਹਾਂ ਦੇ ਕਰਮ ਅਤੇ ਬੁਨਿਆਦੀ ਸਿਖਿਆਵਾਂ ਜਿਹੜੀਆਂ ਸਿੱਖੀ ਸਿਧਾਂਤ ਦੀਆਂ ਮੂਲ ਵੀ ਹਨ, ਨੂੰ ਕੈਨਵਸ ਦਾ ਅੰਗ ਬਣਾਇਆ ਹੈ।



*ਗੁਰੂ ਨਾਨਕ ਬਾਰੇ ਬਣਾਏ ਚਿੱਤਰਕਾਰ ਜਸਵੰਤ ਸਿੰਘ ਦੇ ਦੋ ਚਿੱਤਰ।*

ਚਿਤੇਰੇ ਨੇ ਗੁਰੂ ਨਾਨਕ ਦਾ ਰੂਪ ਵੀ ਪੇਂਟ ਕੀਤਾ ਹੈ। ਉਨ੍ਹਾਂ ਵਿਚ ਨਿਜੀ ਦਖਲ ਅੰਦਾਜ਼ੀ ਇੰਨੀ ਪ੍ਰਬਲ ਹੈ ਕਿ ਉਹ ਸਿੱਖ ਸਮਾਜ ਵਲੋਂ ਪੂਰੀ ਤਰ੍ਹਾਂ ਅਪ੍ਰਵਾਨਿਤ ਹੋਏ ਹੋਏ ਲਗਦੇ ਹਨ।

ਇਸ ਪੁਸਤਕ ਅੰਦਰ ਕ੍ਰਮਵਾਰ 'ਦੀ ਪਿਲਮ' ਅਤੇ 'ਗੁਰੂ ਨਾਨਕ' ਚਿੱਤਰਾਂ ਦੀ ਪਰਖ-ਪੜਚੋਲ ਹੈ। ਦੋਹਾਂ ਵਿਚ ਗੁਰੂ ਨਾਨਕ ਸਰੀਰ ਮੌਜੂਦ ਨਹੀਂ ਪਰ ਉਨ੍ਹਾਂ ਦੇ ਕੁਝ ਸਰੀਰਕ ਅੰਗ ਦਿਖਾਈ ਦਿੰਦੇ ਹਨ। ਜਸਵੰਤ ਸਿੰਘ ਸਾਰੀ ਵਿੱਥਿਆ ਸਿਰਫ਼ ਪੈਰਾਂ ਅਤੇ ਹੱਥਾਂ ਨਾਲ ਬਿਆਨ ਕਰ ਦਿੰਦਾ ਹੈ।

ਗੁਰੂ ਨਾਨਕ ਵਡੇਰੇ ਯਾਤਰੂ ਵੀ ਸਨ। ਉਦਾਸੀਆਂ ਦੌਰਾਨ ਉਨ੍ਹਾਂ ਦੇ ਪੈਰ ਹਰ ਤਰ੍ਹਾਂ ਦੀ ਜ਼ਮੀਨ ਦੇ ਸੁਭਾਅ ਨੂੰ ਮਿਲੇ। ਪ੍ਰਤੀਤ ਹੁੰਦਾ ਹੈ, ਚਿੱਤਰਕਾਰ ਦੀ ਪਰਿਕਲਪਨਾ ਨੇ ਪ੍ਰਚਲਿਤ ਗੁਰੂ ਰੂਪ ਚਿੱਤਰਨ ਦੀ ਪਰੰਪਰਾ ਨੂੰ ਤਿਲਾਂਜਲੀ ਦੇ ਕੇ ਨਵਾਂ ਬਿਬ ਰਚਿਆ। ਇਕੋ ਰਚਨਾ ਨੇ ਚਿਤੇਰੇ ਨੂੰ ਸਥਾਪਤੀ ਦੇ ਰਾਹ ਵਲ ਤੋਰ ਦਿਤਾ। ਇਹ ਇਮੇਜ ਦਰਸ਼ਕ-ਦ੍ਰਿਸ਼ਟੀ ਨੂੰ ਇਕ ਪਾਸਿਓਂ ਤੋੜ ਦੂਏ ਪਾਸੇ ਨਾਲ ਜੋੜ ਰਹੀ ਹੈ। ਰੂਪ ਪ੍ਰਤੀ ਬੇਲੋੜੀ ਉਤਪੰਨ ਹੋਈ ਸ਼ਰਧਾ ਨੂੰ ਇਹ ਇਕੋ ਝਟਕੇ ਨਾਲ ਛਿਟਕ ਕੇ ਦੇਖਣ ਵਾਲੇ ਨੂੰ ਸੋਚਣ ਦੇ ਰਾਹ ਪਾਉਂਦੀ ਹੈ। ਡੀ.ਏ. ਆਹੂਜਾ ਦਾ ਬਣਾਇਆ ਚਿੱਤਰ ਵਿਸ਼ੇ ਅਤੇ ਰੰਗ ਵਰਤੋਂ ਦੇ ਪੱਖੋਂ ਖਾਸਾ ਹਟਵਾਂ ਹੈ। ਇਹਦੇ ਵਿਚ ਗੁਰੂ ਨਾਨਕ, ਭਾਈ ਮਰਦਾਨਾ, ਭਾਈ ਬਾਲਾ ਦੇ ਇਲਾਵਾ ਗੁਰੂ ਜੀ ਦੇ ਸਪੁੱਤਰ ਵੀ ਹਨ। ਦ੍ਰਿਸ਼ ਦਾ ਸੁਭਾਅ ਥੋੜ੍ਹਾ ਪਰਿਵਾਰਕ ਲਗਦਾ ਹੈ। ਇਸ ਤੋਂ ਵੱਡੇਰਾ ਸੰਦੇਸ਼ ਭਗਤੀ ਮਾਰਗ ਨਾਲ ਜੁੜਿਆ ਹੈ ਕਿ ਇਸ ਯੁਗ ਵਿਚ ਕਿਹੜਾ ਭਗਤੀ ਮਾਰਗ ਸਹੀ ਹੈ।

000

ਕਿਸੇ ਚਿਤੇਰੇ ਦੇ ਰਚੇ ਸਾਰੇ ਕੰਮ ਜਾਂ ਕਾਫ਼ੀ ਹੱਦ ਤਕ ਪ੍ਰਮੁੱਖ ਕੰਮ ਦੀ ਉਪਲੱਬਧਤਾ ਦੀ ਕਮੀ ਮਹਿਸੂਸ ਹੁੰਦੀ ਆ ਰਹੀ ਹੈ। ਉਹ ਨਾ ਤਾਂ ਕਿਸੀ ਗੈਲਰੀ ਦਾ ਹਿੱਸਾ ਬਣਦਾ ਹੈ ਅਤੇ ਨਾ ਹੀ ਕਿਸੇ ਯੋਗ ਥਾਂ ਪ੍ਰਮੁੱਖਤਾ ਨਾਲ ਛਪਦਾ ਹੈ। ਕਿਸੇ ਵੇਲੇ ਚਿੱਤਰਕਾਰ ਦਾ ਨਾਂ ਮਿਲ ਜਾਂਦਾ ਹੈ ਅਤੇ ਫੇਰ ਉਸ ਦੇ ਕੰਮ ਨੂੰ ਪ੍ਰਾਪਤ ਕਰਨ ਦੀ ਭੱਜ-ਦੌੜ ਸ਼ੁਰੂ ਹੁੰਦੀ ਹੈ। ਕਈ ਵਾਰੀ ਮਿਲੇ ਕੰਮ ਦੇ ਰਚਨਹਾਰ ਨੂੰ ਲੱਭਣਾ ਪੈਂਦਾ ਹੈ। ਇਹ ਵੀ ਆਪਣੀ ਤਰ੍ਹਾਂ ਦੀ ਖੇਡ ਹੈ ਜਿਸ ਦੀ ਜਿੱਤ-ਹਾਰ ਦਾ ਹਿੱਸੇਦਾਰ ਇਸ ਕਿਤਾਬ ਦਾ ਰਚਨਹਾਰ ਹੁੰਦਾ ਰਿਹਾ ਹੈ।

ਨਿਸਚਿਤ ਹੈ, ਦਰਸ਼ਕ-ਪਾਠਕ ਹੁੰਦੇ ਕੰਮ ਅਤੇ ਉਸ ਦੇ ਮਿਆਰ ਬਾਰੇ ਕਿੰਤੂ-ਪ੍ਰੰਤੂ ਕਰਨਗੇ। ਇਹ ਉਚਿਤ ਵੀ ਹੈ। ਇਕ ਗੱਲ ਬਿਲਕੁਲ ਸਾਫ ਹੈ, ਸ਼ਾਮਲ ਚਿਤੇਰਿਆਂ ਵਿਚੋਂ ਕਿਸੇ ਨੇ ਵੀ ਕਲਾ ਸਬੰਧਿਤ ਕੋਈ ਉੱਚ ਸਿੱਖਿਆ ਪ੍ਰਾਪਤ ਨਹੀਂ ਕੀਤੀ। ਇਹ ਸਵੈ-ਸਿਖਿਅਤ ਹਨ ਜਾਂ ਗੁਰੂ-ਸ਼ਿਸ਼ ਪਰੰਪਰਾ ਦੀ ਉਪਜ ਹਨ। ਪਹਿਲੇ ਵਰਗ ਵਿਚ ਸੋਭਾ ਸਿੰਘ, ਕਿਰਪਾਲ ਸਿੰਘ, ਮਾਸਟਰ ਗੁਰਦਿੱਤ ਸਿੰਘ, ਜਸਵੰਤ ਸਿੰਘ, ਭਗਤ ਸਿੰਘ ਆਉਂਦੇ ਹਨ। ਦੂਜੇ ਵਰਗ ਅੰਦਰ ਜੀ.ਐਸ. ਸੋਹਨ ਸਿੰਘ ਆਉਂਦਾ ਹੈ।

ਇੰਨੀ ਕੁ ਜਾਣਕਾਰੀ ਸੰਚਾਰਦੀ ਹੈ ਕਿ ਚਿਤੇਰਿਆਂ ਦਾ ਪਿਛੋਕੜ, ਕਿਹੋ ਜਿਹਾ ਰਿਹਾ। ਸਵੈ-ਯਤਨ ਨਾਲ ਅਰਜਿਤ ਕੀਤੇ ਗਿਆਨ ਨੇ ਹਰ ਇਕ ਦੇ ਕੰਮ ਨੂੰ ਵੱਖਰਾਪਨ ਦਿੱਤਾ। ਇਹ ਚੰਗਾ ਲੱਛਣ ਹੈ। ਗੁਰੂ-ਸ਼ਿਸ਼ ਪਰੰਪਰਾ ਦਾ ਵਿਦਿਆਰਥੀ ਪਹਿਲਾਂ ਗੁਰੂ ਜਿਹਾ ਹੋਣਾ ਲੋਚਦਾ ਹੈ। ਕੁਝ ਕਰਨ ਯੋਗ ਹੋਣ ਉਪਰੰਤ ਉਹ ਵੱਖਰਾ ਹੋਣ ਦਾ ਯਤਨ ਕਰਦਾ ਹੈ। ਇਸੇ ਯਤਨ ਵਿਚੋਂ ਰਲੇਵਾਂ ਝਾਤੀਆਂ ਮਾਰਦਾ ਹੈ, ਬਸ ਪਛਾਣਨ ਵਾਲੀ ਅੱਖ ਚਾਹੀਦੀ ਹੈ।

ਸਾਡੇ ਏਧਰ ਕਿਸੇ ਵੀ ਨਾਮਵਾਰ ਚਿਤੇਰੇ ਨੇ ਗੁਰੂ ਨਾਨਕ ਦੇ ਸਮੁੱਚੇ ਜੀਵਨ ਦੀਆਂ ਪ੍ਰਮੁੱਖ ਘਟਨਾਵਾਂ ਨੂੰ ਲੜੀਬੱਧ ਢੰਗ ਨਾਲ ਪੇਂਟ ਨਹੀਂ ਕੀਤਾ। ਕਿਸੇ ਸ਼ਾਹਕਾਰ, ਵੱਡੇ ਫ਼ਲਕ ਵਾਲੀ ਰਚਨਾ ਦੀ ਸਾਨੂੰ ਹਾਲੇ ਵੀ ਉਡੀਕ ਹੈ। ਇਸ ਉਡੀਕ ਨੂੰ ਕਦ ਬੂਰ ਪਵੇਗਾ, ਕਿਹਾ ਨਹੀਂ ਜਾ ਸਕਦਾ।

ਆਪਣੇ ਰਚਨਾਤਮਕ ਘਰ ਦੀ ਬਾਰੀ ਖੋਲ੍ਹ ਜੇ ਪੱਛਮੀ ਕਲਾ ਸੰਸਾਰ ਵਲ ਦੇਖਿਆ ਜਾਏ ਤਾਂ ਸਾਨੂੰ ਕਾਫ਼ੀ ਚਾਨਣਾ ਹੋ ਜਾਵੇਗਾ। ਇਹ ਸੰਕੇਤਕ ਤੌਰ 'ਤੇ ਲਿਖਿਆ ਹੈ। ਇਸ ਪੱਖ ਨੂੰ ਹੋਰ ਅੱਗੇ ਤੋਰਨ ਦੀ ਕੋਈ ਮਨਸ਼ਾ ਨਹੀਂ। ਏਦਾਂ ਗੱਲ ਉਲਝ ਵੀ ਸਕਦੀ ਹੈ। ਇੰਨਾ ਕੁ ਸਮਝ ਲੈਣਾ ਹੀ ਚੰਗਾ ਰਹੇਗਾ ਕਿ ਸਾਡੇ ਏਧਰ ਉੱਚ ਪਾਏ ਦੇ ਰਚਨਾਕਾਰ ਨਹੀਂ ਹਨ, ਨਾ ਹੀ ਵਸੀਹ ਪੱਧਰ ਉੱਪਰ ਦ੍ਰਿਸ਼ ਉਸਾਰੀ ਕਰਨ ਵਾਲੇ ਕਲਪਨਾਸ਼ੀਲ ਕਿਸੇ ਪੇਂਟਰ ਦਾ ਨਾਂ ਸਾਡੇ ਪਾਸ ਹੈ।

ਇਸ ਦੇ ਨਾਲ ਹੀ ਇਕ ਹੋਰ ਭੱਖਿਆ, ਰੋਹ ਭਰਿਆ ਪੱਖ ਸਾਹਮਣੇ ਆਉਂਦਾ ਹੈ ਕਿ ਅਸੀਂ ਤਸਵੀਰ-ਮੂਰਤੀ ਪੂਜਕ ਨਹੀਂ ਹਾਂ। ਆਪਣਾ ਮੱਤ ਰੱਖਣ ਵਾਲੇ ਗੁਰਬਾਣੀ ਦਾ ਆਸਰਾ ਲੈਂਦੇ ਹਨ। ਜੇ ਤਸਵੀਰਕਸ਼ੀ ਕਰਨ ਵਾਲੇ ਦਾ ਵਿਰੋਧ ਹੁੰਦਾ ਹੈ ਤਾਂ ਸਿੱਖ ਗੁਰੂਆਂ ਦੀਆਂ ਤਸਵੀਰਾਂ ਦੀ ਵਿਆਖਿਆ ਕਰਨ ਵਾਲੇ ਦਾ ਵਿਰੋਧ ਵੀ ਹੁੰਦਾ ਹੈ।

ਇਕ ਹੋਰ ਧਿਰ ਵੀ ਹੈ ਜੋ ਗੁਰੂ ਵਿਅਕਤੀਆਂ ਨਾਲ ਜੁੜੀਆਂ ਤਸਵੀਰਾਂ ਦਾ ਵਿਰੋਧ ਤਾਂ ਨਹੀਂ ਕਰਦੀ ਪਰ ਕਹਿੰਦੀ ਹੈ ਕਿ ਇਨ੍ਹਾਂ ਦੀ ਪੂਜਾ ਨਾ ਕੀਤੀ ਜਾਏ। ਇਨ੍ਹਾਂ ਨੂੰ ਗੁਰਦੁਆਰਿਆਂ ਅੰਦਰ ਨਾ ਟਿਕਾਇਆ ਜਾਏ। ਵੱਖਰੀ ਥਾਂ ਜਾਂ ਅਜਾਇਬ ਘਰ ਅੰਦਰ ਰੱਖੇ ਜਾਣ ਨੂੰ ਜਾਇਜ਼ ਕਹਿੰਦੀ ਹੈ।


PAO
PUNJABI AMERICAN ORGANIZATION
ਤੀਆਂ ਦਾ ਮੇਲਾ 2022
ATTRACTION OF THE EVENT SHAUKAN MELE DI
Gulzar Singh
SUGA
JASBIR SUGA 708-715-1734
A1 Motor Sales
Jesse Singh
BROKER/REALTOR
847-606-3664
Teeyan
DA MELA
Family Style Mela
MISS POOJA PERFORMING LIVE
Sunday July 24th 2022 | 10:30 AM to 4:00 PM
WATERFORD BANQUET
933 S Riverside Dr, Elmhurst, IL 60126
ENJOY DHOLKI • DANCING • SINGING • MEHNDI • GIDDHA • SHOPPING • FOOD
Tickets : General Ticket $15 • VIP $100 • (Kids Under 5 FREE)
Buy Tickets Online @ WWW.SULEKHA.COM
For More Information
Mini Multani 630.935.5239
Naina Singh 847.828.9412
Sukhi Singh 847.917.3664
Jasmeet Suga 630.673.6300
Raj Mago 630.890.1362
Pammi Sangha 630.965.2930
Shaloo Chhabra 813.317.6815
Pinky Walia 847.999.8720
Jeewan Dhami 847.409.4675
For Stalls - Kamal Hunjan 630.673.5156 or Gurpreet K. Singh 630.677.6144
For Items & Performances - Rossie Rehal 630.699.8555 or Prabh Khaira 630.267.2107

ਕਹਾਣੀ

# ਜੁਗਨੂੰ

**ਸੁਰਜੀਤ ਕੌਰ ਦੀ ਕਹਾਣੀ 'ਜੁਗਨੂੰ' ਅਜੋਕੇ ਸਮੇਂ ਕੁਝ ਲੋਕਾਂ ਵਲੋਂ ਸੋਸ਼ਲ ਮੀਡੀਆ 'ਤੇ ਜਾਅਲੀ ਆਈਡੀਜ਼ ਬਣਾ ਕੇ ਲੋਕਾਂ ਦੀਆਂ ਭਾਵਨਾਵਾਂ ਨਾਲ ਖੇਡਣ ਦੀ ਦਾਸਤਾਂ ਬਿਆਨ ਕਰਦੀ ਹੈ। ਇਸ ਵਿਚ ਦਰਸਾਇਆ ਗਿਆ ਹੈ ਕਿ ਕਿੰਜ ਲੋਕ ਫੇਸਬੁੱਕ 'ਤੇ ਫੇਕ ਨਾਵਾਂ ਨਾਲ ਪ੍ਰਾਫਾਈਲ ਬਣਾ ਲੈਂਦੇ ਨੇ ਤੇ ਕਈ ਭੋਲੇ ਲੋਕ ਉਨ੍ਹਾਂ 'ਦੀਆਂ ਝੂਠੀਆਂ ਸੱਚੀਆਂ ਗੱਲਾਂ ਵਿਚ ਆ ਕੇ ਭਾਵਨਾਤਮਿਕ ਤੌਰ'ਤੇ ਪ੍ਰੇਸ਼ਾਨ ਹੁੰਦੇ ਹਨ।**

'ਹਾਇ ਰੱਬਾ! ਦੇਖ ਲਉ ਸਨੋਅ ਦੇ ਹਾਲ...! ਚਿੱਟਾ ਈ ਚਿੱਟਾ ਹੋਇਆ ਪਿਐ ਚਾਰੇ ਪਾਸੇ! ਬੱਚੇ ਇਹਨੂੰ ਕਹਿੰਦੇ ਨੇ 'ਦਿਸ ਵ੍ਹਾਈਟ ਥਿੰਗ...'! ਕੁਝ ਕਰਨ ਨੂੰ ਵੀ ਤਾਂ ਜੀਅ ਨਹੀਂ ਕਰਦਾ!'

ਸਾਵੀ ਨੇ ਅਜੇ ਇੰਨਾ ਕਿਹਾ ਹੀ ਸੀ ਕਿ ਉਸਦੇ ਸੈਲ ਫੋਨ ਦੀ ਘੰਟੀ ਵੱਜੀ। ਕੈਲੀਫੋਰਨੀਆ ਰਹਿੰਦੀ ਉਸਦੀ ਸਹੇਲੀ ਰੇਨੂੰ ਦੀ ਕਾਲ ਆ ਰਹੀ ਸੀ। ਉਸਨੇ ਸ਼ੁਕਰ ਕੀਤਾ ਕਿ ਹੁਣ ਰੇਨੂੰ ਨਾਲ ਗੱਲ ਕਰਦਿਆਂ ਘੱਟੋ ਘੱਟ ਤੀਹ-ਚਾਲੀ ਮਿੰਟ ਤਾਂ ਗੁਜ਼ਰ ਹੀ ਜਾਣਗੇ। ਉਹ ਰਿਸੀਵਰ ਚੁੱਕ ਕੇ ਬੜੇ ਉਤਸ਼ਾਹ ਨਾਲ ਗੱਲ ਕਰਨ ਲੱਗੀ,

"ਹਾਂ ਜੀ...! ਰੇਨੂੰ ਕੀ ਹਾਲ-ਚਾਲ ਐ, ਮੈਂ ਤੈਨੂੰ ਈ ਯਾਦ ਕਰ ਰਹੀ ਸੀ..."

**ਸੁਰਜੀਤ/ਟੋਰਾਂਟੋ**
surijtk33@gmial.com

"ਠੀਕ ਐ, ਤੁਸੀਂ ਸੁਣਾਓ..."

"ਉਂਝ ਤਾਂ ਠੀਕ ਈ ਆਂ! ਬੱਸ, ਰਾਤ ਤੋਂ ਲਗਾਤਾਰ ਪੈ ਰਹੀ ਬਰਫ਼ ਨੇ ਮੈਨੂੰ ਕੁਝ ਉਦਾਸ ਜਿਹਾ ਕਰ ਦਿੱਤੈ..."

"ਮੈਂ ਤੇ ਸੁਣਿਆ ਬਰਫ਼ ਪੈਂਦੀ ਖੂਬਸੂਰਤ ਈ ਬੜੀ ਲੱਗਦੀ ਆ, ਲੋਕ ਤਾਂ ਦੂਰ ਦੂਰ ਸਪੈਸ਼ਲ ਵੇਖਣ ਜਾਂਦੇ ਨੇ ਬਰਫ਼ ਪੈਂਦੀ..."

"ਹਾਂ! ਮੂਡ ਦੀ ਗੱਲ ਐ...ਪਹਿਲਾਂ-ਪਹਿਲ ਤਾਂ ਬਹੁਤ ਸੁਹਣੀ ਲੱਗਦੀ ਏ ਪਰ ਹੁਣ ਤਾਂ ਸਾਡੇ ਮਿਸੀਸਾਗਾ ਵਿਚ ਬਾਹਰ ਅੰਦਰ ਵੀ ਨਹੀਂ ਜਾ ਹੁੰਦਾ ਇਹੋ ਜਿਹੇ ਮੌਸਮ ਵਿਚ! ਬਸ ਇਹੀ ਡਰ ਲਗਿਆ ਰਹਿੰਦੈ ਕਿ ਜੇ ਕਿਤੇ ਤਿਲਕ ਕੇ ਲੱਤ-ਬਾਂਹ ਟੁੱਟ ਗਈ ਤਾਂ ਲੈਣੇ ਦੇ ਦੇਣੇ ਪੈ ਜਾਣੇ...ਅਪਾਰਟਮੈਂਟ ਬਿਲਡਿੰਗ ਦੀ 22ਵੀਂ ਮੰਜ਼ਿਲ ਤੋਂ ਤਾਂ ਇੰਝ ਲੱਗਣ ਲੱਗ ਪਿਐ ਜਿਵੇਂ ਧਰਤੀ ਤੇ ਅਸਮਾਨ ਵਿਚਾਲੇ ਟੰਗੇ ਗਏ ਹੋਈਏ...ਮੈਂ ਤਾਂ ਅਕਸਰ ਆਪਣੇ ਲਿਵਿੰਗ ਰੂਮ ਦੀ ਖਿੜਕੀ ਵਿਚ ਹੀ ਖੜੀ ਬਾਹਰ ਦੀ ਦੁਨੀਆਂ ਵੇਖਦੀ ਰਹਿੰਦੀ ਹਾਂ। ਜੇ ਕਿਤੇ ਸ਼ੀਸ਼ਿਆਂ ਵਿਚੋਂ ਹਾਈਵੇਅ ਅਤੇ ਸ਼ਾਪਿੰਗ ਮਾਲ ਨਾ ਦਿਸਦੇ ਹੁੰਦੇ ਤਾਂ ਕਮਰਿਆਂ ਵਿਚ ਬੰਦ ਰਹਿ ਕੇ ਤਾਂ ਸ਼ਾਇਦ ਕਮਲੀ ਹੀ ਹੋ ਜਾਂਦੀ...", ਸਾਵੀ ਇੱਕੋ ਸਾਹੇ ਬੋਲ ਗਈ।

"ਸੱਚੀ! ਹੈ ਤਾਂ ਬੜਾ ਮੁਸ਼ਕਿਲ ਜੇ ਬਾਹਰ ਈ ਨਾ ਜਾ ਸਕੋ...ਇਹ ਤਾਂ ਕੈਦ ਹੋਈ ਫਿਰ...!"

"ਤਾਂ ਹੋਰ ਕੀ...ਜਦ ਵੀ ਖਿੜਕੀ ਕੋਲ ਖੜੀ ਹੋ ਕੇ ਬਾਹਰ ਵੱਲ ਵੇਖਦੀ ਹਾਂ ਤਾਂ ਦਿਲ ਨੂੰ ਜ਼ਰਾ ਤਸੱਲੀ ਹੁੰਦੀ ਐ ਕਿ ਮੈਂ ਅਜੇ ਬਾਹਰਲੀ ਦੁਨੀਆ ਨਾਲ ਜੁੜੀ ਹੋਈ ਹਾਂ..."

"ਹੋਰ ਸੁਣਾ ਫੇਰ..."

ਕੁਝ ਚਿਰ ਲਈ ਦੋਹੀਂ ਪਾਸੀਂ ਚੁੱਪ ਪੱਸਰ ਗਈ। ਸਾਵੀ ਨੇ ਫਿਰ ਵਾਰਤਾਲਾਪ ਸ਼ੁਰੂ ਕੀਤੀ,

"ਸੱਚੀਂ ਇੰਡੀਆ ਬਹੁਤ ਯਾਦ ਆਉਂਦੈ-ਖੁੱਲ੍ਹੀ ਹਵਾ ਵਿਚ ਫਿਰਨਾ, ਵਿਹੜਿਆਂ ਵਿਚ ਬੈਠ ਕੇ ਧੁੱਪਾਂ ਸੇਕਣੀਆਂ ਤੇ ਕਿੱਥੇ ਇਹ ਕਮਰਿਆਂ ਦੀ ਕੈਦ? ਸੱਚੀਂ ਰੇਨੂੰ ਕਈ ਵਾਰ ਸੋਚਦੀ ਆਂ ਜਿਸ ਬੰਦੇ ਨੇ ਬਰਫਾਂ ਲੱਦੀ ਇਸ ਧਰਤੀ ਨੂੰ ਪਹਿਲਾਂ ਈਜਾਦ ਕੀਤਾ ਹੋਵੇਗਾ ਉਸ ਨੂੰ ਵੀ ਭਲਾ ਕੀ ਸੁੱਝੀ ਹੋਵੇਗੀ! ਹੈਂ ਦੱਸ? ਇੰਡੀ ਵੱਡੀ ਧਰਤੀ ਛੱਡ...ਲੱਭ ਲਈ ਆਹ ਬਾ...ਤੇ ਇਸਨੇ ਕਰਤੀ ਸਾਰੀ ਦੁਨੀਆ ਕਮਲੀ!"

ਰੇਨੂੰ ਨੇ ਝੱਟ ਜਵਾਬ ਦਿੱਤਾ, "ਹਾਅ ਕੀ ਗੱਲ ਕੀਤੀ ਤੂੰ? ਆਪਣੇ ਉਥੇ ਤਾਂ ਤਕਰੀਬਨ ਹਰ ਆਦਮੀ ਹੀ ਬੋਰੀਆ-ਬਿਸਤਰਾ ਬੰਨ੍ਹੀਂ ਬੈਠਾ ਹੈ ਕੈਨੇਡਾ ਨੂੰ!"

"ਤਾਂ ਹੋਰ...! ਆ ਲੈਣ ਦਿਉ ਇਕ ਵਾਰੀ, ਸਾਡੇ ਵਾਂਗੂੰ ਆ ਕੇ ਈ ਪਤਾ ਲੱਗੂ, ਕੈਨੇਡਾ ਕਿਹੜੇ ਭਾਅ ਵਿੱਕਦੀ ਐ!" ਸਾਵੀ ਨੇ ਹੱਸ ਕੇ ਜਵਾਬ ਦਿੱਤਾ।

ਸਾਵੀ ਗੱਲਾਂ ਤਾਂ ਰੇਨੂੰ ਨਾਲ ਕਰ ਰਹੀ ਸੀ ਪਰ ਧਿਆਨ ਉਸਦਾ ਫੇਸਬੁੱਕ ਵੱਲ ਸੀ! ਜਦੋਂ ਤੋਂ ਫੇਸਬੁੱਕ 'ਤੇ ਜੁਗਨੂੰ ਦਾ ਨਾਂ ਵੇਖਿਆ ਸੀ, ਉਹ ਉਖੜੀ ਉਖੜੀ ਜਿਹੀ ਸੀ। ਕੀ ਹੋਵੇਗੀ ਉਹ ਖਬਰ? ਉਸਨੂੰ ਆਲੇ-ਦੁਆਲੇ ਸਾਰਾ ਕੁਝ ਅਸਤ-ਵਿਅਸਤ ਹੋਇਆ ਲੱਗੀ ਜਾ ਰਿਹਾ ਸੀ। ਬੇਬੱਸੀ ਜਿਹੀ 'ਚ ਜਾ ਕੇ ਖਿੜਕੀ ਮੂਹਰੇ ਖੜੀ ਹੋ ਗਈ, ਬਰਫ਼ ਪੈਣ ਕਰਕੇ ਹਾਈਵੇਅ 'ਤੇ ਹੋਏ ਕਿੰਨੇ ਸਾਰੇ ਐਕਸੀਡੈਂਟ ਅਤੇ ਥਾਂ-ਥਾਂ 'ਤੇ ਪੁਲੀਸ ਦੀਆਂ ਗੱਡੀਆਂ ਦੀਆਂ ਲਾਲ ਬੱਤੀਆਂ ਵੇਖ ਹੋਰ ਬੁਝ ਗਈ ਅਤੇ ਮਨ ਵਿਚ ਹੀ ਬੁੜਬੁੜਾਉਣ ਲੱਗੀ,"ਹਾਇ, ਹਾਇ! ਆਹ ਵ੍ਹਾਈਟ ਥਿੰਗ! ਕਦੋਂ ਮੁੱਕਣੈ ਇਹ ਮੌਸਮ?"

ਕੁਝ ਚਿਰ ਰੁਕ ਕੇ ਉਸਨੇ ਕਿਹਾ, "ਰੇਨੂੰ ਕਈ ਵਾਰ ਸੋਚਦੀ ਹਾਂ, ਦੇਸ ਵਿਚ ਮੈਂ ਤੇ ਤੇਰੇ ਵੀਰ ਜੀ ਦੋਨੋਂ ਲੈਕਚਰਾਰ ਲੱਗੇ ਹੋਏ ਸਾਂ! ਚੰਗੀ-ਚੋਖੀ ਤਨਖਾਹ ਮਿਲਦੀ ਸੀ...ਹਜ਼ਾਰਾਂ ਲੋਕਾਂ ਨਾਲ ਮਿਲਣਾ-ਜੁਲਣਾ...ਪਤਾ ਨਹੀਂ ਕਿਹੜਾ ਸੁਪਨਾ ਸਾਕਾਰ ਕਰਨ ਨੂੰ ਆ ਗਏ ਇਸ ਜੇਲ੍ਹ ਅੰਦਰ...?"

"ਨਾ! ਨਾ! ਨਾ! ਇਹ ਗੱਲ ਨਹੀਂ ਹੈ...ਇੱਥੇ ਇਕ ਸਿਸਟਮ ਹੈ...ਅਸੀਂ ਸਾਰੇ ਆਪਣੇ ਸੁਪਨੇ ਪੂਰੇ ਕਰਨ ਲਈ ਆਏ ਇੱਥੇ...ਬੱਚਿਆਂ ਦਾ ਭਵਿੱਖ ਸਕਿਓਰ ਕਰਨ ਵਾਸਤੇ ਵੀ...ਪਰ ਅੱਜ ਤੂੰ ਬਹੁਤ ਉਦਾਸ ਏਂ ਸਾਵੀ...ਤੂੰ ਯਾਰ ਆਪਣਾ ਮੂਡ ਠੀਕ ਕਰ, ਫੇਰ ਕਿਸੇ ਦਿਨ ਗੱਲ ਕਰਦੇ ਆਂ..."




ਫੋਨ ਰੱਖਿਆ ਹੀ ਸੀ ਕਿ ਸਾਵੀ ਨੂੰ ਬੱਚਿਆਂ ਦੀਆਂ ਆਵਾਜ਼ਾਂ ਸੁਣਨ ਲੱਗੀਆਂ। ਪਿੱਛੇ ਮੁੜ ਕੇ ਵੇਖਿਆ ਤਾਂ ਉਸਦੇ ਦੋਵੇਂ ਬੇਟੇ ਲੈਪਟੌਪ ਪਿੱਛੇ ਲੜ ਰਹੇ ਸਨ।

"ਮੈਂ ਹੋਮ ਵਰਕ ਕਰਨੈ, ਪਹਿਲਾਂ ਮੈਨੂੰ ਚਾਹੀਦਾ ਹੈ ਲੈਪਟੌਪ!"

"ਮੇਰੇ ਦੋਸਤ ਨੇ ਮੇਰੇ ਇੰਡੀਆ ਦੇ ਸਕੂਲ ਦੀਆਂ ਫੋਟੋਆਂ ਭੇਜੀਆਂ ਨੇ, ਦੇਖ ਕੇ ਇਕ ਮਿੰਟ 'ਚ ਵਾਪਸ ਕਰ ਦੇਵਾਂਗਾ।" ਉਸਦੀ ਰੋਣੀ ਆਵਾਜ਼ ਸਾਵੀ ਦੇ ਕੰਨ ਪਾੜ ਗਈ।

ਉਹ ਗੁੱਸੇ ਵਿਚ ਭੜਕ ਪਈ, "ਕੀ ਤੁਸੀਂ ਐਵੇਂ ਆਪਣੀ ਕਾਂਵਾਂ-ਰੌਲੀ ਪਾਈ ਹੋਈ ਐ? ਅੱਗੇ ਕਿਹੜੀਆਂ ਘੱਟ ਮੁਸੀਬਤਾਂ ਨੇ ਇੱਥੇ? ਤੁਸੀਂ ਹੁਣ ਬੱਚੇ ਤਾਂ ਨਹੀਂ ਰਹੇ, ਆਰਾਮ ਨਾਲ ਸੌਲਵ ਕਰਨੀਆਂ ਸਿੱਖੋ ਆਪਣੀਆਂ ਪਰੌਬਲਮਜ਼।"

"ਮਾਂ, ਨਵੀ ਨੂੰ ਆਖੋ ਸਿਰਫ਼ ਇਕ ਮਿੰਟ ਮੈਨੂੰ ਆਪਣੀ ਫੇਸਬੁੱਕ ਚੈਕ ਕਰ ਲੈਣ ਦੇਵੇ। ਮੇਰੇ ਫਰੈਂਡਸ ਨੇ ਨਵੀਆਂ ਪਿਕਚਰਜ਼ ਭੇਜੀਆਂ ਨੇ ਤੇ ਕੋਈ ਜ਼ਰੂਰੀ ਮੈਸਜ ਵੀ।"

"ਆਪਣਾ ਪ੍ਰੌਜੈਕਟ ਖਤਮ ਕਰ ਕੇ ਦਊਂਗਾ...ਵਿਚੋਂ ਨਹੀਂ ਦੇ ਸਕਦਾ...ਇਹਨੂੰ ਕਹੋ ਇੰਤਜ਼ਾਰ ਕਰੇ...ਫੇਸਬੁੱਕ ਜ਼ਰੂਰੀ ਐ ਕਿ ਕੰਮ?" ਨਵੀ ਬੋਲਿਆ।

"ਹੁੰਅ...ਆ! ਇਹ ਫੇਸਬੁੱਕ ਵੀ ਬੱਸ...!" ਭਾਵੇਂ ਉਤਾਵਲੀ ਤਾਂ ਉਹ ਵੀ ਉਨੀ ਹੀ ਸੀ ਪਰ ਬੱਚਿਆਂ ਨੂੰ ਦੱਸ ਨਹੀਂ ਸੀ ਸਕਦੀ। ਬੰਟੀ ਨੂੰ ਮੁਖਾਤਿਬ ਹੋਈ,

"ਬੰਟੀ ਤੂੰ ਵੱਡਾ ਏਂ ਸਬਰ ਕਰ, ਕਰ ਲੈਣ ਦੇ ਹੋਮ ਵਰਕ ਉਸਨੂੰ, ਦੇ ਦਿੰਦੈ ਥੋੜੀ ਦੇਰ ਬਾਅਦ ਤੈਨੂੰ...! ਥੋੜਾ ਸੈਟ ਹੋ ਲਈਏ, ਲੈ ਦੇਵਾਂਗੇ ਦੋਹਾਂ ਨੂੰ ਵੱਖਰੇ ਵੱਖਰੇ ..." ਕੇ...!" ਸਾਵੀ ਉਨ੍ਹਾਂ ਦਾ ਝਗੜਾ ਨਿਬੇੜਣ ਦੀ ਕੋਸ਼ਿਸ਼ ਕਰ ਰਹੀ ਸੀ।

"ਤੁਸੀਂ ਹਮੇਸ਼ਾ ਹੀ ਨਵੀ ਦੀ ਫੇਵਰ ਕਰਦੇ "," ਬੰਟੀ ਰੁਆਂਸਾ ਜਿਹਾ ਹੋ ਕੇ ਦੌੜ ਕੇ ਬੈਡਰੂਮ ਵਿਚ ਚਲਾ ਗਿਆ ਤੇ ਆਪਣੀ ਪੀ.ਐਸ.ਪੀ. ਖੇਡਣ ਵਿਚ ਗੁਆਚ ਗਿਆ।

ਨਵੀ ਕੰਪਿਊਟਰ ਦੀ ਦੁਨੀਆ ਵਿਚ ਗੁੰਮਿਆ ਹੋਇਆ ਸੀ। ਸਾਵੀ ਕਦੇ ਅੰਦਰ ਆ ਜਾਂਦੀ ਅਤੇ ਕਦੇ ਬਾਰੀ ਕੋਲ ਪਈ ਕੁਰਸੀ 'ਤੇ ਬੈਠ ਜਾਂਦੀ। ਉਹ ਤਾਂ ਖੈਰ ਬੱਚੇ ਸਨ ਪਰ ਸੱਚੀ ਗੱਲ ਇਹ ਸੀ ਕਿ ਅੰਦਰੋਂ ਅੱਚਵੀ ਤਾਂ ਸਾਵੀ ਨੂੰ ਵੀ ਲੱਗੀ ਹੋਈ ਸੀ; ਉਹ ਵੀ ਇੰਤਜ਼ਾਰ ਵਿਚ ਸੀ ਕਿ ਕਦੋਂ ਲੈਪਟੌਪ ਵਿਹਲਾ ਹੋਵੇ ਤੇ ਕਦੋਂ ਉਹ ਵੀ ਆਪਣੀ ਫੇਸਬੁਕ ਚੈੱਕ ਕਰੇ। ਜਦੋਂ ਉਸਦੀ ਇਸ ਅਡਿਕਸ਼ਨ ਬਾਰੇ ਕੋਈ ਉਸਨੂੰ ਟੋਕਦਾ ਤਾਂ ਉਹ ਅਕਸਰ ਦਲੀਲ ਦਿੰਦੀ ਕਿ ਹੁਣ ਇਸ ਬਰਫ਼ੀਲੇ ਰੇਗਿਸਤਾਨ ਵਿਚ ਇਕ ਫੇਸਬੁੱਕ ਦਾ ਹੀ ਤਾਂ ਸਹਾਰਾ ਹੈ...ਨਹੀਂ ਤਾਂ ਬਿਲਕੁਲ ਹੀ ਜਹਾਨ ਨਾਲੋਂ ਟੁੱਟ ਜਾਈਏ, ਨਾਲੇ ਅੱਜ ਤਾਂ ਉਸ ਦੇ ਉਤਾਵਲੇਪਨ ਦੀ ਵਜਾਹ ਜੁਗਨੂੰ ਸੀ।

ਸਾਵੀ ਕਮਰੇ ਦੀਆਂ ਖਿੱਲਰੀਆਂ ਹੋਈਆਂ ਚੀਜ਼ਾਂ ਸਾਂਭਦੀ ਸੋਚ ਰਹੀ ਸੀ ਕਿ ਇਹ ਇੱਕੀਵੀਂ ਸਦੀ ਕਾਹਦੀ ਚੜ੍ਹੀ, ਫੇਸਬੁੱਕ ਨੇ ਤਾਂ ਲੋਕ ਕਮਲੇ ਹੀ ਕਰ ਦਿੱਤੇ। ਕਾਲਜ ਦੇ ਸਟਾਫ਼ ਰੂਮ ਵਿਚ ਵੀ ਇਹੀ ਕੁਝ ਹੁੰਦਾ ਹੁੰਦੈ; ਲੈਕਚਰਾਰ ਆਉਂਦੇ ਹੀ ਬੈਠ ਜਾਂਦੇ ਆਪੋ-ਆਪਣੇ ਲੈਪਟੌਪ 'ਤੇ। ਆਪਸ ਵਿਚ ਕੋਈ ਗੱਲ ਹੀ ਨਹੀਂ ਸੀ ਕਰਦਾ; ਸਟਾਫ਼ ਰੂਮ ਵਿਚ ਬੈਠੇ ਆਪਸ ਵਿਚ ਹੀ ਫੇਸਬੁੱਕ 'ਤੇ ਚੈਟ ਕਰੀ ਜਾਂਦੇ। ਅੱਜ-ਕੱਲ ਤਾਂ ਜਿਨ੍ਹਾਂ ਲੋਕਾਂ ਨੂੰ ਲੈਪਟੌਪ ਖੋਲ੍ਹਣਾ ਵੀ ਨਹੀਂ ਆਉਂਦਾ, ਉਨ੍ਹਾਂ ਨੇ ਵੀ ਮਾੜਾ ਮੋਟਾ ਇੱਧਰ ਉੱਧਰ ਹੱਥ ਮਾਰਨਾ ਸਿੱਖ ਕੇ ਫੇਸਬੁੱਕ 'ਤੇ ਆਪਣਾ ਆਪਣਾ ਘਰ ਪਾ ਲਿਆ ਹੋਇਐ...!

ਅਜੇ ਨਿੱਕੇ ਨਿੱਕੇ ਕੰਮ ਕਰ ਹੀ ਰਹੀ ਸੀ ਕਿ ਦੇਵ ਆ ਗਿਆ।

"ਚਾਹ ਬਣਾਵਾਂ?" ਪੁੱਛ ਕੇ ਉਹ ਕਿਚਨ ਵਿਚ ਚਲੀ ਗਈ। ਚਾਹ ਦਾ ਕੱਪ ਲਿਆ ਕੇ ਮੇਜ 'ਤੇ ਰੱਖਦਿਆਂ ਉਸਨੂੰ ਅਗਲਾ ਸਵਾਲ ਕੀਤਾ, "ਕਿਵੇਂ ਮਿਲਿਆ ਕੋਈ ਕੰਮ?"

"ਹਾਂ ਇਕ ਨਿਊਜ਼ ਪੇਪਰ ਦੇ ਆਫਿਸ 'ਚ ਮਿਲਿਆ ਤਾਂ ਹੈ...ਪਰ ਹੈ 'ਪਾਰਟ ਟਾਈਮ'..." ਕਹਿੰਦਿਆਂ ਦੇਵ ਉਹਦੇ ਮੂੰਹ ਵੱਲ ਵੇਖਣ ਲੱਗਾ।

"ਮੇਰੇ ਤਾਂ ਢਿੱਡ ਵਿਚ ਹੌਲ ਪੈਂਦੈ ਇਹ ਸੋਚ ਕੇ ਕਿ ਤੁਸੀਂ ਕਿਵੇਂ..."

"ਲੈ ਐਵੇਂ ਨਾ ਸੋਚਿਆ ਕਰ ਫਜ਼ੂਲ 'ਚ! ਸ਼ੁਰੂ ਸ਼ੁਰੂ ਵਿਚ ਇਵੇਂ ਹੀ ਹੁੰਦੈ ਸਾਰਿਆਂ ਨਾਲ.. ਇਹ ਤਾਂ 'ਸਰਵਾਈਵਲ ਜੌਬ' ਹੈ...ਕਿਹੜਾ ਹਮੇਸ਼ਾ ਇਹੀ ਕਰਦੇ ਰਹਿਣੈ!"

ਦੇਵ ਨਾਲ ਗੱਲਾਂ ਕਰਦਿਆਂ ਵੀ ਸਾਵੀ ਲੈਪਟੌਪ ਵੱਲ ਬਾਰ ਬਾਰ ਦੇਖ ਰਹੀ ਸੀ। ਉਹ ਜੁਗਨੂੰ ਦੀ ਖਬਰ ਪੜ੍ਹਨਾ ਚਾਹੁੰਦੀ ਸੀ। ਦੇਵ ਚਾਹ ਪੀ ਕੇ ਅੰਦਰ ਚਲੇ ਗਿਆ। ਉਹ ਭਾਂਡੇ ਧੋਣ ਲੱਗੀ।

ਪਿਛਲੇ ਸਾਲ ਜਦੋਂ ਉਹ ਕੈਨੇਡਾ ਨਵੇਂ ਨਵੇਂ ਆਏ ਸਨ ਤਾਂ ਸਾਰਾ ਦਿਨ ਘਰ ਇਕੱਲੀ ਹੁੰਦੀ। ਉਦੋਂ ਦੇਵ ਨੂੰ ਆਉਂਦਿਆਂ ਹੀ 'ਵੇਅਰਹਾਊਸ' ਦੀ ਜੌਬ ਮਿਲ ਗਈ ਸੀ ਤੇ ਬੱਚੇ ਸਕੂਲ ਜਾਣ ਲੱਗ ਪਏ ਸਨ। ਉਹ ਅਕਸਰ ਹੇਠਾਂ ਬਿਲਡਿੰਗ ਦੀ ਲੌਬੀ ਵਿਚ ਆ ਕੇ ਬੈਠ ਜਾਂਦੀ। ਇਥੇ ਆਉਂਦੇ-ਜਾਂਦੇ ਲੋਕ ਦਿਸਦੇ ਸਨ ਤਾਂ ਮਨ ਲੱਗਿਆ ਰਹਿੰਦਾ। ਇਕ ਦਿਨ ਉਸਨੂੰ ਆਪਣੀ ਬਿਲਡਿੰਗ ਵਿਚ ਰਹਿੰਦੀ ਸੰਗੀਤਾ ਮਿਲ ਪਈ ਤੇ ਉਸਨੂੰ ਪੁੱਛਣ ਲੱਗੀ, "ਮੈਂ ਆਪਕੋ ਰੋਜ਼ ਦੇਖਤੀ ਹੂੰ, ਯਹਾਂ ਪੇ...ਲਗਤਾ ਹੈ ਆਪ ਨਏ ਆਏ ਹੈਂ ਔਰ ਅਭੀ ਆਪਕਾ ਦਿਲ ਭੀ ਨਹੀਂ ਲਗਤਾ?"

ਸਾਵੀ ਨੇ ਹਾਂ ਵਿਚ ਸਿਰ ਹਿਲਾ ਦਿੱਤਾ। ਐਧਰ-ਓਧਰ ਦੀਆਂ ਗੱਲਾਂ ਹੋਈਆਂ ਤੇ ਸੰਗੀਤਾ ਨੇ ਉਸਨੂੰ ਸਲਾਹ ਦਿੱਤੀ, "ਆਪ ਮੇਰੇ ਸਾਥ ਇੰਗਲਿਸ਼ ਕਲਾਸ ਮੇਂ ਕਿਉਂ ਨਹੀਂ ਚਲਤੇ? ਆਪਕਾ ਦਿਲ ਭੀ ਲਗ ਜਾਏਗਾ, ਵੋਹ ਕੰਪਿਊਟਰ ਭੀ ਸਿਖਾਤੇ ਹੈਂ ਔਰ ਆਪ ਕੋ ਵਹਾਂ ਕੁਛ ਦੋਸਤ ਭੀ ਮਿਲ ਜਾਏਂਗੇ।"

ਉਸਨੇ ਦੱਸਿਆ ਕਿ ਇੱਥੇ ਨਵੇਂ ਇਮੀਗਰਾਂਟਾਂ ਨੂੰ ਮੁਫ਼ਤ ਇੰਗਲਿਸ਼ ਦੀਆਂ ਕਲਾਸਾਂ ਦਿੰਦੇ ਹਨ। ਅੰਗ੍ਰੇਜ਼ੀ ਬੋਲਣਾ ਤਾਂ ਉਹ ਵੀ ਸਿੱਖਣਾ ਚਾਹੁੰਦੀ ਸੀ। ਉਸਨੂੰ ਇਹ 'ਆਈਡੀਆ' ਚੰਗਾ ਲੱਗਿਆ ਤੇ ਉਸਨੇ ਸੰਗੀਤਾ ਨਾਲ ਇਕ 'ਸੈਟਲਮੈਂਟ ਏਜੰਸੀ' ਵਿਚ ਅੰਗ੍ਰੇਜ਼ੀ ਬੋਲਣੀ ਅਤੇ ਕੰਪਿਊਟਰ ਸਿੱਖਣਾ ਸ਼ੁਰੂ ਕਰ ਦਿੱਤਾ ਸੀ।

ਇੰਡੀਆ ਤੋਂ ਦੋਸਤਾਂ ਦੇ ਫੋਨ ਆਉਂਦੇ ਤੇ ਕਹਿੰਦੇ ਫੇਸਬੁੱਕ 'ਤੇ ਆਪਣੀਆਂ ਕੈਨੇਡਾ ਦੀਆਂ ਫੋਟੋਆਂ ਪਾਓ। ਜਿਸਦੇ ਨਾਲ ਗੱਲ ਕਰੋ ਉਹੀ ਫੇਸਬੁੱਕ ਦੀ ਗੱਲ ਕਰਦਾ, ਕੰਪਿਊਟਰ ਸਿੱਖਦਿਆਂ ਸਿੱਖਦਿਆਂ ਇਕ ਦਿਨ ਦੋਸਤਾਂ ਦੀ ਮਦਦ ਨਾਲ ਉਸਨੇ ਵੀ ਕੰਪਿਊਟਰ 'ਤੇ ਆਪਣਾ ਫੇਸਬੁੱਕ ਅਕਾਊਂਟ ਖੋਲ੍ਹ ਲਿਆ...ਫੇਸਬੁੱਕ ਕੀ ਖੁੱਲ੍ਹੀ ਇਕ ਨਵੀਂ ਦੁਨੀਆਂ ਉਸਦੇ ਅੱਗੇ ਖੁੱਲ੍ਹ ਗਈ...ਦੋਸਤੀਆਂ ਦੇ ਨਵੇਂ ਨਵੇਂ ਸਿਰਨਾਵੇਂ ਲੱਭ ਪਏ... ਇੱਥੇ ਹੀ ਸਾਹਿਤਕ ਚਰਚਾਵਾਂ ਛਿੜਣ ਲੱਗੀਆਂ...ਨਿਤ ਨਵੀਆਂ ਨਵੀਆਂ ਕਵਿਤਾਵਾਂ ਇਕ ਦੂਜੇ ਦੀ ਕੰਧ 'ਤੇ ਥੱਪੀਆਂ ਹੋਈਆਂ ਵੇਖ ਕੇ ਉਹ ਖੁਸ਼ ਹੋਣ ਲੱਗੀ...ਇਕ ਕਵਿਤਾ 'ਤੇ ਕਿੰਨੇ ਕਿੰਨੇ 'ਕੁਮੈਂਟਸ' ਆਉਂਦੇ ਵੇਖ ਹੈਰਾਨੀ ਵੀ ਹੁੰਦੀ...ਆਪਣੇ ਲਈ ਲਿਖੇ 'ਕੁਮੈਂਟਸ' ਪੜ੍ਹ ਕੇ ਦਿਲ ਬਾਗ ਬਾਗ ਹੁੰਦਾ...ਨਿੱਕੀ ਨਿੱਕੀ ਗੱਲ 'ਤੇ ਦੋਸਤ 'ਧੰਨਵਾਦ', 'ਮਿਹਰਬਾਨੀ', ਵਧਾਈ ਅਤੇ 'ਥੈਂਕਯੂ ਦੋਸਤੋ', ਕਹਿੰਦੇ ਨਾ ਥੱਕਦੇ। ਕਈ ਤਾਂ ਦੇਖਦਿਆਂ ਦੇਖਦਿਆਂ 'ਫੇਸਬੁੱਕ ਸਿਲੇਬ੍ਰਿਟੀ' ਬਣ ਗਏ ਤੇ ਕਈ ਸੁਪ੍ਰਸਿੱਧ ਕਵੀ। ਉਸਨੇ ਵੀ ਦੋ ਚਾਰ ਲਾਈਨਾਂ ਝਰੀਟਣੀਆਂ ਸ਼ੁਰੂ ਕਰ ਦਿਤੀਆਂ। ਹੁਣ ਕੀ ਜ਼ਰੂਰਤ ਸੀ ਫੇਸਬੁੱਕੀਆਂ ਨੂੰ ਮੈਗਜ਼ੀਨਾਂ ਤੇ ਅਖ਼ਬਾਰਾਂ ਦੀ? ਹੁਣੇ ਕੱਚੀ-ਪਿੱਲੀ ਰਚਨਾ ਲਿਖਦੇ ਤੇ ਸਿੱਧੀ ਫੇਸਬੁੱਕ 'ਤੇ ਆਪਣੀ ਕੰਧ 'ਤੇ ਥੱਪ ਦਿੰਦੇ, ਜਿਵੇਂ ਦੇਸ ਵਿਚ ਕੰਧਾਂ 'ਤੇ ਪਾਥੀਆਂ ਥੱਪਦੇ ਨੇ...ਠਾਹ ਕਰਦੇ 'ਕੁਮੈਂਟਸ' ਤੇ 'ਕੁਮੈਂਟਸ' ਅਤੇ ਲਾਈਕ ਤੇ ਲਾਈਕ ਆਉਣੇ ਸ਼ੁਰੂ-'ਵਾਹ ਜੀ, ਖੂਬਸੂਰਤ, ਕਮਾਲ ਆ ਜੀ, ਤੁਹਾਡੀ ਕਲਮ ਨੂੰ ਸਲਾਮ ਐ ਜੀ, ਅੱਤ ਆ ਜੀ...' ਆਦਿ ਆਦਿ। ਸਾਵੀ ਪੜ੍ਹ ਪੜ੍ਹ ਨਿਹਾਲ ਹੁੰਦੀ।

ਫੇਸਬੁੱਕ ਖੋਲ੍ਹਦੀ ਤਾਂ ਸਾਰੀ ਦੁਨੀਆਂ ਦੀਆਂ ਖ਼ਬਰਾਂ ਇਕ ਮਿੰਟ ਵਿਚ ਪਹੁੰਚ ਜਾਂਦੀਆਂ। ਦੇਸ ਤੋਂ ਦੋਸਤਾਂ ਅਤੇ ਰਿਸ਼ਤੇਦਾਰਾਂ ਨਾਲ ਗੱਲਾਂ-ਬਾਤਾਂ ਹੋਣ ਲੱਗੀਆਂ। ਫੋਟੋਆਂ ਦਾ ਆਦਾਨ-ਪ੍ਰਦਾਨ ਹੋਣ ਲੱਗਾ। ਸਮਕਾਲੀ ਸਾਹਿਤ ਪੜ੍ਹਿਆ ਜਾਣ ਲੱਗਾ। ਲੋਕਾਂ ਨੇ 'ਫੇਸਬੁੱਕ ਗਰੁੱਪ' ਬਣਾ ਲਏ ਤੇ ਸਾਵੀ ਨੂੰ ਵੀ 'ਐਡ' ਕਰਨਾ ਸ਼ੁਰੂ ਕਰ ਦਿਤਾ। ਆਪਣਾ ਆਪ 'ਇੰਪੌਰਟੈਂਟ' ਲੱਗਣ ਲੱਗਾ। 'ਨੋਟੀਫਿਕੇਸ਼ਨਾਂ' ਨਾਲ ਈਮੇਲਾਂ ਭਰਨ ਲੱਗੀਆਂ। ਲੋਕ ਆਪਣੀ ਕਵਿਤਾ ਲਿਖ ਉਸਨੂੰ 'ਟੈਗ' ਕਰਨ ਲੱਗੇ। ਸਿਲਸਿਲਾ ਚੱਲਦਾ ਰਿਹਾ ਅਤੇ ਹੌਲੀ ਹੌਲੀ ਕੁਛ ਲੋਕ ਇਨ੍ਹਾਂ 'ਨੋਟੀਫਿਕੇਸ਼ਨਾਂ' ਅਤੇ 'ਟੈਗਸ' ਤੋਂ ਦੁਖੀ ਵੀ ਹੋ ਗਏ। ਇਕ ਦਿਨ ਇਕ ਸੱਜਣ ਨੇ ਆਪਣੀ ਕੰਧ 'ਤੇ ਲਿਖ ਦਿੱਤਾ, 'ਰੱਬ ਦਾ ਵਾਸਤਾ ਮੈਨੂੰ ਕੋਈ ਟੈਗ ਨਾ ਕਰੇ, ਮੈਨੂੰ ਕਿਸੇ ਗਰੁੱਪ ਵਿਚ ਐਡ ਨਾ ਕੀਤਾ ਜਾਵੇ।' ਕਈ ਦੂਜਿਆਂ ਦੀ ਵਾਲ ਤੋਂ ਪੋਸਟਾਂ ਚੋਰੀ ਕਰ ਕੇ ਆਪਣੀ ਵਾਲ 'ਤੇ ਪਾ ਦਿੰਦੇ। ਬਹਿਸਾਂ, ਲੜਾਈਆਂ ਤੇ ਕਈ ਮਸਲੇ ਭਖਣ ਲਗੇ; ਕੋਰਟ 'ਚ ਲਿਜਾਣ ਤੱਕ ਦੀਆਂ ਧਮਕੀਆਂ ਮਿਲਣ ਲੱਗੀਆਂ। ਕਈਆਂ ਦੇ 5000 ਤੋਂ ਉਪਰ ਦੋਸਤ ਹੋ ਗਏ ਤੇ ਉਨ੍ਹਾਂ ਲਿਖ ਦਿਤਾ-'ਪਲੀਜ਼ ਮੈਨੂੰ ਹੋਰ ਫਰੈਂਡ ਰਿਕੁਐਸਟ ਨਾ ਭੇਜੀ ਜਾਵੇ।' ਪੂਰਾ ਮਨੋਰੰਜਨ ਹੋ ਰਿਹਾ ਸੀ ਘਰ ਬੈਠਿਆਂ ਉਸਦਾ ਤਾਂ! ਬੜਾ ਮਜ਼ਾ ਆ ਰਿਹਾ ਸੀ। ਫੇਸਬੁੱਕ ਦਾ ਸੁਆਦ ਹੀ ਅਨੋਖਾ ਸੀ। ਨਾ ਫੋਨ ਕਰੋ, ਨਾ ਖਤ ਲਿਖੋ, ਸੈਆਂ ਦੋਸਤਾਂ ਨਾਲ ਗੱਲਾਂ-ਬਾਤਾਂ ਕਰੋ। ਬਸ ਆਪਣੀ ਕੰਧ 'ਤੇ ਦੋ ਕੁ ਝਰੀਟਾਂ ਮਾਰ ਦਿਉ ਤੇ ਕੰਮ ਹੋ ਗਿਆ! ਤੁਸੀਂ ਵੀ ਕਿਸੇ ਨੂੰ ਦੱਸੇ ਬਿਨਾਂ ਉਸਦੇ ਘਰ ਜਾ ਕੇ ਉਸ ਦੀ ਕੰਧ 'ਤੇ ਝਾਤੀ ਮਾਰ ਆਓ।

ਫਿਰ ਉਸਦਾ ਧਿਆਨ ਲੈਪਟੌਪ ਵੱਲ ਚਲਾ ਗਿਆ...ਅੱਜ 'ਸਨੋਅ ਸਟੌਰਮ' ਆਇਆ ਹੋਣ ਕਰਕੇ ਸਾਰੇ ਘਰ ਹਨ ਤੇ ਲੈਪਟੌਪ ਉਸਦੀ ਪਹੁੰਚ ਤੋਂ ਬਾਹਰ ਸੀ...ਇਸ ਲਈ ਬਾਰ ਬਾਰ ਖਿੜਕੀ ਕੋਲ ਜਾ ਕੇ ਬੈਠ ਜਾਂਦੀ ਪਰ ਨਵੀ ਨੂੰ ਪੂਰਾ ਘੰਟਾ ਹੋ ਗਿਆ ਸੀ ਤੇ ਉਹ ਛੱਡ ਹੀ ਨਹੀਂ ਸੀ ਰਿਹਾ।

ਉਹ ਦਿਨ ਯਾਦ ਆ ਗਿਆ ਜਿਸ ਦਿਨ ਫੇਸਬੁੱਕ 'ਤੇ ਇਕ ਨਵਾਂ ਗਰੁੱਪ ਬਣਿਆ- 'ਅੱਜ ਦੀ ਕਵਿਤਾ- ਹਾਇਕੂ'। ਉਸ ਦਿਨ ਉਸਨੇ 'ਹਾਇਕੂ' ਦਾ ਨਾਂ ਪਹਿਲੀ ਵਾਰ ਸੁਣਿਆ ਸੀ। ਇਹ ਵੀ ਫੇਸਬੁੱਕ ਦੀ ਹੀ ਦੇਣ ਸੀ ਉਸਨੂੰ...ਰੋਜ਼ 'ਹਾਇਕੂ' ਪੜ੍ਹਣੇ। ਪਹਿਲਾਂ ਤਾਂ ਇਨ੍ਹਾਂ ਦੀ ਸਮਝ ਨਾ ਆਈ; ਇੰਝ ਲੱਗੇ ਜਿਵੇਂ ਬੱਸ ਕੋਈ ਵੀ ਤਿੰਨ ਸਤਰਾਂ ਲਿਖ ਦਿਉ ਤੇ 'ਹਾਇਕੂ' ਬਣ ਗਿਆ। ਉਹ ਸੋਚਦੀ ਇਹ ਤਾਂ ਇੰਝ ਹੈ ਜਿਵੇਂ ਨਿੱਕੇ ਹੁੰਦੇ ਅੰਗ੍ਰੇਜ਼ੀ ਦੇ ਸ਼ਬਦ ਨਾ ਸੁੱਝਣੇ ਤਾਂ ਪੰਜਾਬੀ ਦੇ ਸ਼ਬਦਾਂ ਨੂੰ 'ਇੰਗ' ਲਾ ਕੇ ਸਾਰ ਲਈਦਾ ਸੀ ਜਿਵੇਂ 'ਪੀਇੰਗ, ਖਾਈਇੰਗ, ਸੌਇੰਗ' ਆਦਿ। ਬਿਲਕੁਲ ਇਸੇ ਤਰ੍ਹਾਂ ਉਸਨੇ ਤੇ ਦੇਵ ਨੇ ਘਰ ਬਹਿ ਕੇ ਹਾਇਕੂ ਦਾ ਮਜ਼ਾਕ ਉਡਾਉਣਾ ਤੇ ਹੱਸਦਿਆਂ ਹੱਸਦਿਆਂ ਗੱਲ ਗੱਲ 'ਤੇ ਹਾਇਕੂ ਬਣਾਉਣੇ,

ਸਵੇਰ ਵੇਲਾ
ਚਾਹ ਦੇ ਦੋ ਕੱਪ
ਇਕ ਡੁੱਲ੍ਹ ਗਿਆ

ਦੇਵ ਨੇ ਕਹਿਣਾ, "ਨਹੀਂ, ਵਿਚ ਮੱਖੀ ਪੈ ਗਈ"। "ਮੱਖੀਆਂ ਤਾਂ ਕੈਨੇਡਾ 'ਚ ਹੈ ਹੀ ਨਹੀਂ...", ਸਾਵੀ ਨੇ ਆਖਣਾ ਅਤੇ ਦੋਵਾਂ ਨੇ ਹੱਸ ਹੱਸ ਲੋਟ-ਪੋਟ ਹੋ ਜਾਣਾ।

ਪਰ ਹੌਲੀ ਹੌਲੀ 'ਹਾਇਕੂ' ਦੀ ਗੰਭੀਰਤਾ ਦੀ ਸਮਝ ਆਉਣ ਲੱਗੀ। ਇਸ 'ਗਰੁੱਪ' ਦੇ 'ਐਡਮਿਨਜ਼' ਉਸਦੇ ਫੇਸਬੁੱਕ ਦੋਸਤ ਬਣ ਗਏ। 'ਗਰੁੱਪ' ਨਾਲ ਗੂੜ੍ਹੀ ਸਾਂਝ ਪੈ ਗਈ। 'ਹਾਇਕੂ' ਕਿਵੇਂ ਲਿਖੀਦਾ ਹੈ, ਬਾਰੇ ਬਹੁਤ ਜਾਣਕਾਰੀ ਭਰਪੂਰ ਲੇਖ ਇਸੇ 'ਗਰੁੱਪ' ਦੇ 'ਡੌਕਸ' 'ਚੋਂ ਉਸਨੇ ਪੜ੍ਹੇ ਸਨ।

ਅਚਾਨਕ ਇਸ 'ਗਰੁੱਪ' ਵਿਚ ਇਕ ਨਵਾਂ ਨਾਂ ਚਮਕਣ ਲੱਗਿਆ-'ਜੁਗਨੂੰ'। ਕਿਸੇ ਕੁੜੀ ਦਾ

ਇਹ ਨਾਂ ਤਾਂ ਸੁਣਿਆ ਨਹੀਂ ਸੀ ਪਹਿਲਾਂ ਕਦੇ। ਪਰ ਫਿਰ ਵੀ ਨਾਂ ਵਿਚ ਕੋਈ ਖਿੱਚ ਜ਼ਰੂਰ ਸੀ। ਉਸਨੇ 'ਗਰੁੱਪ' ਵਿਚ ਬੜੇ ਹੀ ਖੂਬਸੂਰਤ 'ਹਾਇਕੂ' ਲਿਖਣੇ ਤੇ ਦੂਜਿਆਂ ਦੇ ਹਾਇਕੂਆਂ 'ਤੇ ਵੀ ਬੜੇ ਵਧੀਆ 'ਕੁਮੈਂਟਸ' ਕਰਨੇ। ਕੁਛ ਲੋਕਾਂ ਦੇ ਗਲਤ 'ਹਾਇਕੂ' ਉਸਨੇ ਦਰੁਸਤ ਵੀ ਕਰਨੇ ਤੇ ਵਧੀਆ ਸੁਝਾਅ ਦੇਣੇ। ਫਿਰ ਉਹ ਵੀ ਇਸ 'ਗਰੁੱਪ' ਦੀ 'ਐਡਮਿਨ' ਬਣਾ ਦਿਤੀ ਗਈ। ਉਸ ਦੀ ਭਾਸ਼ਾ ਸਾਵੀ ਨੂੰ ਭਾਉਣ ਲੱਗੀ। ਕੋਈ ਗੈਬੀ ਖਿੱਚ ਉਸਨੂੰ ਉਸ ਵੱਲ ਖਿੱਚਣ ਲੱਗੀ। ਇਕ ਦਿਨ ਡਰਦਿਆਂ ਡਰਦਿਆਂ ਸਾਵੀ ਨੇ ਵੀ ਆਪਣਾ ਪਹਿਲਾ ਹਾਇਕੂ ਇਸ 'ਗਰੁੱਪ'ਦੀ 'ਵਾਲ' 'ਤੇ ਥੱਪ ਹੀ ਦਿੱਤਾ,

ਸੰਝ ਵੇਲਾ
ਉਦਾਸ ਘਰ
ਇਕ ਮੋਮਬੱਤੀ ਜਲੇ

ਪਸੰਦ ਕਰਨ ਵਾਲਿਆਂ ਦੀਆਂ ਕਤਾਰਾਂ ਲੱਗ ਗਈਆਂ। ਸਾਵੀ ਨੂੰ ਤਾਂ ਜਿਵੇਂ ਨਸ਼ਾ ਹੀ ਚੜ੍ਹ ਗਿਆ। ਉਸਨੂੰ ਲੱਗਿਆ ਆਪਣੀ ਇਕੱਲਤਾ ਦੀ ਵਿਥਿਆ ਮੈਂ ਬੜੀ ਸੁਹਣੀ ਬਿਆਨ ਕੀਤੀ ਹੈ। ਆਪਣੇ 'ਤੇ ਮਾਣ ਜਿਹਾ ਹੋਇਆ। ਜੁਗਨੂੰ ਨੇ ਲਿਖਿਆ, "ਦੀਦੀ ਤੁਹਾਡਾ ਪਹਿਲਾ ਹਾਇਕੂ ਹੀ ਬੜਾ ਸੁਹਣਾ ਹੈ, ਹੋਰ ਲਿਖਿਆ ਕਰੋ।" ਸਾਵੀ ਇਕੋ ਦਿਨ ਵਿਚ ਹੀ ਹਾਇਕੂ ਲੇਖਕਾਂ ਦੀ ਕਤਾਰ ਵਿਚ ਆ ਖੜ੍ਹੀ ਹੋਈ ਸੀ। ਇਹ ਸੀ ਫੇਸਬੁੱਕ ਦਾ ਕਮਾਲ!

ਹੌਲੀ ਹੌਲੀ ਕੁਛ ਦੋਸਤੀਆਂ 'ਹਾਇਕੂ ਗਰੁੱਪ' ਤੋਂ ਵਧ ਕੇ 'ਇਨ ਬਾਕਸ' ਵਿਚ ਆ ਗਈਆਂ, ਜਿਨ੍ਹਾਂ ਵਿਚੋਂ ਜੁਗਨੂੰ ਵੀ ਇਕ ਸੀ। ਅੰਗ੍ਰੇਜ਼ੀ ਕਲਾਸਾਂ ਤਿੰਨ ਮਹੀਨਿਆਂ ਬਾਅਦ ਖਤਮ ਹੋ ਗਈਆਂ। ਉਸਨੇ ਬੱਸ ਲੈਪਟੌਪ ਔਨ ਕਰ ਲੈਣਾ, ਘਰ ਦਾ ਕੰਮ ਵੀ ਕਰੀ ਜਾਣਾ ਤੇ ਆਉਂਦੇ ਜਾਂਦੇ ਫੇਸਬੁੱਕ 'ਤੇ ਨਜ਼ਰ ਵੀ ਮਾਰ ਲੈਣੀ। ਫੇਸਬੁੱਕ ਜਿਵੇਂ ਸ਼ੁਗਲ ਹੀ ਬਣ ਗਿਆ ਸੀ, ਇੰਝ ਲਗਦਾ ਸੀ ਫੇਸਬੁੱਕ ਦੇ ਦੋਸਤਾਂ ਦਾ ਇਕ ਵੱਡਾ ਸਾਰਾ ਪਰਿਵਾਰ ਹੈ; ਇਕ ਅੰਤਰਰਾਸ਼ਟਰੀ ਸਮਾਜ! ਕੋਈ ਵੀ ਦੂਰ ਜਾਂ ਓਪਰਾ ਨਹੀਂ ਸੀ ਲੱਗਦਾ।

ਜੁਗਨੂੰ ਅਕਸਰ 'ਇਨ ਬਾਕਸ ਚੈਟ' 'ਤੇ ਆ ਜਾਂਦੀ ਤੇ ਉਹ ਇਕ ਦੂਜੇ ਦਾ ਹਾਲ-ਚਾਲ ਪੁੱਛਦੀਆਂ ਰਹਿੰਦੀਆਂ। ਉਸਨੇ ਦੱਸਿਆ ਕਿ ਉਹ ਅਮਰੀਕਾ ਦੇ 'ਲਾਸ ਏਂਜਲਸ' ਸ਼ਹਿਰ ਵਿਚ ਰਹਿੰਦੀ ਸੀ। ਸਾਵੀ ਨੇ ਉਹ ਸ਼ਹਿਰ ਦੇਖਿਆ ਹੋਇਆ ਸੀ ਉਸਦੇ ਪੁੱਛਣ 'ਤੇ ਉਸਨੇ ਦੱਸਿਆ ਕਿ ਉਥੇ ਉਹ 'ਔਰੈਂਜ ਕਾਊਂਟੀ' ਵਿਚ ਰਹਿੰਦੀ ਸੀ। ਵਾਇਦੇ ਹੋਏ ਕਿ ਸਾਵੀ ਜਦ ਵੀ 'ਲਾਸ ਏਂਜਲਸ' ਜਾਵੇਗੀ ਉਸ ਨੂੰ ਜ਼ਰੂਰ ਮਿਲੇਗੀ।

ਜੁਗਨੂੰ ਨਾਲ ਸੱਚਮੁਚ ਹੀ ਉਸਨੂੰ ਪਿਆਰ ਹੋ ਗਿਆ ਸੀ। ਉਹ ਉਸਨੂੰ ਆਪਣੇ ਬੱਚਿਆਂ ਵਾਂਗ ਜਾਪਦੀ ਸੀ। ਉਸਨੂੰ ਲੱਗਦਾ ਜਿਵੇਂ ਉਹ ਉਸਦੀ ਦੂਰ ਵਿਆਹੀ ਹੋਈ ਧੀ ਹੋਵੇ। ਘਰ ਵੀ ਅਕਸਰ ਉਸ ਦੀਆਂ ਗੱਲਾਂ ਕਰਦੀ ਰਹਿੰਦੀ। ਦੇਵ ਤੇ ਬੱਚੇ ਅਕਸਰ ਉਸਨੂੰ ਛੇੜਦੇ ਕਿ ਉਹ 'ਫੇਸਬੁੱਕੀਆ' ਹੋ ਗਈ ਸੀ। ਪਹਿਲਾਂ ਉਹ ਬੱਚਿਆਂ ਨੂੰ ਫੇਸਬੁੱਕ ਤੋਂ ਵਰਜਦੀ, ਹੁਣ ਬੱਚੇ ਉਸਨੂੰ ਕਹਿੰਦੇ,'ਮਾਂ ਫੇਸਬੁੱਕ ਨਾਲ ਇੰਨਾ 'ਐਡਿਕਟ' ਨਾ ਹੋਵੋ। ਧਿਆਨ ਰੱਖਿਆ ਕਰੋ। ਸਾਈਬਰ ਕਰਾਈਮ ਵੀ ਬਹੁਤ ਹੁੰਦੇ ਇੱਥੇ।' ਸਾਵੀ ਖਿਝ ਜਾਂਦੀ ਤੇ ਸੋਚਦੀ ਦੱਸੋ ਭਲਾ ਫੇਸਬੁੱਕ 'ਤੇ ਕਾਹਦਾ ਖਤਰਾ? ਇਹ ਤਾਂ ਆਪਣੇ 'ਤੇ ਹੈ ਨਾ, ਤੁਸੀਂ ਸਮੁੰਦਰ ਵਿਚੋਂ ਕੀ ਚੁਣਨਾ ਹੈ। ਮੈਂ ਤੇ ਬੜੇ ਵਧੀਆ ਦੋਸਤ ਚੁਣੇ ਨੇ, ਮੈਨੂੰ ਉਨ੍ਹਾਂ 'ਤੇ ਮਾਣ ਹੈ ...ਤੇ ਨਾ ਹੀ ਮੈਂ ਕਿਸੇ ਵਾਦ-ਵਿਵਾਦ ਵਿਚ ਪੈਂਦੀ ਹਾਂ। ਮੈਨੂੰ ਕਾਹਦਾ ਡਰ?

ਸਿਲਸਿਲਾ ਇਵੇਂ ਹੀ ਚਲਦਾ ਰਿਹਾ। ਸਹੇਲੀਆਂ ਨੂੰ ਫੋਨ ਕਰਨੇ ਬੰਦ ਹੋ ਗਏ। ਕਿਤਾਬਾਂ ਅਲਮਾਰੀਆਂ ਵਿਚ ਪਈਆਂ ਉਡੀਕਦੀਆਂ ਰਹੀਆਂ। ਬਸ 'ਫੇਸਬੁੱਕੀਏ' ਦੋਸਤ ਹੀ ਰਹਿ ਗਏ ਸਨ ਹੁਣ ਤਾਂ!

ਇਕ ਵਾਰੀ ਕਈ ਦਿਨ ਜੁਗਨੂੰ 'ਫੇਸਬੁੱਕ' 'ਤੇ ਨਾ ਦਿਸੀ। ਸਾਵੀ ਨੂੰ ਫਿਕਰ ਹੋਇਆ। ਉਸਨੇ ਉਸਨੂੰ ਕਿੰਨੇ ਹੀ 'ਮੈਸੇਜਸ' ਘੱਲੇ। ਕਾਫ਼ੀ ਦਿਨਾਂ ਬਾਅਦ 'ਇਨ ਬਾਕਸ' ਉਸਦਾ 'ਮੈਸੇਜ' ਚਮਕ ਪਿਆ,

"ਕਿਵੇਂ ਹੋ ਦੀਦੀ?"

"ਮੈਂ ਤਾਂ ਠੀਕ ਹਾਂ, ਤੂੰ ਦੱਸ? ਇੰਨੇ ਦਿਨਾਂ ਤੋਂ ਆਈ ਨੀ?"

"ਬਸ ਐਵੇਂ ਹੀ! ਜ਼ਰਾ ਠੀਕ ਨਹੀਂ ਸੀ!"

"ਕੀ ਹੋਇਆ?"

"ਬਸ ਗਲਾ ਖਰਾਬ ਸੀ..."

"ਧਿਆਨ ਰੱਖਿਆ ਕਰ ਆਪਣਾ...!" ਕਿੰਨਾ ਕੁਛ ਹੋਰ ਸਾਂਝਾ ਹੋ ਹੀ ਰਿਹਾ ਸੀ ਕਿ ਅਚਾਨਕ ਬਾਹਰ ਖੜਾਕ ਹੋਇਆ। ਬੱਚੇ ਸਕੂਲੋਂ ਆ ਗਏ ਸਨ। ਸਾਵੀ ਨੇ ਜਲਦੀ ਦੇਣੀ ਫੇਸਬੁੱਕ ਬੰਦ ਕਰ ਦਿਤੀ ਕਿ ਉਹ ਫਿਰ ਉਸਨੂੰ 'ਫੇਸਬੁੱਕੀਆ' ਕਹਿ ਕਹਿ ਕੇ ਉਸਦਾ ਮਜ਼ਾਕ ਉਡਾਉਣਗੇ। ਕਈ ਦਿਨ ਫੇਰ ਜੁਗਨੂੰ ਨਾਲ ਗੱਲ ਹੀ ਨਾ ਹੋ ਸਕੀ। ਇਕ ਦਿਨ ਜਦੋਂ ਫੇਸਬੁੱਕ ਖੋਲ੍ਹੀ ਤਾਂ ਸਭ ਤੋਂ ਉਪਰ ਜੁਗਨੂੰ ਦੀ ਕਵਿਤਾ ਆਵਾਜ਼ਾਂ ਮਾਰ ਰਹੀ ਸੀ। ਉਸਦੀ ਕਵਿਤਾ ਪੜ੍ਹਦਿਆਂ ਸਾਵੀ ਦਾ ਮਨ ਭਰ ਆਇਆ, ਕਵਿਤਾ ਦੀ ਸੁਰ ਬੇਹੱਦ ਉਦਾਸ ਸੀ। ਉਸਨੇ ਜੁਗਨੂੰ ਨੂੰ ਮੈਸੇਜ ਬਾਕਸ ਵਿਚ ਲਿਖਿਆ,

"ਜੁਗਨੂੰ ਕਿਵੇਂ ਆਂ?"

ਉਹ ਝੱਟ 'ਔਨ ਲਾਈਨ' ਆ ਗਈ।

"ਹਾਂ ਜੀ ਦੀਦੀ!"

"ਕੀ ਗੱਲ ਐਡੀ ਉਦਾਸ ਕਵਿਤਾ ਕਿਉਂ ਲਿਖੀ?"

ਹੀ ਗੱਲ ਕਰ ਰਹੀ ਸੀ, ਟਾਈਮ ਦਾ ਪਤਾ ਹੀ ਨਹੀਂ ਲੱਗਿਆ।"

"ਯਿਹ ਕੌਨਸੀ ਨਈ ਬਾਤ ਹੈ ਸਾਵੀ ...ਦੇਸ਼ ਸੇ ਅਕਸਰ ਢੇਰੋਂ ਲੜਕੀਆਂ ਬਾਹਰ ਆਨੇ ਕੇ ਲੀਏ ਕਿਆ ਕਿਆ ਪਾਪੜ ਬੇਲਤੀ ਹੈਂ...ਆਪਕੋ ਮਾਲੂਮ ਨਹੀਂ ਕਿਆ? ਬੁੱਢੋਂ ਸੇ ਸ਼ਾਦੀ ਕਰਕੇ ਆ ਜਾਤੀ ਹੈਂ ਯਹਾਂ! ਅਮਰੀਕਾ ਆਨਾ ਥਾ, ਆ ਗਈ। ਕੈਸੀ ਹਮਦਰਦੀ? ਬੇਕਾਰ ਮੇਂ ਹੀ ਨਾ ਲੋਗੋਂ ਪੇ ਯਕੀਨ ਕਰ ਲੀਆ ਕਰੋ।"

ਸਾਵੀ ਨੂੰ ਜੁਗਨੂੰ ਨਾਲ ਹਮਦਰਦੀ ਸੀ ਤੇ ਉਹ ਉਸ ਬਾਰੇ ਇਸ ਤਰ੍ਹਾਂ ਨਹੀਂ ਸੀ ਸੋਚਦੀ। ਉਸਨੂੰ ਸੰਗੀਤਾ ਦੇ ਬੋਲਾਂ ਦਾ ਖਰਵਾਂਪਨ ਚੰਗਾ ਨਹੀਂ ਸੀ ਲਗਿਆ।

ਪੁਰਾਣੀਆਂ ਸੋਚਾਂ ਦੀ ਤੰਦ ਟੁੱਟੀ ਤਾਂ ਉਸਦਾ



"ਬੱਸ ਦੀਦੀ ਐਵੇਂ ਹੀ!"

"ਇਥੇ ਵਿਆਹ ਕਰਵਾ ਕੇ ਆਈ ਸੀ?" ਸਾਵੀ ਨੇ ਉਸਦੀ ਮਾਨਸਿਕਤਾ ਨੂੰ ਸਮਝਣਾ ਚਾਹਿਆ।

"ਜੀ ਦੀਦੀ"

"ਘਰ ਵਾਲਾ ਚੰਗਾ ਨਹੀਂ ਨਿਕਲਿਆ?"

"ਦੀਦੀ, ਮੈਂ 'ਕੱਲੀ ਰਹਿੰਦੀ ਹਾਂ।"

ਨਾਜ਼ੁਕ ਮਸਲਾ, ਸਾਵੀ ਅੱਗੇ ਨਹੀਂ ਵਧਾਉਣਾ ਚਾਹੁੰਦੀ ਸੀ ਤੇ ਚੁੱਪ ਹੋ ਗਈ।

"ਤੇਰੇ ਮੰਮੀ-ਡੈਡੀ ਕਿੱਥੇ ਨੇ?"

"ਡੈਡੀ ਹੈ ਨੀਂ ਦੀਦੀ"

"ਓਫ! ਵੈਰੀ ਸੌਰੀ, ਤੇ ਮੰਮੀ?"

"ਉਹ ਇੰਡੋਨੇਸ਼ੀਆ ਕਿਸੇ ਦੇ ਘਰ 'ਡੋਮੈਸਟਿਕ ਹੈਲਪ' ਦੀ ਜੌਬ ਕਰਨ ਗਏ ਹੋਏ ਨੇ"

""...ਆਈ ਸੀਅ!"

ਉਸਨੇ ਆਪ ਹੀ ਲਿਖ ਦਿੱਤਾ,

"ਮੇਰਾ ਹਸਬੈਂਡ ਸਾਰੀ ਸਾਰੀ ਰਾਤ ਗੇਅ ਬਾਰਾਂ ਵਿਚ ਘੁੰਮਦਾ ਰਹਿੰਦਾ ਸੀ! ਸਾਡਾ ਆਪਸ ਵਿਚ ਕਦੇ ਕੋਈ ਸੰਬੰਧ ਬਣਿਆ ਈ ਨਹੀਂ। ਧੋਖਾ ਹੋਇਆ ਮੇਰੇ ਨਾਲ...ਅਸੀਂ ਚੈਟ ਰੂਮ ਵਿਚ ਗੱਲ ਕਰਦੇ ਕਰਦੇ ਵਿਆਹ ਤੱਕ ਪਹੁੰਚ ਗਏ ਤੇ ਉਸਨੇ ਮੈਨੂੰ ਇੱਥੇ ਬੁਲਾ ਲਿਆ।"

"ਹੂੰ...!"

ਇੱਥੇ ਕੀ ਕੰਮ ਕਰਦੀ ਏਂ?

"ਮੈਂ ਸਾਈਕੈਟਰਿਸਟ ਹਾਂ।"

'ਵੈਰੀ ਗੁੱਡ! ਚਲੋ ਇਕ ਗੱਲ ਤਾਂ ਚੰਗੀ ਹੈ...।' ਸਾਵੀ ਨੂੰ ਤਸੱਲੀ ਹੋਈ ਕਿ ਉਹ ਪੈਸੇ-ਧੇਲੇ ਦੀ ਮੁਹਤਾਜ ਨਹੀਂ ਸੀ।

'ਜੇ ਕਦੇ ਕਿਸੇ ਮਦਦ ਦੀ ਜ਼ਰੂਰਤ ਪਵੇ ਤਾਂ ਦੱਸੀਂ... ਤੈਨੂੰ ਪਤੈ ਮੇਰੇ ਰਿਸ਼ਤੇਦਾਰ ਰਹਿੰਦੇ ਨੇ ਤੇਰੇ ਸ਼ਹਿਰ।'

"ਜੀ ਦੀਦੀ।"

ਅਚਾਨਕ ਫ਼ੋਨ ਦੀ ਘੰਟੀ ਵੱਜੀ ਦੂਜੇ ਪਾਸੇ ਸੰਗੀਤਾ ਸੀ। ਜਲਦੀ ਜਲਦੀ ਜੁਗਨੂੰ ਨੂੰ ਮੈਸੇਜ ਲਿਖਿਆ, "ਚੱਲ ਜੁਗਨੂੰ ਫਿਰ ਕੱਲ੍ਹ ਗੱਲ ਕਰਦੇ ਹਾਂ, ਅੱਜ ਮੈਂ ਕਿਤੇ ਜਾਣੈ" ਕਹਿ ਉਹ ਸੰਗੀਤਾ ਨਾਲ ਗੱਲਾਂ ਕਰਨ ਲੱਗੀ ਤੇ ਅਚਾਨਕ ਜੁਗਨੂੰ ਦਾ ਜ਼ਿਕਰ ਛਿੜ ਪਿਆ,

"ਯਾਰ ਇਕ ਕੁੜੀ ਹੈ ਵਿਚਾਰੀ...ਉਸ ਨਾਲ ਬੜਾ ਧੋਖਾ ਹੋਇਆ! ਬੜੇ ਚਿਰਾਂ ਤੋਂ ਉਸੇ ਨਾਲ

ਧਿਆਨ ਮੁੜ ਲੈਪਟੌਪ ਵੱਲ ਚਲਾ ਗਿਆ, ਰੋਹਬ ਨਾਲ ਨਵੀ ਨੂੰ ਮੁਖਾਤਿਬ ਹੋਈ, 'ਨਵੀ ਲੈਪਟੌਪ ਖਾਲੀ ਹੋਇਆ ਕਿ ਨਹੀਂ?'

"ਬਸ ਦਸ ਮਿੰਟ ਠਹਿਰੋ, ਥੋੜ੍ਹਾ ਜਿਹਾ ਕੰਮ ਰਹਿ ਗਿਐ।" ਉਹ ਚੁੱਪ ਕਰ ਕੇ ਬੈਠ ਗਈ ਇਕ ਘੰਟਾ ਪਹਾੜ ਬਣ ਗਿਆ ਸੀ। ਕੀ ਖ਼ਬਰ ਸੀ ਅੱਜ ਜੁਗਨੂੰ ਦੀ? ਇਹ ਖਿਆਲ ਉਸਦੇ ਦਿਲ ਵਿਚ ਤੀਰਾਂ ਵਾਂਗ ਚੁੱਭ ਰਿਹਾ ਸੀ ਅਤੇ ਉਹ ਇਨ੍ਹਾਂ ਦੀ ਥਾਹ ਤੱਕ ਜਾਣ ਲਈ ਛਟਪਟਾ ਰਹੀ ਸੀ।

ਉਦੋਂ ਸਾਵੀ ਅਤੇ ਜੁਗਨੂੰ ਵਿਚਾਲੇ ਅਕਸਰ ਦੁਖ-ਸੁਖ ਦੀਆਂ ਗੱਲਾਂ ਹੁੰਦੀਆਂ ਰਹਿੰਦੀਆਂ ਸਨ। ਉਹ ਸੋਚਦੀ ਰਹਿੰਦੀ, ਵਿਚਾਰੀ ਇਕੱਲੀ ਜੁਗਨੂੰ ! ...ਇੰਨੀ ਜ਼ਹੀਨ ਕੁੜੀ...ਔਖੇ ਕਿੰਨਾ ਸਾਰਾ ਬੋਝ ਆਪਣੀ ਰੂਹ 'ਤੇ ਚੁੱਕੀ ਫਿਰਦੀ ਹੋਵੇਗੀ... ਉਹ ਅਕਸਰ ਉਸ ਦੀਆਂ ਫੋਟੋਆਂ ਖੋਲ੍ਹ ਕੇ ਬੈਠ ਜਾਂਦੀ। ਇਕ ਦੋ ਹੀ ਫੋਟੋਆਂ ਸਨ ਉਸ ਦੀਆਂ ਉਸਦੇ ਪ੍ਰੋਫਾਈਲ 'ਤੇ, ਬੜੀ ਸੁਹਣੀ ਭੋਲੀ ਜਿਹੀ ਮੁਟਿਆਰ ਜਾਪਦੀ ਸੀ।

...ਤੇ ਜੁਗਨੂੰ ਅਚਾਨਕ ਇਕ ਵੇਰ ਫੇਸਬੁਕ ਤੋਂ ਫਿਰ ਗੈਰ-ਹਾਜ਼ਰ ਹੋ ਗਈ ਸੀ। ਇਕ ਦਿਨ ਸਾਵੀ ਦੀ ਇਕ ਹੋਰ ਫੇਸਬੁੱਕ ਦੋਸਤ ਦਾ ਫੋਨ ਆਇਆ, ਉਹ ਕਹਿੰਦੀ,

"ਇਕ ਬੁਰੀ ਖ਼ਬਰ ਆ।"

"ਕੀ?"

"ਜੁਗਨੂੰ ਨੂੰ ਗਲੇ ਦਾ ਕੈਂਸਰ ਆ...ਲਾਸਟ ਸਟੇਜ 'ਤੇ!"

"ਕੈਂਸਰ? ਕਦੋਂ ਤੋਂ?"

"ਹਾਂ ...! ਉਦੋਂ ਤੋਂ ਹੀ ਜਦੋਂ ਤੋਂ ਉਹ ਫੇਸਬੁੱਕ 'ਤੇ ਹੈ। ਡਾਕਟਰ ਨੇ ਕਿਹਾ ਬਹੁਤ ਥੋੜ੍ਹਾ ਸਮਾਂ ਹੈ ਉਸ ਕੋਲ...।"

ਸਾਵੀ ਕੋਲੋਂ ਕੁਛ ਕਹਿ ਨਾ ਹੋਇਆ। ਉਸ ਦੀਆਂ ਅੱਖਾਂ ਆਪ ਮੁਹਾਰੇ ਭਰ ਆਈਆਂ ਜਿਵੇਂ ਕਿਸੇ ਨੇ ਉਸਦੀ ਜਾਨ ਕੱਢ ਲਈ ਹੋਵੇ। ਰਾਤ ਨੂੰ ਨੀਂਦ ਨਾ ਆਉਂਦੀ। ਦਿਲ ਵਿਚ ਹੌਲ ਪੈਂਦੇ। ਹਰ ਵੇਲੇ ਉਸਦਾ ਖਿਆਲ ਆਉਂਦਾ ਰਹਿੰਦਾ। ਫੇਸਬੁੱਕ 'ਤੇ ਉਸ ਦੀਆਂ ਫੋਟੋਆਂ ਅਨੁਸਾਰ ਉਹ 25/26 ਸਾਲਾਂ ਦੀ ਨੌਜੁਆਨ ਕੁੜੀ ਸੀ ...ਸਾਵੀ ਸੋਚਦੀ ਰਹਿੰਦੀ ਵਿਚਾਰੀ ਦੀ ਬੱਸ ਇੰਨੀ ਹੀ ਕਹਾਣੀ ਸੀ? ਇੰਨੀ ਛੋਟੀ ਉਮਰ?

ਕੀ ਕਰ ਸਕਦੀ ਸੀ ਉਹ? ਬਸ ਉਸ ਲਈ ਦੁਆਵਾਂ ਕਰਦੀ ਰਹਿੰਦੀ। ਇਕ ਦਿਨ ਮਨ ਵਿਚ ਸੋਚਿਆ ਕਿ ਅਰਦਾਸ ਵਿਚ ਬਹੁਤ ਤਾਕਤ ਹੁੰਦੀ ਐ, ਸਾਰੇ ਮਿਲ ਕੇ ਅਰਦਾਸ ਕਰਦੇ ਹਾਂ ਤੇ ਉਸਨੇ ਫੇਸਬੁੱਕ 'ਤੇ ਉਸ ਲਈ 'ਪ੍ਰੇਅ ਫਾਰ ਜੁਗਨੂੰ' ਗਰੁੱਪ ਬਣਾ ਦਿੱਤਾ।

ਉਹ ਉਸ 'ਗਰੁੱਪ' ਵਿਚ ਜਾ ਕੇ ਰੋਜ਼ ਇਕ ਪ੍ਰੇਅਰ ਲਿਖਦੀ ਅਤੇ ਜੁਗਨੂੰ ਲਈ ਫੰਡ ਰੇਜ਼ ਕਰਨ ਤੱਕ ਦੀਆਂ ਸਲਾਹਾਂ ਕਰਦੀ। ਕਿੰਨੇ ਹੀ ਦੋਸਤਾਂ ਨੂੰ ਸੱਦਾ ਦਿੱਤਾ ਹੋਇਆ ਸੀ ਉਸ ਨੇ, ਉਹ ਵੀ ਸੁਹਿਰਦਤਾ ਨਾਲ ਰੋਜ਼ ਉਸ ਨੂੰ ਲੰਮੀ ਉਮਰ ਦੀਆਂ ਦੁਆਵਾਂ ਦਿੰਦੇ। ਕਿੰਨਿਆਂ ਨੇ ਉਸਨੂੰ ਕੈਂਸਰ ਦਾ ਸ਼ਰਤੀਆ ਇਲਾਜ ਕਰਨ ਵਾਲੇ ਦੇਸੀ ਤੇ ਹੋਮਿਉਪੈਥਿਕ ਡਾਕਟਰਾਂ ਦੇ ਨੰਬਰ ਵੀ ਭੇਜੇ। ਹੋਰ ਬਹੁਤ ਸਾਰੇ ਸੁਝਾਅ ਆਏ।

ਉਹ ਸੋਚਦੀ 'ਪਤਾ ਨਹੀਂ ਜੁਗਨੂੰ ਵਿਚਾਰੀ ਕਦੇ ਗਰੁੱਪ ਨੂੰ ਵੇਖ ਵੀ ਸਕੀ ਕਿ ਨਾ...ਨਹੀਂ ਤਾਂ ਉਹ ਸਭ ਦਾ ਧੰਨਵਾਦ ਜ਼ਰੂਰ ਕਰਦੀ। ਪਤਾ ਨਹੀਂ ਵੇਖਣ ਜੋਗੀ ਹੈ ਵੀ ਕਿ ਨਹੀਂ ਕਿ ਉਸ ਲਈ ਕਿੰਨੇ ਲੋਕ ਦੁਆਵਾਂ ਕਰਦੇ ਸਨ... ਕਿ ਕੁੜੀਆਂ ਭਾਵੁਕ ਹੋ ਕੇ ਉਸ ਨੂੰ ਹਾਕਾਂ ਮਾਰਦੀਆਂ ਸਨ, "ਜੁਗਨੂੰ ਦੀਦੀ ਵਾਪਸ ਆ ਜਾਉ ਪਲੀਜ਼"... ਕਿ ਕਈ ਰੋਜ਼ ਉਸਨੂੰ ਫੁੱਲਾਂ ਦੇ ਗੁਲਦਸਤਿਆਂ ਦੀਆਂ ਤਸਵੀਰਾਂ ਭੇਜਦੀਆਂ ਸਨ...ਕਿ ਕਈ ਕੁੜੀਆਂ ਜੁਗਨੂੰ ਦੀਦੀ ਲਈ ਕਵਿਤਾਵਾਂ ਲਿਖਦੀਆਂ ਸਨ। ਗਰੁੱਪ ਦੀ ਵਾਲ ਤਾਂ ਲੋਕਾਂ ਦੇ ਹੰਝੂਆਂ ਤੇ ਹਮਦਰਦੀਆਂ ਨਾਲ ਭਰੀ ਪਈ ਸੀ'।

ਇਨ੍ਹਾਂ ਦਿਨਾਂ ਵਿਚ ਸਾਵੀ ਨੂੰ ਉਦਾਸ ਵੇਖ ਕੇ ਘਰ ਦੇ ਪੁੱਛਦੇ ਰਹਿੰਦੇ ਸਨ ਕਿ ਤੈਨੂੰ ਕੀ ਹੋਇਐ ਤੇ ਉਹ ਹੱਸ ਕੇ ਆਖ ਦਿੰਦੀ 'ਕੁਛ ਵੀ ਤਾਂ ਨਹੀਂ'। ਪਰ ਅੰਦਰ ਕੁਛ ਕੁਤਰ ਕੁਤਰ ਹਰ ਵੇਲੇ ਹੁੰਦੀ ਰਹਿੰਦੀ ਸੀ।... ਅਚਾਨਕ ਜੁਗਨੂੰ ਇਕ ਵਾਰ ਫੇਰ ਫਿਲਮਾਂ 'ਚ ਦਿਖਾਏ ਜਾਂਦੇ ਦੇਵਤੇ ਵਾਂਗ ਪ੍ਰਗਟ ਹੋ ਗਈ ਸੀ। ਸਾਵੀ ਦੇ ਸਾਹ ਵਿਚ ਸਾਹ ਆਇਆ।

'ਜੁਗਨੂੰ ਕਿਵੇਂ ਐਂ ਹੁਣ?"

"ਠੀਕ ਹਾਂ ਹੁਣ, ਦੀਦੀ।"

"ਬੇਟਾ, ਮੈਨੂੰ ਆਪਣਾ ਟੈਲੀਫ਼ੂਨ ਨੰਬਰ ਦੇ, ਮੈਂ ਤੇਰੇ ਨਾਲ ਗੱਲ ਕਰਨਾ ਚਾਹੁੰਦੀ ਹਾਂ।"

"ਦੀਦੀ! ਦੀਦੀ! ਮੇਰੀ ਪਿਆਰੀ ਦੀਦੀ! ਮੈਂ ਬੋਲ ਨਹੀਂ ਸਕਦੀ। ਤੁਸੀਂ ਪਹਿਲਾਂ ਵੀ ਇਕ ਵਾਰ ਨੰਬਰ ਮੰਗਿਆ ਸੀ ਤੇ ਮੈਂ ਇਸੇ ਲਈ ਤੁਹਾਡੀ ਗੱਲ ਇਗਨੋਰ ਕਰ ਦਿੱਤੀ ਸੀ।"

ਸਾਵੀ ਮਾਯੂਸ ਹੋ ਗਈ। ਉਨ੍ਹਾਂ ਦਿਨਾਂ ਵਿਚ ਜੁਗਨੂੰ ਨੇ ਫੇਸਬੁੱਕ 'ਤੇ ਬੜੇ ਖੂਬਸੂਰਤ ਹਾਇਕੂ ਤੇ ਕਵਿਤਾਵਾਂ ਲਿਖੇ। ਉਨ੍ਹਾਂ ਵਿਚੋਂ ਕੁਛ ਇੰਝ ਸਨ,

ਘੱਟਦਾ ਚੰਨ
ਮੇਰੇ ਸਿਰਾਹਣੇ 'ਤੇ
ਵਾਲਾਂ ਦਾ ਗੁੱਛਾ

ਸਾਵੀ ਨੂੰ ਕੈਂਸਰ ਨਾਲ ਝੜ ਰਹੇ ਉਸਦੇ ਵਾਲ ਦਿਸਦੇ।

ਥੱਕਿਆ ਰਾਹੀ
ਬਲਦ ਦੇ ਸਿੰਗਾਂ 'ਤੇ
ਸ਼ਾਮ ਦਾ ਸੂਰਜ

ਉਸਨੂੰ ਉਸਦਾ ਥੱਕਿਆ ਚਿਹਰਾ ਨਜ਼ਰ ਆਉਂਦਾ।

ਹੱਟ ਲਲਾਰੀ
ਚੁੰਨੀਆਂ ਰੰਗ ਬਰੰਗੀਆਂ 'ਚੋਂ
ਮੈਂ ਚੁਣਿਆ ਰੰਗ ਮਜੀਠੜਾ

ਹਾਇ ਨੀ ਕੁੜੀਏ ਤੇਰੀ ਕਿਸਮਤ? ਸਾਵੀ ਹਉਕਾ ਭਰਦੀ।

ਉਸ ਦੀਆਂ ਰਚਨਾਵਾਂ ਵਿਚੋਂ ਉਸਦੇ ਅੰਦਰ ਦਾ ਦੁੱਖ ਡੁੱਲ੍ਹ ਡੁੱਲ੍ਹ ਪੈਂਦਾ ਸੀ। ਸਾਰੇ ਉਸ ਲਈ ਅਰਦਾਸਾਂ ਕਰਦੇ ਰਹੇ ਤੇ ਜੁਗਨੂੰ ਇਕ ਵਾਰ ਫੇਰ ਚੁੱਪ ਹੋ ਗਈ ਸੀ। ਸਾਵੀ ਨੂੰ ਲੱਗਿਆ ਕਿ ਇਸਦਾ ਨਾਂ ਜੁਗਨੂੰ ਨਹੀਂ ਹੋਣਾ ਚਾਹੀਦਾ ਸੀ। ਜੁਗਨੂੰ ਦੀ ਉਮਰ ਬਹੁਤ ਛੋਟੀ ਹੁੰਦੀ ਹੈ-ਬੱਸ ਇਕ ਝਲਕਾਰਾ ਜਿਹਾ। ਸੋ ਉਹ ਉਸਨੂੰ ਅਰਦਾਸ ਗਰੁੱਪ ਵਿਚ ਜੁਗਨੰਦਨ ਕਹਿ ਕੇ ਮੁਖਾਤਿਬ ਹੋਣ ਲਗੀ। ਉਸਦੇ ਕਿਸੇ ਹੋਰ ਦੋਸਤ ਨੇ ਲਿਖਿਆ ਕਿ ਉਸਦਾ ਅਸਲ ਨਾਮ ਤਾਂ ਮਨਵੀਰ ਕੌਰ ਸਿੱਧੂ ਹੈ, ਸਾਵੀ ਇਹ ਵੀ ਲਿਖ ਸਕਦੀ ਸੀ।

ਲੰਮੀ ਚੁਪ ਪਸਰ ਗਈ ਸੀ। ਫੇਸਬੁੱਕ ਤੋਂ ਜੁਗਨੂੰ ਗਾਇਬ ਸੀ ਤੇ ਜੁਗਨੂੰ ਦੀ ਕਨਸੋਅ ਵੀ! ਸਹਿਜ ਤੋਰ ਚੱਲਦੀ ਜ਼ਿੰਦਗੀ 'ਚੋਂ ਜੁਗਨੂੰ ਦਾ ਖਿਆਲ ਕਦੇ ਰੁਖ਼ਸਤ ਨਾ ਹੋ ਸਕਿਆ। ਉਹ ਕਦੇ ਉਸਦੇ ਫੇਸਬੁੱਕ ਦੋਸਤਾਂ ਨੂੰ ਪੁੱਛਦੀ ਅਤੇ 'ਗੂਗਲ' 'ਤੇ ਜਾ ਕੇ 'ਸਰਚ' ਕਰਨ ਦੀ ਕੋਸ਼ਿਸ਼ ਕਰਦੀ ਪਰ ਜੁਗਨੂੰ ਦਾ ਕੋਈ ਪਤਾ ਨਾ ਲੱਗਿਆ। ਫਿਰ ਉਸਦਾ ਅਸਲੀ ਨਾਂ ਵੀ ਵੇਖਿਆ, ਉਹ ਵੀ ਨਾ ਲੱਭਿਆ। ਉਡਦੀ ਉਡਦੀ ਇਹ ਵੀ ਗੱਲ ਪਹੁੰਚੀ ਕਿ ਉਹ ਅਮਰੀਕਾ ਵਿਚ ਇਮੀਗਰੇਸ਼ਨ ਤੋਂ ਬਿਨਾਂ ਰਹਿ ਰਹੀ ਸੀ। ਕੋਈ ਕਹੇ ਉਸਦੇ ਹਸਬੈਂਡ ਨੇ ਕੋਈ ਵੱਡਾ ਘੁਟਾਲਾ ਕੀਤਾ ਹੋਇਆ ਸੀ ਇਸ ਲਈ ਉਹ ਲੁਕ ਛਿਪ ਕੇ ਇਕ ਫਰਜ਼ੀ ਨਾਮ ਟੀਨਾ ਤਹਿਤ ਅਮਰੀਕਾ ਵਿਚ ਰਹਿੰਦੀ ਹੈ। ਪਰ ਜੁਗਨੂੰ, ਬਨਾਮ ਮਨਵੀਰ ਕੌਰ ਸਿੱਧੂ, ਬਨਾਮ ਟੀਨਾ ਕਿਸੇ ਸਰਚ ਵਿਚੋਂ ਕਿਤੇ ਵੀ ਨਾ ਲੱਭ ਸਕੀ।

'ਪ੍ਰੇਅ ਫੌਰ ਜੁਗਨੂੰ' ਵਿਚ ਕਿਸੇ ਨੇ ਸਟੇਟਸ ਪਾਇਆ, "ਜੁਗਨੂੰ 'ਕੋਮਾ' ਵਿਚ ਹੈ" ਪਰ ਸਾਵੀ ਨੂੰ ਆਸ ਸੀ ਕਿ ਪਿਛਲੀ ਵਾਰੀ ਵਾਂਗ ਇਕ ਦਿਨ ਅਚਾਨਕ ਜੁਗਨੂੰ ਫਿਰ ਆ ਜਾਏਗੀ। ਕੈਂਸਰ ਦਾ ਅੱਜ-ਕੱਲ੍ਹ ਇਲਾਜ ਹੋ ਜਾਂਦਾ ਹੈ। ਉਹ ਉਡੀਕ ਰਹੀ ਸੀ। ਕਾਸ਼! ਕਿਸੇ ਦਾ ਫ਼ੋਨ ਹੁੰਦਾ ਤੇ ਜੁਗਨੂੰ ਦਾ ਪਤਾ ਲੈ ਲੈਂਦੀ। ਫੇਸਬੁੱਕ ਦੇ ਬਹੁਤ ਸਾਰੇ ਦੋਸਤਾਂ ਨੇ ਉਸਨੂੰ ਕਈ ਵਾਰ ਪੁੱਛਿਆ ਕਿ 'ਜੁਗਨੂੰ ਕਿਵੇਂ ਹੈ?' ਸਾਰੇ ਜਣੇ ਉਸਦੀ ਖਬਰ ਉਡੀਕਦੇ ਰਹੇ ਤੇ ਅੱਜ ਉਸੇ ਜੁਗਨੂੰ ਦੀ ਕੋਈ ਖਬਰ ਉਸਨੇ ਮਾੜੀ ਜਿਹੀ ਵੇਖੀ ਸੀ। ਸਾਵੀ ਦੇ ਸਿਰ 'ਤੇ ਜਿਵੇਂ ਆਸਮਾਨੀ ਬਿਜਲੀ ਆਣ ਡਿੱਗੀ ਸੀ ਪਰ ਵੇਖੋ ਕਿਵੇਂ ਲੈਪਟੌਪ 'ਤੇ ਤਾਂ ਨਵੀ ਕਬਜ਼ਾ ਕਰੀ ਬੈਠਾ ਹੈ। ਹੁਣ ਉਸਦਾ ਦਿਲ ਨਹੀਂ ਸੀ ਖਲੋਅ ਰਿਹਾ ਅਤੇ ਉਸਨੇ ਨਵੀ ਨੂੰ ਤਰਲੇ ਵਾਂਗ ਕਿਹਾ,"ਨਵੀ ਬੱਸ ਇਕੋ ਮਿੰਟ ਪਲੀਜ਼!"

ਉਸਨੇ ਬੇਸਬਰੀ ਨਾਲ ਫੇਸਬੁੱਕ ਖੋਲ੍ਹੀ। ਵੇਖਿਆ ਤਾਂ ਸਾਰੀ ਫੇਸਬੁੱਕ ਜੁਗਨੂੰ ਦੀਆਂ ਖ਼ਬਰਾਂ ਨਾਲ ਭਰੀ ਪਈ ਸੀ। ਸਾਵੀ ਦੀਆਂ 'ਨੋਟੀਫਿਕੇਸ਼ਨਜ਼' ਵਿਚ ਕੁਛ ਨਵੇਂ ਗਰੁੱਪਾਂ ਦੇ ਨਵੇਂ ਸਿਰਨਾਵੇਂ ਦਿਸ ਰਹੇ ਸਨ, 'ਜੁਗਨੂੰ ਰੈਸਟ ਇਨ ਪੀਸ', 'ਆਰ. ਆਈ. ਪੀ ਜੁਗਨੂੰ'...! ਸਾਵੀ ਨਾਲੇ ਹੰਝੂ ਪੂੰਝ ਰਹੀ ਸੀ ਤੇ ਨਾਲੇ ਕਾਹਲੀ ਕਾਹਲੀ ਇੱਧਰ ਉੱਧਰ ਦੇ 'ਪ੍ਰੋਫਾਈਲਜ਼' ਖੋਲ੍ਹ ਕੇ ਵੇਖੀ ਜਾ ਰਹੀ ਸੀ..ਸਾਰੇ ਹੀ ਸੋਗ ਮਨਾ ਰਹੇ ਸਨ... ਲੋਕ ਉਸਦੀ ਆਤਮਾ ਦੀ ਸ਼ਾਂਤੀ ਲਈ ਅਰਦਾਸਾਂ ਕਰ ਰਹੇ ਸਨ। ਸਾਵੀ ਖਬਰ ਦਾ ਪੂਰਾ ਸੱਚ ਜਾਨਣਾ ਚਾਹੁੰਦੀ ਸੀ ਪਰ ਹੱਥ ਪੱਲੇ ਕੁਝ ਨਹੀਂ ਸੀ ਪੈ ਰਿਹਾ।

ਸਾਵੀ ਕਿ ਜਿਸ ਦੀ ਜੁਗਨੂੰ ਨਾਲ ਦਿਲੀ ਸਾਂਝ ਸੀ, ਹਾਰ ਕੇ 'ਪ੍ਰੇਅਰ ਗਰੁੱਪ' 'ਚ ਐਨਾ ਹੀ ਲਿਖ ਸਕੀ, 'ਹਾਇ ਜੁਗਨੂੰ ਜੇ ਤੂੰ ਐਨੀ ਛੇਤੀ ਤੁਰ ਜਾਣਾ ਸੀ ਤੇ ਇੰਨਾ ਮੋਹ ਹੀ ਕਿਉਂ ਪਾਇਆ ਕਮਲੀਏ! ਐਨੀ ਛੇਤੀ? ਰੈਸਟ ਇਨ ਪੀਸ ਬੱਚੀਏ! ਮੈਂ ਤੇਰੇ ਬਿਨਾ ਕਿੰਨਾ 'ਕੱਲੀ ਹੋ ਜਾਵਾਂਗੀ?'

'ਅਜਾਈਂ' ਚਲੀ ਗਈ ਵਿਚਾਰੀ ਜੁਗਨੂੰ...!" ਸਾਵੀ ਨੇ ਅੱਖਾਂ ਪੂੰਝਦਿਆਂ ਹਉਕਾ ਲਿਆ ਅਤੇ ਥੱਕਿਆ ਸਿਰ ਪਿੱਛੇ ਨੂੰ ਸੁੱਟ ਕੇ ਸੋਚਣ ਲੱਗੀ 'ਮੇਰੀ ਤੇ ਜੁਗਨੂੰ ਦੀ ਗੂੜ੍ਹੀ ਸਾਂਝ ਇਸ ਖਬਰ ਨਾਲ ਹੀ ਖਤਮ ਹੋ ਗਈ। ਕੋਈ ਨਹੀਂ ਜਾਣਦਾ ਕਿ ਜੁਗਨੂੰ ਤੇ ਮੇਰਾ ਕੀ ਰਿਸ਼ਤਾ ਸੀ?' ਉਸਨੇ ਕੁਦਰਤ ਦੀ ਇਸ ਮਰਜ਼ੀ ਅੱਗੇ ਸਿਰ ਝੁਕਾ ਕੇ 'ਪ੍ਰੇਅਰ ਗਰੁੱਪ' ਬੰਦ ਕਰਨ ਦੀ ਸੋਚੀ। ਫੇਸਬੁੱਕ 'ਫੇਕਬੁੱਕ' ਲੱਗਣ ਲੱਗੀ ਪਈ। ਕਹਾਣੀ ਖਤਮ!

ਸਾਵੀ ਨੇ ਲੈਪਟੌਪ ਬੰਦ ਕਰ ਦਿੱਤਾ ਤੇ ਚੁੱਪ ਕਰ ਕੇ ਬੈਠ ਗਈ। ਸਭ ਕੁਝ ਸੁੰਨਾ ਸੁੰਨਾ ਲੱਗ ਰਿਹਾ ਸੀ। ਹੁਣ ਭਰੇ ਮਨ ਨਾਲ ਸਾਵੀ ਨੇ ਸੋਚਿਆ ਕਿ ਜੁਗਨੂੰ ਤਾਂ ਗਈ ਹੁਣ ਫੇਸਬੁੱਕ ਨੂੰ ਵੀ ਮੈਂ ਕੀ ਕਰਨੈ? ਉਸਨੇ ਫੇਸਬੁੱਕ ਬੰਦ ਕਰਨ ਲਈ ਕੰਪਿਊਟਰ ਦੁਬਾਰਾ ਖੋਲ੍ਹਿਆ ਤਾਂ ਆਪਣੇ ਸਾਹਮਣੇ ਪਈਆਂ ਇਨ੍ਹਾਂ ਸਤਰਾਂ ਨੂੰ ਵੇਖ ਕੇ ਤ੍ਰਭਕ ਗਈ। ਕਿਸੇ ਨੇ ਲਿਖਿਆ ਹੋਇਆ ਸੀ,

"ਦੋਸਤੋ ਜੁਗਨੂੰ ਇਕ 'ਫ਼ੇਕ ਆਈ. ਡੀ.' ਸੀ ਜੋ ਸਾਰਿਆਂ ਦੇ ਜਜ਼ਬਾਤਾਂ ਨਾਲ ਖੇਡ ਗਈ...। ਦਿੱਤੇ ਹੋਏ ਇਸ ਲਿੰਕ 'ਤੇ ਕਲਿੱਕ ਕਰ ਕੇ ਵੇਖੋ... ਜੁਗਨੂੰ ਦੀ ਆਈ.ਡੀ. ਬਣਾਉਣ ਲਈ ਸਾਰੀਆਂ ਤਸਵੀਰਾਂ ਇਸ ਗਲਤ ਜਿਹੀ ਸਾਈਟ ਤੋਂ ਲਈਆਂ ਗਈਆਂ ਹਨ।"

ਸਾਵੀ ਨੇ ਕਾਹਲੀ-ਕਾਹਲੀ ਉਸ ਲਿੰਕ 'ਤੇ ਕਲਿੱਕ ਕੀਤਾ। ਉਥੇ ਉਹੀ ਫੋਟੋਆਂ ਪਈਆਂ ਸਨ ਜਿਨ੍ਹਾਂ ਨੂੰ ਵੇਖ ਕੇ ਸਾਵੀ ਦੇ ਸਾਹਮਣੇ ਉਸ ਭੋਲੀ-ਭਾਲੀ ਕੁੜੀ, ਜੁਗਨੂੰ ਦਾ ਅਕਸ ਉੱਭਰਦਾ ਹੁੰਦਾ ਸੀ। ਹੁਣ ਉਹ ਹੱਕੀ ਬੱਕੀ ਉਨ੍ਹਾਂ ਤਸਵੀਰਾਂ ਵੱਲ ਵੇਖੀ ਜਾ ਰਹੀ ਸੀ...ਮੱਥੇ 'ਤੇ ਰੋਹ ਦੀ ਇਕ ਸ਼ਿਕਨ ਉੱਭਰੀ...ਇਕ ਲੰਮਾ ਸਾਹ ਲੈਂਦਿਆਂ ਉਸ ਨੇ ਤੇਜ਼ ਤੇਜ਼ ਲਿਖਣਾ ਸ਼ੁਰੂ ਕੀਤਾ 'ਹਾਇ ! ਨੀ ਜੁਗਨੀਏ...ਆਖਿਰ ਕਿਉਂ ? ਕਿਉਂ??

ਤੂੰ ਫੇਕ ਆਈ ਡੀ...?"

ਖਿੜਕੀ ਤੋਂ ਬਾਹਰ ਸ਼ਹਿਰ ਹਨੇਰੇ ਵਿਚ ਡੁੱਬ ਚੁੱਕਾ ਸੀ ਅਤੇ ਕੰਪਿਊਟਰ 'ਤੇ ਤੇਜ਼ ਤੇਜ਼ ਚੱਲਦੀਆਂ ਸਾਵੀ ਦੀਆਂ ਉਂਗਲੀਆਂ ਦੀ ਅਵਾਜ਼ ਵਾਤਾਵਰਨ ਵਿਚ ਘੁਲਦੀ ਜਾ ਰਹੀ ਸੀ।

# ਮਾਹਿਰਾਂ ਦੀ ਨਜ਼ਰ 'ਚ ਵਿਸ਼ਵ ਵਿਚ ਪੈਰ ਪਸਾਰਦੀ ਮਹਿੰਗਾਈ ਤੇ ਮੰਦੀ ਦੇ ਅਰਥ

ਵਿਸ਼ਵ ਵਿਚ ਕਰੋਨਾ ਕਾਲ ਤੋਂ ਸ਼ੁਰੂ ਹੋਇਆ ਮੰਦੀ ਦਾ ਦੌਰ ਹਾਲੇ ਤੱਕ ਖਤਮ ਹੋਣ ਦਾ ਨਾਮ ਨਹੀਂ ਲੈ ਰਿਹਾ ਪਰ ਹੁਣ ਲੱਗਦਾ ਹੈ ਕਿ ਮੰਦੀ ਦਾ ਹੋਰ ਵਿਸਤਾਰ ਹੋਣ ਜਾ ਰਿਹਾ ਹੈ ਕਿਉਂਕਿ ਪਿਛਲੇ ਕਈ ਮਹੀਨਿਆਂ ਤੋਂ ਲਗਾਤਾਰ ਜਿਸ ਤਰ੍ਹਾਂ ਰੂਸ ਤੇ ਯੂਕਰੇਨ ਵਿਚਕਾਰ ਜੰਗ ਜਾਰੀ ਹੈ, ਉਸ ਦੇ ਚਲਦਿਆਂ ਅੱਜ ਅਜਿਹੇ ਅਰਥ ਸ਼ਾਸਤਰੀਆਂ ਦੀ ਸੂਚੀ ਲੰਮੀ ਹੁੰਦੀ ਜਾ ਰਹੀ ਜਾਪਦੀ ਹੈ, ਜੋ ਕਿ ਮੌਜੂਦਾ ਸਮੇਂ ਫੈਲੀ ਮੰਦੀ ਨੂੰ ਆਉਣ ਵਾਲੇ ਸਮੇਂ ਵਿਚ ਹੋਰ ਵਧੇਰੇ ਵਿਕਰਾਲ ਰੂਪ ਵਿਚ ਪੈਰ ਪਸਾਰਦੇ ਹੋਏ ਵੇਖ ਰਹੇ ਹਨ।



**ਮੁਹੰਮਦ ਅੱਬਾਸ ਧਾਲੀਵਾਲ**
**ਫੋਨ: 98552-59650**



ਇਸ ਦੌਰਾਨ ਗੁਆਂਢੀ ਦੇਸ਼ ਸ੍ਰੀਲੰਕਾ ਨੂੰ ਤਾਂ ਅਸੀਂ ਦੀਵਾਲੀਆ ਹੁੰਦਿਆਂ ਆਪਣੇ ਅੱਖੀਂ ਵੇਖਿਆ ਹੈ। ਇਸ ਦੇ ਨਾਲ ਹੀ ਅੱਜ ਵਿਸ਼ਵ ਵਿਚ ਕਿੰਨੇ ਹੀ ਅਜਿਹੇ ਦੇਸ਼ ਹਨ ਜੋ ਮਹਿੰਗਾਈ ਦੇ ਚੱਕਰਵਿਊ ਨਾਲ ਜੂਝ ਰਹੇ ਹਨ।

ਉਧਰ ਅਰਥਵਿਵਸਥਾ 'ਚ ਤੇਜ਼ੀ ਲਿਆਉਣ ਹਿਤ ਆਰਥਿਕ ਪੈਕੇਜ ਦੇ ਨਾਮ ਉੱਪਰ ਵਧੇਰੇ ਖਰਚ, ਚੀਨ ਵੱਲੋਂ ਦੁਨੀਆ ਨੂੰ ਭੇਜੀਆਂ ਜਾਣ ਵਾਲੀਆਂ ਚੀਜ਼ਾਂ ਦੀ ਸਪਲਾਈ ਚੇਨ ਵਿਚ ਰੁਕਾਵਟ, ਯੂਕਰੇਨ 'ਤੇ ਰੂਸ ਦਾ ਹਮਲਾ ਅਤੇ ਹੋਰ ਦੂਜੇ ਕਾਰਨਾਂ ਨੇ ਮਹਿੰਗਾਈ ਨੂੰ ਉਚ ਸਤਹਿ ਵੱਲ ਲੈ ਜਾਣ ਲਈ ਅਹਿਮ ਭੂਮਿਕਾ ਨਿਭਾਈ ਹੈ। ਇੱਥੇ ਜ਼ਿਕਰਯੋਗ ਹੈ ਕਿ ਅਜਿਹਾ ਕਈ ਦਹਾਕਿਆਂ ਬਾਅਦ ਹੋ ਰਿਹਾ ਹੈ। ਹਾਲਾਂਕਿ ਇਸ ਨੂੰ ਰੋਕਣ ਲਈ ਕੇਂਦਰੀ ਬੈਂਕਾਂ ਨੂੰ ਵਿਆਜ ਦਰਾਂ ਵਧਾਉਣ ਵਰਗੇ ਕਦਮ ਮਜਬੂਰੀ ਵਸ ਚੁੱਕਣੇ ਪਏ ਹਨ। ਦੂਜੇ ਪਾਸੇ ਵਿਸ਼ਵ ਭਰ ਦੇ ਸ਼ੇਅਰ ਬਾਜ਼ਾਰਾਂ ਵਿਚ ਗਿਰਾਵਟ ਦਾ ਸਿਲਸਿਲਾ ਨਿਰੰਤਰ ਜਾਰੀ ਹੈ। ਇਸ ਦੀ ਸੱਜਰੀ ਮਿਸਾਲ ਅਮਰੀਕਾ ਸਮੇਤ ਹੋਰ ਦੇਸ਼ਾਂ ਦੇ ਸੂਚਕ ਅੰਕਾਂ 'ਤੇ ਝਾਤੀ ਮਾਰਿਆਂ ਸਪੱਸ਼ਟ ਨਜ਼ਰ ਆ ਜਾਂਦੀ ਹੈ। ਮਾਹਿਰਾਂ ਅਨੁਸਾਰ ਉਕਤ ਪ੍ਰਸਥਿਤੀਆਂ ਵਿਚ ਜੋ ਚੀਜ਼ ਸਾਡੀ ਉਡੀਕ ਕਰਦੀ ਨਜ਼ਰ ਆ ਰਹੀ ਹੈ, ਉਹ ਸਿਰਫ ਮੰਦੀ ਹੈ। ਜੇਕਰ ਮੰਦੀ ਨੂੰ ਸਾਧਾਰਨ ਅਰਥਾਂ ਵਿਚ ਸਮਝਣਾ ਹੋਏ ਤਾਂ ਆਰਥਿਕ ਗਤੀਵਿਧੀਆਂ ਵਿਚ ਕਮੀ ਦਾ ਆ ਜਾਣਾ ਅਤੇ ਜਿਸ ਦਾ ਨਤੀਜਾ ਕੁੱਲ ਘਰੇਲੂ ਉਤਪਾਦ (ਜੀਡੀਪੀ) ਵਿਚ ਨਕਾਰਾਤਮਕ ਵਿਕਾਸ ਦਰ ਦੇ ਰੂਪ 'ਚ ਵੇਖਣ ਨੂੰ ਮਿਲਦਾ ਹੈ। ਜੇ ਕਿਸੇ ਦੇਸ਼ ਦੀ ਅਰਥਵਿਵਸਥਾ ਦੀ ਜੀ.ਡੀ.ਪੀ ਲਗਾਤਾਰ ਦੋ ਤਿਮਾਹੀਆਂ ਤਕ ਦਬਾਅ ਹੇਠ ਰਹਿੰਦੀ ਹੈ, ਤਾਂ ਇਸ ਨੂੰ 'ਤਕਨੀਕੀ ਮੰਦੀ' ਕਿਹਾ ਜਾਂਦਾ ਹੈ।

ਉਧਰ ਇਕ ਨਿਊਜ਼ ਰਿਪੋਰਟ ਵਿਚ ਫਾਈਨੈਂਸ਼ੀਅਲ ਟਾਈਮਜ਼ ਤੇ ਯੂਨੀਵਰਸਿਟੀ ਆਫ਼ ਸ਼ਿਕਾਗੋ ਬੂਥ ਦੇ ਇਕ ਸਾਂਝੇ ਸਰਵੇਖਣ 'ਚ ਅਮਰੀਕਾ ਦੇ ਦਸ ਅਰਥ-ਸ਼ਾਸਤਰੀਆਂ ਵਿਚੋਂ ਸੱਤ ਨੇ ਇਹ ਗੱਲ ਆਖੀ ਹੈ ਕਿ ਮੰਦੀ ਭਾਵੇਂ ਇਸ ਸਾਲ ਤਾਂ ਨਹੀਂ ਪਰ ਅਗਲੇ ਸਾਲ ਤਾਂ ਜ਼ਰੂਰ ਹੀ ਵੇਖਣ ਨੂੰ ਮਿਲ ਸਕਦੀ ਹੈ। ਇਹ ਸਰਵੇਖਣ ਜੂਨ ਦੇ ਸ਼ੁਰੂ ਵਿਚ ਸ਼ੇਅਰ ਬਾਜ਼ਾਰਾਂ ਵਿਚ 'ਬਲੈਕ ਵੀਕ' ਅਤੇ ਵਿਆਜ ਦਰਾਂ ਵਿਚ ਵਾਧੇ ਦੇ ਫ਼ੈਸਲੇ ਤੋਂ ਪਹਿਲਾਂ ਹੋਇਆ ਸੀ। ਇਸ ਲਈ ਮੰਦੀ ਨੂੰ ਨਜ਼ਦੀਕ ਮਹਿਸੂਸ ਕਰਨ ਵਾਲੇ ਅਰਥ-ਸ਼ਾਸਤਰੀਆਂ ਦਾ ਇਹ ਅਨੁਪਾਤ ਹੁਣ ਹੋਰ ਪੁਖਤਾ ਹੁੰਦਾ ਜਾ ਰਿਹਾ ਹੈ।

ਜੇਕਰ ਆਰਥਿਕ ਮਾਹਿਰਾਂ ਦੀ ਗੱਲ ਕਰੀਏ ਤਾਂ ਉਨ੍ਹਾਂ ਅਨੁਸਾਰ ਮੰਦੀ ਦੀ ਲਪੇਟ 'ਚ ਆਉਣ ਦੇ ਖਤਰਨਾਕ ਨਤੀਜੇ ਸਾਹਮਣੇ ਆ ਸਕਦੇ ਹਨ। ਜਿਵੇਂ ਕਿ ਨਿਵੇਸ਼ ਦਾ ਮਾਹੌਲ ਖਰਾਬ ਹੋ ਸਕਦਾ ਹੈ। ਖਪਤ ਅਤੇ ਲੈਣ-ਦੇਣ ਵਿਚ ਕਮੀ ਕਾਰਨ ਕੰਪਨੀਆਂ ਬੰਦ ਹੋਣ ਦੀ ਕਗਾਰ ਵੱਲ ਵਧ ਰਹੀਆਂ ਹਨ। ਨੌਕਰੀਆਂ ਘਟ ਜਾਣਗੀਆਂ, ਲੋਕ ਅਤੇ ਵਪਾਰਕ ਅਦਾਰੇ ਕਰਜ਼ੇ ਦੀ ਅਦਾਇਗੀ ਕਰਨੋਂ ਅਸਮਰੱਥ ਹੋ ਜਾਣ ਦੀ ਸੂਰਤ ਵਿਚ ਲੋਕ ਡਿਫਾਲਟ ਹੋਣੇ ਸ਼ੁਰੂ ਹੋ ਜਾਣਗੇ ਤੇ ਨਤੀਜੇ ਵਜੋਂ ਬਹੁਤ ਸਾਰੇ ਲੋਕ ਦੀਵਾਲੀਆ ਹੋ ਸਕਦੇ ਹਨ।

ਇਸ ਸੰਦਰਭ ਵਿਚ ਡੇਵਿਡ ਵੇਸਲ ਵਾਸ਼ਿੰਗਟਨ ਡੀਸੀ ਵਿਚ ਬਰੁਕਿੰਗਜ਼ ਇੰਸਟੀਚਿਊਸ਼ਨ ਦੇ ਹੱਚਿਸ ਸੈਂਟਰ ਫ਼ਾਰ ਫਿਸਕਲ ਐਂਡ ਮੋਨੇਟਰੀ ਪਾਲਿਸੀ ਦੇ ਡਾਇਰੈਕਟਰ ਦਾ ਕਹਿਣਾ ਹੈ ਕਿ "ਮੰਦੀ ਦੀ ਭਵਿੱਖਬਾਣੀ ਕਰਨਾ ਮੁਸ਼ਕਲ ਕੰਮ ਹੈ। ਮੰਦੀ ਆਮ ਤੌਰ 'ਤੇ ਅਜਿਹੀਆਂ ਸਥਿਤੀਆਂ ਵਿਚ ਆਉਂਦੀ ਹੈ, ਜਿਸ ਬਾਰੇ ਤੁਹਾਨੂੰ ਪਹਿਲਾਂ ਤੋਂ ਕੋਈ ਅੰਦਾਜ਼ਾ ਨਹੀਂ ਹੁੰਦਾ। ਕਈ ਵਾਰ ਜਦੋਂ ਆਰਥਿਕ ਮਾਹਿਰ ਇਹ ਗੱਲ ਪੂਰੇ ਭਰੋਸੇ ਨਾਲ ਕਹਿ ਰਹੇ ਹੁੰਦੇ ਹਨ ਮੰਦੀ ਆਉਣ ਵਾਲੀ ਹੈ, ਪਰ ਬਾਅਦ 'ਚ ਪਤਾ ਲੱਗਦਾ ਹੈ ਕਿ ਅਜਿਹਾ ਕੁਝ ਵੀ ਨਹੀਂ ਹੋਇਆ।" ਇਸ ਦੇ ਨਾਲ ਹੀ ਵੇਸਲ ਅੱਗੇ ਆਖਦੇ ਹਨ, "ਹਾਲਾਂਕਿ ਮੈਂ 2023 ਵਿਚ ਅਮਰੀਕਾ ਵਿਚ ਮੰਦੀ ਦੀ ਠੋਸ ਸੰਭਾਵਨਾ ਦੇਖਦਾ ਹਾਂ। ਇਹ ਸੰਭਾਵਨਾ 65% ਤਕ ਹੈ। ਇਸ ਦੇ ਪਿੱਛੇ ਕਾਰਨ ਵੀ ਹੈ। ਫੈਡਰਲ ਰਿਜ਼ਰਵ ਦੇ ਚੇਅਰਮੈਨ ਜੇ ਪਾਵੇਲ ਤੋਂ ਪਹਿਲੇ ਦੇ ਚੇਅਰਮੈਨ ਮਹਿੰਗਾਈ ਦਰ ਨੂੰ ਘਟਾਉਣ ਅਤੇ ਉਸ ਨੂੰ ਕੰਟਰੋਲ ਕਰਨ ਵਿਚ ਸਫ਼ਲ ਰਹੇ ਸਨ। ਪਾਵੇਲ ਬਿਲਕੁਲ ਵੀ ਨਹੀਂ ਚਾਹੁਣਗੇ ਕਿ ਉਨ੍ਹਾਂ ਨੂੰ ਇਸ ਗੱਲ ਲਈ ਯਾਦ ਕੀਤਾ ਜਾਵੇ ਕਿ ਉਨ੍ਹਾਂ ਨੇ ਆਪਣੇ ਤੋਂ ਪਹਿਲੇ ਮੁਖੀਆਂ ਵਲੋਂ ਕੀਤੇ ਕੰਮ 'ਤੇ ਪਾਣੀ ਫੇਰ ਦਿੱਤਾ ਹੈ।" ਉਨ੍ਹਾਂ ਮੁਤਾਬਕ, "ਫਿਲਹਾਲ ਫੈਡਰਲ ਰਿਜ਼ਰਵ ਨੂੰ ਮੰਗ ਨੂੰ ਹੌਲੀ ਰੱਖਣ, ਕੀਮਤਾਂ 'ਤੇ ਉਪਰਲਾ ਦਬਾਅ ਦੂਰ ਕਰਨ ਅਤੇ ਮਹਿੰਗਾਈ ਦੇ ਮਨੋਵਿਗਿਆਨ ਦੀ ਪਕੜ ਮਜ਼ਬੂਤ ਹੋਣ ਤੋਂ ਰੋਕਣ ਲਈ ਵਿਆਜ ਦਰਾਂ ਵਧਾਉਣ ਦੀ ਲੋੜ ਹੈ। ਹਾਲਾਂਕਿ ਵਿਆਜ ਦਰਾਂ ਵਧਾਉਣ ਜਾਂ ਉਨ੍ਹਾਂ ਨੂੰ ਕਾਇਮ ਰੱਖਣ ਵਰਗੇ ਮਾਮਲਿਆਂ ਵਿਚ ਫੈਡਰਲ ਨੂੰ ਹੋਰ ਵਧੇਰੇ ਮੁਸ਼ਕਲ ਫ਼ੈਸਲੇ ਲੈਣੇ ਪੈਣਗੇ, ਤਾਂ ਕਿ ਅਰਥ ਵਿਵਸਥਾ ਨੂੰ ਹੌਲੀ ਕਰ ਕੇ ਮਹਿੰਗਾਈ ਦਰ ਨੂੰ 2% ਦੇ ਟੀਚੇ ਤੋਂ ਘੱਟ ਕੀਤਾ ਜਾ ਸਕੇ।" ਵੇਸਲ ਇਹ ਵੀ ਦੱਸਦੇ ਹਨ ਕਿ "ਹਰੇਕ ਵਿਕਲਪ ਦੇ ਪੱਖ ਵਿਚ ਚੰਗੀਆਂ ਦਲੀਲਾਂ ਹੋ ਸਕਦੀਆਂ ਹਨ। ਮੈਨੂੰ ਉਮੀਦ ਹੈ ਕਿ ਪਵੇਲ ਦਰਾਂ ਨੂੰ ਸੌਖਾ ਕਰਨ ਦੀ ਬਜਾਏ ਕੱਸਣ ਦੀ ਗਲਤੀ ਕਰਨਗੇ, ਜਿਸ ਨਾਲ ਕਿ ਮੰਦੀ ਆਉਣ ਦੀ ਸੰਭਾਵਨਾ ਪੱਕੀ ਹੈ। ਹਾਲਾਂਕਿ ਇਹ ਇਕ ਮੱਧਮ ਮੰਦੀ ਹੋਵੇਗੀ। ਕਾਸ਼ ਮੈਂ ਗਲਤ ਸਾਬਤ ਹੋਵਾਂ। ਦੁਨੀਆਂ ਦੀਆਂ ਸਪਲਾਈ ਚੇਨਾਂ ਵਿਚ ਆਈਆਂ ਸਾਰੀਆਂ ਮੁਸ਼ਕਲਾਂ ਹੱਲ ਹੋ ਜਾਣ, ਕਰੋਨਾ ਕਾਰਨ ਪਏ ਮਾੜੇ ਅਸਰ ਦੂਰ ਹੋ ਜਾਣ ਅਤੇ ਨਾਲ ਹੀ ਸਾਨੂੰ ਅਤੇ ਫੈਡਰਲ ਦੋਵਾਂ ਨੂੰ ਥੋੜਾ ਕਿਸਮਤ ਦਾ ਵੀ ਸਾਥ ਮਿਲ ਜਾਵੇ।"

ਉਧਰ, ਇਕ ਹੋਰ ਮਾਹਿਰ ਜੋ ਕਿ ਗੈਬਰੀਅਲ ਗੈਸਵੇ 'ਇੰਡੀਪੈਂਡੇਂਟ ਇੰਸਟੀਚਿਊਟ ਦੇ ਸੈਂਟਰ ਫ਼ਾਰ ਗਲੋਬਲ ਪ੍ਰੋਸਪੇਰੀਟੀ' 'ਚ ਰਿਸਰਚ ਐਸੋਸੀਏਟ ਅਤੇ (ਓਕਲੈਂਡ, ਕੈਲੀਫੋਰਨੀਆ) ਦੇ ਡਾਇਰੈਕਟਰ ਗੈਸਵੇ ਹਨ ਦਾ ਕਹਿਣਾ ਹੈ, "ਮੈਂ ਇਹ ਕਹਿਣ ਦੀ ਹਿੰਮਤ ਰੱਖਦਾ ਹਾਂ ਕਿ ਸ਼ਾਇਦ 2023 ਦੇ ਸ਼ੁਰੂ 'ਚ ਅਸੀਂ ਯੂਰਪ ਅਤੇ ਅਮਰੀਕਾ ਦੋਵਾਂ ਥਾਵਾਂ 'ਤੇ ਇਕ ਅਹਿਮ ਮੰਦੀ ਦਾ ਸਾਹਮਣਾ ਕਰਾਂਗੇ। ਇਹ ਕਰੋਨਾ ਮਹਾਮਾਰੀ, ਸਪਾਲਈ ਚੇਨਾਂ 'ਚ ਆਈ ਰੁਕਾਵਟ, ਯੂਕਰੇਨ 'ਤੇ ਰੂਸੀ ਹਮਲੇ, ਭੋਜਨ ਦੀ ਕਮੀ ਜਾਂ ਊਰਜਾ ਦੀਆਂ ਵਧਦੀਆਂ ਕੀਮਤਾਂ ਦੇ ਕਾਰਨ ਨਹੀਂ ਆਵੇਗੀ, ਸਗੋਂ ਇਸ ਦਾ ਅਸਲ ਕਾਰਨ ਕੁਝ ਹੋਰ ਹੀ ਹੋਵੇਗਾ।"

ਗੈਸਵ ਅੱਗੇ ਆਖਦੇ ਹਨ ਕਿ "ਫ਼ਿਲਹਾਲ ਉੱਤਰੀ ਅਰਧ ਗੋਲੇ ਵਿਚ ਗਰਮੀਆਂ ਰਹਿਣ ਅਤੇ ਸਾਲ ਦੇ ਅੰਤ ਵਿਚ ਤਿਉਹਾਰਾਂ ਦੇ ਕਰਕੇ, ਮੇਰਾ ਅੰਦਾਜ਼ਾ ਹੈ ਕਿ ਮੰਦੀ ਮੱਧਮ ਮਿਜ਼ਾਜ ਦੀ ਹੋਵੇਗੀ। ਇਸ ਦੌਰਾਨ ਲੋਕ ਘੁੰਮਣਗੇ, ਖਰਚ ਕਰਨਗੇ ਅਤੇ ਮਹਾਂਮਾਰੀ ਦੌਰਾਨ ਸਰਕਾਰਾਂ ਵੱਲੋਂ ਦਿੱਤੀਆਂ ਗਈਆਂ ਵਿੱਤੀ ਸਹਾਇਤਾ ਸਹੂਲਤਾਂ ਦਾ ਲਾਭ ਲੈਣਗੇ ਪਰ ਮੌਜ ਮਸਤੀ ਦਾ ਦੌਰ ਹਮੇਸ਼ਾ ਨਹੀਂ ਚਲਦਾ।" ਉਹ ਅੱਗੇ ਕਹਿੰਦੇ ਹਨ, "ਕਦੇ ਨਾ ਕਦੇ ਚੀਜ਼ਾਂ ਪਹਿਲਾਂ ਦੀ ਤਰ੍ਹਾਂ ਹੋ ਜਾਣਗੀਆਂ, ਚੀਜ਼ਾਂ ਆਮ ਵਾਂਗ ਹੋ ਜਾਣਗੀਆਂ ਅਤੇ ਕਈ ਅਰਥ ਸ਼ਾਸਤਰੀ ਉਸ ਆਮ ਸਥਿਤੀ ਨੂੰ ਮੰਦੀ ਦਾ ਨਾਮ ਦਿੰਦੇ ਹਨ। ਇਹ ਵੀ ਸੱਚ ਹੈ ਕਿ ਹੁਣ ਅਮਰੀਕਾ ਦੇ ਕਰਜ਼ ਬਾਂਡਾਂ ਦਾ ਰਿਟਰਨ ਵਧ ਰਿਹਾ ਹੈ, ਜਿਸ ਨਾਲ ਅੰਤਰਰਾਸ਼ਟਰੀ ਪੂੰਜੀ ਦੀ ਅਮਰੀਕਾ ਵੱਲ ਪਰਤਣ ਦੀ ਖਿੱਚ ਵਧੇਗੀ।" ਉਧਰ ਇਕ ਹੋਰ ਆਰਥਿਕ ਮਾਮਲਿਆਂ ਦੇ ਮਾਹਿਰ ਪਿਏਗਜ਼ਾ ਦਾ ਆਖਣਾ ਹੈ, "ਫੈਡਰਲ ਰਿਜ਼ਰਵ ਨੇ ਮਹਿੰਗਾਈ ਨੂੰ ਕੰਟਰੋਲ ਕਰਨ ਦੇ ਆਪਣੇ ਸੰਕਲਪ ਨੂੰ ਨਵਾਂ ਅਤੇ ਮਜ਼ਬੂਤ ਬਣਾਇਆ ਹੈ। ਜੂਨ 'ਚ ਵਿਆਜ ਦਰਾਂ 'ਚ 0.75% ਦਾ ਵਾਧਾ ਕੀਤਾ ਗਿਆ ਸੀ ਅਤੇ ਜੁਲਾਈ 'ਚ ਫਿਰ ਤੋਂ 0.75% ਦੇ ਵਾਧੇ ਦੀ ਸੰਭਾਵਨਾ ਪ੍ਰਗਟ ਕੀਤੀ ਜਾ ਰਹੀ ਹੈ।"

ਇਸ ਤੋਂ ਪਹਿਲਾਂ ਰਾਸ਼ਟਰਪਤੀ ਜੋਅ ਬਾਇਡਨ ਨੇ ਪਿਛਲੇ ਦਿਨੀਂ ਕਿਹਾ ਸੀ ਕਿ ਫੈਡਰਲ ਰਿਜ਼ਰਵ ਮੰਦੀ ਲਿਆਉਣ ਦੀ ਕੋਸ਼ਿਸ਼ ਨਹੀਂ ਕਰ ਰਿਹਾ ਹੈ ਪਰ ਹੁਣ ਜੋ ਕੁਝ ਹੋ ਰਿਹਾ ਹੈ, ਉਸ ਨਾਲ ਸ਼ਾਇਦ ਇਸ ਸਾਲ ਦੇ ਅੰਤ ਤਕ ਨਕਾਰਾਤਮਕ ਵਿਕਾਸ ਦਰ ਜਾਂ ਸਟੈਗਫਲੇਸ਼ਨ ਭਾਵ ਇਕੋ ਸਮੇਂ ਮੰਦੀ ਅਤੇ ਮਹਿੰਗਾਈ ਆ ਸਕਦੀ ਹੈ। ਸਪਲਾਈ ਚੇਨ ਵਿਚ ਰੁਕਾਵਟ ਪੈਣ ਅਤੇ ਜੰਗ ਦੇ ਜਾਰੀ ਰਹਿਣ ਦੇ ਕਾਰਨ ਲੋਕ ਅਜੇ ਵੀ ਮਹਿੰਗਾਈ ਤੋਂ ਪ੍ਰੇਸ਼ਾਨ ਹਨ ਅਤੇ ਹੁਣ ਜਦੋਂ ਫੈਡਰਲ ਰਿਜ਼ਰਵ ਤਕਰੀਬਨ 4% ਦੀ ਤਜਵੀਜ਼ਸ਼ੁਦਾ ਜਾਂ ਉਸ ਤੋਂ ਵੀ ਵੱਧ ਤੇਜ਼ੀ ਨਾਲ ਦਰਾਂ ਵਧਾ ਰਿਹਾ ਹੈ, ਤਾਂ ਇਸ ਨਾਲ ਅਰਥਵਿਵਸਥਾ ਦੇ ਕਮਜ਼ੋਰ ਹੋਣ ਦਾ ਖਤਰਾ ਹੈ।

ਜਦਕਿ ਇਸੇ ਨਿਊਜ਼ ਰਿਪੋਰਟ 'ਚ ਐਂਡਰੇਸ ਮੋਰੇਨ ਜਾਰਾਮਿਲੋ ਜੋ ਕਿ ਅਰਥ ਸ਼ਾਸਤਰੀ ਹੋਣ ਦੇ ਨਾਲ-ਨਾਲ ਸੁਤੰਤਰ ਵਿੱਤੀ ਸਲਾਹਕਾਰ ਅਤੇ ਸ਼ੇਅਰ ਬਾਜ਼ਾਰ ਦੇ ਵਿਸ਼ਲੇਸ਼ਕ (ਬੋਗੋਟਾ) ਵੀ ਹਨ ਦਾ ਕਹਿਣਾ ਹੈ, "ਕਈ ਅਰਥ-ਸ਼ਾਸਤਰੀਆਂ ਦਾ ਮੰਨਣਾ ਹੈ ਕਿ ਤੇਜ਼ੀ ਨਾਲ ਘਟਦੀ ਵਿਕਾਸ ਦਰ ਦੇ ਦੌਰ ਵਿਚੋਂ ਲੰਘਦੇ ਹੋਏ ਅਸੀਂ ਮੰਦੀ ਦੇ ਦੌਰ ਦਾ ਸਾਹਮਣਾ ਕਰ ਰਹੇ ਹਾਂ ਪਰ ਵਿਆਜ ਦਰ ਵਧਣ ਦੇ ਕਾਰਨ ਅਜਿਹੇ ਲੋਕਾਂ ਦਾ ਮੰਨਣਾ ਹੈ ਕਿ ਹੁਣ ਇਹ ਚੱਕਰ ਉਲਟਾ ਘੁੰਮਣ ਵਾਲਾ ਹੈ। ਬੇਸ਼ੱਕ ਅਜਿਹਾ ਹੋ ਸਕਦਾ ਹੈ, ਪਰ ਸਾਰੀਆਂ ਮੁਸ਼ਕਲਾਂ ਤੋਂ ਬਾਅਦ ਵੀ ਦੁਨੀਆ ਦੀ ਭੂ-ਰਾਜਨੀਤੀ ਇਸ ਹੱਦ ਤੱਕ ਨਹੀਂ ਵਿਗੜੀ ਹੈ ਕਿ ਮੰਦੀ ਹੀ ਆ ਜਾਵੇ।" ਉਹ ਅੱਗੇ ਆਖਦੇ ਹਨ ਕਿ "ਅਜੇ ਤਕ ਇਸ ਦਾ ਪਤਾ ਨਹੀਂ ਹੈ। ਅਮਰੀਕਾ ਨੇ ਆਪਣੀਆਂ ਵਿਆਜ ਦਰਾਂ ਨੂੰ ਵਧਾਉਣ 'ਚ ਕਾਫ਼ੀ ਸਮਾਂ ਲਿਆ ਹੈ, ਤਾਂ ਜੋ ਮੰਦੀ ਨਾ ਆਵੇ। ਅਜਿਹੇ ਸਮੇਂ 'ਚ ਜਦੋਂ ਮਹਿੰਗਾਈ ਬਹੁਤ ਜ਼ਿਆਦਾ ਹੁੰਦੀ ਹੈ, ਤਾਂ ਉਚੀਆਂ ਵਿਆਜ ਦਰਾਂ ਛੋਟੀ ਮੰਦੀ ਦਾ ਕਾਰਨ ਬਣ ਸਕਦੀਆਂ ਹਨ। ਉਨ੍ਹਾਂ ਮੁਤਾਬਕ, "ਜੇਕਰ ਅਜਿਹਾ ਹੋਣਾ ਹੈ ਤਾਂ ਇਸ ਦਾ ਅਸਰ ਬਹੁਤ ਘੱਟ ਹੋਵੇਗਾ। ਮੈਨੂੰ ਲੱਗਦਾ ਹੈ ਕਿ ਸਰਕਾਰ ਮੰਦੀ ਨੂੰ ਆਉਣ ਤੋਂ ਰੋਕਣ ਲਈ ਆਪਣੀ ਪੂਰੀ ਕੋਸ਼ਿਸ਼ ਕਰੇਗੀ। ਅਜਿਹੀਆਂ ਬਹੁਤ ਸਾਰੀਆਂ ਘਟਨਾਵਾਂ ਜਾਂ ਭੂ-ਰਾਜਨੀਤੀ ਹੈ, ਜੋ ਕਿ ਅਰਥਚਾਰੇ ਦਾ ਪੂਰਾ ਨਜ਼ਰੀਆ ਹੀ ਬਦਲ ਸਕਦੀਆਂ ਹਨ। ਇਸ ਲਈ ਸਾਨੂੰ ਬਹੁਤ ਹੀ ਸੁਚੇਤ ਰਹਿਣ ਦੀ ਲੋੜ ਹੈ।" ਉਨ੍ਹਾਂ ਦਾ ਮੰਨਣਾ ਹੈ, "ਮੈਨੂੰ ਲੱਗਦਾ ਹੈ ਕਿ ਹੁਣ ਸਭ ਤੋਂ ਬੁਰਾ ਸਮਾਂ ਖਤਮ ਹੋ ਗਿਆ ਹੈ। ਦੂਜੇ ਦੇਸ਼ਾਂ ਵਾਂਗ ਹੀ ਹੁਣ ਅਮਰੀਕਾ ਵੀ ਮਹਿੰਗਾਈ ਦੀ ਮਾਰ ਝੱਲ ਰਿਹਾ ਹੈ ਤੇ ਮਹਿੰਗਾਈ 'ਤੇ ਕਾਬੂ ਪਾਉਣ ਦੇ ਕਾਰਨ ਅਰਥ-ਵਿਵਸਥਾ ਥੋੜ੍ਹੀ ਹੌਲੀ ਹੋ ਗਈ ਹੈ। ਹੋ ਸਕਦਾ ਹੈ ਕਿ ਇਹ ਨਕਾਰਾਤਮਕ ਵੀ ਹੋ ਜਾਵੇ, ਪਰ ਇਹ ਇੰਨੀ ਵੀ ਮਾੜੀ ਗੱਲ ਨਹੀਂ ਹੈ।"

---

# 'ਗੁਰਬਾਣੀ : ਇਕ ਜੀਵਨ-ਜਾਚ' ਪੜ੍ਹਦਿਆਂ...

**ਪੁਸਤਕ ਦਾ ਨਾਂ:**
**ਗੁਰਬਾਣੀ: ਇੱਕ ਜੀਵਨ-ਜਾਚ**
**ਲੇਖਕ ਦਾ ਨਾਂ : ਸੁਖਦੇਵ ਸਿੰਘ ਸ਼ਾਂਤ**
**ਪੰਨੇ : 168, ਮੁੱਲ : 295/-**
**ਪ੍ਰਕਾਸ਼ਕ : ਸੰਗਮ ਪਬਲੀਕੇਸ਼ਨਜ਼, ਸਮਾਣਾ**


ਧਰਮ ਅਸਲ ਵਿਚ ਨੈਤਿਕਤਾ ਦਾ ਹੀ ਦੂਸਰਾ ਨਾਂਅ ਹੈ। ਇਹ ਨੈਤਿਕਤਾ ਚਾਹੇ ਆਚਰਨਕ ਹੋਵੇ, ਸਮਾਜਕ, ਰਾਜਨੀਤਕ ਜਾਂ ਅਧਿਆਤਮਕ ਹੋਵੇ, ਜਦੋਂ ਅਸੀਂ ਮਨ, ਵਚਨ ਤੇ ਕਰਮ ਰੂਪੋਂ ਨੈਤਿਕਤਾ ਦੀ ਪਾਲਣਾ ਕਰਦੇ ਹਾਂ ਤਾਂ ਅਸੀਂ

**ਜਸਪ੍ਰੀਤ ਸਿੰਘ ਜਗਰਾਓਂ**

ਆਪਣੇ ਆਪਦੀ ਹੀ ਮੈਲ ਨਹੀਂ ਧੋਂਦੇ, ਸਗੋਂ ਆਪਣੇ ਆਲੇ-ਦੁਆਲੇ ਨੂੰ ਵੀ ਨਿਰਮਲ ਕਰਦੇ ਹਾਂ, ਕਿਉਂਕਿ ਜਦੋਂ ਅਸੀਂ ਖ਼ੁਦ ਇਕ 'ਸਚਿਆਰਾ' ਮਨੁੱਖ ਬਣਦੇ ਹਾਂ, ਤਦੋਂ ਸਾਰੀ ਮਨੁੱਖਤਾ ਹੀ 'ਸਚਿਆਰੀ' ਬਣ ਜਾਂਦੀ ਹੈ। 'ਸਚਿਆਰਾ ਹੋਣ' ਤੇ 'ਕੂੜ ਦੀ ਪਾਲਿ' (ਝੂਠ ਦੀ ਕੰਧ) ਤੋੜਨ ਦੀ ਜਾਚ ਗੁਰੂ ਨਾਨਕ ਪਾਤਸ਼ਾਹ 'ਹੁਕਮਿ ਰਜਾਈ ਚਲਣਾ' ਦੇ ਰੂਪ ਵਿਚ ਸਿਖਾਉਂਦੇ ਹਨ ਭਾਵ ਪਰਮਾਤਮਾ ਦੇ ਹੁਕਮ ਦੀ ਰਜ਼ਾ ਵਿਚ ਚੱਲਣਾ, ਨੈਤਿਕਤਾ ਦੇ ਮਾਰਗ 'ਤੇ ਚੱਲਣਾ ਹੀ ਇਕੋ-ਇਕ ਰਾਹ ਹੈ। ਯਾਦ ਰੱਖੋ, ਜਿੱਥੇ ਨੈਤਿਕਤਾ ਹੈ, ਉਥੇ ਹੀ ਧਰਮ ਹੈ, ਜਿੱਥੇ ਅਨੈਤਿਕਤਾ ਹੈ, ਉਥੇ ਅਧਰਮ ਹੈ।

ਬਹੁ-ਵਿਧਾਵੀ ਤੇ ਬੁੱਧੀਜੀਵੀ ਲੇਖਕ ਸੁਖਦੇਵ ਸਿੰਘ ਸ਼ਾਂਤ ਦੀ ਕੁੱਲ ਬਾਰਵੀਂ, ਪਰ ਗੁਰਮਤਿ-ਅਧਿਐਨ ਨਾਲ ਸੰਬੰਧਤ ਤੀਜੀ ਪੁਸਤਕ 'ਗੁਰਬਾਣੀ : ਇਕ ਜੀਵਨ ਜਾਚ' ਸਾਨੂੰ ਇਸੇ ਨੈਤਿਕਤਾ ਦੇ ਮਾਰਗ ਦੀ ਥਾਹ ਦੱਸਦੀ ਹੈ। ਇਸ ਪੁਸਤਕ ਦੇ ਦੋ ਭਾਗ ਹਨ। ਪਹਿਲੇ ਭਾਗ ਵਿਚ ਗੁਰਬਾਣੀ ਦੇ ਸਿਧਾਂਤਾਂ ਦੀ ਲੋਏ ਚੱਲਦੇ ਹੋਏ ਸੁਚੱਜੀ ਤੇ ਨੈਤਿਕਤਾ ਪੱਖੋਂ ਉੱਚੀ-ਸੁੱਚੀ ਜੀਵਨ-ਜਾਚ ਅਪਨਾਉਣ ਦੀ ਸੇਧ ਦਿੱਤੀ ਗਈ ਹੈ, ਜਦ ਕਿ ਦੂਜੇ ਭਾਗ ਵਿਚ ਗੁਰਬਾਣੀ ਦੇ ਵਿਭਿੰਨ ਰੂਪਾਂ ਤੇ ਰਚਨਾਵਾਂ ਦਾ ਬਹੁ-ਪਾਸਾਰੀ ਤੇ ਬਹੁਪਰਤੀ ਅਧਿਐਨ ਕਰ ਕੇ ਉਨ੍ਹਾਂ ਰਚਨਾਵਾਂ ਵਿਚਲੀਆਂ ਰਮਜ਼ਾਂ, ਸੰਕਲਪਾਂ, ਸੰਵਾਦਾਂ ਤੇ ਫ਼ਲਸਫ਼ੇ ਦਾ ਸਤਿਆਰਥਕ ਨਿਚੋੜ ਕੱਢਿਆ ਗਿਆ ਹੈ।

'ਗੁਰਬਾਣੀ-ਸਿਧਾਂਤ' ਵਾਲੇ ਭਾਗ ਵਿਚ ਜਿਨ੍ਹਾਂ ਵਿਸ਼ਿਆਂ ਨੂੰ ਆਧਾਰ ਬਣਾ ਕੇ ਸੁਚੱਜੀ ਤੇ ਨੈਤਿਕਤਾ ਪੱਖੋਂ ਉੱਚੀ-ਸੁੱਚੀ ਜੀਵਨ-ਜਾਚ ਦੀ ਸੇਧ ਦਿੱਤੀ ਗਈ ਹੈ, ਉਹ ਵਿਸ਼ੇ ਹਨ-ਮਨੁੱਖ ਆਤਮਾ ਕਿ ਸਰੀਰ?, ਆਪੁ ਪਛਾਣੈ ਸੋ ਸਭਿ ਗੁਣ ਜਾਣੈ, ਸੁਚਿ ਹੋਵੈ ਤ ਸਚੁ ਪਾਈਐ, ਸਚੁ ਸਭਨਾ ਹੋਇ ਦਾਰੂ, ਗੁਰਮਤਿ ਅਤੇ ਤਿਆਗ,




ਸੰਗਤ ਅਤੇ ਮਨੁੱਖੀ ਵਿਕਾਸ, ਵਿੱਦਿਆ ਦਾ ਮਨੋਰਥ, ਭੈ ਕਾਹੂ ਕਉ ਦੇਤ ਨਹਿ...., ਹਿੰਦੂ ਤੁਰਕ ਦੁਹਹੂੰ ਮਹਿ ਏਕੈ, ਸੋ ਕਿਉ ਮੰਦਾ ਆਖੀਐ, ਸਿੱਖ ਸੱਭਿਆਚਾਰ ਅਤੇ ਬਾਣੀ, ਗੁਰਬਾਣੀ ਅਤੇ ਵਿਸ਼ਵ-ਭਾਈਚਾਰਾ, ਗੁਰਬਾਣੀ ਵਿਚ ਕਿਰਤ ਦੀ ਮਹੱਤਤਾ ਅਤੇ ਨਾਨਕ ਚਿੰਤਾ ਮਤਿ ਕਰਹੁ...।

ਜਦ ਕਿ 'ਗੁਰਬਾਣੀ-ਅਧਿਐਨ' ਵਾਲੇ ਭਾਗ ਵਿਚ ਗੁਰਬਾਣੀ ਦੀਆਂ ਜਿਨ੍ਹਾਂ ਮਹਾਨ ਕ੍ਰਿਤਾਂ ਦਾ ਅਧਿਐਨ ਪੇਸ਼ ਕੀਤਾ ਗਿਆ ਹੈ, ਉਹ ਕ੍ਰਿਤਾਂ ਹਨ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਇਕੀਵੀਂ ਸਦੀ ਵਿਚ ਮਹੱਤਵ, ਸ੍ਰੀ ਗੁਰੂ ਨਾਨਕ ਦੇਵ ਜੀ ਦੀ ਅਦਭੁਤ ਰਚਨਾ ਮੂਲ ਮੰਤਰ, 'ਜਪੁ' ਜੀ ਬਾਣੀ ਵਿਚ ਰਹੱਸਵਾਦ, ਜਪੁ ਜੀ ਵਿਚ ਪੰਜ ਖੰਡਾਂ ਦੀ ਅਧਿਆਤਮਿਕ ਯਾਤਰਾ, ਬਾਣੀ 'ਸਿਧ ਗੋਸਟਿ' ਵਿਚ ਸੰਵਾਦ ਦੀ ਜਾਚ, 'ਅਨੰਦੁ' ਬਾਣੀ ਵਿਚ ਅਨੰਦ ਦਾ ਸੰਕਲਪ, ਸ੍ਰੀ ਗੁਰੂ ਰਾਮਦਾਸ ਜੀ ਦੀ ਬਾਣੀ ਵਿਚ ਪ੍ਰਭੂ ਪ੍ਰੀਤ ਦਾ ਰਹੱਸਵਾਦੀ ਵਰਣਨ, ਸ੍ਰੀ ਗੁਰੂ ਰਾਮਦਾਸ ਜੀ ਦੀ ਲਾਵਾਂ ਬਾਰੇ ਬਾਣੀ, ਸੁਖਮਨੀ ਸਾਹਿਬ-ਦਾਰਸ਼ਨਿਕ ਦ੍ਰਿਸ਼ਟੀਕੋਣ, ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚ 'ਮਨ', ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਵਿਚ ਜਗਤ ਪ੍ਰਤੀ ਦ੍ਰਿਸ਼ਟੀਕੋਣ ਅਤੇ ਭੱਟ ਸਾਹਿਬਾਨ ਦੀ ਬਾਣੀ: ਸਵੱਈਏ।

ਇਸ ਤਰ੍ਹਾਂ ਹਥਲੀ ਪੁਸਤਕ 'ਗੁਰਬਾਣੀ : ਇੱਕ ਜੀਵਨ-ਜਾਚ' ਬੜੀ ਸਰਲਤਾ ਤੇ ਸੂਖਮਤਾ ਨਾਲ ਸਾਨੂੰ ਗੁਰਬਾਣੀ ਦੇ ਸਿਧਾਂਤਾਂ ਤੇ ਰਮਜ਼ਾਂ ਦੇ ਨੂਰਾਨੀ ਤੇ ਨਿਰਾਕਾਰ ਸਰੂਪ ਨੂੰ ਵੇਖਣ, ਸਮਝਣ ਤੇ ਆਤਮਸਾਤ ਕਰ ਕੇ ਆਪਣੀ ਜੀਵਨ-ਜਾਚ ਵਿਚ ਢਾਲਣ ਦੇ ਸਮਰੱਥ ਕਰਦੀ ਹੈ। ਇਸ ਪੁਸਤਕ ਦੇ ਪਾਠ ਤੋਂ ਸਾਨੂੰ ਸੋਝੀ ਮਿਲਦੀ ਹੈ ਕਿ, ਸਾਰੀਆਂ ਅਵਸਥਾਵਾਂ ਮਨ ਦੀਆਂ ਹਨ, ਸਰੀਰ ਦੀਆਂ ਨਹੀਂ। ਜੇਕਰ ਸਰੀਰ ਦੀਆਂ ਹੁੰਦੀਆਂ ਤਾਂ ਮਨੁੱਖ ਬੁੱਢਾ ਹੁੰਦੇ ਸਾਰ ਆਪਣੇ-ਆਪ 'ਵੈਰਾਗੀ' ਅਵਸਥਾ ਨੂੰ ਅੱਪੜ ਜਾਂਦਾ, ਪਰ ਏਦਾਂ ਨਹੀਂ ਹੁੰਦਾ। ਚਾਹੀਦਾ ਤਾਂ ਇਹ ਹੈ ਕਿ ਇਸ ਤੋਂ ਪਹਿਲਾਂ ਕਿ ਸਰੀਰ ਮਿੱਟੀ ਵਿਚ ਮਿੱਟੀ ਹੋ ਕੇ ਨਸ਼ਟ ਹੋ ਜਾਵੇ, ਆਤਮਾ ਉਸ ਪਰਮਾਤਮਾ ਵਿਚ ਜੁੜ ਜਾਣੀ ਚਾਹੀਦੀ ਹੈ, ਪਰ ਇਹ ਤਦ ਹੀ ਸੰਭਵ ਹੈ, ਜਦ ਸਾਡਾ ਮਨ ਦੁਨਿਆਵੀ ਤੇ ਇੰਦਰਿਆਵੀ ਸੁੱਖਾਂ-ਦੁੱਖਾਂ ਨੂੰ ਭੋਗਦਾ ਹੋਇਆ ਵੀ ਸਮ-ਚਿੱਤ (ਇਕ-ਸਮਾਨ ਮਨੋਬਿਰਤੀ ਵਿਚ ਸਥਿਰ), ਸ਼ਾਂਤ-ਚਿੱਤ ਬਣਿਆ ਰਹੇ। ਸੁੱਖ ਤੇ ਦੁੱਖ, ਦੋਹਾਂ ਨੂੰ ਭੋਗਦਿਆਂ ਹੋਇਆਂ ਵੀ ਦੋਨਾਂ ਪ੍ਰਤੀ ਸਮ-ਦ੍ਰਿਸ਼ਟੀ ਤੇ ਸਮ-ਚਿਤਤਾ ਦੀ ਅਵਸਥਾ ਨੂੰ ਕਿਵੇਂ ਪ੍ਰਾਪਤ ਕੀਤਾ ਜਾਵੇ, ਇਸ ਸਮੁੱਚੀ ਪੁਸਤਕ ਵਿਚ ਇਹੀ ਸੇਧ ਦਿੱਤੀ ਗਈ ਹੈ।

### – 1946 ਵਿਚ ਸਕੂਲ ਖੇਡਾਂ ਦੀ ਦਿਲਚਸਪ ਦਾਸਤਾਨ –

# ਆਜ਼ਾਦੀ ਤੋਂ ਪਹਿਲਾਂ ਵਾਲਾ ਆਖਰੀ ਟੂਰਨਾਮੈਂਟ

***ਇਸ ਲੇਖ ਦੇ ਕਰਤਾ ਰਾਣਾ ਮੁਹੰਮਦ ਅਜ਼ਹਰ ਦਾ ਜਨਮ 14 ਦਸੰਬਰ 1934 ਨੂੰ ਹੁਸ਼ਿਆਰਪੁਰ ਜ਼ਿਲ੍ਹੇ ਦੇ ਮਸ਼ਹੂਰ ਕਸਬੇ ਹਰਿਆਣਾ ਵਿਚ ਹੋਇਆ ਸੀ। ਇਸ ਲੇਖ ਵਿਚ ਉਨ੍ਹਾਂ ਪੰਜਾਬ ਦੀ ਵੰਡ ਤੋਂ ਪਹਿਲਾਂ ਹੋਏ ਫੁੱਟਬਾਲ ਟੂਰਨਾਮੈਂਟ ਬਾਰੇ ਕੁਝ ਵੇਰਵੇ ਸਾਂਝੇ ਕੀਤੇ ਹਨ। ਲੇਖ ਵਿਚ ਉਨ੍ਹਾਂ ਨੇੜਲੇ ਸਕੂਲਾਂ ਅਤੇ ਫੁੱਟਬਾਲ ਖਿਡਾਰੀਆਂ ਦਾ ਜ਼ਿਕਰ ਬੜੇ ਮੋਹ ਅਤੇ ਮੁਹੱਬਤ ਨਾਲ ਕੀਤਾ ਹੈ। ਇਹ ਉਹੀ ਮੋਹ-ਮੁਹੱਬਤ ਹੈ ਜੋ ਦੋਹਾਂ ਪੰਜਾਬਾਂ ਦੇ ਲੋਕਾਂ ਦੇ ਚਿਹਰਿਆਂ ਤੋਂ ਝਲਕਦੀ ਅਕਸਰ ਦੇਖੀ ਜਾ ਸਕਦੀ ਹੈ।***

1946 ਦੀ ਗੱਲ ਹੈ, ਟਾਸ ਅਨੁਸਾਰ ਹਿੰਦੂ-ਮੁਸਲਿਮ ਹਾਈ ਸਕੂਲ, ਹਰਿਆਣਾ (ਨੇੜੇ ਹੁਸ਼ਿਆਰਪੁਰ) ਨੇ ਖਾਲਸਾ ਹਾਈ ਸਕੂਲ, ਮਾਹਿਲਪੁਰ ਨਾਲ ਖੇਡਣਾ ਸੀ। ਹਿੰਦੋਸਤਾਨ ਦੀ ਵੰਡ ਤੋਂ ਪਹਿਲਾਂ ਇਹ (ਜ਼ਿਲ੍ਹਾ ਹੁਸ਼ਿਆਰਪੁਰ ਵਿਚ) ਆਪਣੀ ਕਿਸਮ ਦਾ ਆਖਰੀ ਟੂਰਨਾਮੈਂਟ ਸੀ। ਇਸ ਤੋਂ ਬਾਅਦ ਦੇਸ਼ ਵਿਚ ਅਮਨ-ਕਾਨੂੰਨ ਦੀ ਸਥਿਤੀ ਤੇਜ਼ੀ ਨਾਲ ਵਿਗੜਨ ਲੱਗੀ ਪਰ ਸਾਡੇ ਛੋਟੇ ਜਿਹੇ ਪਿੰਡ ਹਰਿਆਣੇ ਵਿਚ ਹਾਲਾਤ ਆਮ ਵਾਂਗ ਸ਼ਾਂਤੀਪੂਰਨ ਰਹੇ। ਦੋਵਾਂ ਸਕੂਲਾਂ ਦੇ ਮੈਦਾਨਾਂ ਵਿਚ ਫੁੱਟਬਾਲ ਅਤੇ ਵਾਲੀਬਾਲ ਖੇਡੇ ਜਾਂਦੇ ਰਹੇ। ਖੇਡਾਂ ਵਿਚ ਹਾਕੀ ਅਤੇ ਕ੍ਰਿਕਟ ਅਸੀਂ ਕਦੇ ਨਹੀਂ ਸੁਣੀਆਂ ਸਨ। ਖਾਲਸਾ ਹਾਈ ਸਕੂਲ ਦੀ ਫੁੱਟਬਾਲ ਟੀਮ ਨੂੰ ਸਰਵੋਤਮ ਮੰਨਿਆ ਗਿਆ ਸੀ ਕਿਉਂਕਿ ਇਹ ਪਿਛਲੇ ਪੰਜ ਸਾਲਾਂ ਤੋਂ ਲਗਾਤਾਰ ਚੈਂਪੀਅਨਸ਼ਿਪ ਜਿੱਤਦੀ ਆ ਰਹੀ ਸੀ।

ਮਾਹਿਲਪੁਰ ਇੱਕ ਜਾਗੀਰ ਸੀ ਜੋ ਮਹਾਰਾਜਾ ਰਣਜੀਤ ਸਿੰਘ ਨੇ ਸਿੱਖਾਂ ਨੂੰ ਬਖਸ਼ੀ ਸੀ। ਸਿੱਖ ਇੱਥੇ ਯੂਨੀਵਰਸਿਟੀ ਸਥਾਪਤ ਕਰਨਾ ਚਾਹੁੰਦੇ ਸਨ ਪਰ ਉਦੋਂ ਤੱਕ ਉਹ ਸਿਰਫ ਇੱਕ ਸਕੂਲ ਹੀ ਬਣਾ ਸਕੇ ਸਨ ਜਿਸ ਨੇ ਪੜ੍ਹਾਈ ਅਤੇ ਖੇਡਾਂ



**ਰਾਣਾ ਮੁਹੰਮਦ ਅਜ਼ਹਰ**
**ਪੰਜਾਬੀ ਰੂਪ: ਕੰਵਲ ਧਾਲੀਵਾਲ**

ਦੋਵਾਂ ਵਿਚ ਉੱਚੇ ਮਿਆਰ ਸਥਾਪਤ ਕਰਨ ਲਈ ਸਖਤ ਮਿਹਨਤ ਕੀਤੀ ਸੀ।

ਉਸੇ ਤਰ੍ਹਾਂ ਹਿੰਦੂ-ਮੁਸਲਿਮ ਹਾਈ ਸਕੂਲ ਦੀ ਸਥਾਪਨਾ ਵੀ ਪੜ੍ਹਾਈ ਜ਼ਰੀਏ ਧਾਰਮਿਕ ਪੱਖਪਾਤ ਦਾ ਮੁਕਾਬਲਾ ਕਰਨ ਦੇ ਬੁਲੰਦ ਇਰਾਦੇ ਨਾਲ ਕੀਤੀ ਗਈ ਸੀ। ਹੈੱਡਮਾਸਟਰ ਲਾਲਾ ਮਦਨ ਲਾਲ ਚੱਢਾ ਦੀ ਅਗਵਾਈ ਹੇਠ ਅਮਲੇ ਦੇ ਮਿਸਾਲੀ ਆਚਰਨ ਨੇ ਸਕੂਲ ਨੂੰ ਲੋਕਾਂ ਵੱਲੋਂ ਬਹੁਤ ਮਾਣ ਦਿਵਾਇਆ ਸੀ। ਇਸ ਦੇ ਸੁਹਿਰਦ ਪ੍ਰਭਾਵ ਨੇ ਧਾਰਮਿਕ ਪੱਖਪਾਤ ਦੇ ਸਰਾਪ ਤੋਂ ਮੁਕਤ ਸਿਹਤਮੰਦ ਮਾਹੌਲ ਪੈਦਾ ਕੀਤਾ।

ਮਾਹਿਲਪੁਰ ਖਾਲਸਾ ਹਾਈ ਸਕੂਲ ਦੀ ਟੀਮ ਵਿਚ ਉੱਚੇ-ਲੰਮੇ, ਸਿਹਤਮੰਦ, ਦਾੜ੍ਹੀਆਂ ਵਾਲੇ, ਮੁਕਾਬਲਤਨ ਵੱਡੀ ਉਮਰ ਦੇ ਸਿੱਖ ਮੁੰਡੇ ਸਨ ਜੋ ਫੁੱਟਬਾਲ ਬੂਟ ਪਾਉਂਦੇ ਸਨ। ਉਨ੍ਹਾਂ ਵਿਚੋਂ ਸਿਰਫ ਇੱਕ ਮੁਸਲਮਾਨ ਅਬਦੁਲ ਹੱਕ ਸੀ ਜੋ ਫੁੱਲ-ਬੈਕ ਵਜੋਂ ਖੇਡਦਾ ਸੀ। ਉਹ ਗੇਂਦ ਨੂੰ ਕਿੱਕ ਮਾਰ ਕੇ ਸਿਰਾਂ ਤੋਂ ਬੜੀ ਉੱਚੀ ਚੁੱਕ ਸਕਦਾ ਸੀ। ਅਗਲੇ ਸਾਲ ਜਦੋਂ ਪਾਕਿਸਤਾਨ ਬਣਿਆ ਤਾਂ ਉਸ ਨੂੰ ਪਾਕਿਸਤਾਨ ਦੀ ਕੌਮੀ ਟੀਮ ਵਿਚ ਚੁਣਿਆ ਲਿਆ ਗਿਆ।

ਉਸ ਦੇ ਮੁਕਾਬਲੇ ਹਿੰਦੂ-ਮੁਸਲਿਮ ਹਾਈ ਸਕੂਲ, ਹਰਿਆਣਾ (ਵੰਡ ਤੋਂ ਬਾਅਦ ਜਿਸ ਦਾ ਨਾਂ ਪੰਡਤ ਹਰਚਰਨ ਦਾਸ ਹਾਈ ਸਕੂਲ ਕਰ ਦਿੱਤਾ ਗਿਆ) ਦੀ ਟੀਮ ਜੋ ਨੰਗੇ ਪੈਰੀਂ ਖੇਡਦੀ ਸੀ, ਮਧਲੇ ਪੱਧਰ ਦੀ ਸੀ। ਉਸ ਦੇ ਸਿਰਫ ਦੋ ਹੀ ਖਿਡਾਰੀ ਉੱਚ ਪੱਧਰ ਦੇ ਸਨ। ਉਨ੍ਹਾਂ ਵਿਚੋਂ ਇੱਕ ਰਾਣਾ ਆਸਿਫ ਸੀ ਜੋ ਨੌਵੀਂ ਜਮਾਤ ਵਿਚ ਪੜ੍ਹਦਾ ਸੀ। ਉਹ ਰਾਈਟ ਆਊਟ ਖੇਡਦਾ ਸੀ। ਉਸ ਦੇ ਦਾਦੇ ਰਾਣਾ ਮੁਹੰਮਦ ਅਲੀ ਨੇ ਸਕੂਲ ਬਣਾਉਣ ਲਈ ਜ਼ਮੀਨ ਦਾਨ ਕੀਤੀ ਸੀ ਜਦੋਂਕਿ ਲਾਲਾ ਹਰਚਰਨ ਦਾਸ ਨੇ ਆਪਣਾ ਘਰ ਵੇਚ ਕੇ ਪੈਸੇ ਸਕੂਲ ਦੀ ਇਮਾਰਤ ਬਣਾਉਣ ਲਈ ਦਾਨ ਕੀਤੇ ਸਨ। ਉਸ ਨੇ ਰਾਣਾ ਮੁਹੰਮਦ ਅਲੀ ਨੂੰ ਕਿਹਾ ਸੀ, "ਤੁਸੀਂ ਜ਼ਮੀਨ ਦੇ ਦਿਓ; ਮੈਂ ਆਪਣਾ ਘਰ ਵੇਚ ਕੇ ਸਕੂਲ ਬਣਾਉਣ ਲਈ ਪੈਸੇ ਦੇਵਾਂਗਾ।" ਦੂਜਾ ਖਿਡਾਰੀ ਛੇਵੀਂ ਜਮਾਤ ਵਿਚ ਪੜ੍ਹਦਾ ਕਰਮ ਸਿੰਘ ਕਰਮਾ ਸੀ। ਉਹ ਅੰਦਰੋਂ-ਖੱਬੇ ਖੇਡਦਾ ਸੀ। ਜ਼ਿਲ੍ਹਾ ਪੱਧਰੀ ਟੂਰਨਾਮੈਂਟ ਵਿਚ ਖੇਡਣਾ ਉਸ ਲਈ ਵੱਡੀ ਪ੍ਰਾਪਤੀ ਸੀ।

ਇਹ ਧਿਆਨ ਦੇਣ ਯੋਗ ਹੈ ਕਿ ਹਿੰਦੂ-ਮੁਸਲਿਮ ਹਾਈ ਸਕੂਲ ਦੇਸ਼ ਵਿਚ ਅਜਿਹੇ ਵਿਲੱਖਣ ਨਾਂ ਵਾਲਾ ਇੱਕੋ-ਇੱਕ ਸਕੂਲ ਸੀ। ਕੋਈ ਹੈਰਾਨੀ ਦੀ ਗੱਲ ਨਹੀਂ, ਮਹਾਤਮਾ ਗਾਂਧੀ ਨੇ ਇਸ ਬਾਰੇ ਸੁਣਿਆ ਤੇ ਉਹ ਦੂਰ-ਦੁਰਾਡੇ ਦੇ ਪਿੰਡ ਵਿਚ ਸਥਿਤ ਹੋਣ ਦੇ ਬਾਵਜੂਦ ਇਸ ਦਾ ਦੌਰਾ ਕਰਨ ਆਏ।

ਖਾਲਸਾ ਹਾਈ ਸਕੂਲ, ਮਾਹਿਲਪੁਰ ਅਤੇ ਹਿੰਦੂ-ਮੁਸਲਿਮ ਹਾਈ ਸਕੂਲ, ਹਰਿਆਣਾ ਵਿਚਕਾਰ ਮੁਕਾਬਲਾ ਹੁਸ਼ਿਆਰਪੁਰ ਸ਼ਹਿਰ ਦੇ ਵੱਡੇ, ਖੁੱਲ੍ਹੇ ਮੈਦਾਨ ਵਿਚ ਹੋਇਆ।

ਸ਼ੁਰੂ ਵਿਚ ਹੀ ਸਾਡੀ ਹਿੰਦੂ-ਮੁਸਲਿਮ ਸਕੂਲ ਦੀ ਟੀਮ ਖਾਲਸਾ ਹਾਈ ਸਕੂਲ ਦੀ ਟੀਮ ਦੇ ਉੱਚੇ-ਲੰਮੇ, ਤਕੜੇ ਖਿਡਾਰੀਆਂ ਦੇ ਦਬਾਅ ਹੇਠ ਆ ਗਈ ਸੀ। ਗੇਂਦ ਮੈਦਾਨ ਦੇ ਕੇਂਦਰ ਤੋਂ ਪਾਰ ਨਹੀਂ ਜਾਂਦੀ ਸੀ ਤੇ ਅੱਧਾ ਸਮਾਂ ਹੋਣ ਤੋਂ ਪਹਿਲਾਂ ਹੀ ਸਾਡੇ ਵਿਰੁੱਧ ਦੋ ਗੋਲ ਹੋ ਗਏ ਸਨ।





*ਹਰਿਆਣਾ (ਹੁਸ਼ਿਆਰਪੁਰ) ਦੀ ਟੀਮ ਦੀ ਗਰੁੱਪ ਫੋਟੋ ਅਤੇ (ਸੱਜੇ) ਪੰਡਿਤ ਹਰਚਰਨ ਦਾਸ।*

ਅੱਧੀ ਛੁੱਟੀ ਦੌਰਾਨ ਸਾਡੇ ਫੁੱਟਬਾਲ ਇੰਚਾਰਜ ਮਾਸਟਰ ਨਿਆਜ਼ ਸਾਹਿਬ ਜੋ ਖੁਦ ਕੌਮਾਂਤਰੀ ਪੱਧਰ ਦੇ ਖਿਡਾਰੀ ਸਨ, ਨੇ ਟੀਮ ਨੂੰ ਨਿਰਾਸ਼ ਨਾ ਹੋਣ ਅਤੇ ਖੇਡਣਾ ਜਾਰੀ ਰੱਖਣ ਲਈ ਉਤਸ਼ਾਹਿਤ ਕੀਤਾ ਕਿ ਨਤੀਜਾ ਵੱਧ ਤੋਂ ਵੱਧ ਹਾਰ ਹੀ ਹੋਵੇਗਾ, ਫਿਰ ਕੀ ਹੋਇਆ!

ਸਾਡੀ ਟੀਮ ਦਾ ਗੋਲਚੀ ਬਿਲਕੁਲ ਨਾ-ਤਜਰਬੇਕਾਰ ਸੀ। ਇਸ ਲਈ ਰਾਣਾ ਆਸਿਫ ਨੂੰ ਗੋਲਚੀ ਬਣਾਇਆ ਗਿਆ। ਫਿਰ ਵੀ ਸਾਡੇ ਖਿਲਾਫ ਗੋਲ ਹੁੰਦੇ ਹੀ ਰਹੇ। ਜਦੋਂ ਛੇਵਾਂ ਗੋਲ ਹੋਇਆ ਤਾਂ ਰਾਣਾ ਆਸਿਫ ਰੋਣ ਲੱਗ ਪਿਆ। ਨਿਆਜ਼ ਸਾਹਿਬ ਨੇ ਇਹ ਕਹਿੰਦਿਆਂ ਹੌਸਲਾ ਵਧਾਉਣ ਦੀ ਕੋਸ਼ਿਸ਼ ਕੀਤੀ- "ਰੋਣ ਦੀ ਕੋਈ ਲੋੜ ਨਹੀਂ। ਆਖਰ ਇਹ ਸਿਰਫ ਫੁੱਟਬਾਲ ਮੈਚ ਵਿਚ ਹਾਰ ਹੀ ਤਾਂ ਹੈ। ਅਸਲ ਗੱਲ ਹੈ ਸੱਚੀ ਖੇਡ ਭਾਵਨਾ ਦਾ ਪ੍ਰਦਰਸ਼ਨ ਕਰਨਾ। ਬਾਕੀ ਸਭ ਗੈਰ-ਜ਼ਰੂਰੀ ਹੈ।"

ਅਗਲੇ ਦਿਨ ਖਾਲਸਾ ਹਾਈ ਸਕੂਲ ਮਾਹਿਲਪੁਰ ਅਤੇ ਸਰਕਾਰੀ ਹਾਈ ਸਕੂਲ ਬੱਦੋਂ ਵਿਚਕਾਰ ਮੈਚ ਸੀ ਪਰ ਅਸੀਂ ਹਾਰਨ ਦੇ ਬਾਵਜੂਦ ਉਹ ਮੈਚ ਦੇਖਣ ਲਈ ਡਟੇ ਰਹੇ, ਅਸੀਂ ਤਾਂ ਹਾਰੇ ਹੀ ਹੋਏ ਸਾਂ।

ਨਿਆਜ਼ ਸਾਹਿਬ ਨੇ ਟੂਰਨਾਮੈਂਟ ਵਿਚ ਭਾਗ ਲੈਣ ਵਾਲੀਆਂ ਸਾਰੀਆਂ ਟੀਮਾਂ ਦਾ ਨਿਰੀਖਣ ਕੀਤਾ ਸੀ। ਉਨ੍ਹਾਂ ਨੇ ਕਿਹਾ ਕਿ ਸਰਕਾਰੀ ਹਾਈ ਸਕੂਲ ਬੱਦੋਂ ਦੀ ਟੀਮ ਦੀ ਖੇਡ ਦੇਖਣੀ ਵੀ ਜ਼ਰੂਰੀ ਹੈ।

ਦੋਵੇਂ ਟੀਮਾਂ ਮੈਦਾਨ ਵਿਚ ਜੁੜੀਆਂ ਤੇ ਮੈਚ ਸ਼ੁਰੂ ਹੋ ਗਿਆ। ਆਮ ਖਿਆਲ ਸੀ ਕਿ ਮਾਹਿਲਪੁਰ ਦੀ ਟੀਮ ਸਭ ਤੋਂ ਮਜ਼ਬੂਤ ਹੈ। ਬੜੇ ਉਤਸ਼ਾਹ ਦਾ ਮਾਹੌਲ ਸੀ। ਸੀਟੀ ਵੱਜੀ ਤੇ ਮੈਚ ਸ਼ੁਰੂ ਹੋ ਗਿਆ।

ਬੱਦੋਂ ਦੀ ਟੀਮ ਦਾ ਕਪਤਾਨ ਜੱਗਾ ਸੀ। ਉਹ ਸੈਂਟਰ ਹਾਫ ਪੁਜ਼ੀਸ਼ਨ 'ਤੇ ਖੇਡਦਾ ਸੀ। ਉਸ ਨੇ ਬੂਟ ਪਾਏ ਹੋਏ ਸਨ। ਉਸ ਨੇ ਉੱਚੀ ਕਿੱਕ ਨਹੀਂ ਮਾਰੀ ਅਤੇ ਜ਼ਿਆਦਾਤਰ ਨੀਵੇਂ ਪੱਧਰ ਦੇ ਪਾਸ ਦਿੱਤੇ। ਜਦੋਂ ਉਸ ਨੂੰ ਲੱਗਾ ਕਿ ਟੀਮ ਵਿਚ ਤਾਲਮੇਲ ਦੀ ਕਮੀ ਹੈ ਤਾਂ ਉਸ ਨੇ ਆਪਣੇ ਬੂਟ ਉਤਾਰ ਦਿੱਤੇ ਅਤੇ ਸੈਂਟਰ ਫਾਰਵਰਡ ਵਜੋਂ ਖੇਡਣਾ ਸ਼ੁਰੂ ਕਰ ਦਿੱਤਾ। ਨੰਗੇ ਪੈਰੀਂ ਖੇਡਣ ਦਾ ਮਤਲਬ ਹੈ ਗੇਂਦ 'ਤੇ ਬਿਹਤਰ ਕਾਬੂ ਹੋਣਾ। ਸੈਂਟਰ ਫਾਰਵਰਡ ਦੇ ਖਿਡਾਰੀ ਨੂੰ ਸੈਂਟਰ ਹਾਫ 'ਤੇ ਰੱਖਿਆ ਗਿਆ ਸੀ।

ਜੱਗੇ ਦੀ ਦਿੱਖ ਅਤੇ ਕੱਦ ਔਸਤ ਸੀ ਅਤੇ ਉਹ ਆਪਣੀ ਟੀਮ ਵਿਚ ਕਿਸੇ ਵੀ ਅਰਥ ਵਿਚ ਬੇਮਿਸਾਲ ਨਹੀਂ ਸੀ। ਨਾ ਹੀ ਉਹ ਆਪਣੇ ਵਿਹਾਰ ਜਾਂ ਸ਼ਖਸੀਅਤ ਕਾਰਨ ਆਪਣੀ ਟੀਮ ਵਿਚ ਦੂਜਿਆਂ ਤੋਂ ਵੱਖਰਾ ਸੀ। ਉਹ ਪੱਕੇ ਰੰਗ ਦਾ ਸੀ। ਉਸ ਦੇ ਨਕਸ਼ ਕੋਈ ਖਾਸ ਸੋਹਣੇ ਨਹੀਂ ਪਰ ਸਾਧਾਰਨ ਸਨ। ਉਸ ਦਾ ਚਿਹਰਾ ਉਸ ਦੀਆਂ ਭਾਵਨਾਵਾਂ ਨੂੰ ਪ੍ਰਦਰਸ਼ਿਤ ਨਹੀਂ ਕਰਦਾ ਸੀ ਕਿ ਉਹ ਗੁੱਸੇ ਵਿਚ ਹੈ ਜਾਂ ਖੁਸ਼। ਉਹ ਟੀਮ ਵਿਚ ਬਾਕੀਆਂ ਵਿਚੋਂ ਬਸ ਇੱਕ ਜਣਾ ਹੀ ਸੀ ਜਿਸ ਵੱਲ ਕੋਈ ਵੀ ਆਮ ਤੌਰ 'ਤੇ ਧਿਆਨ ਨਾ ਦੇਵੇ।

ਜੱਗਾ ਸੈਂਟਰ ਫਾਰਵਰਡ 'ਤੇ ਨੰਗੇ ਪੈਰੀਂ ਖੇਡ ਰਿਹਾ ਸੀ ਜਦੋਂਕਿ ਰਾਈਟ ਆਊਟ ਅਤੇ ਲੈਫਟ ਆਊਟ ਦੋਵੇਂ ਗੇਂਦ ਨੂੰ ਗੋਲ ਵੱਲ ਸੁੱਟ ਰਹੇ ਸਨ। ਕਿਸੇ ਨੇ ਜੱਗੇ ਨੂੰ ਫੁੱਲਬੈਕਾਂ ਦੀਆਂ ਜੋਸ਼ੀਲੀਆਂ ਹਰਕਤਾਂ ਵਿਚ ਹਿੱਸਾ ਲੈਂਦੇ ਨਹੀਂ ਦੇਖਿਆ। ਫੁੱਲਬੈਕ ਜੇਤੂ ਅੰਦਾਜ਼ ਵਿਚ ਗੇਂਦ ਨੂੰ ਕਿੱਕਾਂ ਮਾਰ ਕੇ ਮੈਦਾਨ 'ਚੋਂ ਬਾਹਰ ਵਗਾਹ ਮਾਰ ਰਹੇ ਸਨ। ਮੈਚ ਅਤਿ ਉਤੇਜਨਾ 'ਤੇ ਪਹੁੰਚ ਗਿਆ ਸੀ ਤੇ ਖਿਡਾਰੀ ਪਸੀਨਾ ਵਹਾ ਰਹੇ ਸਨ। ਉਨ੍ਹਾਂ ਵਿਚੋਂ ਕਈ ਆਪਣੇ ਹੱਥ ਪੱਟਾਂ 'ਤੇ ਟਿਕਾ ਕੇ ਲੰਮੇ ਸਾਹ ਲੈ ਰਹੇ ਸਨ।

ਗੇਂਦ ਗੋਲ ਵੱਲ ਤੇਜ਼ੀ ਨਾਲ ਵਧਦੀ ਪਰ ਫੁੱਲਬੈਕਾਂ ਕਰਕੇ ਗੋਲ ਨਾ ਹੁੰਦਾ। ਦਰਸ਼ਕ ਬਹੁਤ ਉਤਸ਼ਾਹਿਤ ਸਨ। ਫਿਰ ਅਚਾਨਕ ਗੇਂਦ ਅੰਦਰਲੇ-ਸੱਜੇ ਕੋਲ ਆਈ ਜਿਸ ਨੇ ਉਹ ਸੈਂਟਰ-ਫਾਰਵਰਡ 'ਤੇ ਖੇਡ ਰਹੇ ਜੱਗੇ ਵੱਲ ਮੋੜੀ। ਉਸ ਨੇ ਗੋਲ ਕਰ ਦਿੱਤਾ। ਇਸ ਨੇ ਦਰਸ਼ਕਾਂ ਵਿਚ ਬਹੁਤ ਰੌਲਾ-ਰੱਪਾ ਅਤੇ ਹਲਚਲ ਪੈਦਾ ਕੀਤੀ। ਦੋਵੇਂ ਟੀਮਾਂ ਹੁਣ ਦੁੱਗਣੇ ਜੋਸ਼ ਨਾਲ ਖੇਡਣ ਲੱਗੀਆਂ। ਥੋੜ੍ਹੀ ਦੇਰ ਬਾਅਦ ਅੱਧੇ ਸਮੇਂ ਲਈ ਸੀਟੀ ਵੱਜ ਗਈ।

ਅੱਧੇ ਸਮੇਂ ਦਾ ਆਪਣਾ ਮਜ਼ਾ ਹੈ। ਦਰਸ਼ਕ ਆਰਾਮ ਨਾਲ ਇੱਧਰ-ਉੱਧਰ ਘੁੰਮਦੇ ਹਨ। ਕਈਆਂ ਨੇ ਸੰਤਰੇ ਅਤੇ ਹੋਰ ਫਲ ਖਰੀਦਣੇ ਸ਼ੁਰੂ ਕਰ ਦਿੱਤੇ ਜਦੋਂਕਿ ਕਈਆਂ ਨੇ ਆਪਸ ਵਿਚ ਗੱਲਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਅਜਿਹੇ ਮੌਕੇ ਰਾਖਵੇਂ ਖਿਡਾਰੀ, ਕੋਚ ਅਤੇ ਹੋਰ ਅਧਿਕਾਰੀ ਮੈਦਾਨ ਵਿਚ ਖਿਡਾਰੀਆਂ ਦੇ ਆਲੇ-ਦੁਆਲੇ ਇਕੱਠੇ ਹੋ ਜਾਂਦੇ ਹਨ। ਉਹ ਖਿਡਾਰੀਆਂ ਨੂੰ ਫਲ ਖਾਣ ਨੂੰ ਦਿੰਦੇ ਹਨ ਜੋ ਉਨ੍ਹਾਂ ਨੂੰ ਨਵੇਂ ਸਿਰਿਓਂ ਤਾਕਤ ਹਾਸਲ ਕਰਨ ਵਿਚ ਮਦਦ ਕਰਦੇ ਹਨ।

ਇਹ ਵੀ ਦੇਖਿਆ ਗਿਆ ਕਿ ਦੂਜੀਆਂ ਟੀਮਾਂ ਦੇ ਤਜਰਬਾਕਾਰ ਖਿਡਾਰੀ ਕੋਈ ਸੁਝਾਅ ਜਾਂ ਸਲਾਹ ਨਾ ਦਿੰਦਿਆਂ ਇਹ ਸਵਾਲ ਕਰ ਰਹੇ ਸਨ ਕਿ ਕਈ ਖਿਡਾਰੀਆਂ ਨੇ ਗੇਂਦ ਨੂੰ ਦੂਜਿਆਂ ਵੱਲ ਪਾਸ ਦੇਣ ਦੀ ਬਜਾਇ ਫੜੀ ਕਿਉਂ ਰੱਖਿਆ। ਕਈ ਕਹਿ ਰਹੇ ਸਨ- "ਮੈਂ ਦੇਖਿਆ ਸੀ ਤੂੰ ਸਿਰ ਨਾਲ ਗੇਂਦ ਬੁੜ੍ਹਕਾਉਣ ਤੋਂ ਡਰਦਾ ਸੀ।" ਕੋਈ ਹੋਰ ਕਹਿ ਰਿਹਾ ਸੀ, "ਤੁਹਾਨੂੰ ਵਿਰੋਧੀ ਟੀਮ ਦੇ ਫਲਾਣੇ ਖਿਡਾਰੀ ਦੇ ਆਲੇ-ਦੁਆਲੇ ਆਪਣੇ ਖਿਡਾਰੀ ਤਾਇਨਾਤ ਕਰਨੇ ਚਾਹੀਦੇ ਸਨ।" ਇੱਕ ਹੋਰ ਦਾ ਕਹਿਣਾ ਸੀ- "ਅੱਧਾ-ਸੱਜਾ ਸਾਨੂੰ ਲੈ ਬੈਠੇਗਾ, ਉਹ ਬਾਹਰਲੇ ਸੱਜੇ ਨੂੰ ਖੁੱਲ੍ਹ ਦੇ ਰਿਹਾ ਸੀ ਬਜਾਇ ਇਸ ਦੇ ਕਿ ਉਸ ਦੇ ਪਿੱਛੇ ਪਿਆ ਰਹੇ।" ਫਿਰ ਕਈ ਲੋਕਾਂ ਨੂੰ ਸ਼ਿਕਾਇਤ ਕਰਦੇ ਵੀ ਸੁਣਿਆ, "ਰੈਫਰੀ ਫਾਊਲ ਦੀ ਸੀਟੀ ਕਿਉਂ ਨਹੀਂ ਵਜਾਉਂਦਾ? ਉਦੋਂ ਹੀ ਵਜਾਵੇਗਾ ਜਦੋਂ ਕੋਈ ਖਿਡਾਰੀ ਉਹਦੀ ਲੱਤ ਤੋੜ ਦੇਵੇ? ਸਾਨੂੰ ਵਿਰੋਧ ਕਰਨਾ ਚਾਹੀਦਾ ਹੈ।"

ਅਚਾਨਕ ਰੈਫਰੀ ਨੇ ਸੀਟੀ ਵਜਾਈ। ਦੋਵੇਂ ਧਿਰਾਂ ਮੈਦਾਨ ਵਿਚ ਇੱਕ ਦੂਜੇ ਵੱਲ ਆਹਮੋ-ਸਾਹਮਣੇ ਸਨ। ਸੂਰਜ ਦੀ ਸਥਿਤੀ ਬਦਲ ਗਈ ਸੀ ਅਤੇ ਕੁਝ ਲੋਕਾਂ ਦੀਆਂ ਅੱਖਾਂ ਵਿਚ ਸੂਰਜ ਦੀ ਲਿਸ਼ਕੋਰ ਪੈਣ ਲੱਗੀ ਸੀ।

ਜੱਗਾ ਹੁਣ ਹਾਫ-ਬੈਕ ਖੇਡ ਰਿਹਾ ਸੀ। ਉਸ ਨੇ ਬੂਟ ਪਾਏ ਹੋਏ ਸਨ। ਮਾਹਿਲਪੁਰ ਦਾ ਸੱਜਾ ਗੇਂਦ ਲੈ ਕੇ ਤੇਜ਼ੀ ਨਾਲ ਭੱਜ ਰਿਹਾ ਸੀ ਜਿਸ ਨੂੰ ਜੱਗੇ ਨੇ ਆਸਾਨੀ ਨਾਲ ਉਸ ਤੋਂ ਖੋਹ ਕੇ ਆਪਣੀ ਟੀਮ ਦੇ ਇੱਕ ਖਿਡਾਰੀ ਵੱਲ ਰੋੜ੍ਹ ਦਿੱਤਾ। ਮਾਹਿਲਪੁਰ ਦੀ ਟੀਮ ਜੱਗੇ ਦੀ ਟੀਮ ਨੂੰ ਦਬਾਅ ਵਿਚ ਰੱਖਣ ਦੀ ਭਰਪੂਰ ਕੋਸ਼ਿਸ਼ ਕਰ ਰਹੀ ਸੀ ਤਾਂ ਜੋ ਉਹ ਗੋਲ ਬਰਾਬਰ ਕਰ ਸਕੇ। ਜਦੋਂ ਗੇਂਦ ਖਤਰਨਾਕ ਡੀ ਜ਼ੋਨ ਵਿਚ ਦਾਖਲ ਹੋ ਗਈ ਤਾਂ ਵੀ ਜੱਗਾ ਸ਼ਾਂਤ ਰਿਹਾ। ਉਹਨੇ ਇਸ ਨੂੰ ਆਪਣੀ ਟੀਮ ਦੇ ਦੋਵਾਂ ਬਾਹਰਲਿਆਂ ਵੱਲ ਕਿੱਕ ਕੀਤਾ। ਦੋ ਵਾਰ ਉਸ ਨੇ ਗੇਂਦ ਨੂੰ ਇੰਨੀ ਉੱਚੀ ਕਿੱਕ ਮਾਰੀ ਕਿ ਮੈਦਾਨ ਤੋਂ ਬਾਹਰ ਚਲੀ ਗਈ। ਉਹ ਅਜਿਹਾ ਇਸ ਲਈ ਕਰ ਰਿਹਾ ਸੀ ਕਿਉਂਕਿ ਜਾਂ ਤਾਂ ਉਸ ਕੋਲ ਹੋਰ ਕੋਈ ਚਾਰਾ ਨਹੀਂ ਸੀ, ਜਾਂ ਉਹ ਸਮਾਂ ਲੰਘਾ ਰਿਹਾ ਸੀ ਤਾਂ ਜੋ ਮੈਚ ਖਤਮ ਹੋ ਜਾਵੇ। ਦੋਵੇਂ ਟੀਮਾਂ ਹੁਣ ਗੋਲ ਕਰਨ ਦੀ ਪੂਰੀ ਕੋਸ਼ਿਸ਼ ਕਰ ਰਹੀਆਂ ਸਨ ਪਰ ਅਸਫਲ ਰਹੀਆਂ ਸਨ। ਕੁਝ ਲੋਕ ਆਪਣੀਆਂ ਘੜੀਆਂ ਵੱਲ ਦੇਖ ਅਤੇ ਟਿੱਪਣੀਆਂ ਕਰ ਰਹੇ ਸਨ। ਕੁਝ ਕਹਿ ਰਹੇ ਸਨ, "ਇੰਨਾ ਸਮਾਂ ਬਾਕੀ ਹੈ, ਲੱਗਦਾ ਹੈ ਕੋਈ ਹੋਰ ਗੋਲ ਨਹੀਂ ਹੋਵੇਗਾ।" ਹੋਰਨਾਂ ਨੇ ਕਿਹਾ, "ਕਿਉਂ ਨਹੀਂ? ਖੇਡ ਅਚਾਨਕ ਬਦਲ ਸਕਦੀ ਹੈ, ਬੱਸ ਦੇਖਦੇ ਰਹੋ।"

ਫਿਰ ਸੀਟੀ ਵੱਜ ਗਈ। ਮੈਚ ਖਤਮ ਹੋ ਗਿਆ ਤੇ ਭੀੜ ਪੂਰੀ ਤਰ੍ਹਾਂ ਅਚੰਭੇ ਵਿਚ ਸੀ। ਅਣਹੋਣੀ ਹੋਈ ਸੀ। ਮਾਹਿਲਪੁਰ ਹਾਰ ਗਿਆ ਸੀ। ਲੰਮੇ ਕੱਦਾਂ ਵਾਲੇ ਵਡੇਰੀ ਉਮਰ ਵਾਲੇ ਨੌਜਵਾਨ ਖਿਡਾਰੀ ਰੋਣ ਲੱਗ ਪਏ। ਦਰਸ਼ਕ ਰਲੀਆਂ-ਮਿਲੀਆਂ ਭਾਵਨਾਵਾਂ ਪ੍ਰਗਟ ਕਰ ਰਹੇ ਸਨ। "ਇਹ ਕਿਵੇਂ ਹੋ ਸਕਦਾ ਹੈ!" ਕਈਆਂ ਨੇ ਕਿਹਾ। ਦੂਜਿਆਂ ਨੇ ਟਿੱਪਣੀ ਕੀਤੀ, "ਇਹ ਕੋਈ ਚਮਤਕਾਰ ਹੈ।" ਕਈ ਖੁਸ਼ ਸਨ ਕਿ ਮਾਹਿਲਪੁਰ ਹਾਰ ਗਿਆ ਸੀ। ਈਰਖਾ ਅਤੇ ਸਾੜਾ ਅਜਿਹੇ ਮੌਕਿਆਂ 'ਤੇ ਚੁੱਪ-ਚਾਪ ਅਸਰ ਪਾਉਂਦੇ ਹਨ। ਬੱਦੋਂ ਦੀ ਟੀਮ ਨੇ ਆਪਣੀ ਖੁਸ਼ੀ ਦਾ ਇਜ਼ਹਾਰ ਥੋੜ੍ਹੀ ਦੇਰ ਲਈ ਭੰਗੜਾ ਪਾ ਕੇ ਕੀਤਾ।

ਜੱਗੇ ਦੇ ਚਿਹਰੇ 'ਤੇ ਨਾ ਖੁਸ਼ੀ ਸੀ ਨਾ ਗ਼ਮ; ਉਹ ਚੁੱਪਚਾਪ ਮੈਦਾਨ 'ਚੋਂ ਬਾਹਰ ਚਲਾ ਗਿਆ। ਮੈਦਾਨ ਤੋਂ ਬਾਹਰ ਨਿਕਲਣ ਵਾਲੀ ਭੀੜ ਮੇਲੇ ਵਰਗੇ ਰਉਂ ਵਿਚ ਸੀ। ਕਈਆਂ ਨੇ ਕਿਹਾ ਕਿ ਉਨ੍ਹਾਂ ਨੇ ਅਜਿਹਾ ਗੈਰ-ਮਾਮੂਲੀ ਮੈਚ ਕਦੇ ਨਹੀਂ ਦੇਖਿਆ; ਹੋਰਾਂ ਨੇ ਟਿੱਪਣੀ ਕੀਤੀ ਕਿ ਇਹ ਸਭ ਤੋਂ ਯਾਦਗਾਰੀ ਮੈਚ ਸੀ।

ਹੁਣ ਸੱਚਾਈ ਇਹ ਹੈ ਕਿ ਜੱਗੇ ਜਿਹੀ ਯੋਗਤਾ ਵਾਲੇ ਲੋਕ ਬਹੁਤ ਘੱਟ ਹਨ। ਉਸ ਨੇ ਮਾਹਿਲਪੁਰ ਦੀ ਮਾਣਮੱਤੀ ਟੀਮ ਨੂੰ ਸ਼ਰ੍ਹੇਆਮ ਰੋਣ ਲਈ ਮਜਬੂਰ ਕਰ ਦਿੱਤਾ। ਉਹ ਜੰਗ ਦੇ ਮੈਦਾਨ ਵਿਚ ਤਾਇਨਾਤ ਗੁਪਤ ਹਥਿਆਰ ਵਾਂਗ ਸੀ ਜੋ ਦੁਸ਼ਮਣ ਨੂੰ ਅਚਾਨਕ ਦੰਗ ਕਰ ਦਿੰਦਾ ਹੈ। ਬੱਦੋਂ ਦੀ ਟੀਮ ਹੁਣ ਫੁੱਟਬਾਲ ਵਿਚ ਹੁਸ਼ਿਆਰਪੁਰ ਜ਼ਿਲ੍ਹੇ ਦੀ ਚੈਂਪੀਅਨ ਸੀ।

ਪਰ ਜੱਗੇ ਦਾ ਕੀ ਬਣਿਆ? ਕੀ ਉਸ ਨੇ ਫੁੱਟਬਾਲ ਖੇਡਣੀ ਜਾਰੀ ਰੱਖੀ, ਕੋਈ ਕੰਮ-ਕਾਰ ਸ਼ੁਰੂ ਕਰ ਲਿਆ ਜਾਂ ਸ਼ਾਇਦ ਥੋੜ੍ਹੀ ਬਹੁਤ ਜ਼ਮੀਨ 'ਤੇ ਖੇਤੀ-ਵਾੜੀ 'ਚ ਪੈ ਗਿਆ? ਮੈਨੂੰ ਨਹੀਂ ਪਤਾ।

ਵੰਡ ਕਾਰਨ ਸਾਡਾ ਪਰਿਵਾਰ ਹਰਿਆਣੇ ਤੋਂ ਉੱਜੜ ਕੇ ਪਾਕਿਸਤਾਨ ਆ ਗਿਆ। ਕਦੇ-ਕਦਾਈਂ ਜਦੋਂ ਮੈਂ ਉਨ੍ਹਾਂ ਦਿਨਾਂ ਅਤੇ ਆਪਣੇ ਦੋਸਤਾਂ ਨੂੰ ਯਾਦ ਕਰਦਾ ਹਾਂ ਤਾਂ ਚੁੱਪ-ਚਾਪ ਹੰਝੂ ਕੇਰ ਲੈਂਦਾ ਹਾਂ। ਪਿਛਲੇ 75 ਸਾਲਾਂ ਤੋਂ ਆਪਣੇ ਪਿਆਰੇ ਦੋਸਤਾਂ ਦੇ ਅਕਸ ਮੈਂ ਆਪਣੀ ਯਾਦ ਵਿਚ ਜ਼ਿੰਦਾ ਰੱਖੇ ਹੋਏ ਹਨ। ਇਨ੍ਹਾਂ ਵਿਚ ਹੁਸ਼ਿਆਰਪੁਰ ਦੇ ਮੈਰਾਡੋਨਾ ਜੱਗੇ ਅਤੇ ਕਰਮੇ ਦੇ ਅਕਸ ਵੀ ਹਨ। ਜੱਗੇ ਨੂੰ ਕੀ ਪਤਾ ਕਿ ਅੱਜ ਵੀ ਮੈਂ ਉਸ ਨੂੰ ਯਾਦ ਕਰਦਾ ਹਾਂ!

***ਸਾਡੀ ਟੀਮ ਦਾ ਗੋਲਚੀ ਬਿਲਕੁਲ ਨਾ-ਤਜਰਬੇਕਾਰ ਸੀ। ਇਸ ਲਈ ਰਾਣਾ ਆਸਿਫ ਨੂੰ ਗੋਲਚੀ ਬਣਾਇਆ ਗਿਆ। ਫਿਰ ਵੀ ਸਾਡੇ ਖਿਲਾਫ ਗੋਲ ਹੁੰਦੇ ਹੀ ਰਹੇ। ਜਦੋਂ ਛੇਵਾਂ ਗੋਲ ਹੋਇਆ ਤਾਂ ਰਾਣਾ ਆਸਿਫ ਰੋਣ ਲੱਗ ਪਿਆ। ਨਿਆਜ਼ ਸਾਹਿਬ ਨੇ ਇਹ ਕਹਿੰਦਿਆਂ ਹੌਸਲਾ ਵਧਾਉਣ ਦੀ ਕੋਸ਼ਿਸ਼ ਕੀਤੀ- "ਰੋਣ ਦੀ ਕੋਈ ਲੋੜ ਨਹੀਂ। ਆਖਰ ਇਹ ਸਿਰਫ ਫੁੱਟਬਾਲ ਮੈਚ ਵਿਚ ਹਾਰ ਹੀ ਤਾਂ ਹੈ। ਅਸਲ ਗੱਲ ਹੈ ਸੱਚੀ ਖੇਡ ਭਾਵਨਾ ਦਾ ਪ੍ਰਦਰਸ਼ਨ ਕਰਨਾ। ਬਾਕੀ ਸਭ ਗੈਰ-ਜ਼ਰੂਰੀ ਹੈ।"***

# ਮਾਈ ਦੇ ਬਲਿਹਾਰੇ ਭਾਈ

ਸਾਡੇ ਨਾਲ ਸਕੇ-ਸੋਧਰੇ ਰਿਸ਼ਤੇਦਾਰਾਂ ਵਾਂਗ ਮਿਲਦੇ-ਵਰਤਦੇ ਪੰਜਾਬ ਰਹਿੰਦੇ ਜਾਣੂਆਂ ਦੇ ਘਰੇ ਵਿਆਹ ਸਮਾਗਮ ਹੋ ਰਿਹਾ ਸੀ। ਅਸੀਂ ਵਿਦੇਸ਼ ਵਿਚ ਬੈਠੇ 'ਲਾਈਵ' ਤਕਨੀਕ ਰਾਹੀਂ ਉਸਦਾ ਅਨੰਦ ਮਾਣ ਰਹੇ ਸਾਂ। ਉਸ ਟੱਬਰ ਦੇ ਸਾਰੇ ਅੰਗਾਂ-ਸਾਕਾਂ ਨਾਲ ਵੀ ਗੂੜ੍ਹੀ ਜਾਣ-ਪਛਾਣ ਹੋਣ ਕਰਕੇ ਅਸੀਂ ਸਾਰਾ ਪਰਿਵਾਰ ਟੀ.ਵੀ ਸਕਰੀਨ 'ਤੇ ਉਨ੍ਹਾਂ ਨੂੰ ਘੁੰਮਦਿਆਂ-ਫਿਰਦਿਆਂ ਦੇਖ



ਤਰਲੋਚਨ ਸਿੰਘ 'ਦੁਪਾਲ ਪੁਰ'
ਫੋਨ: 001-408-915-1268

ਦੇਖ, ਸਾਰਿਆਂ ਦੇ ਨਾਂ ਲੈ ਲੈ ਕੇ ਇੱਕ ਦੂਜੇ ਨੂੰ ਦੱਸ ਰਹੇ ਸਾਂ ਕਿ 'ਔਹ ਫਲਾਣਾ ਐ...ਔਹ ਢਿਮਕਾ ਐ।' ਜਾਣੋ ਸਾਨੂੰ ਇੰਜ ਮਹਿਸੂਸ ਹੋ ਰਿਹਾ ਸੀ ਜਿਵੇਂ ਅਸੀਂ ਦੂਰ ਪ੍ਰਦੇਸ 'ਚ ਨਾ ਹੋ ਕੇ ਪੰਜਾਬ ਵਿਚ ਹੋ ਰਹੇ ਉਸ ਵਿਆਹ ਵਿਚ ਹੀ ਸ਼ਾਮਲ ਹੋਈਏ।

ਪ੍ਰਾਹੁਣਿਆਂ ਦੇ ਚਾਹ-ਪਾਣੀ ਛਕਦਿਆਂ ਅਤੇ ਮਗਰੋਂ ਭੋਗ ਉਪਰੰਤ ਸ਼ਬਦ ਕੀਰਤਨ ਸੁਣਦਿਆਂ ਨੂੰ, ਅਸੀਂ ਹੋਰ ਤਾਂ ਸਭ ਨੂੰ ਨਾਲੋ-ਨਾਲ ਸਿਆਣਦੇ ਪਛਾਣਦੇ ਰਹੇ ਪਰ ਇੱਕ ਬਜ਼ੁਰਗ ਮਾਤਾ ਜੋ ਪਰਿਵਾਰ ਦੇ ਮੁਖੀਏ ਕੋਲ ਕੁਰਸੀ ਉਤੇ ਬੈਠੀ ਸੀ, ਸਿਰਫ ਉਹੀ ਸਾਡੇ ਪਛਾਣ 'ਚ ਨਾ ਆਈ। ਅਸੀਂ ਇਹ ਦੇਖ ਵੀ ਹੈਰਾਨ ਹੋ ਰਹੇ ਸਾਂ ਕਿ ਉਸ ਮਾਤਾ ਨੂੰ, ਪਰਿਵਾਰ ਦੇ ਨਿਆਣੇ-ਸਿਆਣੇ ਝੁਕ-ਝੁਕ ਸਤਿਕਾਰ ਦੇ ਰਹੇ ਸਨ। ਕੋਈ ਉਸਨੂੰ ਬੈਠੀ ਨੂੰ ਖਾਣ-ਪੀਣ ਦੀਆਂ ਚੀਜ਼ਾਂ ਲਿਆ-ਲਿਆ ਕੇ ਦੇ ਰਿਹਾ ਸੀ ਤੇ ਕੋਈ ਚਾਹ ਦੇ ਗਿਲਾਸ। ਗੱਲ ਕੀ ਉਸ ਮਾਈ ਬਾਰੇ ਜਾਨਣ ਲਈ ਸਾਡੇ ਸਾਰਿਆਂ 'ਚ ਉਤਸੁਕਤਾ ਜਿਹੀ ਹੋ ਗਈ ਕਿ ਇਹਦਾ ਉਸ ਪਰਿਵਾਰ ਨਾਲ ਕੀ ਰਿਸ਼ਤਾ ਹੋਵੇਗਾ ਤੇ ਕਦੋਂ ਜੁੜਿਆ ਹੋਵੇਗਾ?

ਗੱਲ ਤਾਂ ਭਾਵੇਂ ਇਹ ਮਾਮੂਲੀ ਸੀ ਪਰ ਮੈਂ ਦੂਜੇ-ਤੀਜੇ ਦਿਨ ਉਸ ਪਰਿਵਾਰ ਦੇ ਮੁਖੀਏ ਨੂੰ ਫੋਨ 'ਤੇ ਵਿਆਹ ਦੀਆਂ ਵਧਾਈਆਂ ਦੇਣ ਵੇਲੇ ਉਸ ਮਾਤਾ ਬਾਰੇ ਪੁੱਛ ਲਿਆ ਕਿ ਉਹ ਕੌਣ ਸੀ? ਮੇਰਾ ਸਵਾਲ ਸੁਣ ਕੇ ਜ਼ੋਰ ਦੀ ਹੱਸਦਿਆਂ ਕਹਿੰਦਾ ਕਿ ਵਿਆਹ ਵਿਚ ਵੀ ਸਾਨੂੰ ਕਈ ਜਣੇ ਇਹੋ ਸਵਾਲ ਪੁੱਛਦੇ ਰਹੇ ਭਰਾਵਾ। ਆਪ ਕੁੱਝ ਦੱਸਣ ਦੀ ਬਜਾਏ ਉਸਨੇ ਆਪਣੇ ਮੁੰਡੇ ਨੂੰ ਫੋਨ ਫੜਾਉਂਦਿਆਂ ਮੈਨੂੰ ਕਿਹਾ ਕਿ ਲੈ ਆਪਣੇ ਪੁਲਸੀਏ ਭਤੀਜੇ ਤੋਂ ਹੀ ਪੁੱਛ ਲੈ ਉਸ ਮਾਈ ਬਾਰੇ। ਇਹ ਗੱਲ ਸੁਣ ਕੇ ਉਸ ਮਾਤਾ ਪ੍ਰਤੀ ਮੇਰੀ ਜਗਿਆਸਾ ਹੋਰ ਵਧ ਗਈ। ਵਰ੍ਹਿਆਂ ਤੋਂ ਪੁਲੀਸ



'ਚ ਨੌਕਰੀ ਕਰਦੇ ਉਸ ਮੁੰਡੇ ਨੇ ਮਾਤਾ ਬਾਰੇ ਵੇਰਵਾ ਇੰਜ ਸੁਣਾਇਆ:

ਪੁਲੀਸ ਵਿਚ ਨੌਕਰੀ ਕਰਦਿਆਂ ਇਹ ਨੌਜਵਾਨ ਨਵੇਂ ਬਣਾਏ ਜਾ ਰਹੇ ਪਾਸਪੋਰਟਾਂ ਦੀ ਵੈਰੀਫਿਕੇਸ਼ਨ ਵਾਸਤੇ ਪਿੰਡਾਂ ਸ਼ਹਿਰਾਂ ਵਿਚ ਜਾਂਦਾ ਹੁੰਦਾ ਸੀ। ਰੁਟੀਨ ਅਨੁਸਾਰ ਇਹ ਰਾਹੋਂ ਲਾਗੇ ਪਿੰਡ ਛੋਕਰਾਂ ਗਿਆ, ਜਿੱਥੇ ਉਹ ਇਸ ਮਾਤਾ ਦੇ ਘਰੇ ਪਹੁੰਚਿਆ। ਪੁਲਸੀਆ ਅੰਦਾਜ਼ ਵਿਚ ਮਾਤਾ ਨੂੰ ਕਹਿਣ ਲੱਗਾ ਕਿ ਮਾਈ ਤੈਂ ਏਸ ਉਮਰ ਵਿਚ ਪਾਸਪੋਰਟ ਬਣਾ ਕੇ ਕਿੱਥੇ ਸੈਰ ਕਰਨ ਜਾਣਾ ਐਂ? ਮਾਤਾ ਕਹਿੰਦੀ ਵੇ ਪੁੱਤ ਮਸਾਂ ਮਸਾਂ ਤਾਂ ਸ੍ਰੀ ਕਰਤਾਰਪੁਰ ਸਾਹਿਬ ਦਾ ਲਾਂਘਾ ਖੁੱਲ੍ਹਿਆ ਐ... ਮੈਂ ਸੋਚਿਆ ਕਿ ਜਿਊਂਦੇ-ਜੀਅ ਮੈਂ ਵੀ ਸਿਰ ਨਿਵਾ ਆਵਾਂ ਸੱਚੇ ਪਾਤਸ਼ਾਹ ਦੇ ਦਰਬਾਰ ਵਿਚ।

ਕਾਗਜ਼ ਪੱਤਰਾਂ 'ਤੇ ਦਸਤਖਤ ਵਗੈਰਾ ਕਰਵਾ ਕੇ ਜਦ ਇਹ ਪੁਲਸੀਆ ਮਾਤਾ ਕੋਲੋਂ ਉਠਿਆ ਤਾਂ ਮਾਈ ਨੇ ਖੀਸੇ 'ਚੋਂ ਕੁੱਝ ਨੋਟ ਉਹਦੇ ਵੱਲ ਵਧਾਉਂਦਿਆਂ ਕਿਹਾ-"ਲੈ ਪੁੱਤ, ਜਿਹਨੂੰ ਤੁਸੀਂ 'ਚਾਹ-ਪਾਣੀ' ਕਹਿੰਦੇ ਹੁੰਨੇ ਆਂ?"

ਨੋਟ ਮੋੜਦਿਆਂ ਪੁਲਸੀਆ ਬੋਲਿਆ- "ਮਾਤਾ ਜੀ, ਉਹ ਹੋਰ ਹੋਣਗੇ ਰਿਸ਼ਵਤਾਂ ਖਾਣ ਵਾਲੇ। ਆਪਾਂ ਤਾਂ ਕਾਨੂੰਨ ਅਨੁਸਾਰ ਸਰਕਾਰ ਦੀ ਇਮਾਨਦਾਰੀ ਨਾਲ ਨੌਕਰੀ ਕਰਦੇ ਹਾਂ।"

ਇਹ ਗੱਲ ਸੁਣ ਕੇ ਮਾਈ ਨੇ ਇਸ ਪੁਲਸੀਏ ਨੂੰ ਬਾਹੋਂ ਫੜ ਕੇ ਮੁੜ ਆਪਣੇ ਕੋਲ ਬਹਾ ਲਿਆ। ਬੜੇ ਮੋਹ ਅਤੇ ਅਪਣੱਤ ਨਾਲ ਉਹਦੀ ਪਿੱਠ ਪਲੋਸਦਿਆਂ ਕਹਿਣ ਲੱਗੀ, "ਪੁੱਤ ਮੇਰਿਆ! ਬਹੁਤ ਖੁਸ਼ੀ ਦੀ ਗੱਲ ਹੈ ਕਿ ਤੂੰ ਸਰਕਾਰ ਦੀ ਨੌਕਰੀ ਇਮਾਨਦਾਰੀ ਨਾਲ ਕਰ ਰਿਹਾ ਐਂ, ਤੇਰੇ ਸ਼ਾਬਾਸ਼ੇ। ਪਰ ਸੋਹਣਿਆਂ ਤੇਰੇ ਸਿਰ ਉਤੇ ਦਸਤਾਰ ਹੈ ਤੇ ਕੇਸਾਂ ਦਾ ਜੂੜਾ ਵੀ ਦਿਸਦਾ ਹੈ ਪਰ ਤੂੰ ਆਪਣੀ ਦਾਹੜੀ ਕਿਉਂ ਕਤਰਦਾ ਐਂ? ਕਿੰਨਾ ਚੰਗਾ ਹੋਵੇ ਜੇ ਤੂੰ ਆਪਣੇ ਸਤਿਗੁਰੂ ਵਾਸਤੇ ਵੀ ਇਮਾਨਦਾਰ ਹੋ ਜਾਵੇਂ।"

'ਲਓ ਚਾਚਾ ਜੀ...' ਉਪਰੋਕਤ ਜਾਣਕਾਰੀ ਦੇਣ ਉਪਰੰਤ ਮੁੰਡਾ ਮੈਨੂੰ ਮੁਖਾਤਿਬ ਹੋਇਆ,

'ਕਬੀਰ ਸਤਿਗੁਰ ਸੂਰਮੇਂ ਬਾਹਿਆ ਬਾਣ ਜੋ ਏਕ' ਵਾਲ਼ੀ ਗੱਲ ਹੋ ਗਈ। ਉਹ ਦਿਨ ਗਿਆ ਤੇ ਅੱਜ ਦਾ ਦਿਨ ਆਇਆ, ਮਾਤਾ ਦੇ ਚਰਨ ਪਰਸਦਿਆਂ ਉਸ ਦਿਨ ਵਾਅਦਾ ਕਰ ਲਿਆ ਸੀ ਕਿ ਮੈਂ ਮੁੜ ਕੇ ਕੇਸਾਂ ਨੂੰ ਕੈਂਚੀ ਨਹੀਂ ਲਾਵਾਂਗਾ। ਹੁਣ ਅਸੀਂ ਵੀ ਮਾਤਾ ਦੇ ਘਰੇ ਹਰ ਕਾਰਜ 'ਤੇ ਜਾਂਦੇ-ਆਉਂਦੇ ਹਾਂ ਤੇ ਉਹ ਵੀ ਸਾਡੇ ਨਾਲ ਮਿਲ਼ਦੇ ਵਰਤਦੇ ਆ ਰਹੇ ਨੇ। ਫਿਰ ਇੱਕ ਦਿਨ ਉਸਨੇ ਪੋਤਿਆਂ-ਦੋਹਤਿਆਂ ਵਾਲੇ ਭਰੇ-ਭਕੁੰਨੇ ਪਰਿਵਾਰ ਵਾਲ਼ੀ ਉਸ ਸਤਿਕਾਰਤ ਮਾਤਾ ਦੀ ਮੇਰੇ ਨਾਲ ਵੀ ਫੋਨ 'ਤੇ ਗੱਲ ਕਰਵਾਈ।

'ਹਮਨਸ਼ੀਨੀਂ ਆਰਿਫੋਂ ਸੇ ਮਿਲਤੀ ਹੀ ਜ਼ਿੰਦਗੀ ਅਬਦ
ਸੋਹਬਤੇਂ ਨਾਦਾਨ ਗ਼ੋਇਆ ਮੌਤ ਕਾ ਪੈਗਾਮ ਹੈ।'

# ਰਾਜ ਕਾਕੜਾ ਬਣਿਆ ਬਾਕਸਿੰਗ ਕੋਚ

ਗੀਤਕਾਰੀ ਤੇ ਗਾਇਕੀ ਤੋਂ ਬਾਅਦ ਰਾਜ ਕਾਕੜਾ ਨੇ ਪੰਜਾਬੀ ਸਿਨਮੇ ਲਈ ਵੀ ਆਪਣਾ ਯੋਗਦਾਨ ਪਾਇਆ ਹੈ। ਆਮ ਵਿਸ਼ਿਆਂ ਤੋਂ ਹਟ ਕੇ ਉਸਦੀ ਸੋਚ ਹਮੇਸ਼ਾ ਹੀ ਜੁਝਾਰੂਵਾਦੀ ਰਹੀ ਹੈ। ਪੰਜਾਬੀ ਫ਼ਿਲਮ 'ਕੌਮ ਦੇ ਹੀਰੇ' ਨਾਲ ਰਾਜ ਕਾਕੜਾ ਖੂਬ ਚਰਚਾ ਵਿਚ ਆਇਆ ਭਾਵੇਂ ਕਿ

## ਪਾਲੀਵੁੱਡ

ਸੁਰਜੀਤ ਜੱਸਲ

ਭਾਰਤ ਵਿਚ ਇਹ ਫ਼ਿਲਮ ਬੈਨ ਹੋ ਗਈ ਸੀ ਪਰ ਵਿਦੇਸ਼ਾਂ ਵਿਚ ਇਹ ਖੂਬ ਚੱਲੀ। ਫ਼ਿਰ ਇਸੇ ਸੋਚ ਦੀਆਂ 'ਪੱਤਾ ਪੱਤਾ ਸਿੰਘਾਂ ਦਾ ਵੈਰੀ' ਅਤੇ 'ਧਰਮਯੁੱਧ ਮੋਰਚਾ' ਫ਼ਿਲਮਾਂ ਨਾਲ ਪੰਜਾਬੀ ਸਿਨਮੇ ਨਾਲ ਇਕ ਨਵਾਂ ਦਰਸ਼ਕ ਵਰਗ ਜੋੜਿਆ। ਇਨ੍ਹਾਂ ਫ਼ਿਲਮਾਂ ਨਾਲ ਰਾਜ ਕਾਕੜਾ ਨੇ ਬੀਤੇ ਪੰਜਾਬ ਦੇ ਜ਼ਖਮਾਂ 'ਤੇ ਮੱਲ੍ਹਮ ਲਾਉਣ ਦਾ ਯਤਨ ਕੀਤਾ। ਰਾਜ ਕਾਕੜਾ ਲੰਮੇ ਸਮੇਂ ਦੇ ਵਕਫ਼ੇ ਮਗਰੋਂ ਹੁਣ ਫ਼ਿਰ ਪੰਜਾਬੀ ਫ਼ਿਲਮ 'ਪਦਮ ਸ੍ਰੀ ਕੌਰ ਸਿੰਘ' ਨਾਲ ਮੁੜ ਸਰਗਰਮ ਹੋਇਆ ਹੈ। ਇਹ ਫ਼ਿਲਮ ਪੰਜਾਬ ਦੇ ਇਕ 'ਪਦਮ ਸ੍ਰੀ 'ਅਤੇ 'ਅਰਜੁਨਾ ਐਵਾਰਡ' ਜੇਤੂ ਅਣਗੌਲੇ ਬਾਕਸਰ ਦੀ ਜ਼ਿੰਦਗੀ ਦੇ ਸੰਘਰਸ਼ ਅਤੇ ਪ੍ਰਾਪਤੀਆਂ ਦੀ ਕਹਾਣੀ ਹੈ ਜੋ ਉਸਦੇ ਅੱਧਮੋਏ ਸੁਪਨਿਆਂ ਦੀ ਬਾਤ ਪਾਉਂਦੀ ਸਰਕਾਰੀ ਸਿਸਟਮ 'ਤੇ ਕਰਾਰੀ ਚੋਟ ਕਰਦੀ ਹੈ।

ਇਸ ਫ਼ਿਲਮ ਵਿਚ ਰਾਜ ਕਾਕੜਾ ਨੇ ਕੋਚ ਦਾ ਕਿਰਦਾਰ ਨਿਭਾਇਆ ਹੈ ਜੋ ਫ਼ੌਜੀ ਕੌਰ ਸਿੰਘ ਅੰਦਰ ਦੇਸ਼ ਕੌਮ ਪ੍ਰਤੀ ਸੇਵਾ ਦਾ ਜਜ਼ਬਾ ਭਰਦਾ ਹੈ ਕਿਉਂਕਿ ਕੌਰ ਸਿੰਘ ਸਿਰਫ਼ ਆਪਣੀ ਪਸੰਦ ਦੀ ਕੁੜੀ ਨਾਲ ਵਿਆਹ ਕਰਵਾਉਣ ਦੀ ਸ਼ਰਤ ਪੂਰੀ ਕਰਨ ਲਈ ਫ਼ੌਜ ਵਿਚ ਭਰਤੀ ਹੁੰਦਾ ਹੈ। ਰਾਜ ਕਾਕੜਾ ਹੀ ਉਸਨੂੰ ਬਾਕਸਿੰਗ ਦੀ ਟਰੇਨਿੰਗ ਦਿੰਦਾ ਹੈ ਤੇ ਪਦਮ ਸ੍ਰੀ ਐਵਾਰਡ ਪ੍ਰਾਪਤ ਕਰਨ ਲਈ ਉਤਸ਼ਾਹਿਤ ਕਰਦਾ ਹੈ। ਇਕ ਸਹੀ ਕੋਚ ਬਣ ਕੇ ਉਸਨੂੰ ਮਹਾਨ ਬੌਕਸਰ ਮੁਹੰਮਦ ਅਲੀ ਨਾਲ ਲੜਨ ਲਈ ਪ੍ਰੇਰਿਤ ਕਰਦਾ ਹੈ। ਰਾਜ ਕਾਕੜਾ ਨੇ ਦੱਸਿਆ ਕਿ "ਪਦਮ ਸ੍ਰੀ ਕੌਰ ਸਿੰਘ ਫ਼ਿਲਮ ਦਾ ਨਿਰਮਾਣ ਉਸ ਦੇ ਪਰਮ ਮਿੱਤਰ ਕਰਮ ਬਾਠ ਨੇ ਕੀਤਾ ਹੈ ਜੋ ਬਹੁਤ ਸ਼ਲਾਘਾਯੋਗ ਹੈ ਕਿਉਂਕਿ ਅਜਿਹੇ ਸਮਾਜਿਕ ਵਿਸ਼ਿਆਂ 'ਤੇ ਆਧਾਰਤ ਫ਼ਿਲਮਾਂ ਬਣਾਉਣਾ ਹਰ ਕਿਸੇ ਨਿਰਮਾਤਾ ਦੇ ਹਿੱਸੇ ਨਹੀਂ ਆਉਂਦਾ। ਨਿਰਮਾਤਾ ਦੇ ਨਾਲ ਨਾਲ ਕਰਮ ਬਾਠ ਨੇ ਕੌਰ ਸਿੰਘ ਦੇ ਕਿਰਦਾਰ ਨੂੰ ਵੀ ਨਿਭਾਇਆ ਹੈ।"



'ਪਦਮ ਸ੍ਰੀ ਕੌਰ ਸਿੰਘ' ਵਿਚ ਰਾਜ ਕਾਕੜਾ ਨੇ ਅਦਾਕਾਰੀ ਦੇ ਨਾਲ ਨਾਲ ਗੀਤ ਵੀ ਲਿਖੇ ਹਨ ਜਿਨ੍ਹਾਂ ਨੂੰ ਰਣਜੀਤ ਬਾਵਾ, ਕਮਾਲ ਖਾਨ, ਗੁਰਲੇਜ਼ ਅਖ਼ਤਰ ਆਦਿ ਕਲਾਕਾਰਾਂ ਨੇ ਗਾਇਆ ਹੈ। ਫ਼ਿਲਮ ਦਾ ਲੇਖਕ-ਨਿਰਦੇਸ਼ਕ ਵਿਕਰਮ ਪ੍ਰਧਾਨ ਹੈ ਜਿਸਨੇ 'ਕੌਰ ਸਿੰਘ' ਦੀ ਜ਼ਿੰਦਗੀ ਨੂੰ ਬਹੁਤ ਸੋਹਣੇ ਤਰੀਕੇ ਨਾਲ ਪਰਦੇ 'ਤੇ ਲਿਆਉਣ ਦਾ ਯਤਨ ਕੀਤਾ ਹੈ। ਫ਼ਿਲਮ ਵਿਚ ਕਰਮ ਬਾਠ, ਪ੍ਰਭ ਗਰੇਵਾਲ, ਰਾਜ ਕਾਕੜਾ, ਬਨਿੰਦਰ ਬਨੀ, ਮਲਕੀਤ ਰੌਣੀ, ਸੁੱਖੀ ਚਾਹਲ, ਸੁਖਬੀਰ ਗਿੱਲ, ਗੁਰਪ੍ਰੀਤ ਕੌਰ ਭੰਗੂ, ਸੀਮਾ ਕੌਸ਼ਲ ਆਦਿ ਕਲਾਕਾਰਾਂ ਨੇ ਅਹਿਮ ਕਿਰਦਾਰ ਨਿਭਾਏ ਹਨ। 22 ਜੁਲਾਈ ਨੂੰ ਰਿਲੀਜ਼ ਹੋ ਰਹੀ ਇਸ ਫ਼ਿਲਮ ਦੇ ਮੁੱਖ ਪ੍ਰੋਡਿਊਸਰ ਕਰਮ ਬਾਠ ਤੇ ਵਿੱਕੀ ਮਾਨ ਹਨ ਅਤੇ ਗੁਰਲਵ ਸਿੰਘ ਰਟੌਲ ਅਤੇ ਕੰਵਰਨਿਹਾਲ ਸਿੰਘ ਇਸ ਦੇ ਕੋ-ਪ੍ਰੋਡਿਊਸਰ ਹਨ। ਫ਼ਿਲਮ ਦਾ ਸੰਗੀਤ ਜਤਿੰਦਰ ਸ਼ਾਹ ਵਲੋਂ ਤਿਆਰ ਕੀਤਾ ਗਿਆ ਹੈ।

## ਸੱਚੀ ਦੋਸਤੀ



ਸੇਵਾ ਸਿੰਘ 'ਨੂਰਪੁਰੀ'

ਐਵੇਂ ਨਾ ਯਾਰੋ ਦੋਸਤ ਬਣਦੇ,
ਪਹਿਲੇ 'ਮੈਂ' ਗੁਆਉਣੀ ਪੈਂਦੀ।

ਦਿਲ ਸਾਫ਼, ਵਿਸ਼ਵਾਸ ਜ਼ਰੂਰੀ,
ਉਮਰ ਭਰ ਪੁਗਾਉਣੀ ਪੈਂਦੀ।

ਚਾਹੇ ਉਹ ਕਿੰਨੇ ਰੰਗ ਬਦਲੇ,
ਐਬਾਂ ਨੂੰ ਅੱਗ ਲਾਉਣੀ ਪੈਂਦੀ।

ਲਾਭ-ਹਾਨ ਨਾ ਕਦੇ ਗਿਣੀਏ,
ਜਿੰਦ ਦਾਅ 'ਤੇ ਲਾਉਣੀ ਪੈਂਦੀ।

ਪਰਖੇ ਸਮੇਂ ਦੀ ਕਸਵੱਟੀ 'ਤੇ,
ਖੋਟਿਉਂ ਖਰੀ ਬਣਾਉਣੀ ਪੈਂਦੀ।

ਚੰਗੇ ਭਾਗਾਂ ਨੂੰ ਜੇ ਮਿਲ ਜਾਏ,
ਦੁੱਖ ਸੁੱਖ ਰਾਸ ਬਣਾਉਣੀ ਪੈਂਦੀ।

ਸੱਚੇ ਮਿੱਤਰ ਉਮਰਾਂ ਦੇ ਗਹਿਣੇ,
ਅੰਤ ਸਮੇਂ ਤਕ ਨਿਭਾਉਣੀ ਪੈਂਦੀ।

ਕ੍ਰਿਸ਼ਨ ਸੁਧਾਮੇ ਦੀ ਜੋੜੀ ਵਾਂਗੂੰ,
ਗਲ਼ ਲੱਗ ਤੋੜ ਚੜ੍ਹਾਉਣੀ ਪੈਂਦੀ।

# ਜੱਜਾਂ /ਮੈਜਿਸਟਰੇਟਾਂ ਦੀ ਜ਼ਿੰਦਗੀ ਦਾ ਦਰਦ – 'ਕਾਲੇ ਕੋਟ ਦਾ ਦਰਦ'

ਨਿੰਦਰ ਘੁਗਿਆਣਵੀ ਨੇ ਆਪਣੀ ਉਮਰ ਨਾਲੋਂ ਵੀ ਵੱਧ ਪੁਸਤਕਾਂ ਲਿਖੀਆਂ ਹਨ। ਉਸਦੀ ਰਸਦਾਇਕ ਵਾਰਤਕ ਨੇ ਬਹੁਤ ਸਾਰੇ ਨਵੇਂ ਪਾਠਕ ਪੈਦਾ ਕੀਤੇ ਹਨ। ਉਹ ਪੰਜਾਬੀ ਵਾਰਤਕ ਦਾ ਸ਼ੈਲੀਕਾਰ ਹੈ ਜਿਸਦੀ ਆਪਣੀ ਨਿਵੇਕਲੀ ਸ਼ੈਲੀ ਹੈ। ਉਸਦੀ ਵਾਰਤਕ ਤਿੱਖੀ ਤੇ ਕਰਾਰੀ ਵੀ ਹੁੰਦੀ ਹੈ ਤੇ ਗੰਢ ਦੇ ਤੱਤੇ-ਤੱਤੇ ਗੁੜ ਵਰਗੀ ਵੀ। ਉਸਨੂੰ ਗੱਲ ਕਹਿਣੀ ਵੀ ਆਉਂਦੀ ਹੈ ਤੇ ਗੱਲ ਬਣਾਉਣੀ ਵੀ। ਸਿਰੇ 'ਤੇ ਲਿਜਾ ਕੇ ਤੋੜਾ




ਗੁਰਮੀਤ ਕੜਿਆਲਵੀ
ਫੋਨ: 98726-40994

ਝਾੜਨ ਵਾਲਾ ਗੁਣ ਉਸਦੀ ਵਾਰਤਕ ਨੂੰ ਕਥਾ ਰਸ ਨਾਲ ਭਰ ਦਿੰਦਾ ਹੈ। ਪਾਠਕ ਦੇ ਮੂੰਹੋਂ 'ਵਾਹ' ਨਿਕਲਦੀ ਹੈ ਤੇ ਉਹ ਇਕੱਲਾ ਬੈਠਾ ਆਪ-ਮੁਹਾਰੇ ਹੱਸਣ ਵੀ ਲੱਗਦਾ ਹੈ।

ਨਿੰਦਰ ਦੀ ਵਾਰਤਕ ਉਸਦੇ ਆਪਣੇ ਲਹੂ 'ਚੋਂ ਕਸ਼ੀਦ ਕੇ ਬਣੀ ਹੈ ਇਸੇ ਕਰਕੇ ਵਾਰਤਕ ਵਿਚੋਂ ਨਿੰਦਰ ਦੇ ਹੱਢੀਂ ਹੰਢਾਏ ਦੁੱਖ-ਦਰਦ ਸਾਹ ਲੈਂਦੇ ਪ੍ਰਤੀਤ ਹੁੰਦੇ ਹਨ। ਉਹ ਪਾਠਕਾਂ ਦਾ ਹਰਮਨ ਪਿਆਰਾ ਵਾਰਤਕ ਲੇਖਕ ਹੈ। ਉਸ ਦੀਆਂ ਪੁਸਤਕਾਂ ਦੇ ਕਈ ਕਈ ਅਡੀਸ਼ਨ ਛਪਦੇ ਹਨ ਤੇ ਦੂਜੀਆਂ ਭਾਸ਼ਾਵਾਂ 'ਚ ਧੜਾਧੜ ਅਨੁਵਾਦ ਹੁੰਦੇ ਹਨ। 'ਮੈਂ ਸਾਂ ਜੱਜ ਦਾ ਅਰਦਲੀ' ਦੇ 12 ਐਡੀਸ਼ਨ ਛਪ ਚੁੱਕੇ ਨੇ ਤੇ ਜਿਹੜੇ ਹਿਸਾਬ ਨਾਲ ਪੜ੍ਹੀ ਜਾ ਰਹੀ ਹੈ ਘੱਟ ਤੋਂ ਘੱਟ 12 ਐਡੀਸ਼ਨ ਹੋਰ ਛਾਪੇ ਚੜ੍ਹ ਜਾਣਗੇ। ਵੱਧ ਵੀ ਹੋ ਸਕਦੇ। ਪ੍ਰਿੰਸੀਪਲ ਸਰਵਣ ਸਿੰਘ ਤੋਂ ਬਾਅਦ ਨਿੰਦਰ ਮੇਰਾ ਮਹਿਬੂਬ ਵਾਰਤਕ ਲੇਖਕ ਹੈ।

'ਕਾਲੇ ਕੋਟ ਦਾ ਦਰਦ' ਉਸਦੀ ਜੱਜਾਂ/ਮੈਜਿਸਟ੍ਰੇਟਾਂ ਦੀ ਨੀਰਸ ਜ਼ਿੰਦਗੀ, ਉਨ੍ਹਾਂ ਅੰਦਰਲੇ ਖਾਲੀਪਨ, ਉਨ੍ਹਾਂ ਦੇ ਦੁਖਾਂ-ਦਰਦਾਂ ਦੀ ਕਲਾਤਮਿਕ ਪੇਸ਼ਕਾਰੀ ਹੈ। ਜੱਜ ਸਮਾਜ ਦਾ ਅਹਿਮ ਅੰਗ ਹੋਣ ਦੇ ਬਾਵਜੂਦ, ਸਮਾਜ ਨਾਲੋਂ ਅਲੱਗ-ਥਲੱਗ ਪੈ ਜਾਂਦੇ ਹਨ। ਆਪਣੇ ਕਿੱਤੇ ਕਰਕੇ ਉਨ੍ਹਾਂ ਨੂੰ ਸਮਾਜ ਤੋਂ ਦੂਰੀ ਬਣਾ ਕੇ ਰੱਖਣੀ ਪੈਂਦੀ ਹੈ। ਆਪਣੇ ਅਤਿ ਨੇੜਲੇ ਰਿਸ਼ਤੇਦਾਰਾਂ ਦੇ ਖੁਸ਼ੀ-ਗਮੀ ਦੇ ਸਮਾਗਮਾਂ 'ਚ ਵੀ ਹਾਜ਼ਰੀ ਨਹੀਂ ਲਵਾ ਹੁੰਦੀ। ਹੋਰ ਤਾਂ ਹੋਰ ਆਏ ਰਿਸ਼ਤੇਦਾਰਾਂ ਤੋਂ ਵੀ ਬਹੁਤੀ ਵਾਰ ਪਾਸਾ ਵੱਟਣਾ ਪੈਂਦਾ ਹੈ। ਲੋਕ ਵੀ ਜੱਜ ਨੂੰ ਕੋਈ ਅਲੰਕਾਰ ਪ੍ਰਾਣੀ ਸਮਝਦੇ ਹਨ। ਆਪਣੇ ਰੁਤਬੇ ਦੀ ਮਰਿਆਦਾ ਦੀ ਚੱਕੀ ਵਿਚ ਪਿਸਦਾ ਉਹ ਸਕੇ ਧੀ-ਪੁੱਤ ਦੇ ਵਿਆਹ/ਜਨਮ ਦਿਨ 'ਤੇ ਵੀ ਯਾਰਾਂ ਜੁੱਟਾਂ ਨਾਲ ਖਾ ਕੇ ਆਨੰਦ ਮੰਗਲ ਨਹੀਂ ਕਰ ਸਕਦਾ। ਤਰ੍ਹਾਂ ਤਰ੍ਹਾਂ ਦੀਆਂ ਵਲਗਣਾਂ 'ਚ ਘਿਰਿਆ ਜੱਜ ਜ਼ਿੰਦਗੀ ਤੋਂ ਹੀ ਉਕਤਾ ਜਾਂਦਾ ਹੈ। ਉਹ ਆਪਣੇ ਅੰਦਰ ਦੱਬੀ ਪਈ ਚੀਕ ਮਾਰਨੋਂ ਵੀ




ਅਸਮਰੱਥ ਹੁੰਦਾ ਹੈ।

ਜੇ ਤੁਸੀਂ ਕਚਹਿਰੀਆਂ ਦਾ ਰੱਬ ਸਮਝੇ ਜਾਂਦੇ ਜੱਜਾਂ ਦੀ ਘਰੋਗੀ ਜ਼ਿੰਦਗੀ ਅੰਦਰ ਝਾਤੀ ਮਾਰ ਕੇ ਉਨ੍ਹਾਂ ਅੰਦਰਲੇ ਆਮ ਇਨਸਾਨ ਨੂੰ ਫੜਨਾ ਚਾਹੁੰਨੇ ਓਂ ਤਾਂ ਨਿੰਦਰ ਘੁਗਿਆਣਵੀ ਦੀ ਵਾਰਤਕ ਪੁਸਤਕ 'ਕਾਲੇ ਕੋਟ ਦਾ ਦਰਦ' ਪੜ੍ਹ ਲੈਣੀ ਚਾਹੀਦੀ ਹੈ। ਨਿਆਂਪਾਲਿਕਾ ਦੀ ਮਸ਼ੀਨਰੀ ਕਿਵੇਂ ਕੰਮ ਕਰਦੀ ਹੈ ਤੇ ਇਸ ਮਸ਼ੀਨਰੀ ਦੇ ਕੱਲਪੁਰਜ਼ੇ ਕਿਹੋ ਜਿਹੀ ਨੀਰਸ ਤੇ ਰੁੱਖੀ ਜ਼ਿੰਦਗੀ ਜਿਉਂਦੇ ਹਨ, ਇਸਦਾ ਬੜਾ ਮਾਰਮਿਕ ਵਰਣਨ ਨਿੰਦਰ ਨੇ ਇਸ ਪੁਸਤਕ ਵਿਚ ਕੀਤਾ ਹੈ। ਨਿਆਂ ਮੰਗਦੇ ਰਿਸ਼ਤੇ ਅਤੇ ਮਾਂ, ਮੈਂ ਜੱਜ ਨਾ ਬਣਦਾ ਵਰਗੇ ਆਰਟੀਕਲ ਪੜ੍ਹਦਿਆਂ ਇੰਜ ਜਾਪਦਾ ਹੈ ਜਿਵੇਂ ਅੰਦਰੋਂ ਕੁੱਝ ਟੁੱਟ ਰਿਹਾ ਹੈ। ਨਿੰਦਰ ਤੁਹਾਡੇ ਅੰਦਰੋਂ ਰੁੱਗ ਭਰ ਲੈਂਦਾ ਹੈ। ਕਈ ਵਾਰ ਤਾਂ ਅੱਖਾਂ ਸਿੱਲੀਆਂ ਹੁੰਦੀਆਂ ਹਨ। ਜਿੰਨਾ ਦਾ ਕੋਈ ਨੇੜਲਾ ਜੱਜ ਹੈ ਤੇ ਉਨ੍ਹਾਂ ਨੂੰ ਉਸ ਉਪਰ ਇਤਰਾਜ਼ ਹਨ ਕਿ ਜੱਜ ਬਣ ਕੇ ਉਸਦੀ ਹਵਾ ਖਰਾਬ ਹੋ ਗਈ ਹੈ ਤੇ ਉਹ ਹੁਣ ਮਿਲਦਾ ਗਿਲਦਾ ਨਹੀਂ, ਜੇ ਉਹ ਇਹ ਪੁਸਤਕ ਪੜ੍ਹ ਲੈਣਗੇ ਤਾਂ ਉਨ੍ਹਾਂ ਦੇ ਆਪਣੇ ਜੱਜ ਰਿਸ਼ਤੇਦਾਰ ਪ੍ਰਤੀ ਸਾਰੇ ਸ਼ਿਕਵੇ ਦੂਰ ਹੋ ਜਾਣਗੇ। ਨਿੰਦਰ ਦੀ ਇਹ ਪੁਸਤਕ ਨਿਆਂ ਪਾਲਿਕਾ ਖਾਸ ਕਰ ਜ਼ਿਲ੍ਹਾ ਪੱਧਰ ਦੀ ਨਿਆਂਇਕ ਮਸ਼ੀਨਰੀ ਨੂੰ ਸਮਝਣ ਲਈ ਇਕ ਦਸਤਾਵੇਜੀ ਮਹੱਤਵ ਵਾਲੀ ਪੁਸਤਕ ਹੈ।

# ਅਮੀਨਾ ਸ਼ੇਖ ਦਾ ਅੰਬਰ



ਅਮੀਨਾ ਸ਼ੇਖ ਅਮਰੀਕੀ-ਪਾਕਿਸਤਾਨੀ ਅਦਾਕਾਰਾ ਅਤੇ ਗੀਤਕਾਰ ਹੈ। ਇਸ ਤੋਂ ਪਹਿਲਾਂ ਉਹ ਬਤੌਰ ਫੈਸ਼ਨ ਮਾਡਲ ਧੁੰਮਾਂ ਪਾ ਚੁੱਕੀ ਹੈ। ਅਮੀਨਾ ਦਾ ਜਨਮ ਅਮਰੀਕਾ ਦੇ ਨਿਊ ਯਾਰਕ ਸ਼ਹਿਰ ਵਿਚ 28 ਅਗਸਤ 1981 ਨੂੰ ਹੋਇਆ ਪਰ ਉਸ ਦਾ ਪਾਲਣ-ਪੋਸ਼ਣ ਕਰਾਚੀ ਅਤੇ ਰਿਆਧ ਦਾ ਹੈ। ਉਸ ਨੇ ਹੈਂਪਸ਼ਾਇਰ ਕਾਲਜ ਤੋਂ ਵੀਡੀਓ ਪ੍ਰੋਡਕਸ਼ਨ ਦੀ ਤਾਲੀਮ ਹਾਸਲ ਕੀਤੀ ਹੈ। ਫਿਰ ਕਿਊਰੀਅਸ ਪਿਕਚਰਜ਼ ਵਿਚ ਅਸਿਸਟੈਂਟ ਵਜੋਂ ਕੰਮ ਕਰਨ ਤੋਂ ਬਾਅਦ ਉਹ ਪਾਕਿਸਤਾਨ ਪੁੱਜ ਗਈ ਅਤੇ ਉਥੇ ਫੈਸ਼ਨ ਮਾਡਲ ਵਜੋਂ ਆਪਣਾ ਕਰੀਅਰ ਸ਼ੁਰੂ ਕੀਤਾ। 2008 ਵਿਚ ਉਸ ਨੂੰ ਟੈਲੀਵਜ਼ਨ ਫਿਲਮ 'ਬਾਰਿਸ਼ ਮੇਂ ਦੀਵਾਰ' ਵਿਚ ਲੀਡ ਰੋਲ ਮਿਲ ਗਿਆ। ਇਸ ਦੇ ਨਾਲ ਹੀ ਉਸ ਨੂੰ ਜੀਓ ਟੀ.ਵੀ. ਦੀ ਸੀਰੀਜ਼ 'ਦਿਲ ਸੇ ਨਾਦਾਨ' ਵਿਚ ਕੰਮ ਕਰਨ ਦਾ ਮੌਕਾ ਮਿਲਿਆ। ਬਾਅਦ ਵਿਚ ਉਸ ਨੇ 'ਦਾਮ' (2010), 'ਮਾਤ' (2010), 'ਉਡਾਨ' (2010), 'ਮੇਰਾ ਸਾਈਂ' (2010), 'ਮੈਂ ਅਬਦੁੱਲ ਕਾਦਿਰ ਹੂੰ' (2010), 'ਮੇਰਾ ਸਾਈਂ 2' (2012), 'ਜੈਕਸਨ ਹਾਈਟਸ' (2014) ਵਰਗੇ ਡਰਾਮਿਆਂ ਵਿਚ ਆਪਣੀ ਅਦਾਕਾਰੀ ਦੇ ਜੌਹਰ ਦਿਖਾਏ।


ਅਮੀਨਾ ਸ਼ੇਖ ਦੀ ਪਹਿਲੀ ਫਿਲਮ 2012 ਵਿਚ ਆਈ ਅਤੇ ਇਸ ਦਾ ਨਾਂ ਸੀ: 'ਸੀਡਲਿੰਗ'। ਇਸ ਫਿਲਮ ਵਿਚ ਅਦਾਕਾਰੀ ਲਈ ਅਮੀਨਾ ਦੀ ਖੂਬ ਪ੍ਰਸ਼ੰਸਾ ਹੋਈ ਅਤੇ ਇਸ ਫਿਲਮ ਦੀ ਬਦੌਲਤ ਉਸ ਨੂੰ ਬਹੁਤ ਸਾਰੇ ਕੌਮੀ ਤੇ ਕੌਮਾਂਤਰੀ ਇਨਾਮ ਵੀ ਮਿਲੇ। 'ਅਰਮਾਨ' (2013) ਅਤੇ 'ਜੋਸ਼' (2014) ਫਿਲਮਾਂ ਨੇ ਵੀ ਉਸ ਦੀ ਖੂਬ ਤਾਰੀਫ ਕਰਵਾਈ ਪਰ 2018 ਵਿਚ ਆਈ ਫਿਲਮ 'ਕੇਕ' ਨਾਲ ਉਹ ਬੁਲੰਦੀਆਂ 'ਤੇ ਪੁੱਜ ਗਈ। ਇਹ ਫਿਲਮ ਵਪਾਰਕ ਪੱਖੋਂ ਵੀ ਵਾਹਵਾ ਕਾਮਯਾਬ ਰਹੀ।

ਸਾਲ 2019 ਵਿਚ ਉਸ ਦੀ ਇਕ ਹੋਰ ਫਿਲਮ 'ਹੀਰ ਮਾਨ ਜਾ' ਆਈ। 2021 ਵਿਚ ਉਸ ਦੀ ਫਿਲਮ 'ਸੌਰੀ: ਏ ਲਵ ਸਟੋਰੀ' ਸ਼ੁਰੂ ਹੋਈ ਪਰ ਕੁਝ ਕਾਰਨਾਂ ਕਰਕੇ ਇਹ ਫਿਲਮ ਅਜੇ ਤੱਕ ਬਣ ਨਹੀਂ ਸਕੀ। ਇਸ ਫਿਲਮ ਦੇ ਨਿਰਮਾਣ ਉਤੇ ਕਵਿਡ-19 ਦਾ ਬਹੁਤ ਅਸਰ ਹੋਇਆ।

ਅਮੀਨਾ ਸ਼ੇਖ ਦਾ ਵਿਆਹ ਕਰਾਚੀ ਵਿਚ ਮੋਹਿਬ ਮਿਰਜ਼ਾ ਨਾਲ 2005 ਵਿਚ ਹੋਇਆ। ਉਨ੍ਹਾਂ ਦੇ ਘਰ 2015 ਵਿਚ ਧੀ ਮੀਸ਼ਾ ਨੇ ਜਨਮ ਲਿਆ ਪਰ 2018 ਵਿਚ ਅਮੀਨਾ ਸ਼ੇਖ ਅਤੇ ਮੋਹਿਬ ਮਿਰਜ਼ਾ ਵਿਚਕਾਰ ਅਣਬਣ ਰਹਿਣ ਲੱਗ ਪਈ ਅਤੇ ਦੋਵੇਂ ਵੱਖ-ਵੱਖ ਰਹਿਣ ਲੱਗੇ। ਫਿਰ 2019 ਵਿਚ ਉਨ੍ਹਾਂ ਤਲਾਕ ਲੈ ਲਿਆ। ਇਸ ਤੋਂ ਬਾਅਦ ਅਮੀਨਾ ਸ਼ੇਖ ਨੇ 2020 ਵਿਚ ਉਘੇ ਕਾਰੋਬਾਰੀ ਉਮਰ ਫਾਰੂਕੀ ਨਾਲ ਵਿਆਹ ਕਰਵਾ ਲਿਆ।

-ਕੁਦਰਤ ਕੌਰ

# ਫਿਲਮ 'ਹੋਲੀ ਕਾਓ' ਹੁਣ ਅਗਲੇ ਮਹੀਨੇ



ਅਦਾਕਾਰ ਨਵਾਜ਼ੂਦੀਨ ਸਿੱਦੀਕੀ ਅਤੇ ਸੰਜੈ ਮਿਸ਼ਰਾ ਦੀ ਨਵੀਂ ਫਿਲਮ 'ਹੋਲੀ ਕਾਓ' ਦੀ ਰਿਲੀਜ਼ ਮਿਤੀ ਆਖਿਰਕਾਰ ਤੈਅ ਕਰ ਦਿੱਤੀ ਗਈ ਹੈ। ਇਹ ਫਿਲਮ 22 ਅਗਸਤ ਨੂੰ ਰਿਲੀਜ਼ ਕੀਤੀ ਜਾਵੇਗੀ। ਸਾਈ ਕਬੀਰ ਵੱਲੋਂ ਨਿਰਦੇਸ਼ਿਤ ਇਹ ਫਿਲਮ ਇੱਕ ਰਾਤ ਦੀਆਂ ਘਟਨਾਵਾਂ 'ਤੇ ਆਧਾਰਿਤ ਹੈ ਜਿਸ ਵਿਚ ਸਲੀਮ ਅੰਸਾਰੀ ਆਪਣੀ ਗੁਆਚੀ ਹੋਈ ਗਾਂ ਰੁਖਸਾਰ ਨੂੰ ਲੱਭਣ ਦਾ ਯਤਨ ਕਰ ਰਿਹਾ ਹੈ। ਇਸ ਫਿਲਮ ਵਿਚ ਉਘਾ ਅਦਾਕਾਰ ਅਤੇ ਫਿਲਮ ਨਿਰਮਾਤਾ ਤਿਗਮਾਂਸ਼ੂ ਧੂਲੀਆ ਵੀ ਦਿਖਾਈ ਦੇਵੇਗਾ। ਸਾਈ ਕਬੀਰ ਇਸ ਤੋਂ ਪਹਿਲਾਂ 'ਰਿਵਾਲਵਰ ਰਾਨੀ', 'ਦਿ ਸ਼ੌਕੀਨਜ਼' ਅਤੇ 'ਕਿਸਮਤ ਕੁਨੈਕਸ਼ਨ' ਵਰਗੀਆਂ ਫਿਲਮਾਂ ਦਾ ਨਿਰਦੇਸ਼ਨ ਕਰ ਚੁੱਕਿਆ ਹੈ। ਸੰਜੈ ਮਿਸ਼ਰਾ ਪਿਛਲੀ ਵਾਰ 'ਭੂਲ ਭੁਲੱਈਆ-2' ਅਤੇ ਨਵਾਜ਼ੂਦੀਨ ਸਿੱਦੀਕੀ 'ਹੀਰੋਪੰਤੀ-2' ਵਿਚ ਦਿਖਾਈ ਦਿੱਤਾ ਸੀ। ਫਿਲਮ 'ਹੋਲੀ ਕਾਓ' ਵਾਈਟੀ ਐਂਟਰਟੇਨਮੈਂਟ ਦੇ ਬੈਨਰ ਹੇਠ ਆਲੀਆ ਸਿੱਦੀਕੀ ਅਤੇ ਬਲਜਿੰਦਰ ਖੰਨਾ ਨੇ ਤਿਆਰ ਕੀਤੀ ਹੈ।

ਇਸ ਤੋਂ ਪਹਿਲਾਂ ਨਵਾਜ਼ੂਦੀਨ ਸਿੱਦੀਕੀ ਦੀ ਫਿਲਮ 'ਹੀਰੋਪੰਤੀ 2' ਪਿੱਛੇ ਜਿਹੇ 29 ਅਪਰੈਲ ਨੂੰ ਰਿਲੀਜ਼ ਹੋਈ ਹੈ। ਉਸ ਦੀਆਂ 'ਟਿੱਕੂ ਵੈੱਡਸ ਸ਼ੇਰੂ' ਅਤੇ 'ਨੂਰਾਨੀ ਚਿਹਰਾ' ਫਿਲਮਾਂ ਤਿਆਰ ਹਨ। ਇਸ ਤੋਂ ਇਲਾਵਾ ਉਹ 'ਬੋਲੇ ਚੂੜੀਆਂ', 'ਸੰਗੀਨ' ਅਤੇ 'ਅਫਵਾਹ' ਵਿਚ ਕੰਮ ਕਰ ਰਿਹਾ ਹੈ। ਨਵਾਜ਼ੂਦੀਨ ਸਿੱਦੀਕੀ ਨੂੰ ਹੁਣ ਆਪਣੀ ਨਵੀਂ ਫਿਲਮ 'ਹੋਲੇ ਕਾਓ' ਤੋਂ ਬਹੁਤ ਆਸਾਂ ਹਨ। ਉਸ ਦਾ ਦਾਅਵਾ ਹੈ ਕਿ ਇਹ ਫਿਲਮ ਅਤੇ ਇਸ ਵਿਚ ਪੇਸ਼ ਕੀਤਾ ਗਿਆ ਦਰਸ਼ਕਾਂ ਨੂੰ ਪਸੰਦ ਆਵੇਗਾ। ਉਸ ਦਾ ਆਖਣਾ ਹੈ ਕਿ ਉਹ 22 ਅਗਸਤ ਜਿਸ ਦਿਨ ਇਹ ਫਿਲਮ ਰਿਲੀਜ਼ ਹੋ ਰਹੀ ਹੈ, ਨੂੰ ਬਹੁਤ ਬੇਸਬਰੀ ਨਾਲ ਉਡੀਕ ਰਿਹਾ ਹੈ।

-ਆਮਨਾ ਕੌਰ

# ਪੰਜਾਬਣ ਅਦਾਕਾਰਾ ਚਾਂਦ ਬਰਕ

ਚਾਂਦ ਬਰਕ ਦੀ ਪੈਦਾਇਸ਼ 2 ਫਰਵਰੀ 1932 ਨੂੰ ਚੱਕ ਝੁਮਰਾ, ਲਾਇਲਪੁਰ (ਹੁਣ ਫੈਸਲਾਬਾਦ) ਦੇ ਪੰਜਾਬੀ ਇਸਾਈ ਪਰਿਵਾਰ ਵਿਚ ਹੋਈ। 12 ਭੈਣ-ਭਰਾਵਾਂ 'ਚੋਂ ਸਭ ਤੋਂ ਛੋਟੀ ਚਾਂਦ ਨੂੰ ਬਾਲ ਉਮਰੇ ਹੀ ਨੱਚਣ-ਗਾਉਣ ਨਾਲ ਬੇਹੱਦ ਮੁਹੱਬਤ ਸੀ। ਉਸ ਦੀ ਨਾਚ ਕਲਾ ਵਿਚ ਮੁਹਾਰਤ ਸਦਕਾ ਹੀ ਉਸ ਨੂੰ 'ਡਾਂਸਿੰਗ ਲਿੱਲੀ ਆਫ ਪੰਜਾਬ' ਲਕਬ ਮਿਲਿਆ ਸੀ। ਖੈਰ! ਉਸ ਦਾ ਇਹੀ ਸ਼ੌਕ ਉਸ ਨੂੰ ਫਿਲਮਾਂ ਦੇ ਮਰਕਜ਼ ਲਾਹੌਰ ਖਿਚ ਲਿਆਇਆ।

ਜਦੋਂ ਜੇ. ਐੱਨ. ਮਹੇਸ਼ਵਰੀ (ਜਗਨ ਨਾਥ ਮਹੇਸ਼ਵਰੀ) ਨੇ ਹਿੰਦੀ ਫਿਲਮ 'ਕਹਾਂ ਗਏ' (1946) ਸ਼ੁਰੂ ਕੀਤੀ ਤਾਂ ਉਨ੍ਹਾਂ ਇਸ ਫਿਲਮ ਵਿਚ ਅਦਾਕਾਰਾ ਚਾਂਦ ਬਰਕ ਨੂੰ ਨਵੇਂ ਚਿਹਰੇ ਵਜੋਂ ਪੇਸ਼ ਕੀਤਾ। ਨਿਰੰਜਨ ਦੀ ਹਿਦਾਇਤਕਾਰੀ ਵਾਲੀ ਇਸ ਫਿਲਮ ਵਿਚ ਬੇਗਮ ਪਰਵੀਨ, ਜ਼ੁਬੈਦਾ, ਰੂਫੀ, ਨਿਰੰਜਨ, ਰਮੇਸ਼ ਠਾਕੁਰ, ਬੈਜ ਸ਼ਰਮਾ, ਸਲੀਮ ਰਜ਼ਾ, ਵੀਰ ਪੱਤਰੀ ਵਰਗੇ ਫਨਕਾਰ ਵੀ ਸਨ ਅਤੇ ਬਰਕ ਦੇ ਹਮਰਾਹ ਹੀਰੋ ਦਾ ਕਿਰਦਾਰ ਐੱਸ. ਕਪੂਰ ਨੇ ਅਦਾ ਕੀਤਾ ਸੀ। 5 ਲੱਖ ਦੀ ਲਾਗਤ ਨਾਲ ਬਣੀ ਇਹ ਫਿਲਮ 3 ਜਨਵਰੀ 1947 ਨੂੰ ਨੁਮਾਇਸ਼ ਹੋਈ ਪਰ ਨਾਕਾਮ ਸਾਬਤ ਹੋਈ।

ਜਦੋਂ ਮਹਿੰਦਰ ਗਿੱਲ ਨੇ ਆਪਣੀ ਪਹਿਲੀ ਹਿੰਦੀ ਫਿਲਮ 'ਮੋਹਨੀ' (1947) ਸ਼ੁਰੂ ਕੀਤੀ ਤਾਂ ਇਸ ਦੀ ਹਿਦਾਇਤਕਾਰੀ ਦਾ ਜ਼ਿੰਮਾ ਨਿਰੰਜਨ ਦੇ ਸਪੁਰਦ ਕੀਤਾ। ਨਿਰੰਜਨ ਨੇ ਫਿਲਮ ਵਿਚ ਚਾਂਦ ਬਰਕ ਨੂੰ ਮਰਕਜ਼ੀ ਕਿਰਦਾਰ ਵਿਚ ਪੇਸ਼ ਕੀਤਾ ਜਿਸ ਦੇ ਰੂਬਰੂ ਪ੍ਰਾਣ (ਬਾਅਦ 'ਚ ਖਲਨਾਇਕ) ਹੀਰੋ ਦਾ ਪਾਰਟ ਅਦਾ ਕਰ ਰਿਹਾ ਸੀ। ਇਸ ਫਿਲਮ ਦੀ ਸ਼ੂਟਿੰਗ ਦੌਰਾਨ ਨਿਰੰਜਨ ਨੂੰ ਚਾਂਦ ਬਰਕ ਨਾਲ ਮੁਹੱਬਤ ਹੋ ਗਈ ਤੇ ਦੋਵਾਂ ਨੇ ਵਿਆਹ ਕਰਵਾ ਲਿਆ। ਨਿਰੰਜਨ ਨੇ ਹਿੰਦੀ ਫਿਲਮ 'ਫਰਜ਼' (1947) ਸ਼ੁਰੂ ਕੀਤੀ ਤਾਂ ਇਸ ਵਿਚ ਲਾਹੌਰ ਦਾ ਸ਼ਾਹ ਜ਼ਮਾਨ ਖਾਨ ਅਫਰੀਦੀ ਅਤੇ ਰਾਗਿਨੀ ਹੀਰੋ ਅਤੇ ਹੀਰੋਇਨ ਸਨ। ਦੂਜੀ ਹੀਰੋਇਨ ਵਜੋਂ ਚਾਂਦ ਬਰਕ ਮੌਜੂਦ ਸੀ। ਇਸ ਫਿਲਮ ਵਿਚ ਚਾਂਦ ਬਰਕ ਦੀ ਭੈਣ ਏਰੀਅਲ ਬਰਕ ਨੇ ਵੀ ਸਹਾਇਕ ਅਦਾਕਾਰਾ ਵਜੋਂ ਕੰਮ ਕੀਤਾ।

14 ਦਸੰਬਰ 1946 ਨੂੰ ਲਾਹੌਰ ਤੋਂ ਨਿਕਲਦੇ 'ਦਿ ਐਡਵੋਕੇਟ ਵੀਕਲੀ' ਦੇ ਟਾਈਟਲ 'ਤੇ ਚਾਂਦ ਬਰਕ ਦੀ ਛਪੀ ਤਸਵੀਰ ਇਸ ਗੱਲ ਦੀ ਸ਼ਾਹਦੀ ਭਰਦੀ ਸੀ ਕਿ ਇਹ ਮੁਟਿਆਰ ਆਉਣ ਵਾਲੇ ਵਕਤ ਦੀਆਂ ਉਮਦਾ ਹੀਰੋਇਨਾਂ 'ਚ ਸ਼ੁਮਾਰੀ ਜਾਵੇਗੀ ਪਰ ਅਫਸੋਸ! ਇਸ ਦੌਰਾਨ ਪੰਜਾਬ ਦੀ ਵੰਡ ਹੋ ਗਈ ਤੇ 1947 ਵਿਚ ਚਾਂਦ ਬਰਕ ਆਪਣੇ ਪਤੀ ਨਿਰੰਜਨ ਨਾਲ ਬੰਬਈ ਚਲੀ ਗਈ। ਉਨ੍ਹਾਂ ਦੀ ਫਿਲਮ 'ਫਰਜ਼' 1947 ਵਿਚ ਬੰਬੇ ਰਿਲੀਜ਼ ਹੋਈ।

ਚਾਂਦ ਬਰਕ ਨੇ ਬੰਬਈ ਜਾ ਕੇ 1948 ਤੋਂ 1953 ਤੱਕ ਮੁੱਖ ਅਤੇ ਸਾਥੀ ਅਦਾਕਾਰਾ ਦੇ ਪਾਰਟ ਅਦਾ ਕੀਤੇ। ਇਨ੍ਹਾਂ ਵਿਚ ਫਿਲਮ 'ਦੁਖਿਆਰੀ' (1948), 'ਚੁਨਰੀਆ' (1948), 'ਹਮਾਰੀ ਮੰਜ਼ਿਲ' (1949), 'ਪਰਦਾ' (1949), 'ਰੌਸ਼ਨੀ' (1949), 'ਤਾਰਾ' (1949), 'ਸ਼ੌਕੀਨ' (1949), 'ਸਬਜ਼ ਬਾਗ' (1951) ਆਦਿ ਫਿਲਮਾਂ ਸ਼ਾਮਿਲ ਹਨ।

ਜਦੋਂ ਰਾਜ ਕਪੂਰ ਨੇ ਪ੍ਰਕਾਸ਼ ਅਰੋੜਾ ਦੀ ਹਿਦਾਇਤਕਾਰੀ ਵਿਚ 'ਬੂਟ ਪਾਲਿਸ਼' (1953) ਬਣਾਈ ਤਾਂ ਚਾਂਦ ਬਰਕ ਨੂੰ ਕਮਲਾ ਚਾਚੀ ਕਿਰਦਾਰ ਦਿੱਤਾ। ਸ਼ੰਕਰ-ਜੈਕਿਸ਼ਨ ਦੇ ਸੰਗੀਤ 'ਚ ਹਸਰਤ ਜੈਪੁਰੀ ਦਾ ਲਿਖਿਆ ਗੀਤ 'ਤਾਰੋਂ ਕੀ ਦਿਲ ਕੀ ਬਾਤ, ਮੈਂ ਬਹਾਰੋਂ ਕੀ ਨਟਖਟ ਰਾਨੀ' (ਆਸ਼ਾ ਭੌਂਸਲੇ) ਚਾਂਦ ਬਰਕ 'ਤੇ ਫਿਲਮਾਇਆ ਹਿਟ ਗੀਤ ਸੀ। ਇਸ ਫਿਲਮ ਦੀ ਕਾਮਯਾਬੀ ਤੋਂ ਬਾਅਦ ਚਾਂਦ ਬਰਕ ਨੇ ਚਰਿੱਤਰ ਅਦਾਕਾਰਾ ਵਜੋਂ ਕਾਫੀ ਫਿਲਮਾਂ ਕੀਤੀਆਂ। ਉਸ ਦੀ ਆਖਰੀ ਹਿੰਦੀ ਫਿਲਮ 'ਮੇਰਾ ਭਾਈ ਮੇਰਾ ਦੁਸ਼ਮਨ' (1967) ਸੀ।

ਹਿੰਦੀ ਦੇ ਨਾਲ-ਨਾਲ ਚਾਂਦ ਬਰਕ ਨੇ ਪੰਜਾਬੀ ਫਿਲਮਾਂ ਵਿਚ ਵੀ ਅਦਾਕਾਰੀ ਕੀਤੀ। ਜਦੋਂ



ਅੰਮ੍ਰਿਤ ਕੇ. ਓਬਰਾਏ ਨੇ ਪੰਜਾਬੀ ਫਿਲਮ 'ਮੁਟਿਆਰ' (1950) ਬਣਾਈ ਤਾਂ ਚਾਂਦ ਬਰਕ ਨੇ ਸਹਾਇਕ ਅਦਾਕਾਰਾ ਦਾ ਪਾਰਟ ਅਦਾ ਕੀਤਾ। ਇਹ ਫਿਲਮ 25 ਨਵੰਬਰ 1950 ਨੂੰ ਬੰਬਈ ਵਿਚ ਰਿਲੀਜ਼ ਹੋਈ। ਐੱਨ.ਐੱਸ. ਕਵਾਤੜਾ ਨੇ ਮਜ਼ਾਹੀਆ ਪੰਜਾਬੀ ਫਿਲਮ 'ਪੋਸਤੀ' (1951) ਬਣਾਈ ਤਾਂ 19 ਸਾਲਾ ਮੁਟਿਆਰ ਚਾਂਦ ਬਰਕ ਨੂੰ ਮਾਂ ਦੇ ਰੋਲ ਵਿਚ ਪੇਸ਼ ਕੀਤਾ। ਇਹ ਕਾਮਯਾਬ ਫਿਲਮ 8 ਜੂਨ 1951 ਨੂੰ ਨਿਊ ਚਿੱਤਰਾ, ਅੰਮ੍ਰਿਤਸਰ ਵਿਖੇ ਨੁਮਾਇਸ਼ ਹੋਈ। ਫਿਲਮ 'ਕੌਡੇ ਸ਼ਾਹ' (1953) 'ਚ ਚਾਂਦ ਬਰਕ ਨੇ ਅਦਾਕਾਰ ਦਲਜੀਤ (ਨਵਾਂ ਚਿਹਰਾ) ਦੀ ਮਾਂ ਦਾ ਚਰਿੱਤਰ ਪਾਰਟ ਅਦਾ ਕੀਤਾ। 'ਸ਼ਾਹ ਜੀ' (1954) 'ਚ ਚਾਂਦ ਬਰਕ ਨੇ 'ਸ਼ਾਹ ਜੀ' ਦਾ ਟਾਈਟਲ ਰੋਲ ਕਰ ਰਹੇ ਸਤੀਸ਼ ਬੱਤਰਾ ਦੀ ਪਤਨੀ ਦਾ ਕਿਰਦਾਰ ਨਿਭਾਇਆ। ਇਹ ਫਿਲਮ 4 ਅਪਰੈਲ 1954 ਨੂੰ ਓਡੀਅਨ ਥੀਏਟਰ, ਜਲੰਧਰ ਵਿਖੇ ਰਿਲੀਜ਼ ਹੋਈ। ਪੰਜਾਬੀ ਫਿਲਮ 'ਵਣਜਾਰਾ' (1954) 'ਚ ਚਾਂਦ ਬਰਕ ਨੇ ਚਰਿੱਤਰ ਅਦਾਕਾਰ ਰਮੇਸ਼ ਠਾਕੁਰ (ਚੌਧਰੀ ਰੱਖਾ) ਦੀ ਪਤਨੀ ਤੇ ਅਦਾਕਾਰਾ ਮੰਜੂ (ਰਾਣੋ) ਦੀ ਮਾਂ ਦਾ ਪਾਤਰ ਨਿਭਾਇਆ। ਇਹ ਫਿਲਮ 22 ਫਰਵਰੀ 1955 ਨੂੰ ਕਿਰਨ ਥੀਏਟਰ, ਚੰਡੀਗੜ੍ਹ ਵਿਖੇ ਨੁਮਾਇਸ਼ ਹੋਈ। ਪੰਜਾਬੀ ਫਿਲਮ 'ਪੱਗੜੀ ਸੰਭਾਲ ਜੱਟਾ' (1960) 'ਚ ਵੀ ਚਾਂਦ ਬਰਕ ਨੇ ਚਰਿੱਤਰ ਕਿਰਦਾਰ ਨਿਭਾਇਆ। ਫਿਲਮ 'ਬਿੱਲੋ' (1961) 'ਚ ਵੀ ਚਾਂਦ ਬਰਕ ਚਰਿੱਤਰ ਅਦਾਕਾਰਾ ਵਜੋਂ ਮੌਜੂਦ ਸੀ। ਪੰਜਾਬੀ ਫਿਲਮ 'ਪਰਦੇਸੀ ਢੋਲਾ' (1962) 'ਚ ਚਾਂਦ ਬਰਕ ਨੇ 'ਸੋਮਾ' ਦਾ ਪਾਰਟ ਅਦਾ ਕਰ ਰਹੀ ਇੰਦਰਾ ਬਿੱਲੀ ਦੀ 'ਭਾਬੋ' (ਮਾਂ) ਦਾ ਪਾਰਟ ਅਦਾ ਕੀਤਾ। ਫਿਲਮ 'ਪਰਦੇਸਣ' (1969) 'ਚ ਚਾਂਦ ਬਰਕ ਨੇ ਚਰਿੱਤਰ ਅਦਾਕਾਰ ਜਿਲਾਨੀ (ਬਾਊ ਮਹਿੰਗਾ ਰਾਮ) ਦੀ ਪਤਨੀ ਤੇ ਅਦਾਕਾਰ ਪ੍ਰੇਮ ਚੋਪੜਾ ਦੀ ਮਾਂ ਦਾ ਕਿਰਦਾਰ ਨਿਭਾਇਆ। ਫਿਲਮ 'ਚ ਇੱਕ ਪੈਰੋਡੀ ਗੀਤ ਚਾਂਦ ਬਰਕ (ਨਾਲ ਜਿਲਾਨੀ) 'ਤੇ ਫਿਲਮਾਇਆ ਗਿਆ ਜਿਸ ਦੇ ਬੋਲ ਸਨ 'ਦਿਲ ਤੇਰਾ ਦੀਵਾਨਾ ਬਾਊ ਜੀ' (ਮੀਨੂੰ ਪ੍ਰੋਸ਼ੋਤਮ)। ਫਿਲਮ 'ਪਟੋਲਾ' (1973) 'ਚ ਚਾਂਦ ਬਰਕ ਨੇ ਜਿਲਾਨੀ (ਪਟਵਾਰੀ ਦੀਨ ਦਿਆਲ) ਦੀ ਪਤਨੀ ਤੇ ਇੰਦਰਾ ਬਿੱਲੀ ਦੀ ਬੇਬੇ (ਮਾਂ) ਦਾ ਕਿਰਦਾਰ ਨਿਭਾਇਆ।

ਚਾਂਦ ਬਰਕ ਦੇ ਪਰਿਵਾਰ ਵਿਚੋਂ ਉਸ ਦਾ ਭਰਾ ਸੈਮੂਅਲ ਮਾਰਟਿਨ ਬਰਕ ਭਾਰਤੀ ਸਿਵਲ ਸੇਵਾ ਅਧਿਕਾਰੀ ਸੀ ਜੋ ਬਾਅਦ ਵਿਚ ਪਾਕਿਸਤਾਨ ਵੱਲੋਂ ਰਾਜਦੂਤ ਬਣ ਗਿਆ ਸੀ। ਸਾਲ 1954 ਵਿਚ ਆਪਸੀ ਮਤਭੇਦ ਕਾਰਨ ਚਾਂਦ ਬਰਕ ਨੇ ਆਪਣੇ ਹਿਦਾਇਤਕਾਰ ਅਤੇ ਅਦਾਕਾਰ ਪਤੀ ਨਿਰੰਜਨ (ਹਿਦਾਇਤਕਾਰ ਨਿਰੰਜਨ ਪਾਲ ਨਹੀਂ) ਕੋਲੋਂ ਆਪਸੀ ਸਹਿਮਤੀ ਨਾਲ ਤਲਾਕ ਲੈ ਲਿਆ। ਇਸ ਤੋਂ ਬਾਅਦ 1955 ਵਿਚ ਚਾਂਦ ਬਰਕ ਨੇ ਸਿੰਧੀ ਸਿੱਖ ਪਰਿਵਾਰ ਦੇ ਸੁੰਦਰ ਸਿੰਘ ਭਵਨਾਨੀ ਨਾਲ ਵਿਆਹ ਕਰਵਾ ਲਿਆ ਜੋ ਬਹੁਤ ਵੱਡੇ ਬਿਜ਼ਨਸਮੈਨ ਤੇ ਆਰਕੀਟੈਕਟ ਸਨ। ਰਿਸ਼ਤੇਦਾਰੀ 'ਚੋਂ ਅਦਾਕਾਰ ਅਨਿਲ ਕਪੂਰ ਦੀ ਪਤਨੀ ਸੁਨੀਤਾ ਭਵਨਾਨੀ ਸੁੰਦਰ ਸਿੰਘ ਦੀ ਛੋਟੀ ਭੈਣ ਹੈ। ਇਨ੍ਹਾਂ ਦਾ ਇੱਕ ਪੁੱਤਰ ਜਗਜੀਤ ਸਿੰਘ ਭਵਨਾਨੀ ਉਰਫ ਛੋਟੂ ਸਿੰਘ ਮੁੰਬਈ ਅਤੇ ਇੱਕ ਧੀ ਟੋਨੀਆ ਅਮਰੀਕਾ ਰਹਿੰਦੀ ਹੈ। ਅੱਜ ਜਗਜੀਤ ਸਿੰਘ ਅਤੇ ਅੰਜੂ ਦਾ ਪੁੱਤਰ ਰਣਵੀਰ ਸਿੰਘ ਭਵਨਾਨੀ (ਪਤੀ ਅਦਾਕਾਰਾ ਦੀਪਕਾ ਪਾਦੂਕੋਣ) ਸਫਲ ਅਦਾਕਾਰ ਹੈ ਅਤੇ ਧੀ ਦਾ ਨਾਮ ਰਿਤਿਕਾ ਸਿੰਘ ਭਵਨਾਨੀ ਹੈ। ਚਾਂਦ ਬਰਕ ਦੀ ਖਵਾਹਿਸ਼ ਸੀ ਕਿ ਉਸ ਦਾ ਪੁੱਤਰ ਜਗਜੀਤ ਫਿਲਮੀ ਅਦਾਕਾਰ ਬਣੇ ਪਰ ਉਹ ਆਪਣੇ ਪਿਤਾ ਵਾਂਗ ਹੀ ਕਾਰੋਬਾਰ ਨੂੰ ਸਮਰਪਿਤ ਰਿਹਾ। ਉਸ ਦੀ ਆਰਜ਼ੂ ਪੂਰੀ ਕੀਤੀ ਉਸ ਦੇ ਪੋਤਰੇ ਰਣਵੀਰ ਸਿੰਘ ਨੇ ਜਿਸ ਨੂੰ ਉਹ ਪਿਆਰ ਨਾਲ ਬਿੱਟੂ ਆਖਦੀ ਸੀ।

ਲਾਹੌਰ ਤੋਂ ਬੰਬਈ ਤੱਕ ਆਪਣਾ ਫਿਲਮੀ ਸਫਰ ਤੈਅ ਕਰਨ ਵਾਲੀ ਚਰਿੱਤਰ ਅਦਾਕਾਰਾ ਚਾਂਦ ਬਰਕ 28 ਦਸੰਬਰ 2008 ਨੂੰ 76 ਸਾਲਾਂ ਦੀ ਉਮਰ ਵਿਚ ਮੁੰਬਈ ਵਿਖੇ ਵਫਾਤ ਪਾ ਗਈ।

-ਮਨਦੀਪ ਸਿੰਘ ਸਿੱਧੂ

ੴ

# Sikh Temple of Wisconsin

We invite you to join us as we remember the victims of

**August 5th, 2012**

**10th Annual Oak Creek Sikh Memorial Anniversary**

Everyone is welcome to participate in all events.

All events are free to attend.

**[August 5th - August 7th, 2022]**

# SCHEDULE OF EVENTS

## FRIDAY, AUGUST 5th

Beginning of

**AKHAND PATH,**

A 48-hour recitation of

**Shri Guru Granth Sahib Ji,**

at **10:30 am**

**Langar (Community Meal)** will be served at all times during the **Akhand Path.**




## FRIDAY, AUGUST 5th

**08/05/2012**
**REMEMBRANCE VIGIL**

**Speeches Start**
**6:00 pm**

**CANDLELIGHT VIGIL**
**8:00 pm**

Words shared by impacted families, prayers, reflections, music and poetry shared by community and faith leaders.



## SATURDAY, AUGUST 6th

**CHARDI KALA**
**COMMUNITY EVENT**

**11:00 am - 3:00 pm**

Community gathering honoring the lives lost, workshops, interfaith conversations, turban tying, blood donations and more with free food.

**AKHAND PATH**
**Continues...**



## SUNDAY, AUGUST 7th

**AKHAND PATH**
**concludes**

**10:30 am**

**KIRTAN**
**(Hymn sung during meditation)**

**11:00 am to 1:30 pm**

**TRIBUTES TO DEPARTED SOULS**

Words are offered from guests, dignitaries, and well wishers.

**1:30 - 3:00 pm**



**All events will take place at SIKH TEMPLE OF WISCONSIN**

**Langar (Community Meal) will be served throughout the day**

**We would be honored if you would join us in remembering the loved ones lost on that horrific day**

## SIKH TEMPLE OF WISCONSIN

7512 S. Howell Ave. Oak Creek, WI 53154

E-mail: sikhtempleofwi@gmail.com Web: sikhtempleofwisconsin.org

For updates subscribe to our Facebook page

